ਸਿੱਖ ਧਰਮ ਤੇ ਸਿੱਖੀ

ਇਕ ਯਥਾਰਥਕ ਵਿਸ਼ਲੇਸ਼ਣ

ਡਾ. ਮਾਨ ਸਿੰਘ ਨਿਰੰਕਾਰੀ

ਇਸੇ ਲੇਖਕ ਦੀ ਕਲਮ ਤੋਂ :

ਸਾਧ ਜਨਾ ਕੀ ਅਚਰਜ ਕਥਾ [ਜੀਵਨੀ]

ਸਿੱਖ ਧਰਮ ਅਤੇ ਸਿੱਖੀ

(ਇਕ ਯਥਾਰਥਕ ਵਿਸ਼ਲੇਸ਼ਣ)

ਡਾ. ਮਾਨ ਸਿੰਘ ਨਿਰੰਕਾਰੀ

ਪ੍ਰਕਾਸ਼ਕ

ਲੋਕ ਸਾਹਿਤ ਪ੍ਰਕਾਸ਼ਨ

ਅੰਮ੍ਰਿਤਸਰ

SIKH DHARAM TE SIKHI By Dr. Man Singh Nirankari

(Original Essays on Sikh Religion and Philosophy)

ਪਹਿਲੀ ਵਾਰ :
ਅਪ੍ਰੈਲ 1981

ਪ੍ਰਕਾਸ਼ਕ : ਕੁਲਵੰਤ ਸਿੰਘ ਸੂਰੀ
ਲੋਕ ਸਾਹਿਤ ਪ੍ਰਕਾਸ਼ਨ
186 ਗ੍ਰੀਨ ਐਵੀਨਿਊ
ਅੰਮ੍ਰਿਤਸਰ
ਫ਼ੋਨ : 46866

ਪ੍ਰਿੰਟਰ : ਪ੍ਰਭਜੋਤ ਪ੍ਰਿੰਟਿੰਗ ਪ੍ਰੈਸ,
ਅੰਮ੍ਰਿਤਸਰ ।

ਮੁੱਲ : ੭੫ ਰੁਪਏ

ਨਿਰੋਲ ਗੁਰਮਤਿ ਮਾਰਗ ਤੇ ਚਲਣ ਦੇ
ਇਛਕ ਪਾਂਧੀਆਂ ਨੂੰ ਸ਼ੁਧ ਭਾਵਨਾ ਤੇ
ਪਵਿੱਤਰ ਹਿਰਦੇ ਸਹਿਤ ਸਮਰਪਣ

ਤਤਕਰਾ

ਮਦਰ ਟ੍ਰੈਸਾ (ਨੋਬਿਲ ਪੁਰਸਕਾਰ ਵਿਜੇਤਾ) ਦੀ ਅਰਦਾਸ ਦੇ ਖੁੱਲ੍ਹੇ ਅਨੁਵਾਦ ਨਾਲ ਅਸੀਂ ਆਪਣੇ ਕਥਨ ਨੂੰ ਆਰੰਭ ਕਰਦੇ ਹਾਂ

ਹੇ ਪ੍ਰਭੂ ! ਮੈਨੂੰ ਸੁਖ ਸ਼ਾਂਤੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਕਾਰ ਬਖਸ਼ ! ਵੈਰ ਵਿਰੋਧ ਦੀ ਥਾਂ ਪ੍ਰੇਮ ਦੀ ਭਾਵਨਾ ਪ੍ਰਜਵਲਤ ਕਰਨ ਦੀ ਸਮਰੱਥਾ ਪ੍ਰਦਾਨ ਕਰ ! ਮਾੜੇ ਕਰਤਵ ਤੋਂ ਹੋੜਨ ਤੇ ਸਚਾਈ ਦੇ ਮਾਰਗ ਨਾਲ ਜੋੜਨ ਲਈ ਬਲ ਤੇ ਬੁਧੀ ਬਖਸ਼ ! ਵਿਰੋਧਤਾ ਦੀ ਥਾਂ ਸਾਂਝ ਦੀਆਂ ਕੜੀਆਂ ਪੱਕੀਆਂ ਕਰ ਸਕਣ ਦੀ ਯੋਗਤਾ ਪ੍ਰਦਾਨ ਕਰ ! ਨਿਰਾਸਤਾ ਦੂਰ ਕਰਕੇ ਚੜ੍ਹਦੀ ਕਲਾ ਦੀ ਭਾਵਨਾ ਉਜਾਗਰ ਕਰ ਸਕਾਂ ਇਸ ਕਾਰਜ ਲਈ ਸਮਰਥਾ ਬਖਸ਼ ! ਹੇ ਮੇਰੇ ਬਖਸ਼ਿੰਦ ਤੇ ਕ੍ਰਿਪਾਲੂ ਪਿਤਾ ! ਸ਼ੰਕਾਵਾਂ ਦੇ ਕੂੜੇ ਨੂੰ ਹੂੰਝ ਕੇ ਆਤਮ ਵਿਸ਼ਵਾਸ਼ ਦੀਆਂ ਸਫ਼ਾਂ ਵਿਛਾ ਸਕਣ ਦੀ ਕਾਰ ਬਖਸ਼ ! ਉਦਾਸੀਨਤਾ ਦੀ ਥਾਂ ਖੇੜਾ ਤੇ ਹਨੇਰੇ ਦੇ ਪਛਾਵਿਆਂ ਦੀ ਥਾਂ ਪ੍ਰਚੰਡ ਪ੍ਰਕਾਸ਼ ਕਰਨ ਦੀ ਸੂਝ ਮੇਰੇ ਪ੍ਰੀਤਮ ਮੈਨੂੰ ਬਖਸ਼ਸ਼ ਕਰ ! ਹੇ ਪ੍ਰਭੂ ਮੇਰੇ ਹਿਰਦੇ ਦੀਆਂ ਡੂੰਘਾਈਆਂ 'ਚੋਂ ਨਿਕਲੀ ਅਰਦਾਸ ਤੇਰੇ ਪਵਿਤਰ ਚਰਨ ਕੰਵਲਾਂ ਵਿਚ ਪ੍ਰਵਾਨ ਚੜ੍ਹੇ—ਸ਼ਾਂਤੀ ! ਸ਼ਾਂਤੀ ! ਸ਼ਾਂਤੀ !

ਪ੍ਰਾਕਥਨ

ਅਕਾਲ ਪੁਰਖ ਦਾ ਮੈਂ ਹਮੇਸ਼ਾਂ ਰਿਣੀ ਹਾਂ ਜਿਸ ਦੀ ਕ੍ਰਿਪਾ ਦੁਆਰਾ ਮੇਰਾ ਜਨਮ ਇਕ ਮਹਾਨ ਸਿੱਖ ਘਰਾਣੇ ਵਿਚ ਹੋਇਆ। ਇਸ ਘਰਾਣੇ ਨੇ ਨਿਰੰਤਰ ਚਾਰ ਪੀੜ੍ਹੀਆਂ ਵਿਚ ਪੰਜ ਮਹਾਨ ਹਸਤੀਆਂ ਪੰਥ ਨੂੰ ਦਿਤੀਆਂ ਹਨ। ਸਾਡੇ ਘਰਾਣੇ ਦੇ ਮੋਢੀ ਸ੍ਰੀ ਸਾਹਿਬ ਬਾਬਾ ਦਿਆਲ ਜੀ ਨਿਰੰਕਾਰੀ ਦਾ ਜਨਮ 17 ਮਈ, 1783 ਈ: ਨੂੰ ਪਿਸ਼ਾਵਰ ਸ਼ਹਿਰ ਦੇ ਘੁੱਗ ਵਸਦੇ ਇਲਾਕੇ ਆਸੀਆਂ ਦੀ ਗਲੀ ਵਿਚ ਮਾਤਾ ਲਡਿੱਕੀ ਜੀ ਦੀ ਕੁਖੋਂ ਅਤੇ ਪਿਤਾ ਭਾਈ ਰਾਮ ਸਹਾਇ ਖੱਤਰੀ ਮਲਹੋਤਰਾ ਦੇ ਗ੍ਰਿਹਿ ਵਿਖੇ ਵਿਸਾਖ ਦੀ ਪੂਰਨਮਾਸ਼ੀ ਵਾਲੇ ਦਿਨ ਹੋਇਆ। ਮਹਾਨ ਪੁਰਸ਼ਾਂ ਦੀਆਂ ਮਾਤਾਵਾਂ ਵੀ ਮਹਾਨ ਹੁੰਦੀਆਂ ਹਨ। ਸ੍ਰੀ ਸਾਹਿਬ ਦਿਆਲ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚਾਰਨ ਦੀ ਪ੍ਰੇਰਨਾ ਉਨ੍ਹਾਂ ਦੀ ਮਾਤਾ ਜੀ ਪਾਸੋਂ ਹੀ ਮਿਲੀ। ਸ੍ਰੀ ਸਾਹਿਬ ਦਿਆਲ ਜੀ ਦੇ ਪੂਜ ਨਾਨਾ ਭਾਈ ਵਿਸਾਖਾ ਸਿੰਘ ਜੀ, ਭਾਈ ਭਗਵਾਨ ਸਿੰਘ ਜੀ ਦੇ ਸਪੁਤਰ ਸਨ। ਭਾਈ ਭਗਵਾਨ ਸਿੰਘ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਖਜ਼ਾਨਚੀ ਸਨ। ਸ੍ਰੀ ਸਾਹਿਬ ਦਿਆਲ ਜੀ ਦੇ ਵਡੇਰੇ ਭਾਈ ਦੇਵੀ ਸਹਾਇ, ਭਾਈ ਗੁਰ ਸਹਾਇ ਕਾਬਲ ਦੀ ਸਿੱਖ ਸੰਗਤ ਨਾਲ ਸ੍ਰੀ ਅਨੰਦ ਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਲਈ ਹਾਜ਼ਰ ਹੁੰਦੇ ਰਹਿੰਦੇ। ਇਸ ਕਾਬਲੀ ਪ੍ਰਵਾਰ ਦਾ ਮੇਲ ਭਾਈ ਭਗਵਾਨ ਸਿੰਘ ਜੀ ਰੋਹਤਾਸ ਜ਼ਿਲ੍ਹਾ ਜਿਹਲਮ ਦੇ ਵਸਨੀਕ ਨਾਲ ਹੋ ਗਿਆ।

ਸ੍ਰੀ ਸਾਹਿਬ ਬਾਬਾ ਦਿਆਲ ਜੀ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮਕਾਲੀ ਸਨ। ਉਨ੍ਹਾਂ ਨੇ ਬ੍ਰਾਹਮਣਵਾਦ ਅਤੇ ਕਰਮਕਾਂਡੀ ਭੁਲੇਖਿਆਂ ਦੇ ਵਿਰੁੱਧ ਸੰਘਰਸ਼ ਦਾ ਮੁੱਢ ਪਿਸ਼ਾਵਰ ਦੇ ਰਹਾਇਸ਼ੀ ਸਮੇਂ ਵਿਚ ਹੀ ਬੰਨ੍ਹ ਦਿਤਾ ਸੀ ਪਰ ਵਿਸ਼ੇਸ਼ ਤੌਰ ਤੇ ਜਦੋਂ ਉਨ੍ਹਾਂ ਨੇ ਆਪਣਾ ਨਿਵਾਸ ਰਾਵਲਪਿੰਡੀ ਵਿਚ ਬਦਲ ਲਿਆ ਤਾਂ ਆਪ ਦੇ ਪ੍ਰਚਾਰ ਦਾ ਖੇਤਰ ਵਧੇਰੇ ਮੋਕਲਾ ਹੋ ਗਿਆ। ਆਪ ਦੇਵੀ ਦੇਵਤਿਆਂ ਦੀ ਪੂਜਾ, ਸਰਾਧ, ਸੂਤਕ-ਪਾਤਕ ਵਿਰੁਧ ਉਤੇਜਤ ਹੋ ਗਏ। ਆਪ ਨੇ ਭੇਰੇ ਦੇ ਭਾਈ ਚਰਨ ਦਾਸ ਕਪੂਰ ਦੀ ਸਪੁਤਰੀ ਬੀਬੀ ਮੂਲ ਦੇਈ ਨਾਲ ਗੁਰਮਤਿ ਅਨੁਸਾਰ ਵਿਵਾਹ ਕਰਕੇ ਗੁਰ-ਮਰਯਾਦਾ ਦਾ ਮੁਢ ਬੰਨ੍ਹਿਆ। ਸਮੇਂ ਦੇ ਮੁਤਾਬਿਕ ਇਹ ਕ੍ਰਾਂਤੀਕਾਰੀ ਪੁਲਾਂਗ ਸੀ। ਇਹ ਬ੍ਰਿਤਾਂਤ, ਚੇਤਰ, 1808 ਈ: ਦਾ ਹੈ।

ਆਪ ਦੇ ਤਿੰਨ ਸੁਯੋਗ ਸਪੁੱਤਰ ਸਾਹਿਬ ਬਾਬਾ ਦਰਬਾਰਾ ਸਿੰਘ ਜੀ, ਬਾਬਾ ਭਾਗ ਮੱਲ ਜੀ ਅਤੇ ਸਾਹਿਬ ਰੱਤਾ ਜੀ ਨੇ ਆਪਣੇ ਪੂਜਨੀਕ ਪਿਤਾ ਜੀ ਦੇ ਪ੍ਰਚਾਰ ਮਿਸ਼ਨ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ। ਸ੍ਰੀ ਸਾਹਿਬ ਬਾਬਾ ਦਿਆਲ ਜੀ ਦੇ ਸਮਾਉਣ (1855 ਈ:) ਮਗਰੋਂ, ਉਨ੍ਹਾਂ ਦੇ ਅੰਤਮ ਹੁਕਮ ਅਨੁਸਾਰ, ਸਾਹਿਬ ਬਾਬਾ ਦਰਬਾਰਾ ਸਿੰਘ ਜੀ ਉਤਰ-ਅਧਿਕਾਰੀ ਥਾਪੇ ਗਏ। ਸਾਹਿਬ ਬਾਬਾ ਦਰਬਾਰਾ ਸਿੰਘ ਜੀ ਦੇ ਦੋਵੇਂ ਛੋਟੇ ਵੀਰਾਂ ਨੇ ਆਪਣੇ ਵੱਡੇ ਭਰਾਤਾ ਜੋ ਸਮੇਂ ਦੇ ਇਕ ਕ੍ਰਾਂਤੀਕਾਰੀ ਮਹਾਂ ਪੁਰਸ਼ ਸਨ, ਦੇ ਹੁਕਮਾਂ ਦੀ ਪਾਲਣਾ ਕੀਤੀ। ਸਾਹਿਬ ਬਾਬਾ ਦਰਬਾਰਾ ਸਿੰਘ ਜੀ ਨੇ ਆਪਣੇ ਪਿਤਾ ਜੀ ਦੀ ਚਲਾਈ ਮਰਯਾਦਾ ਨੂੰ ਹੋਰ ਅਗੇ ਤੋਰਿਆ।

1855 ਈ: (ਸੰਮਤ 1911) ਚੇਤਰ ਦੀ ਸੰਗਰਾਂਦ ਦੇ ਦਿਨ, ਅਨੰਦ-ਵਿਆਹ ਪ੍ਰਪਾਟੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਦਖਣਾਂ ਸਹਿਤ, ਅਰੰਭ ਕਰਕੇ, ਧਾਰਮਕ ਅਤੇ ਭਾਈਚਾਰਕ ਖੇਤਰ ਵਿਚ ਸਿੱਖ ਧਰਮ ਨੂੰ ਇਕ ਨਵੇਂ ਕ੍ਰਾਂਤੀਕਾਰੀ ਮੋੜ ਤੇ ਲਿਆ ਖੜਾ ਕੀਤਾ। ਸ੍ਰੀ ਸਾਹਿਬ ਦਿਆਲ ਜੀ ਜੋਤੀ ਜੋਤਿ ਸਮਾਉਣ ਤੋਂ ਚਾਰ ਸਾਲ ਪਹਿਲਾਂ ਸੰਨ 1851 ਈ: ਵਿਚ ਇਕ ਕੋਠਾ ਛੱਤ ਗਏ ਸਨ। ਵੇਖਣ ਨੂੰ ਇਹ ਇਕ ਸਾਧਾਰਣ ਜਹੀ ਇਮਾਰਤ ਸੀ ਪਰ ਇਸ ਦੀ ਛੱਤ ਹੇਠਾਂ ਸ੍ਰੀ ਸਾਹਿਬ ਦਿਆਲ ਜੀ ਅਤੇ ਉਨ੍ਹਾਂ ਦੇ ਤਿੰਨ ਸੁਯੋਗ ਸਪੁਤਰਾਂ ਅਤੇ ਗਿਣਤੀ ਦੇ ਨਵ-ਲਹਿਰ ਵਿਚ ਸ਼ਾਮਲ ਗੁਰਸਿੱਖਾਂ ਨੇ ਕੁਰਬਾਨੀ ਦੀਆਂ ਸਿਖਰਾਂ ਛੋਹ ਕੇ ਇਕ ਮਹਾਨ ਵਿਚਾਰਕ ਲਹਿਰ ਦਾ ਪ੍ਰਵਾਹ ਚਲਾ ਦਿਤਾ। ਬਰਾਦਰੀ ਦੇ ਬਾਈਕਾਟ ਦੀ ਪ੍ਰਵਾਹ ਨਾ ਕੀਤੀ। ਇਨ੍ਹਾਂ ਗੁਰਸਿੱਖਾਂ ਲਈ ਪੰਚਾਇਤੀ ਖੂਹਾਂ ਤੋਂ ਪਾਣੀ ਭਰਨ ਦੀ ਬੰਦਸ਼ ਲਗ ਗਈ ਅਤੇ ਸ਼ਮਸ਼ਾਨ ਭੂਮੀਂ ਵਿਚ ਮਿਰਤਕ-ਸਸਕਾਰ ਵੀ ਵਿਵਰਜਤ ਕਰ ਦਿਤਾ ਗਿਆ। ਇਸ ਲਹਿਰ ਦੇ ਅਨੁਯਾਈਆਂ ਨਾਲ ਹਰ ਭਾਂਤ ਦਾ ਵਰਤੋਂ ਵਿਹਾਰ ਬੰਦ ਹੋ ਗਿਆ। ਕਈ ਦੰਗੇ ਫ਼ਸਾਦ ਗਲੀਆਂ-ਬਜ਼ਾਰਾਂ ਵਿਚ ਹੋਏ, ਜਿਸ ਦੇ ਫ਼ਲ-ਸਵਰੂਪ ਇਨਾਂ ਸਿਰਲੱਥ ਅਤੇ ਅਟੱਲ ਇਰਾਦੇ ਦੇ ਗੁਰਮਤਿ ਧਾਰਨੀਆਂ ਵਿਰੁਧ ਕਚਿਹਰੀਆਂ ਵਿਚ ਮੁਕਦਮੇਂ ਚਲਾਏ ਗਏ*। ਇਸ ਸਹਿਜਧਾਰੀ ਅਤੇ ਕੇਸਾਧਾਰੀ ਮਿਲਵੀਂ ਸੰਸਥਾ ਦੇ ਅਨੁਯਾਈਆਂ ਦਾ ਆਪਸ ਵਿਚ ਭਰਾਵਾਂ ਤੋਂ ਵੱਧ ਪ੍ਰੇਮ ਪਿਆਰ ਸੀ। ਜੇਕਰ ਇਸ ਲਹਿਰ ਦੇ ਦੋ ਪ੍ਰਮੁੱਖ ਆਗੂ ਸ੍ਰੀ ਸਾਹਿਬ ਦਿਆਲ ਜੀ ਅਤੇ ਸਾਹਿਬ ਰੱਤਾ ਜੀ ਸਹਿਜਧਾਰੀ ਸਨ ਤਾਂ ਸਾਹਿਬ ਦਰਬਾਰਾ ਸਿੰਘ ਜੀ, ਸਾਹਿਬ ਗੁਰਦਿਤ ਸਿੰਘ ਜੀ ਅਤੇ ਸਾਹਿਬ ਹਰਾ ਸਿੰਘ ਜੀ ਕੇਸਾਧਾਰੀ ਹੋਏ। ਇਸ ਲਹਿਰ ਵਿਚ ਸ਼ਾਮਲ ਕੇਸਾਧਾਰੀ ਗੁਰਸਿੱਖਾਂ ਨੇ ਸਹਿਜਧਾਰੀ ਪ੍ਰਮੁੱਖ ਮਹਾਂ ਪੁਰਸ਼ਾਂ ਦੀ ਅਗਵਾਈ ਨੂੰ ਕਬੂਲਿਆ। ਆਪਣਾ ਸੱਚਾ ਆਗੂ ਅਤੇ ਰਹਿਬਰ ਸਮਝ ਕੇ ਪੂਰਨ ਸ਼ਰਧਾ ਅਤੇ ਸਤਿਕਾਰ ਨਾਲ ਉਨ੍ਹਾਂ ਦੇ ਬਚਨਾਂ ਦੀ ਪਾਲਣਾ ਕੀਤੀ। ਆਗੂ ਦੇ ਕਰਤਵ ਅਤੇ ਰਹਿਤ ਦਾ ਮਾਪ ਅਤੇ ਪੈਮਾਨਾ ਗੁਰ-ਸ਼ਬਦ ਸੀ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਦਾ ਅਨੁਯਾਈਂ ਅਤੇ ਅਨੁਸਾਰੀ ਹੋਣਾ ਅਤੇ ਇਸ ਤੇ ਪਹਿਰਾ ਦੇਣਾ ਹੀ

*20ਵੀਂ ਲੁਧਿਆਨਾ ਮਿਸ਼ਨ ਦੀ ਵਾਰਸ਼ਕ ਰਪੋਟ ਸੰ: 1854 ਪੰਨਾ 22-23

ਅਸਲੀ ਸਿੱਖੀ ਦਾ ਮਿਆਰ ਮਿਥਿਆ ਗਿਆ। ਇਹ ਵਾਰਤਾ ਸਿੰਘ ਸਭਾ-ਲਹਿਰ ਦੇ ਵਿਕਸਤ ਹੋਣ ਤੋਂ ਬਹੁਤ ਪਹਿਲਾਂ ਦੀ ਹੈ। ਜਦੋਂ ਆਮ ਸਿੱਖ ਅੰਮ੍ਰਿਤਧਾਰੀ ਹੁੰਦੇ ਹੋਏ ਵੀ, ਬ੍ਰਾਹਮਣਵਾਦ ਅਤੇ ਕਰਮਕਾਂਡ ਦੀ ਜਿਲ੍ਹਣ ਵਿਚ ਫਸੇ ਪਏ ਸਨ। ਗੁਰਬਾਣੀ ਦਾ ਰੋਜ਼ਾਨਾ ਪਠਨ ਪਠਾਨ ਕਰਦੇ ਹੋਏ ਵੀ ਅੰਕਿਤ ਉਪਦੇਸ਼ਾਂ ਦੀ ਸਹਿਮਨ ਹੀ ਉਲੰਘਣਾ ਕਰ ਰਹੇ ਸਨ। ਸੂਤਕ ਪਾਤਕ ਦੇਵੀ ਪੂਜਾ, ਸਰਾਧ ਸਿੱਖਾਂ ਵਿਚ ਪ੍ਰਧਾਨ ਸੀ। 1901 ਦੀ ਜਨ ਸੰਖਿਆ ਮੁਤਾਬਕ ਕੇਸਾਧਾਰੀ ਸਿੱਘਾਂ ਦੀ ਸੰਗਿਆ, ਆਰੀਆ ਅਤੇ ਸਨਾਤਨੀ ਸਿੱਖ ਬਣ ਕੇ ਰਹਿ ਗਈ ਸੀ। ਨਿਰੰਕਾਰੀ ਸਿੱਖ ਭਾਵੇਂ ਸਹਿਜਧਾਰੀ ਸਨ ਅਤੇ ਭਾਵੇਂ ਸਿੰਘ, ਪੂਰਨ ਗੁਰਮਤਿ ਧਾਰਨੀ ਸਨ। ਇਨ੍ਹਾਂ ਨੂੰ ਬਾਕੀ ਦੇ ਸਿੱਖਾਂ ਨਾਲੋਂ ਵੱਖ ਦਰਸਾਉਣ ਦਾ ਮਿਆਰ ਉਨ੍ਹਾਂ ਦੇ ਗੁਰਮਤਿ ਧਾਰਨੀ ਹੋਣ ਤੋਂ ਹੀ ਵੇਖਿਆ ਜਾ ਸਕਦਾ ਸੀ। ਨਿਰੰਕਾਰੀਆਂ ਦੇ ਸਹਿਜਧਾਰੀ ਅਤੇ ਕੇਸਾਧਾਰੀ ਸਿੱਖਾਂ ਵਿਚ ਰਿਸ਼ਤੇਨਾਤੇ ਬਿਨਾਂ ਕਿਸੇ ਵਿਤਕਰੇ ਅਤੇ ਝਿਜਕ ਦੇ ਹੁੰਦੇ ਸਨ। ਕੇਸਾਧਾਰੀ ਅਤੇ ਸਹਿਜਧਾਰੀ ਗੁਰਸਿੱਖਾਂ ਦੇ ਬੱਚਿਆਂ ਦੀਆਂ ਹਰ ਤਰ੍ਹਾਂ ਦੀਆਂ ਰਹੁ-ਰੀਤਾਂ ਗੁਰਦੁਵਾਰਿਆਂ ਵਿਚ ਅਰਦਾਸ ਕਰਕੇ ਹੁੰਦੀਆਂ ਸਨ। ਗੁਰਬਾਣੀ ਦੀ ਓਟ ਅਤੇ ਆਸਰਾ ਲਿਆ ਜਾਂਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਭ ਕਾਰਜ ਸੋਧੇ ਜਾਂਦੇ ਸਨ। ਬਾਹਰਮੁਖੀ ਮਰਯਾਦਾ ਵਿਚ ਫ਼ਰਕ ਹੁੰਦਿਆਂ ਹੋਇਆਂ ਵੀ, ਇਸ ਦਾ ਅਭਾਵ ਏਕਤਾ ਅਤੇ ਮਿੱਤਰਤਾ ਵਿਚ ਕਦੇ ਵੀ ਵੇਖਣ ਵਿਚ ਨਹੀਂ ਸੀ ਆਇਆ। ਮੇਰੀ ਚੇਤਨਤਾ ਵਿਚ ਕਈ ਸਹਿਜਧਾਰੀ ਗੁਰਸਿੱਖਾਂ ਦੇ ਚਿਤਰ ਮੌਜੂਦ ਹਨ; ਜੋ ਬਾਣੀ ਦੇ ਅਰਥ-ਬੋਧ ਵਿਚ ਨਿਪੁੰਨ ਸਨ। ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕਬਿਤ ਸਵੱਯੇ, ਕੰਠਾਗਰ ਸਨ ਅਤੇ ਜਦੋਂ ਕੀਰਤਨ ਅਤੇ ਜੋੜੀਆਂ ਦੇ ਸ਼ਬਦਾਂ ਨੂੰ ਰਸਭਿੰਨੀ ਸੁਰ ਵਿਚ ਗਾਇਨ ਕਰਦੇ ਅਤੇ ਪ੍ਰਮਾਣਾਂ ਦੁਆਰਾ ਸ਼ਬਦ ਦੇ ਆਸ਼ੇ ਨੂੰ ਸੰਗਤ ਦੇ ਮਨਾਂ ਵਿਚ ਵਸਾਉਂਦੇ ਤਾਂ ਉਹ ਸਮਾਂ ਸਚਖੰਡੀ ਪ੍ਰਤੀਤ ਹੁੰਦਾ। ਸਭ ਗੁਰਸਿਖਾਂ ਦਾ ਦਰਜਾ ਸਮਾਨ ਸੀ। ਸਿਰਫ਼ ਗੁਰਮਤਿ ਧਾਰਨੀ ਹੋਣਾ ਤੇ ਇਸ ਵਿਚ ਢਿਲਾਈ ਨਾ ਵਿਖਾਉਣ ਦੀ ਸ਼ਰਤ ਜ਼ਰੂਰੀ ਸੀ। ਸਹਿਜਧਾਰੀ ਲੰਗਰ ਬਣਾਉਂਦੇ, ਵਰਤਾਉਂਦੇ, ਦੀਵਾਨਾਂ ਦੇ ਅਰਦਾਸੇ ਸੋਧਦੇ, ਮਹਾਰਾਜ ਦਾ ਹੁਕਮ ਲੈਂਦੇ ਅਤੇ ਉਪਦੇਸ਼ਕ ਅਤੇ ਬੀੜੇਦਾਰ ਬਣ ਕੇ ਸੰਗਤ ਨੂੰ ਯੋਗ ਅਗਵਾਈ ਦੇਂਦੇ। *ਭਾਈ ਸੋਮਾ ਮੱਲ ਜੀ ਦੀਦਾਰੀ ਗੁਰਸਿੱਖ ਸਨ। ਆਪ ਰਾਜੜ ਦੇ ਰਹਿਣ ਵਾਲੇ ਸਨ ਅਤੇ ਕੰਮ-ਕਾਰ ਵਾਸਤੇ ਮਰੀ ਦੀਆਂ ਪਹਾੜੀਆਂ ਵਿਚ ਰਿਹਾਇਸ਼ ਰਖਦੇ ਸਨ। ਇਕ ਵਾਰੀ ਬਚਪਨ ਵਿਚ ਜਦੋਂ ਮੈਂ ਰਹਿਰਾਸ ਸਾਹਿਬ ਦਾ ਪਾਠ ਸਮਾਪਤ ਕੀਤਾ ਤਾਂ ਉਨ੍ਹਾਂ ਨੇ ਪਿਆਰ ਨਾਲ ਪੁਛ ਕੀਤੀ ਕਿ :

> ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥
> ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥

ਦਾ ਕੀ ਅਰਥ-ਬੋਧ ਹੈ ? ਮੈਨੂੰ ਬਚਪਨ ਵਿਚ ਇਸ ਸ਼ਬਦ ਦਾ ਬੋਧ ਨਹੀਂ ਸੀ। ਪਰ ਉਨ੍ਹਾਂ

---

*ਭਾਈ ਸੋਮਾ ਮੱਲ ਦੇ ਸਪੁੱਤਰ ਗਿ: ਸੰਤੋਖ ਸਿੰਘ ਜੀ ਇਕ ਕਰਨੀ ਵਾਲੇ, ਤਿਆਗੀ ਅਤੇ ਸੇਵਾ ਦੇ ਪੁੰਜ ਹਨ ਅਤੇ ਹੁਣ ਵੀ ਲੰਗਰ ਅਤੇ ਜੋੜਿਆਂ ਦੀ ਸੇਵਾ ਕਰਦੇ ਰਹਿੰਦੇ ਹਨ।

ਨੇ ਬੜੇ ਪਿਆਰ ਨਾਲ ਇਸ ਸ਼ਬਦ ਦਾ ਅਰਥ ਸਮਝਾ ਕੇ ਮੇਰੇ ਮਨ ਤੇ ਆਪਣੀ ਸ਼ਖਸ਼ੀਅਤ ਦਾ ਡੂੰਘਾ ਪ੍ਰਭਾਵ ਪਾਇਆ ਜੋ ਹੁਣ ਵੀ ਚੇਤ-ਅਚੇਤ ਮਨ ਵਿਚ ਉਸ ਸਮੇਂ ਦੀ ਮਹਾਨ ਸਹਿਜਧਾਰੀ ਪ੍ਰੰਪਰਾ ਦੀ ਯਾਦ ਤਾਜ਼ਾ ਰਖਦੀ ਹੈ। ਬਚਪਨ ਦੀ ਸਾਰੀ ਆਯੂ ਮੈਂ ਸਮੁੰਦਰ ਦੀ ਮੱਛੀ ਵਾਂਗ ਸਾਂ ਜਿਹੜੀ ਹਰ ਸਮੇਂ ਜਲ ਵਿਚੋਂ ਹੀ ਆਪਣਾ ਜੀਵਨ ਪਾਉਂਦੀ ਹੈ ਅਤੇ ਜਲ ਦੇ ਆਸਰੇ ਹੀ ਵਧਦੀ ਫੁਲਦੀ ਅਤੇ ਹਰ ਭਾਂਤ ਦਾ ਰਸ ਮਾਣਦੀ ਹੈ। ਗੁਰਬਾਣੀ ਵਿਚਾਰ ਤੇ ਗੁਰ-ਸ਼ਬਦ ਗਾਇਨ ਦੇ ਮਾਹੌਲ ਵਿਚ ਹੀ ਮੇਰੀ ਪ੍ਰਵਰਿਸ਼ ਹੋਈ।

ਸ੍ਰੀ ਸਾਹਿਬ ਰੱਤਾ ਜੀ ਮਹਾਰਾਜ ਨੇ ਆਪਣੇ ਨਿਵਾਸ ਅਸਥਾਨ ਵਾਸਤੇ ਨਿਰੰਕਾਰੀ ਦਰਬਾਰ ਦੇ ਨਜ਼ਦੀਕ ਹੀ ਇਕ ਮਕਾਨ ਖ਼ਰੀਦ ਲਿਆ। ਸ੍ਰੀ ਸਾਹਿਬ ਰੱਤਾ ਜੀ ਮਹਾਰਾਜ ਨੇ ਨਿਰੰਕਾਰੀ ਦਰਬਾਰ ਦੀ ਨਵ-ਉਸਾਰੀ ਕੁਝ ਹੱਦ ਤਕ ਸ੍ਰੀ ਹਰਮੰਦਰ ਸਾਹਿਬ, ਅੰਮ੍ਰਿਤਸਰ ਦੇ ਨਮੂਨੇ ਦੇ ਅਧਾਰ ਤੇ ਕੀਤੀ ਸੀ। ਸਭ ਪ੍ਰਵਾਰ ਦੀ ਰਹਾਇਸ਼ ਨਿਰੰਕਾਰੀ ਦਰਬਾਰ ਦੇ ਕੋਲ ਹੋਣ ਕਰਕੇ ਨਿਰੰਕਾਰੀ ਦਰਬਾਰ ਦੇ ਹਰ ਪ੍ਰੋਗਰਾਮ ਸੁਤੇ ਸਿਧ ਹੀ ਘਰ ਵਿਚ ਬੈਠਿਆਂ ਸੁਣਾਈ ਦੇਂਦੇ ਰਹਿੰਦੇ। ਇਹ ਮਕਾਨ ਦਰਬਾਰ ਦੇ ਨੇੜੇ ਹੋਣ ਕਰਕੇ ਸ੍ਰੀ ਸਾਹਿਬ ਗੁਰਦਿਤ ਸਿੰਘ ਜੀ ਨੇ ਠੀਕ ਹੀ ਸੋਚਿਆ ਸੀ ਕਿ ਇਹ ਨਿਵਾਸ ਨਿੱਜੀ ਮਲਕੀਅਤ ਦਾ ਨਹੀਂ ਹੋਣਾ ਚਾਹੀਦਾ। ਇਸ ਲਈ ਉਨ੍ਹਾਂ ਨੇ 11 ਫ਼ਰਵਰੀ, 1922 ਈ: ਨੂੰ ਇਸ ਨਿਵਾਸ ਦੀ ਰਜਿਸਟਰੀ ਨਿਰੰਕਾਰੀ ਸੰਗਤ ਅਤੇ ਨਿਰੰਕਾਰੀ ਦਰਬਾਰ ਦੇ ਨਾਮ ਕਰਵਾ ਦਿਤੀ। ਇਸ ਮਕਾਨ ਤੇ ਉਸ ਸਮੇਂ 10-12 ਹਜ਼ਾਰ ਰੁਪਏ ਖ਼ਰਚ ਹੋਏ ਸਨ। ਇਹ ਬ੍ਰਿਤਾਂਤ ਸ੍ਰੀ ਸਾਹਿਬ ਗੁਰਦਿਤ ਸਿੰਘ ਜੀ ਦੀ ਤਿਆਗ-ਮਈ ਭਾਵਨਾਂ ਤੇ ਦੂਰ ਦ੍ਰਿਸ਼ਟੀ ਦਾ ਪ੍ਰਤੀਕ ਹੈ।

ਘਰ ਸ੍ਰੀ ਦਰਬਾਰ ਸਾਹਿਬ ਨਿਰੰਕਾਰੀ ਦੇ ਨੇੜੇ ਹੋਣ ਕਰਕੇ, ਸ਼ਬਦ ਬਾਣੀ ਅਤੇ ਕੀਰਤਨ ਦੀਆਂ ਧੁਨੀਆਂ, ਸੁਤਿਆਂ ਜਾਗਦਿਆਂ ਕੰਨਾਂ ਵਿਚ ਗੂੰਜਦੀਆਂ ਰਹਿੰਦੀਆਂ ਅਤੇ ਸਮੇਂ ਦੇ ਮਹਾਨ ਕੀਰਤਨੀਏ ਰਬਾਬੀ, ਰਾਗੀ, ਮਧੁਰ ਸੁਰਾਂ ਵਿਚ, ਸ਼ਾਸਤਰੀ ਸੰਗੀਤ ਵਿਚ ਸ਼ਬਦ-ਕੀਰਤਨ ਕਰਨ ਆਉਂਦੇ ਰਹਿੰਦੇ। ਭਾਈ ਨੱਥਾ ਸਿੰਘ, ਭਾਈ ਕੱਥਾ ਸਿੰਘ ਅਤੇ ਉਨ੍ਹਾਂ ਦੇ ਸਪੁਤਰ ਭਾਈ ਪਿਆਰਾ ਸਿੰਘ; ਭਾਈ ਹੀਰਾ ਸਿੰਘ ਅਤੇ ਉਨ੍ਹਾਂ ਦੇ ਸਪੁਤਰ ਪ੍ਰੋ. ਗੁਰਮੁਖ ਸਿੰਘ, ਸਰਮੁਖ ਸਿੰਘ; ਭਾਈ ਸਮੁੰਦ ਸਿੰਘ, ਭਾਈ ਹਰਨਾਮ ਸਿੰਘ ਚਵਿੰਡਾ, ਭਾਈ ਸ਼ੇਰ ਸਿੰਘ ਗੁਜਰਾਂਵਾਲੀਆ ਅਤੇ ਰਬਾਬੀਆਂ ਵਿਚੋਂ ਭਾਈ ਮੋਲੂ, ਭਾਈ ਗੁਲਾਮ, ਭਾਈ ਮੋਤੀ, ਭਾਈ ਅਨਾਇਤ, ਭਾਈ ਮੁਖ਼ਤਿਆਰ ਅਤੇ ਭਾਈ ਚਾਂਦ ਇਤਿਆਦਕ ਮਹਾਨ ਸੰਗੀਤ ਅਚਾਰੀਆ ਸਮੇਂ ਸਮੇਂ ਕੀਰਤਨ ਕਰਨ ਆਉਂਦੇ। ਸ੍ਰੀ ਦਰਬਾਰ ਸਾਹਿਬ ਨਿਰੰਕਾਰੀ ਦੇ ਆਪਣੇ ਵਿਦਵਾਨ ਰਾਗੀ ਭਾਈ ਗੋਕਲ ਸਿੰਘ, ਭਾਈ ਠਾਕੁਰ ਸਿੰਘ, ਭਾਈ ਸੁਜਾਨ ਸਿੰਘ ਭਾਈ ਦੇਵਾ ਸਿੰਘ, ਗਿ: ਸੰਤ ਸਿੰਘ, (ਮੁਨਸ਼ੀ) ਭਾਈ ਸੇਵਾ ਸਿੰਘ, ਭਾਈ ਮੁੱਖਾ ਸਿੰਘ ਅਤੇ ਭਾਈ ਸੰਤ ਸਿੰਘ, ਕੀਰਤਨ ਕਰਦੇ।

ਬਚਪਨ ਵਿਚ ਮੈਨੂੰ ਸਿੰਘ ਸਭਾ ਵਲੋਂ ਨਵੇਂ ਨਵੇਂ ਖੁਲ੍ਹੇ ਗੁਰਮੁੱਖੀ ਸਕੂਲ ਵਿਚ

ਕੁਝ ਸਮੇਂ ਲਈ ਪੜ੍ਹਨੇ ਪਾਇਆ ਗਿਆ ਕਿਉਂਕਿ ਇਹ ਸਕੂਲ ਨਿਰੰਕਾਰੀ ਦਰਬਾਰ ਦੇ ਨਜ਼ਦੀਕ ਸੀ। ਥੋੜੇ ਸਮੇਂ ਮਗਰੋਂ, ਮੇਰੇ ਮਾਮਾ ਜੀ ਨੇ ਮੈਨੂੰ ਸਰਦਾਰਾਂ ਦੇ ਬਾਗ ਸਾਹਮਣੇ, ਉਰਦੂ ਦੇ ਗੌਰਮੈਂਟ ਨਾਰਮਲ ਸਕੂਲ ਵਿਚ ਦਾਖ਼ਲ ਕਰਾ ਦਿਤਾ। ਉਨ੍ਹਾਂ ਨੇ ਠੀਕ ਹੀ ਸੋਚਿਆ ਕਿ ਅਧੁਨਿਕ ਯੁਗ ਵਿਚ ਨਵੀਨ ਵਿਦਿਆ ਨੂੰ ਹਾਸਲ ਕਰਨਾ ਵਧੇਰੇ ਲਾਭਵੰਦ ਸਾਬਤ ਹੋਵੇਗਾ।

ਸਕੂਲ ਤੋਂ ਜਦੋਂ ਮੈਂ ਦੁਪਹਿਰ ਵੇਲੇ ਘਰ ਮੁੜ ਕੇ ਆਉਂਦਾ ਤਾਂ ਕੁਝ ਅਰਾਮ ਕਰਨ ਮਗਰੋਂ ਦੁਪਹਿਰ ਦਾ ਕਥਾ ਸੰਮੇਲਨ ਸ਼ੁਰੂ ਹੋ ਜਾਂਦਾ। ਜਿਸ ਵਿਚ ਗੁਰਮੁਖ ਵਿਚਾਰਵਾਨ ਸਿੱਖ ਜਿਨ੍ਹਾਂ ਵਿਚ ਚੋਧਰੀ ਸਜਣ ਸਿੰਘ ਜੀ, ਜੋ ਭਗਤ ਜਸਵੰਤ ਸਿੰਘ ਜੀ ਦੇ ਪਿਤਾ ਸਨ (ਭਗਤ ਜਸਵੰਤ ਸਿੰਘ ਜੀ, ਸ਼ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਸਕੱਤਰ ਰਹੇ ਹਨ) ਜ਼ਰੂਰ ਸ਼ਾਮਲ ਹੁੰਦੇ। ਇਸ ਤਰ੍ਹਾਂ ਗੁਰਬਾਣੀ ਵਿਚਾਰ ਦਾ ਅਨੰਤ ਪ੍ਰਵਾਹ ਚਲਦਾ। ਕਦੀ ਕਦਾਈਂ ਮੇਰੇ ਪੂਜ ਪਿਤਾਮਾ ਸ੍ਰੀ ਸਾਹਿਬ ਗੁਰਦਿੱਤ ਸਿੰਘ ਜੀ ਪੋਥੀ ਸਾਹਿਬ ਜੀ ਦੀ ਤਾਬਿਆ ਮੇਰੀ ਸੇਵਾ ਲਾ ਦਿੰਦੇ ਅਤੇ ਜੇਕਰ ਮੇਰੇ ਪਾਸੋਂ ਕੋਈ ਵੱਧ ਘਟ ਅੱਖਰ ਪੜ੍ਹਿਆ ਜਾਂਦਾ ਤਾਂ ਉਸ ਨੂੰ ਮੁੜ ਉਚਾਰਣ ਦਾ ਹੁਕਮ ਦੇਂਦੇ। ਇਹ ਦੀਵਾਨ ਗੁਰਮਤਿ ਖੋਜੀਆਂ ਦਾ ਹੁੰਦਾ; ਇਸ ਲਈ ਬੀਜ ਰੂਪ ਵਿਚ ਉਨ੍ਹਾਂ ਵਿਚਾਰਾਂ ਦਾ ਸੰਚਾਰ ਮੇਰੇ ਅਚੇਤ ਮਨ ਵਿਚ ਹੁੰਦਾ ਰਿਹਾ।

ਗਰਮੀ ਦੀ ਰੁੱਤੇ ਦੁਪਹਿਰ ਦੇ ਦੀਵਾਨ ਮਗਰੋਂ, ਸ੍ਰੀ ਦਰਬਾਰ ਸਾਹਿਬ ਨਿਰੰਕਾਰੀ ਦੇ ਸੰਗਮਰਮਰੀ ਫ਼ਰਸ਼ਾਂ ਨੂੰ ਇਸ਼ਨਾਨ ਕਰਾਉਣ ਦੀ ਸੇਵਾ ਸ਼ੁਰੂ ਹੋ ਜਾਂਦੀ। ਸ੍ਰੀ ਸਾਹਿਬ ਹਰਾ ਸਿੰਘ ਜੀ ਸੇਵਾ ਦੀ ਅਗਵਾਈ ਕਰਦੇ। ਠੰਢੇ ਜਲ ਦੀਆਂ ਬਾਲਟੀਆਂ, ਸੰਗਤਾਂ ਭਰ ਭਰ ਕੇ ਮਰਮਰੀ ਫ਼ਰਸ਼ਾਂ ਤੇ ਪਲਟਦੀਆਂ ਅਤੇ ਫ਼ਰਸ਼ ਨੂੰ ਸੀਤਲ ਕਰ ਕੇ ਸ਼ਾਮ ਦੇ ਦੀਵਾਨ ਲਈ ਤਿਆਰ ਕੀਤਾ ਜਾਂਦਾ। ਸਮੁੱਚਾ ਵਾਤਾਵਰਣ ਅਤੇ ਆਲਾ ਦੁਆਲਾ ਸਵੱਛ ਅਤੇ ਧੋਤਾ ਹੋਇਆ ਪ੍ਰਤੀਤ ਹੁੰਦਾ। ਸ਼ਾਮ ਨੂੰ ਗਿ: ਦੇਵਾ ਸਿੰਘ ਜੀ ਸਨਾਤਨ-ਧਰਮ ਦੀ ਜਾਣਕਾਰੀ ਕਰਾਉਣ ਹਿਤ ਕਈ ਵੇਰ ਮਹਾਂ-ਭਾਰਤ ਅਤੇ ਹਨੂੰਮਾਨ ਨਾਟਕ ਆਦਿ ਗ੍ਰੰਥਾਂ ਦਾ ਵਿਚਾਰ ਪੇਸ਼ ਕਰਦੇ; ਜਿਸ ਨੂੰ ਸ੍ਰੀ ਸਾਹਿਬ ਗੁਰਦਿੱਤ ਸਿੰਘ ਜੀ ਦੀ ਬੈਠਕ ਵਿਚ ਸੁਣਨ ਦਾ ਅਵਸਰ ਮਿਲਦਾ। ਗਿ: ਦੇਵਾ ਸਿੰਘ ਜੀ ਨੇ ਬਚਪਨ ਤੋਂ ਹੀ ਮੇਰੇ ਵਲ ਆਪਣੀ ਕ੍ਰਿਪਾ ਦ੍ਰਿਸ਼ਟੀ ਰਖੀ ਅਤੇ ਪੋਥੀ 'ਸਾਰ ਕੁਤਾਵਲੀ' ਅਤੇ 'ਭਾਵਰ ਸਾਮ੍ਰਿਤ' ਆਦਿ ਗ੍ਰੰਥ ਮੈਨੂੰ ਪੜ੍ਹਾਏ। ਉਹ ਆਪ ਬੜੇ ਵਿਦਵਾਨ ਅਤੇ ਵਿਚਾਰਵਾਨ ਸਨ। ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਾ ਉਨ੍ਹਾਂ ਨੇ ਸੱਤੋ ਵਾਲੀ ਗਲੀ, ਅੰਮ੍ਰਿਤਸਰ ਦੇ ਸੰਤ ਅਮੀਰ ਸਿੰਘ ਜੀ ਦੀ ਟਕਸਾਲ ਤੋਂ ਪ੍ਰਾਪਤ ਕੀਤੀ। ਗਿ: ਦੇਵਾ ਸਿੰਘ ਜੀ ਦੇ ਸੰਥਾ ਗੁਰਭਾਈ ਸੰਤ ਨਿਸਚਲ ਸਿੰਘ ਜੀ ਸੇਵਾ-ਪੰਥੀ, ਵੀ ਇਸ ਵਿਚ ਸ਼ਾਮਲ ਸਨ। ਗਿ: ਦੇਵਾ ਸਿੰਘ ਜੀ ਵੀ ਸੰਤ ਨਿਸਚਲ ਸਿੰਘ ਜੀ ਵਾਂਗ ਚੰਗੇ ਵਿਚਾਰਵਾਨ ਅਤੇ ਬਾਣੀ ਦੇ ਵਕਤਾ ਸਨ। ਮੈਨੂੰ ਇਸ ਗਲ ਦਾ ਮਾਣ ਹੈ ਕਿ ਉਹ ਮੇਰੇ ਵਿਦਿਆ ਗੁਰੂ ਸਨ ਅਥਵਾ ਰਾਖੇ ਅਤੇ

ਖਿੜਾਵੇ ਵੀ। ਰਾਵਲਪਿੰਡੀ ਤੋਂ ਥੋੜ੍ਹੀ ਦੂਰੀ ਤੇ ਤਪਾਬਨ ਜਿਥੇ ਸਾਧੂ ਸੰਤ ਅਕਸਰ ਆ ਕੇ ਬਿਰਾਜਦੇ ਸਨ; ਮੈਨੂੰ ਗਿ: ਦੇਵਾ ਸਿੰਘ ਜੀ ਨਾਲ ਜਾਣ ਦਾ ਕਈ ਵਾਰੀ ਮੌਕਾ ਮਿਲਦਾ। ਇਸ ਤਰ੍ਹਾਂ ਸੰਤ-ਮੰਡਲੀਆਂ ਦੇ ਵਿਚਾਰ ਸੁਣਨ ਦਾ ਸੁਭਾਗ ਪ੍ਰਾਪਤ ਹੁੰਦਾ। ਅਸੀਂ ਤਪੋਬਨ ਤੋਂ ਸੰਗਤਾਂ ਲਈ ਫੁਲਾਹ ਦੀਆਂ ਦਾਤਨਾਂ ਕਟ ਕੇ ਲਿਆਉਣ ਦੀ ਸੇਵਾ ਕਰਦੇ।

ਮੇਰੀਆਂ ਅਭੁੱਲ ਯਾਦਾਂ ਵਿਚ ਅੱਜ ਵੀ ਉਹ ਸਤਜੁਗੀ ਸਮਾਂ ਚਲ-ਚਿਤਰ ਵਾਂਗ ਅੱਖਾਂ ਦੇ ਸਾਹਮਣੇ ਰੂਪਮਾਨ ਹੋ ਜਾਂਦਾ ਹੈ। ਕਿਹਾ ਸੁਹਣਾ ਹੁੰਦਾ ਸੀ ਉਹ ਅੰਮ੍ਰਿਤ ਵੇਲਾ ਜਦੋਂ ਸੰਸਾਰ ਸੁਤਾ ਪਿਆ ਹੁੰਦਾ, ਚਰਿੰਦ ਪ੍ਰਿੰਦ ਖ਼ਾਮੋਸ਼ ਹੁੰਦੇ; ਕੁਝ ਨਾਮ-ਰਸੀਏ, ਗੁਰਮੁੱਖ, ਗੁਰਸਿੱਖ, ਸੰਤ-ਜਨ ਸਾਹਿਬ ਗੁਰਦਿਤ ਸਿੰਘ ਜੀ ਅਤੇ ਸਾਹਿਬ ਹਰਾ ਸਿੰਘ ਜੀ ਦੀ ਚੁੰਬਕ ਕਸ਼ਿਸ਼ ਕਾਰਨ ਸਵੇਰੇ ਸਾਢੇ ਤਿੰਨ ਕੁ ਵਜੇ ਸ੍ਰੀ ਦਰਬਾਰ ਸਾਹਿਬ ਨਿਰੰਕਾਰੀ ਵਿਚ ਪੁਜਦੇ। ਭਿੰਨੀ ਭਿੰਨੀ ਰੈਣ, ਅਕਾਸ਼ ਮੰਡਲ ਵਿਚ ਤਾਰੇ ਝਿਲਮਿਲ ਕਰ ਰਹੇ ਹੁੰਦੇ। ਅਜਿਹੇ ਸ਼ਾਂਤ ਮਾਹੌਲ ਵਿਚ ਸ਼ਬਦਾਂ ਦੀਆਂ ਮਧੁਰ ਧੁਨੀਆਂ ਉਚਾਰਦੇ ਹੋਏ ਬੀੜ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ। ਬੇਨਤੀ ਦੇ ਸ਼ਬਦ ਮਧੁਰ ਧੁਨ ਵਿਚ ਪੜ੍ਹਦਿਆਂ ਗੁਰਸਿਖ ਪ੍ਰਕਰਮਾਂ ਕਰਦੇ। ਸਾਹਿਬ ਗੁਰਦਿਤ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੋਂ ਪਹਿਲਾਂ, ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਖੜੇ ਹੋ ਕੇ ਗਲ ਵਿਚ ਪੱਲਾ ਪਾ ਕੇ ਅਰਦਾਸ-ਜੋਦੜੀ 'ਅਬ ਰਾਖੋ ਦਾਸ ਭਾਟ ਕੀ ਲਾਜ' ਸਵੱਯੇ ਨਾਲ ਸ਼ੁਰੂ ਕਰਦੇ। ਇਸ ਤਰ੍ਹਾਂ ਸਾਰੇ ਵਾਤਾਵਰਨ ਵਿਚ ਬੇਨਤੀ ਕਰਦਿਆਂ ਹੋਇਆਂ, ਅੰਮ੍ਰਿਤ ਦਾ ਸੰਚਾਰ ਹੁੰਦਾ। ਇਸ ਤੋਂ ਉਪਰੰਤ ਗੁਰੂ ਮਹਾਰਾਜ ਦੀ ਤਾਬਿਆ ਵਿਚ ਬੈਠ ਕੇ ਮਹਾਰਾਜ ਦਾ ਹੁਕਮ ਲਿਆ ਜਾਂਦਾ। ਹੁਣ ਵੀ ਕਦੇ ਕਦੇ ਇਹ ਯਾਦਾਂ ਉਹ ਸੁਭਾਗਾ ਸਮਾਂ ਮੂਰਤੀ ਮਾਨ ਕਰਕੇ ਮਨ ਨੂੰ ਨਸ਼ਿਆਉਂਦੀਆਂ ਹਨ। ਸਾਰੇ ਗੁਰੂ ਸਾਹਿਬਾਂ ਦੀਆਂ ਜੋਤਾਂ ਦਾ ਪ੍ਰਵੇਸ਼ ਅਨੁਭਵੀ ਪ੍ਰਕਾਸ਼ ਦੁਆਰਾ ਸਾਖ਼ਿਆਤ ਰੂਪਮਾਨ ਹੁੰਦਾ ਹੈ ਅਤੇ ਪਵਿਤਰਤਾ ਦੀਆਂ ਲਹਿਰਾਂ ਮਨ ਨੂੰ ਟੁਣਕਾ ਦੇਂਦੀਆਂ ਹਨ। ਬੇਸ਼ਕ ਇਹ ਚਮਤਕਾਰੀ ਕ੍ਰਿਸ਼ਮਾ ਸ਼ਬਦਾਂ ਵਿਚ ਕਲਮ ਰਾਹੀਂ ਨਿਰੂਪਣ ਕਰਨਾ ਸੰਭਵ ਨਹੀਂ ਪਰ ਫਿਰ ਵੀ ਜਿਸ ਸਚਖੰਡ ਦਾ ਤਸੱਵਰ ਧਰਮ ਗ੍ਰੰਥਾਂ ਵਿਚੋਂ ਪੜ੍ਹਿਆ ਸੁਣਿਆ ਹੈ; ਉਸ ਦਾ ਦ੍ਰਿਸ਼ ਉਸ ਪਾਵਨ ਅਸਥਾਨ ਤੇ ਪ੍ਰਤੀਤ ਹੁੰਦਾ।

ਸਰਦੀਆਂ ਦੇ ਦਿਨਾਂ ਵਿਚ ਸੰਗਤਾਂ ਨੂੰ ਠੰਢ ਤੋਂ ਬਚਾਉਣ ਲਈ ਗਰਮ ਅੰਗੀਠੀਆਂ ਦਾ ਪ੍ਰਬੰਧ ਕੀਤਾ ਜਾਂਦਾ। ਕਿਵਾੜਾਂ (ਦਰਵਾਜ਼ਿਆਂ) ਸਾਹਮਣੇ ਗਰਮ ਪਰਦੇ ਜਿਨ੍ਹਾਂ ਅੰਦਰ ਰੂੰ ਭਰੀ ਹੁੰਦੀ ਲਟਕਾਅ ਦਿਤੇ ਜਾਂਦੇ। ਮਰਮਰੀ ਫ਼ਰਸ਼ ਦੀ ਸੀਤ ਤੋਂ ਬਚਾਓ ਲਈ ਕਸ਼ਮੀਰੀ ਗੁਦਮੇਂ ਅਤੇ ਕਾਬਲੀ ਕਾਲੀਨ ਦੇ ਵਿਛਾਉਣੇ ਗੁਰ-ਸੰਗਤ ਲਈ ਵਰਤੇ ਜਾਂਦੇ। ਅੰਮ੍ਰਿਤ ਵੇਲੇ ਤੋਂ ਆਰੰਭ ਹੋਇਆ ਦੀਵਾਨ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ ਸਾਹਿਬ ਗੁਰਦਿਤ ਸਿੰਘ ਜੀ ਵਲੋਂ ਕੀਤੇ ਗੁਰ-ਹੁਕਮ ਦੀ ਵਿਆਖਿਆ ਤੇ ਸਮਾਪਤ ਹੁੰਦਾ। ਸ਼ਬਦ ਦੀ ਵਿਆਖਿਆ ਸਮੇਂ, ਗੁਰ-ਸ਼ਬਦ ਅਤੇ ਗੁਰ-ਸਾਖੀਆਂ ਦੀਆਂ ਯੋਗ ਟੂਕਾਂ ਦੇ ਕੇ ਸਾਹਿਬ ਮਹਾਰਾਜ ਸੰਗਤ ਦੇ ਹਿਰਦਿਆਂ ਵਿਚ ਸ਼ਬਦ-

ਮਘ ਦੀ ਫੁਹਾਰ ਦਾ ਸੰਚਾਰ ਕਰਦੇ। ਅਨਿਨ ਸਿੱਖ ਸਾਹਿਬਾਂ ਦੇ ਮੁਖੜੇ ਵਲ, ਚਕੋਰ ਜਿਵੇਂ ਚੰਨ ਵੇਖਦਾ ਨਹੀਂ ਰਜਦਾ, ਟਿਕਟਿਕੀ ਲਾ ਕੇ ਲੀਨ ਹੋਏ ਪ੍ਰਤੀਤ ਦਿਸਦੇ ਅਤੇ ਮੁਖੋਂ ਆਪ-ਮੁਹਾਰੇ 'ਸਤਿ ਸਤਿ' ਸ਼ਬਦ ਉਚਾਰਦੇ। ਸੰਗਤ ਦੀ ਕੁਝ ਇਹੋ ਜਿਹੀ ਪ੍ਰੀਤੀ ਸੀ ਕਿ ਜਦੋਂ ਤਕ ਤੁਕ ਦੀ ਵਿਆਖਿਆ ਸੰਪੂਰਨ ਨਾ ਹੁੰਦੀ; ਸੰਗਤ ਇਕ-ਰਸ ਲੀਨ ਹੋਈ ਜੁੜ ਕੇ ਬੈਠੀ ਰਹਿੰਦੀ। ਜੁੜੀ ਸੰਗਤ ਦੀ ਜਿਥੇ ਆਤਮਕ ਤ੍ਰਿਪਤੀ ਹੁੰਦੀ ਉਥੇ ਕੜਾਹ ਪ੍ਰਸ਼ਾਦਿ ਦੇ ਖੁਲ੍ਹੇ ਗੱਫੇ, ਪੂਰੀ ਬੁਕ ਭਰ ਦੇਂਦੇ। ਜਿਸ ਨੂੰ ਛਕ ਕੇ ਸੰਤੁਸ਼ਟਤਾ ਪ੍ਰਤੀਤ ਹੁੰਦੀ। ਜਦੋਂ ਸ਼ਹਿਰ ਦੇ ਬਾਕੀ ਗੁਰ-ਅਸਥਾਨਾਂ ਤੇ ਜਾਣ ਦਾ ਮੌਕਾ ਮਿਲਦਾ ਤਾਂ ਉਥੇ ਕੜਾਹ ਪ੍ਰਸ਼ਾਦਿ ਇਕ ਅੱਧੀ ਬੁਰਕੀ ਜਿੰਨਾ ਵੰਡਿਆ ਜਾਂਦਾ ਤਾਂ ਬੜੀ ਹੈਰਾਨੀ ਹੁੰਦੀ ਕਿ ਇਹ ਰਸਮੀ ਪ੍ਰਸ਼ਾਦਿ ਜਿਸ ਨਾਲ ਬਹੁਤਿਆਂ ਦਾ ਮਨ ਨਹੀਂ ਸੀ ਭਰਦਾ, ਕੀ ਸਤਿਗੁਰੂਆਂ ਦੀ ਜਾਰੀ ਕੀਤੀ ਪ੍ਰਥਾ ਦੀ ਸਹੀ ਤਰਜਮਾਨੀ ਕਰਦਾ ਹੈ ? ਗੁਰੂ ਦਰਬਾਰ ਦੀ ਹਾਜ਼ਰੀ ਮਨ ਅਤੇ ਤਨ ਦੋਹਾਂ ਦੀ ਤ੍ਰਿਪਤੀ ਦਾ ਸਾਧਨ ਹੋਣਾ ਲੋੜੀਏ। ਇਹੋ ਜਹੇ ਵਿਚਾਰ ਸਮੇਂ ਸਮੇਂ ਮਨ ਵਿਚ ਆਉਂਦੇ ਰਹਿੰਦੇ।

ਸ਼ਾਮ ਦਾ ਦੀਵਾਨ ਸੋਦਰ ਦੇ ਪਾਠ ਤੋਂ ਸ਼ੁਰੂ ਹੁੰਦਾ। ਇਸ ਤੋਂ ਉਪਰੰਤ ਲੰਗਰ ਵਰਤਦਾ। ਲੰਗਰ ਛਕ ਕੇ ਸੰਗਤਾਂ ਆਰਤੀ ਦੇ ਦੀਵਾਨ ਲਈ ਹਾਜ਼ਰ ਹੁੰਦੀਆਂ। ਆਰਤੀ ਦਾ ਦੀਵਾਨ ਵਿਸ਼ੇਸ਼ ਮਹਾਨਤਾ ਰਖਦਾ। ਇਹ ਦੀਵਾਨ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀਆਂ ਚੌਕੀਆਂ ਵਾਂਗ ਹੀ ਵੱਖੋ ਵੱਖਰੇ ਨਿਰੰਕਾਰੀ ਦਰਬਾਰ ਦੇ ਅੰਦਰਲੇ ਅਸਥਾਨਾਂ ਸਾਹਮਣੇ ਖੜੋ ਕੇ, ਜਿਨ੍ਹਾਂ ਦਾ ਸਬੰਧ ਸਾਹਿਬ ਦਿਆਲ ਜੀ ਅਤੇ ਉਨ੍ਹਾਂ ਦੇ ਉਤਰਅਧਿਕਾਰੀਆਂ ਨਾਲ ਸੀ, ਸ਼ਬਦਾਂ ਦਾ ਗਾਇਨ ਕੀਤਾ ਜਾਂਦਾ। ਸੰਗਤਾਂ ਛੈਣਿਆਂ ਅਤੇ ਢੋਲਕੀ ਦੀ ਘਨਘੋਰ ਵਿਚ ਮਧੁਰ ਤੇ ਉਚੀ ਸੁਰ ਨਾਲ ਸ਼ਬਦਾਂ ਵਿਚ ਲੀਨ ਹੁੰਦੀਆਂ। ਲਗਪਗ 20 ਦੇ ਕਰੀਬ ਸ਼ਬਦ ਪੜ੍ਹੇ ਜਾਂਦੇ। ਸੰਗਤਾਂ ਦੀ ਬਿਰਤੀ ਆਤਮ ਸਮਰਪਣ ਦੀ ਹੱਦ ਤਕ ਹੁੰਦੀ। ਸਬਦ ਪੂਰੇ ਵਿਰਾਗ ਮਈ ਤਰਾਣ ਨਾਲ ਪੜ੍ਹੇ ਜਾਂਦੇ। ਸ਼ਬਦਾਂ ਦੀ ਫੁਹਾਰ ਮਨਾਂ ਵਿਚ ਰਿਸ ਰਹੀ ਹੁੰਦੀ। ਅਜਿਹਾ ਸਚਖੰਡੀ ਸਮਾਂ ਹੁੰਦਾ ਜਿਸ ਨੂੰ ਸ਼ਬਦਾਂ ਵਿਚ ਨਿਰੂਪਣ ਕਰਨਾ ਕਠਨ ਹੈ। ਸਿੱਖ ਪ੍ਰਮਾਤਮਾ ਨਾਲ ਅਭੇਦ ਹੋਏ ਪ੍ਰਤੀਤ ਹੁੰਦੇ। ਸੰਗਤਾਂ ਦੇ ਚਿਹਰਿਆਂ ਦਾ ਜਲਾਲ ਭਗਤ ਜੈਦੇਵ, ਭਗਤ ਨਾਮਦੇਵ ਅਤੇ ਭਗਤ ਕਬੀਰ ਸਾਹਿਬ ਦੀ ਸਾਖਿਆਤ ਮੌਜੂਦਗੀ ਦਾ ਅਹਿਸਾਸ ਕਰਾਉਂਦਾ। ਵਿਆਕੁਲਤਾ ਨਾਲ ਅੱਖਾਂ ਵਿਚ ਖੁਸ਼ੀ ਦੇ ਹੰਝੂ ਭਰਕੇ 'ਦਰਸ਼ਨ ਦੀਜੈ ਖੋਲਿ ਕਿਵਾੜ' ਸ਼ਬਦ ਗਾਉਂਦਿਆਂ ਸਿੱਖ ਸੱਚਖੰਡ ਦੇ ਖੁਲ੍ਹੇ ਕਿਵਾੜ ਦੁਆਰਾ ਪ੍ਰਵੇਸ਼ ਕਰਦੇ ਪ੍ਰਤੀਤ ਹੁੰਦੇ। ਸ਼ਬਦਾਂ ਦਾ ਸਹੀ ਅਰਥ ਬੋਧ ਸਰੋਤਿਆਂ ਦੇ ਮਨਾਂ ਨੂੰ ਟੁੰਬ ਰਿਹਾ ਹੁੰਦਾ। ਧੰਨ ਨਿਰੰਕਾਰ, ਸਤਿ ਨਿਰੰਕਾਰ, ਤੂੰ ਹੀ ਨਿਰੰਕਾਰ ਆਦਿ ਨਿਰੰਕਾਰ ਜੁਗਾਦਿ ਨਿਰੰਕਾਰ ਦੇ ਜਾਪ ਦੀ ਧੁਨੀ ਉਪਰੰਤ ਆਰਤੀ ਦੀ ਅਰਦਾਸ ਡੰਡਵਤ ਕਰਕੇ (ਸਿੱਧੇ ਲੰਮੇਂ ਪੈ ਕੇ) ਕੀਤੀ ਜਾਂਦੀ। ਕੇਵਲ ਅਰਦਾਸ ਕਰਨ ਵਾਲਾ ਹੀ ਸਾਵਧਾਨ ਬੈਠਾ ਹੁੰਦਾ। ਇਹ ਅਰਦਾਸਾ ਸੂਤਰ ਮੰਤ੍ਰ ਵਾਂਗ ਸੰਖਿਪਤ ਹੁੰਦਾ :—

'ਬੇਦ ਪੁਰਾਨ ਸਿਮ੍ਰਿਤਿ ਸੁਨੇ ਬਹੁ ਬਿਧਿ ਕਰਉ ਬੀਚਾਰੁ ॥
ਪਤਿਤ ਉਧਾਰਨ ਭੈ ਹਰਨ ਸੁਖ ਸਾਗਰ ਨਿਰੰਕਾਰ ॥
ਸੁਖਾਂ ਦੇ ਸਾਗਰ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ,
ਸ੍ਰੀ ਸਤਿਗੁਰੂ ਸਾਹਿਬ ਦਇਆਲ ਜੀ, ਸੱਚੇ ਪਾਤਸ਼ਾਹ ਆਪ ਜੀ ਦੀ
ਹਜ਼ੂਰੀ ਵਿਚ ਆਰਤੀ ਸ਼ਬਦ, ਬਾਣੀ ਚੌਂਕੀ ਜੀ ਦੀ ਅਰਦਾਸ, ਤੁਕ
ਭੁਲ ਚੁੱਕ ਮਾਫ਼, ਤੇਰੇ ਚਰਨ ਕਵਲਾਂ ਦੇ ਪਾਸ, ਸਿਖ ਪੜ੍ਹਦੇ ਸੁਣਦੇ
ਗਾਂਵਦੇ, ਸਰਬਤ ਦੇ ਬੇੜੇ ਬੰਨੇ ਲਾਵਣੇ ॥

ਨਾਨਕ ਨਾਮ ਚੜ੍ਹਦੀ ਕਲਾ ॥
ਤੇਰੇ ਭਾਣੇ ਸਰਬੱਤ ਦਾ ਭਲਾ ॥

ਪਿਆਰਿਓ ਧੰਨ ਨਿਰੰਕਾਰ ਦੇ ਜੈਕਾਰੇ ਨਾਲ ਦੀਵਾਨ ਦੀ ਸਮਾਪਤੀ ਹੁੰਦੀ।

ਉਨ੍ਹਾਂ ਦਿਨਾਂ ਵਿਚ ਸਨਾਤਨ ਧਰਮ, ਆਰੀਆ ਸਮਾਜ, ਸਿੰਘ ਸਭਾ, ਕਾਦਿਆਨੀ ਅਤੇ ਬਾਕੀ ਮੁਸਲਮਾਨਾਂ ਵਿਚ ਆਮ ਸ਼ਾਸ਼ਤਾਰਥ ਬਹਿਸ-ਮੁਬਾਹਿਸੇ ਅਤੇ ਸਵਾਲ-ਜਵਾਬ ਤੇ ਖੰਡਨ-ਮੰਡਨ ਹੁੰਦੇ ਰਹਿੰਦੇ ਸਨ । ਇਨ੍ਹਾਂ ਸ਼ਾਸ਼ਤਾਰਥਾਂ ਵਿਚ ਵਾਦ-ਵਿਵਾਦ ਅਤੇ ਝਗੜਾਲੂ ਨੀਤੀ ਵਿਸ਼ੇਸ਼ ਕੰਮ ਕਰਦੀ ਸੀ । ਦੂਜੇ ਧਰਮਾਂ ਦੀ ਨਿਖੇਧੀ ਅਤੇ ਆਪਣੇ ਦੀ ਉਪਮਾਂ ਕਰਨ ਤੇ ਹੀ ਜ਼ੋਰ ਦਿੱਤਾ ਜਾਂਦਾ। ਬਹਿਸ ਮੁਬਾਹਿਸੇ ਬਹੁਤ ਵਾਰੀ ਹੱਥੋਪਾਈ ਦੀ ਨੌਬਤ ਤਕ ਵੀ ਪੁਜ ਜਾਂਦੇ। ਇਹੋ ਜਹੇ ਸਮੇਂ ਸਰੋਤਾ-ਗਣਾਂ ਨੂੰ, ਸਭਾ ਵਿੱਚੋਂ ਭਜ ਕੇ ਆਪਣੀ ਜਾਨ ਬਚਾਉਣ ਦੀ ਮੁਸ਼ਕਲ ਪੈ ਜਾਂਦੀ। ਇਸ ਤਰ੍ਹਾਂ ਇਹ ਸਭਾਵਾਂ ਕੁੜੱਤਣ ਦਾ ਕਾਰਨ ਬਣਦੀਆਂ। ਪ੍ਰਕਾਸ਼ਤ ਰਚਨਾਵਾਂ ਵਿਚ ਵੀ ਦੂਸਰੇ ਮਤਾਂ ਦੀ ਨਿਖੇਧੀ ਕਰਨ ਵਲ ਵਧੇਰੇ ਧਿਆਨ ਦਿੱਤਾ ਜਾਂਦਾ। ਆਪਣੇ ਧਰਮ ਦੀ ਜਾਣਕਾਰੀ ਘਟ ਹੀ ਸਹਿਨਸ਼ੀਲਤਾ ਨਾਲ ਦਿਤੀ ਜਾਂਦੀ। ਉਸ ਸਮੇਂ ਦੀਆਂ ਕਿਰਤਾਂ 'ਰੰਗੀਲਾ ਰਸੂਲ' ਅਤੇ 'ਸਤਿਆਰਥ ਪ੍ਰਕਾਸ਼' ਦੇ ਕੁਝ ਹਿੱਸੇ, ਜਿਨ੍ਹਾਂ ਵਿਚ ਦੂਜੇ ਮਤ-ਮੱਤਾਂਤਰਾਂ ਦੀ ਨਿਖੇਧੀ ਸੀ, ਆਦਿ ਨੇ ਪੰਜਾਬ ਦੇ ਵਾਤਾਵਰਣ ਨੂੰ ਜ਼ਹਰੀਲਾ ਅਤੇ ਘਿਰਣਾ-ਜਨਕ ਬਣਾ ਦਿਤਾ। ਨਿਰੰਕਾਰੀ ਦਰਬਾਰ ਇਹੋ ਜਹੇ ਵਾਦ-ਵਿਵਾਦ ਨੂੰ ਚੰਗਾ ਨਹੀਂ ਸੀ ਸਮਝਦਾ। ਸਹਿਨਸ਼ੀਲਤਾ ਅਤੇ ਪ੍ਰਸਪਰ ਪ੍ਰੇਮ-ਪਿਆਰ ਨਾਲ ਵਿਚਾਰ ਕਰਨ ਦੀ ਹੀ ਸਿੱਖਿਆ ਦਰਬਾਰ ਵਲੋਂ ਮਿਲਦੀ ਸੀ।

ਸ਼ਰਧਾ ਉਤੇ ਵਿਚਾਰ ਅਤੇ ਗਿਆਨ ਦੀ ਪਾਣ ਚੜ੍ਹਨੀ ਅਤੀ ਜ਼ਰੂਰੀ ਹੈ; ਨਹੀਂ ਤਾਂ ਅੰਧ-ਵਿਸ਼ਵਾਸੀ ਸ਼ਰਧਾ ਵਹਿਮ ਅਤੇ ਪਾਖੰਡ ਨੂੰ ਬੜਾਵਾ ਦੇਂਦੀ ਹੈ। ਸਿੱਖ ਧਰਮ ਨੂੰ ਪੁਰਾਣੀਆਂ, ਸਵੱਛ ਅਤੇ ਗੁਰਮਤਿ ਅਨੁਕੂਲ ਧਾਰਨਾਵਾਂ ਨੂੰ ਅਪਨਾਉਣਾ ਚਾਹੀਦਾ ਹੈ। ਜੇਕਰ ਪੁਰਾਣੀ ਕੋਈ ਰਹੁ-ਰੀਤ, ਜਿਹੜੀ ਗੁਰਮਤਿ ਦੀ ਕਸਵੱਟੀ ਤੇ ਠੀਕ ਨਾ ਉਤਰੇ ਤਾਂ ਉਹਦੇ ਛਡਣ ਵਿਚ ਵੀ ਕੋਈ ਝਿਜਕ ਨਹੀਂ ਹੋਣੀ ਚਾਹੀਦੀ। 'ਅਕਲੀ ਸਾਹਿਬੁ ਸੇਵੀਐ, ਅਕਲੀ ਪਾਈਐ ਮਾਨੁ' (ਪੰਨਾ ੧੨੪੫) ਵਿਚ ਵੀ ਇਹੋ ਸੰਕੇਤ ਮਿਲਦਾ ਹੈ।

ਗਿ ਹੀਰਾ ਸਿੰਘ ਜੀ 'ਦਰਦ' ਸਿੰਘ ਸਭਾ ਅਤੇ ਅਕਾਲੀਆਂ ਦੇ ਮਸ਼ਹੂਰ ਨੇਤਾ ਹੋਏ ਹਨ। ਇਨ੍ਹਾਂ ਦੇ ਪਿਤਾ ਭਾਈ ਹਰੀ ਸਿੰਘ ਜੀ ਨਿਰੰਕਾਰੀ ਘਘਰੋਟ ਵਾਲੇ ਸਨ ਅਤੇ ਇਨ੍ਹਾਂ ਨੂੰ ਗੁਰਮਤਿ ਦੀ ਲਾਗ ਵਿਰਸੇ ਵਿਚ ਲਗੀ ਸੀ। ਇਨ੍ਹਾਂ ਨੇ ਆਪਣੀਆਂ 'ਅਭੁੱਲ ਯਾਦਾਂ' ਵਿਚ ਉਸ ਸਮੇਂ ਦੇ ਨਿਰੰਕਾਰੀ ਸਿੱਖਾਂ ਦੇ ਆਚਰਣ, ਸਹਿਨਸ਼ੀਲਤਾ ਅਤੇ ਠਰੰਮੇਂ ਨਾਲ ਵਿਚਾਰ ਦੀ ਗੱਲ ਕਰਨ ਦਾ ਜ਼ਿਕਰ ਕੀਤਾ ਹੈ। ਜੋ ਕਿ ਪਾਠਕਾਂ ਦੀ ਦਿਲਚਸਪੀ ਵਿਚ ਵਾਧਾ ਕਰਨ ਅਤੇ ਉਸ ਸਮੇਂ ਦੇ ਨਿਰੰਕਾਰੀ ਗੁਰਸਿੱਖਾਂ ਦੀ ਧਾਰਮਕ ਵਿਚਾਰਾਂ ਦੀ ਸਹਿਨਸ਼ੀਲਤਾ ਨੂੰ ਉਜਾਗਰ ਕਰਦੀ ਹੈ :—

"ਮੇਰੇ ਪਿਤਾ ਜੀ ਸ਼ਬਦ ਕੀਰਤਨ ਕਰ ਲੈਂਦੇ ਸਨ ਅਤੇ ਸਿੱਖ ਇਤਿਹਾਸ ਤੇ ਬਾਣੀ ਤੋਂ ਵਾਕਫ਼ ਹੋਣ ਕਰਕੇ ਕਥਾ ਵੀ ਕਰ ਲੈਂਦੇ ਸਨ। ਕੁਝ ਚਿਰ ਉਨ੍ਹਾਂ ਨੇ ਗ੍ਰੰਥੀ-ਪੁਣੇ ਦਾ ਕੰਮ ਵੀ ਕੀਤਾ। ਪਰ ਉਹ ਕਿਸੇ ਗੁਰਦੁਆਰੇ ਵਿਚ ਬਹੁਤਾ ਚਿਰ ਨਹੀਂ ਸੀ ਟਿਕ ਸਕਦੇ। ਕਾਰਣ ਇਹ ਸੀ ਕਿ ਉਨ੍ਹਾਂ ਨੇ ਨਿਰੰਕਾਰੀ ਮਤਿ ਧਾਰਨ ਕਰ ਲਿਆ ਸੀ। ਇਹ ਪੁਰਾਤਨ ਹਿੰਦੂ-ਰਸਮਾਂ ਰਿਵਾਜਾਂ ਦੇ ਬਿਲਕੁਲ ਵਿਰੋਧੀ ਹੋ ਗਏ ਸਨ।

ਉਹ ਵਿਚਾਰਵਾਨ ਅਤੇ ਤਬਦੀਲੀ ਪਸੰਦ ਪੁਰਸ਼ ਸਨ। ਭਾਈ ਜੱਸਾ ਸਿੰਘ ਨਿਰੰਕਾਰੀ ਨਾਲ ਇਕੱਠਾ ਕੰਮ ਕਰਦਿਆਂ ਉਹ ਇਨ੍ਹਾਂ ਦੇ ਗੂੜ੍ਹੇ ਮਿੱਤਰ ਬਣ ਗਏ ਸਨ। ਉਨ੍ਹਾਂ ਦਿਨਾਂ ਵਿਚ ਰਾਵਲਪਿੰਡੀ ਵਿਚ ਨਵਾਂ ਨਵਾਂ ਨਿਰੰਕਾਰੀ ਮਤਿ ਚਲਿਆ ਸੀ। ਇਹ ਸਿੱਖਾਂ ਵਿਚ ਪਹਿਲੀ ਸੁਧਾਰਕ ਲਹਿਰ ਸੀ। ਨਿਰੰਕਾਰੀ ਸਿੱਖਾਂ ਵਿਚ ਆਪਣੇ ਮਤਿ ਦੇ ਪਰਚਾਰ ਕਰਨ ਦਾ ਮੁਸਲਮਾਨਾਂ ਦੀ ਤਬਲੀਗ ਵਰਗਾ ਜੋਸ਼ ਸੀ। ਭਾਈ ਜੱਸਾ ਸਿੰਘ ਨੇ ਆਪਣੇ ਪ੍ਰੇਮ ਤੇ ਸੱਚੀ ਮਿੱਤਰਤਾ ਦੇ ਵਰਤਾਵ ਅਤੇ ਗੁਰਬਾਣੀ ਦੇ ਸਿਧਾਂਤਾਂ ਦੇ ਪਰਚਾਰ ਨਾਲ ਮੇਰੇ ਪਿਤਾ ਜੀ ਨੂੰ ਨਿਰੰਕਾਰੀ ਬਣਾ ਲਿਆ। ਉਦੋਂ ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਨਿਰੰਕਾਰੀਆਂ ਦੇ ਦੂਜੇ ਗੁਰੂ ਗੱਦੀ ਪੁਰ ਬਿਰਾਜਮਾਨ ਸਨ। ਨਿਰੰਕਾਰੀਆਂ ਨੇ ਸਰਾਧ, ਕਿਰਿਆ ਕਰਮ, ਦੇਵੀ ਦੇਵਤਿਆਂ, ਬੁੱਤਾਂ ਕਬਰਾਂ ਤੇ ਮੜ੍ਹੀਆਂ ਦੀ ਪੂਜਾ, ਗੰਗਾ ਇਸ਼ਨਾਨ ਆਦਿ ਹਿੰਦੂ ਰਸਮਾਂ ਬਿਲਕੁਲ ਬੰਦ ਕਰ ਦਿਤੀਆਂ ਸਨ।

ਮੇਰੇ ਪਿਤਾ ਜੀ ਵੀ ਪੂਰੀ ਤਰ੍ਹਾਂ ਤਬਦੀਲ ਹੋ ਗਏ ਸਨ। ਉਹ ਵਡੇ ਵਡੇਰਿਆਂ ਦੇ ਨਾਂ ਪੁਰ ਪ੍ਰਚਲਤ ਹਰ ਇਕ ਗਲ ਨੂੰ ਦਰੁਸਤ ਨਹੀਂ ਮੰਨਦੇ ਸਨ। ਉਹ ਹਰ ਗਲ ਨੂੰ ਸੋਚ ਵਿਚਾਰ ਦੀ ਤਕੜੀ ਪੁਰ ਤੋਲਦੇ ਸਨ ਅਤੇ ਜਿਹੜੀ ਗਲ ਉਨ੍ਹਾਂ ਦੇ ਦਿਲ ਲਗੇ ਉਸ ਨੂੰ ਮੰਨਦੇ, ਉਸ ਪੁਰ ਅਮਲ ਕਰਦੇ ਸਨ। ਇਸ ਦੇ ਨਾਲ ਹੀ ਉਨ੍ਹਾਂ ਵਿਚ ਇਕ ਹੋਰ ਗੁਣ ਮੈਂ ਵੇਖਿਆ ਉਹ ਆਪਣੇ ਆਪ ਨੂੰ ਬਿਲਕੁਲ ਸੱਚਾ ਸਮਝ ਕੇ ਦੂਜਿਆਂ ਨਾਲ ਨਫ਼ਰਤ ਵੀ ਨਹੀਂ ਕਰਦੇ ਸਨ। ਉਹ ਦੂਜਿਆਂ ਦੀ ਰਾਇ ਸਤਿਕਾਰਦੇ ਸਨ। ਉਹ ਆਪਣੇ ਪਿੰਡ ਵਿਚ ਇਕੱਲੇ ਨਿਰੰਕਾਰੀ ਸਨ। ਇਹ ਸਭ ਰਸਮਾਂ ਉਨ੍ਹਾਂ ਨੇ ਬਾਈਕਾਟ ਕਰ ਦਿਤੀਆਂ ਸਨ। ਉਹ ਨਿਰੰਕਾਰੀ ਗੁਰੂ ਦੇ ਹੁਕਮ ਮੁਤਾਬਕ ਕੋਈ ਪੁਰਾਣੀ ਸਨਾਤਨੀ ਰਸਮ ਨਹੀਂ ਕਰਦੇ ਸਨ। ਨਾਂ ਆਪ ਸਰਾਧ ਕਰਦੇ ਨਾਂ ਸਰਾਧਾਂ ਦੀ ਰੋਟੀ ਖਾਂਦੇ ਨਾਂ ਹੀ ਸਨਾਤਨੀ ਵਿਆਹ ਸ਼ਾਦੀਆਂ

ਵਿਚ ਸ਼ਾਮਲ ਹੁੰਦੇ।

ਮੈਨੂੰ ਪਤਾ ਲਗਾ ਹੈ ਕਿ ਨਿਰੰਕਾਰੀਆਂ ਦੇ ਪਹਿਲੇ ਗੁਰੂ ਬਾਬਾ ਦਿਆਲ ਜੀ ਦੇ ਸਮੇਂ ਰਾਵਲਪਿੰਡੀ ਦੇ ਲੋਕਾਂ ਨੇ ਉਨ੍ਹਾਂ ਦਾ ਬਾਈਕਾਟ ਕਰ ਦਿਤਾ ਸੀ। ਇਨ੍ਹਾਂ ਨਾਲ ਸਭ ਤਰ੍ਹਾਂ ਦਾ ਵਰਤੋਂ ਵਿਹਾਰ ਬੰਦ ਕਰ ਦਿਤਾ ਸੀ। ਉਹ ਕਹਿੰਦੇ ਸਨ, ਬਾਬਾ ਦਿਆਲ ਕੁਰਾਹੀਆ ਹੈ ਅਤੇ ਜਦੋਂ ਇਹ ਝੰਡੇ ਲੈ ਕੇ ਬਜ਼ਾਰ ਵਿਚ ਸ਼ਬਦ ਪੜ੍ਹਦੇ ਲੰਘਦੇ ਤਾਂ ਵਿਰੋਧੀ ਇਨ੍ਹਾਂ ਪੁਰ ਮਿੱਟੀ ਜਾਂ ਸੁਆਹ ਉਛਾਲਦੇ ਸਨ। ਇਥੋਂ ਤਕ ਕਿ ਇਨ੍ਹਾਂ ਨੂੰ ਰਾਵਲਪਿੰਡੀ ਦੇ ਸ਼ਮਸ਼ਾਨਾਂ ਵਿਚ ਸਸਕਾਰ ਕਰਨ ਤੋਂ ਵੀ ਰੋਕ ਦਿਤਾ ਗਿਆ ਸੀ।

ਇਕ ਵੇਰਾਂ ਦੀ ਗਲ ਹੈ ਕਿ ਮੇਰੀ ਵੱਡੀ ਭੈਣ ਜੀ ਦੀ ਸ਼ਾਦੀ ਸੀ*। ਉਸਦੀ ਮੰਗਣੀ ਸ਼ਾਇਦ ਪਿਤਾ ਜੀ ਦੇ ਨਿਰੰਕਾਰੀ ਬਣਨ ਤੋਂ ਪਹਿਲਾਂ ਹੋਈ ਸੀ। ਕੁੜਮ ਸਨਾਤਨੀ ਬ੍ਰਾਹਮਣ ਸਿੱਖ ਸਨ। ਉਹ ਕਿਸੇ ਤਰ੍ਹਾਂ ਗੁਰਮਤਿ ਅਨੁਸਾਰ ਵਿਆਹ ਕਰਨ ਲਈ ਰਾਜ਼ੀ ਨਹੀਂ ਸਨ ਹੋ ਸਕਦੇ। ਇਹ ਰਿਸ਼ਤਾ ਮੇਰੀ ਨਾਨੀ ਦੀ ਰਾਹੀਂ ਹੋਇਆ ਸੀ। ਭਾਵੇਂ ਆਪਣੀ ਲਾਡਲੀ ਧੀ ਸੀ ਪਰ ਸਨਾਤਨੀ ਰਸਮ ਦੇ ਵਿਆਹ ਵਿਚ ਸ਼ਾਮਲ ਹੋਣਾ ਮੇਰੇ ਪਿਤਾ ਜੀ ਬੜੀ ਧਾਰਮਕ ਕਮਜ਼ੋਰੀ ਤੇ ਆਪਣੇ ਨਿਰੰਕਾਰੀ ਗੁਰੂ ਦੇ ਹੁਕਮ ਵਿਰੁਧ ਸਮਝਦੇ ਸਨ। ਬੜੀ ਉਲਝਨ ਪੈਦਾ ਹੋ ਗਈ।

ਪਿਤਾ ਜੀ ਆਪਣੇ ਅਸੂਲ ਪੁਰ ਚਲਣ ਤੇ ਦ੍ਰਿੜ ਰਹਿਣ ਵਾਲੇ ਸਨ ਪਰ ਕਿਸੇ ਝਗੜੇ ਵਿਚ ਦੂਜੇ ਨੂੰ ਤਕਲੀਫ਼ ਦੇਣ ਦੀ ਥਾਂ ਆਪ ਦੁਖ ਝਲ ਕੇ ਝਗੜਾ ਨਿਬੇੜ ਦੇਂਦੇ ਸਨ। ਉਹ ਝਗੜਾ ਵਧਾਂਦੇ ਨਹੀਂ ਸਨ। ਆਪ ਪਿਛੇ ਹਟ ਕੇ ਝਗੜਾ ਨਿਪਟਾਉਣ ਦਾ ਯਤਨ ਕਰਦੇ ਸਨ। ਉਨ੍ਹਾਂ ਮੇਰੇ ਨਾਨੀ ਜੀ ਨੂੰ ਕਿਹਾ, "ਮਾਤਾ ਜੀ, ਮੈਂ ਆਪਣਾ ਤੇ ਤੁਹਾਡਾ ਪ੍ਰਣ ਤੋੜ ਕੇ ਅਧਰਮੀ ਨਹੀਂ ਬਣਨਾ ਚਾਹੁੰਦਾ, ਨਾ ਹੀ ਸਨਾਤਨ ਵਿਆਹ ਵਿਚ ਸ਼ਾਮਲ ਹੋ ਕੇ ਧਾਰਮਕ ਕਮਜ਼ੋਰੀ ਦਿਖਾਣ ਦਾ ਅਪਰਾਧੀ ਬਣ ਸਕਦਾ ਹਾਂ। ਸੋ ਤੁਸੀਂ ਇਸ ਬੱਚੜੀ ਨੂੰ ਧੀ ਸਮਝ ਕੇ ਜਿਵੇਂ ਚਾਹੋ ਵਿਆਹ ਦਿਓ। ਅਸੀਂ ਵਿਆਹ ਦੇ ਦਿਨਾਂ ਵਿਚ ਕੁਝ ਦਿਨ ਬਾਹਰ ਜਾ ਕੇ ਟਿਕੇ ਰਹਾਂਗੇ। ਮੈਨੂੰ ਬੱਚੜੀ ਦੇ ਵਿਆਹ ਦੀ ਖੁਸ਼ੀ ਹੈ ਪਰ ਮੈਂ ਆਪਣੇ ਧਾਰਮਕ ਨਿਸ਼ਚੇ ਨੂੰ ਵਿਆਹ ਦੀ ਖੁਸ਼ੀ ਤੋਂ ਕੁਰਬਾਨ ਨਹੀਂ ਕਰ ਸਕਦਾ। ਮੇਰੀਆਂ ਸ਼ੁਭ ਅਸੀਸਾਂ ਸਦਾ ਬੱਚੀ ਨੂੰ ਪ੍ਰਾਪਤ ਰਹਿਣਗੀਆਂ।"

ਸਾਰੇ ਹੈਰਾਨ ਹੋ ਗਏ। ਰੋਕਣ ਤੇ ਮਨ੍ਹਾਂ ਕਰਨ ਲਈ ਬੜਾ ਜ਼ੋਰ ਲਾਇਆ ਗਿਆ ਪਰ ਆਪ ਨੇ ਕਿਸੇ ਦੀ ਇਕ ਨਾ ਸੁਣੀ। ਆਪ ਸਾਰੇ ਪ੍ਰਵਾਰ ਨੂੰ ਨਾਲ ਲੈ ਕੇ ਤਰਲਾਈ ਆਪਣੇ ਮਿਤਰ ਭਾਈ ਜੱਸਾ ਸਿੰਘ ਜੀ ਦੇ ਘਰ ਜਾ ਰਹੇ। ਮੈਂ ਉਸ ਸਮੇਂ ਸ਼ਾਇਦ ਪੰਜ ਛੇ ਵਰ੍ਹੇ ਦਾ ਹੋਵਾਂਗਾ, ਮੈਨੂੰ ਇਹ ਗਲ ਸੁਪਨੇ ਵਾਂਗ ਯਾਦ ਆਉਂਦੀ ਹੈ। ਮੇਰੇ ਪਿਤਾ ਜੀ ਦੇ ਇਸ ਹਠ ਨੂੰ ਆਮ ਲੋਕ ਤਾਂ ਬੜੀ ਹੈਰਾਨੀ ਨਾਲ ਵੇਖਦੇ ਸਨ ਪਰ ਨਿਰੰਕਾਰੀ ਬੜੀ ਸ਼ਲਾਘਾ ਕਰਦੇ ਸਨ।

*ਜਿਨ੍ਹਾਂ ਦੀ ਕੁਖੋਂ ਗਿ: ਵਿਧਾਤਾ ਸਿੰਘ ਜੀ 'ਤੀਰ' ਕਰਤਾ 'ਸਿੱਖੀ ਦਾ ਚਾਨਣ' ਦਾ ਜਨਮ ਹੋਇਆ।

ਪਿੰਡ ਵਿਚ ਇਕੱਲੇ ਹੁੰਦਿਆਂ ਹੋਇਆਂ ਵੀ ਆਪਣੇ ਨਿਰੰਕਾਰੀ ਅਸੂਲਾਂ ਪੁਰ ਪੂਰੀ ਦ੍ਰਿੜਤਾ ਨਾਲ ਅਮਲ ਕੀਤਾ । ਇਹ ਸਾਧਾਰਨ ਗਲ ਨਹੀਂ ਸੀ । ਇਹ ਬੜੇ ਹੱਠ ਤੇ ਦ੍ਰਿੜ ਹੌਸਲੇ ਦਾ ਕੰਮ ਸੀ । ਬਾਕੀ ਦੇ ਵਿਆਹ ਆਪ ਨੇ ਪੂਰਨ ਗੁਰਮਤਿ ਅਨੁਸਾਰ ਕੀਤੇ । ਮੈਨੂੰ ਉਨ੍ਹਾਂ ਦਿਨਾਂ ਦੀਆਂ ਕਈ ਘਟਨਾਵਾਂ ਯਾਦ ਹਨ । ਸਾਰੇ ਪਿੰਡ ਤੋਂ ਵਖਰਾ ਨਵਾਂ ਮਤਿ ਧਾਰਨ ਕਰਨ ਵਾਲਾ ਆਦਮੀ ਇਕ ਤਰ੍ਹਾਂ ਨਾਲ ਸਾਰੀ ਬਰਾਦਰੀ ਵਿਚੋਂ ਛੇਕਿਆ ਜਾਂਦਾ ਸੀ, ਉਹ ਬੜਾ ਦੁਖੀ ਹੁੰਦਾ ਸੀ । ਪਰ ਮੇਰੇ ਪਿਤਾ ਜੀ ਧਾਰਮਕ ਮਤਿ ਭੇਦ ਰੱਖਦਿਆਂ ਹੋਇਆਂ ਵੀ ਲੋਕਾਂ ਨਾਲ ਮਿਲੇ ਰਹੇ । ਉਹ ਸਭ ਨਾਲ ਪਿਆਰ ਰੱਖਦੇ ਸਨ । ਦੁਖ ਸੁਖ ਵੇਲੇ ਸਭ ਤੋਂ ਪਹਿਲਾਂ ਪਹੁੰਚ ਜਾਂਦੇ ਸਨ । ਜਿਸ ਕਰਕੇ ਪਿੰਡ ਵਿਚ ਆਪ ਨੂੰ ਬਰਾਦਰੀ ਵਲੋਂ ਕੋਈ ਖਾਸ ਤਕਲੀਫ਼ ਨਹੀਂ ਸੀ ਹੋਈ । ਆਪ ਦੀ ਇਸ ਆਦਰਸ਼ਵਾਦਤਾ ਦਾ ਮੇਰੇ ਉਪਰ ਵੀ ਬੜਾ ਪ੍ਰਭਾਵ ਪਿਆ । ਮੈਂ ਵੀ ਧਰਮ ਤੇ ਰਾਜਨੀਤੀ ਵਿਚ ਜਿਸ ਸਿਧਾਂਤ ਨੂੰ ਠੀਕ ਸਮਝ ਕੇ ਪ੍ਰਵਾਨ ਕਰ ਲੈਂਦਾ ਰਿਹਾ ਹਾਂ, ਉਸ ਪੁਰ ਦ੍ਰਿੜਤਾ ਨਾਲ ਚਲਣ ਦਾ ਜਤਨ ਕਰਦਾ ਰਿਹਾ ਹਾਂ, ਭਾਵੇਂ ਕੋਈ ਰਾਜ਼ੀ ਰਹੇ ਜਾਂ ਨਰਾਜ਼ ਹੋਵੇ ।"*

ਗਿ: ਹੀਰਾ ਸਿੰਘ ਜੀ ਦਰਦ ਦੀਆਂ ਕਿਰਤਾਂ (ਮੇਰੀਆਂ ਇਤਿਹਾਸਕ ਯਾਦਾਂ) ਵਿਚੋਂ ਉਨ੍ਹਾਂ ਦੇ ਪਿਤਾ ਜੀ ਦੀ ਸਹਿਨਸ਼ੀਲਤਾ, ਗੁਰਮਤਿ-ਦ੍ਰਿੜਤਾ, ਭਰਮ-ਪਖੰਡ ਦਾ ਤਿਆਗ, ਮਨ ਵਿਚ ਸੇਵਾ ਅਤੇ ਨਿਮਰਤਾ ਦਾ ਲਕਸ਼ ਅਤੇ ਇਕ ਆਦਰਸ਼ਕ ਪੁਰਸ਼ ਦਾ ਸੰਪੂਰਨ ਚਿਤਰ ਉਘੜ ਕੇ ਅੱਖਾਂ ਸਾਹਮਣੇ ਰੂਪਮਾਨ ਹੁੰਦਾ ਹੈ । ਉਸ ਸਮੇਂ ਦੇ ਅਜਿਹੇ ਗੁਣਾਂ ਵਾਲੇ ਅਨੇਕਾਂ ਨਿਰੰਕਾਰੀ ਸਿੱਖਾਂ ਦੀਆਂ ਮਿਸਾਲਾਂ ਇਤਿਹਾਸ ਵਿਚੋਂ ਮਿਲਦੀਆਂ ਹਨ ।

ਨਿਰੰਕਾਰੀ ਦਰਬਾਰ ਇਕ ਚਟਸਾਲ ਸੀ; ਜਿਥੋਂ ਮੈਂ ਬਚਪਨ ਵਿਚ ਅਤੇ ਯੁਵਕ-ਸਮੇਂ ਅਧਿਆਤਮਕ ਕਦਰਾਂ ਕੀਮਤਾਂ ਦਾ ਸਬਕ ਸਿਖਿਆ । ਗਿ: ਹੀਰਾ ਸਿੰਘ ਦਰਦ ਆਪ ਵੀ ਗੁਰਮੁਖ ਸੁਭਾ ਦੇ ਸਨ । ਲਾਹੌਰ ਵਿਖੇ, ਉਨ੍ਹਾਂ ਦੇ ਫੁਲਵਾੜੀ ਪ੍ਰੈਸ ਵਿਚ ਆਉਣ ਜਾਣ ਕਰਕੇ, ਮੇਰੇ ਉਪਰ ਉਨ੍ਹਾਂ ਦੇ ਸੁਭਾ ਦਾ ਵੀ ਪ੍ਰਭਾਵ ਪਿਆ । ਇਨ੍ਹਾਂ ਤੋਂ ਇਲਾਵਾ ਕਈ ਹੋਰ ਮਹਾਨ ਵਿਅਕਤੀਆਂ, ਜੋ ਸੇਵਾ-ਸਿਮਰਨ ਅਤੇ ਤਿਆਗ ਦੇ ਚਾਨਣ ਮੁਨਾਰੇ ਸਨ, ਮੇਰੇ ਜੀਵਨ ਪੰਧ ਨੂੰ ਰੌਸ਼ਨੀ ਦੇਣ ਦਾ ਕਾਰਨ ਬਣੀਆਂ । ਭਾਈ ਹਰਭਜਨ ਸਿੰਘ ਸੰਗਿਆ ਭਾਈ ਹਰਭਜ ਗੁਜਰਾਤ ਅਤੇ ਲਾਲਾਮੂਸਾ ਨਿਵਾਸੀ; ਜੋ ਸੁਆਸ ਸੁਆਸ ਨਾਮ ਸਿਮਰਨ ਵਿਚ ਲੀਨ ਰਹਿੰਦੇ, ਦਾ ਮੇਰੇ ਤੇ ਸਦੀਵੀ ਪ੍ਰਭਾਵ ਪਿਆ । ਗੁਰਮੁਖ ਭਾਈ ਬਿਸ਼ਨ ਸਿੰਘ ਜੀ ਨੰਭ ਵਾਲਿਆਂ ਨੇ ਸਿਦਕ ਤੇ ਸਬੂਰੀ ਦਾ ਆਪਣੇ ਜੀਵਨ ਵਿਚ ਸਬੂਤ ਦਿਤਾ । ਸ੍ਰੀ ਸਾਹਿਬ ਗੁਰਦਿਤ ਸਿੰਘ ਜੀ ਦੇ ਵਿਸ਼ਾਲ ਗੁਰਬਾਣੀ ਗਿਆਨ ਨੇ ਮਨ ਨੂੰ ਬਾਣੀ ਨਾਲ ਜੋੜਿਆ ਅਤੇ ਪੂਜ ਸ੍ਰੀ ਸਾਹਿਬ ਹਰਾ ਸਿੰਘ ਜੀ ਦੀ ਉਦਾਰ, ਤਿਆਗੀ ਤੇ ਪਿਆਰ ਨਾਲ ਛਲਕਦੀ ਆਤਮਾਂ ਤੋਂ ਕੋਈ ਕਰਮਹੀਣ ਹੀ ਅਭਿੱਜ ਰਿਹਾ ਹੋਵੇਗਾ । ਮੈਂ ਜਿਨ੍ਹਾਂ ਮਹਾਨ ਸਤਿਸੰਗੀਆਂ,

---

*"ਮੇਰੀਆ ਕੁਝ ਇਤਿਹਾਸਕ ਯਾਦਾਂ" ਸਫ਼ਾ 17 ਤੋਂ 27 ਤਕ ਟੂਕ ਮਾਤਰ

ਗੁਰਮੁਖ ਹਸਤੀਆਂ ਤੋਂ ਜੋ ਪ੍ਰਭਾਵ ਪ੍ਰਾਪਤ ਕੀਤਾ, ਉਸ ਦਾ ਬਾਰ ਬਾਰ ਆਪਣੇ ਮਿੱਤਰ ਪਿਆਰਿਆਂ ਅਤੇ ਸਨੇਹੀਆਂ ਨਾਲ ਜ਼ਿਕਰ ਕਰਕੇ, ਜੋ ਆਨੰਦ ਪ੍ਰਾਪਤ ਕਰਦਾ ਹਾਂ, ਉਹ ਸ਼ਬਦਾਂ ਵਿਚ ਸਮੋ ਲੈਣ ਨੂੰ ਕਠਨ ਸਮਝਦਾ ਹਾਂ। ਮੈਂ ਵਿਦਵਤਾ ਦਾ ਦਾਹਵੇਦਾਰ ਨਹੀਂ; ਇਨ੍ਹਾਂ ਲੇਖਾਂ ਵਿਚ ਦਿਤੇ ਵਿਚਾਰ ਵਿਰਸੇ ਦੀ ਗੁੜ੍ਹਤੀ ਵਿਚੋਂ ਹਨ। ਬਚਪਨ ਵਲ ਝਾਤ ਪੈਂਦਿਆਂ ਹੀ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਦਾ ਦ੍ਰਿਸ਼ 'ਧੰਨ ਸੁ ਵੇਲਾ ਜਿਤ ਦਰਸਨੁ ਕਰਨਾ' ਅਤੇ ਤੁਧ ਡਿਠੇ ਸੱਚੇ ਪਾਤਸ਼ਾਹ ਮਲ ਜਨਮੁ ਜਨਮੁ ਦੀ ਕਟੀਏ' ਰੂਪਮਾਨ ਹੋ ਕੇ ਸ਼ਬਦ-ਸੁਰਾਂ ਕੰਨਾਂ ਵਿਚ ਗੂੰਜਨ ਲਗ ਪੈਂਦੀਆਂ ਹਨ।

ਸਿੱਖ ਧਰਮ ਦੇ ਪਲੈਟ-ਫ਼ਾਰਮ ਤੋਂ ਅਜ ਕਲ੍ਹ ਇਹ ਅਵਾਜ਼ੇ ਸੁਣਨ ਵਿਚ ਆਉਂਦੇ ਹਨ ਕਿ ਧਰਮ ਖ਼ਤਰੇ ਦੀ ਸਥਿਤੀ ਵਿਚੋਂ ਲੰਘ ਰਿਹਾ ਹੈ। ਸੰਸਾਰ ਦੇ ਸਭ ਧਰਮਾਂ ਲਈ ਅਜ ਦੇ ਸਮੇਂ ਅੰਦਰੋਂ ਤੇ ਬਾਹਰੋਂ ਤਨਾਓ ਦੀ ਸਥਿਤੀ ਬਣੀ ਹੋਈ ਹੈ। ਇਸ ਦੇ ਕਾਰਨਾਂ ਦੀ ਭਾਲ ਕਰਨੀ ਤੇ ਉਨ੍ਹਾਂ ਦੇ ਹੱਲ ਲਭਣੇ ਜ਼ਰੂਰੀ ਹਨ। ਸੰਸਾਰ ਸਮੁੱਚੇ ਤੌਰ ਤੇ ਸੁੰਗੜ ਰਿਹਾ ਹੈ। ਆਵਾਜਾਈ ਦੇ ਸੁਘੜ ਤੇ ਚੰਗੇ ਸਾਧਨਾਂ ਕਾਰਨ ਵਿੱਥਾਂ ਘਟ ਰਹੀਆਂ ਹਨ। ਰਾਤ ਪ੍ਰਸ਼ਾਦਾ ਦਿੱਲੀ ਛੱਕ ਕੇ ਦੂਜੀ ਭਲਕ ਲੰਡਨ ਪੁਜ ਜਾਈਦਾ ਹੈ ਤੇ ਉਥੋਂ ਦਸ ਘੰਟਿਆਂ ਦੇ ਸਫ਼ਰ ਮਗਰੋਂ ਅਮਰੀਕਾ ਜਹੇ ਵਿਸ਼ਾਲ ਦੇਸ਼ ਵਿਚ ਸ਼ਾਮ ਦੀ ਚਾਹ ਦਾ ਸਮਾਂ ਹੋ ਜਾਂਦਾ ਹੈ। ਭਾਰਤੀ ਪਰੰਪਰਾਵਾਦੀ ਸਭਿਆਚਾਰਕ ਕਦਰਾਂ ਕੀਮਤਾਂ ਤੋਂ ਵਿਲਖਣ ਦੇਸ਼ ਵਿਚ 24 ਘੰਟਿਆਂ ਵਿਚ ਜਾ ਪੁਜੀਦਾ ਹੈ। ਨੌਜਵਾਨ ਪੀੜ੍ਹੀ ਦੇ ਮਨ ਤੇ ਪਛਮੀਂ ਸਭਿਅਤਾ ਦਾ ਪ੍ਰਭਾਵ ਅਵਸ਼ ਪੈਂਦਾ ਹੈ ਅਤੇ ਜਿਹੜੇ ਭਾਰਤੀ ਦੂਜੇ ਦੇਸ਼ਾਂ ਵਿਚ ਸਦੀਵੀ ਟਿਕ ਜਾਂਦੇ ਹਨ ਉਨ੍ਹਾਂ ਦੇ ਬੱਚਿਆਂ ਨੂੰ ਆਪਣੇ ਵਿਰਸੇ ਬਾਰੇ ਜਾਨਣ ਦੀਆਂ ਸੁਵਿਧਾਵਾਂ ਨਹੀਂ ਹੁੰਦੀਆਂ। ਜਿਸ ਦੇਸ਼ ਵਿਚ ਉਨ੍ਹਾਂ ਦਾ ਜਮ-ਪਲ ਹੁੰਦਾ ਹੈ; ਉਸੇ ਦੇਸ਼ ਦੇ ਹੀ ਪ੍ਰਭਾਵ ਨੂੰ ਉਹ ਕਬੂਲਦੇ ਹਨ। ਇਹੋ ਜਹੇ ਮਾਹੌਲ ਦੀ ਆਪਣੀ ਵੰਗਾਰ ਹੈ ਅਤੇ ਇਨ੍ਹਾਂ ਚਨੌਤੀਆਂ ਦਾ ਸਮਾਧਾਨ ਕਰਨਾ ਸਾਡਾ ਫ਼ਰਜ਼ ਬਣਦਾ ਹੈ। ਧਾਰਮਕ ਆਗੂਆਂ ਅਤੇ ਖ਼ਾਸ ਕਰਦੇ ਬੁਧੀਜੀਵੀਆਂ ਅਗੇ ਮੇਰੀ ਬੇਨਤੀ ਹੈ ਕਿ ਉਹ ਗੁਰੂਆਂ ਦੇ ਉਪਦੇਸ਼ਾਂ ਦੇ ਬੁਨਿਆਦੀ ਨੁਕਤਿਆਂ ਨੂੰ ਵਧੇਰੇ ਸਾਹਮਣੇ ਰੱਖ ਕੇ ਵਿਚਾਰਨ। ਅੱਜ ਦੇ ਸਮੇਂ ਵਿਚ ਵੱਖ ਵੱਖ ਦੇਸ਼ਾਂ ਦੀ ਬਾਹਰਲੀ ਨੁਹਾਰ ਨੂੰ ਸਮੁੱਚੇ ਤੌਰ ਤੇ ਬਦਲਿਆ ਨਹੀਂ ਜਾ ਸਕਦਾ। ਪਰ ਵਿਚਾਰਾਂ ਦੀ ਸਾਂਝ ਅਤੇ ਮਨੁੱਖੀ ਕਦਰਾਂ ਕੀਮਤਾਂ ਵੱਖ ਵੱਖ ਸਭਿਆਚਾਰਕ ਵਿਰਸੇ ਵਿਚ ਪਲਨ ਵਾਲਿਆਂ ਨੂੰ ਨੇੜੇ ਲਿਆਉਣ ਵਿਚ ਸਹਾਈ ਹੋ ਸਕਦੀਆਂ ਹਨ। ਵਾਸਤਵ ਵਿਚ ਧਰਮ ਦਾ ਅੰਮ੍ਰਿਤ ਮਈ ਉਦੇਸ਼ ਉਸ ਦੇ ਅੰਤਰੀਵ ਆਤਮਕ ਗਿਆਨ ਨਾਲ ਸਬੰਧ ਰਖਦਾ ਹੈ। ਬਾਹਰਲੇ ਪਹਿਰਾਵੇ ਅਤੇ ਰਹਿਣੀ ਬਹਿਣੀ, ਦੇਸ਼-ਕਾਲ ਨਾਲ ਬਦਲਦੇ ਰਹਿੰਦੇ ਹਨ ਅਤੇ ਇਸ ਦੀ ਲੋੜ ਵੀ ਹੈ। ਪੁਰਾਣੇ ਸਮਿਆਂ ਵਿਚ ਯੂਨਾਨੀਆਂ ਦਾ ਉੱਤਰੀ ਭਾਰਤ ਤੇ ਚੋਖਾ ਪ੍ਰਭਾਵ ਰਿਹਾ; ਜਿਸ ਦੇ ਨਿਸ਼ਾਨ ਹੁਣ ਤਕ ਮੌਜੂਦ ਹਨ। ਇਸ ਦੇ ਮਗਰੋਂ ਅਰਬੀ, ਫ਼ਾਰਸੀ, ਤੁਰਕੀ ਅਤੇ ਅਫ਼ਗਾਨੀ ਤਹਿਜ਼ੀਬ ਅਤੇ ਸੋਚਣੀ ਦਾ ਵੀ, ਸਾਡੇ ਲੋਕਾਂ ਦੇ ਮਨਾਂ ਤੇ ਕਾਫ਼ੀ ਪ੍ਰਭਾਵ ਪਿਆ। ਇਹੋ

ਜਿਹੇ ਅਸਰ ਦੁਵੱਲੀ ਹੁੰਦੇ ਹਨ । ਭਾਰਤੀ ਸੰਸਕ੍ਰਿਤੀ ਦੇ ਅਸਰ ਦੇ ਨਿਸ਼ਾਨ ਹੁਣ ਤਕ ਬਾਲੀ ਦੇ ਟਾਪੂ ਅਤੇ ਦੱਖਣੀ ਪੂਰਬੀ ਏਸ਼ੀਆ ਵਿਚ ਵੇਖੇ ਜਾ ਸਕਦੇ ਹਨ । ਵਿਚਾਰਧਾਰਾ ਦੀ ਗੱਲ ਦੁਵੱਲੀ ਚਲਦੀ ਹੈ ਅਤੇ ਇਨ੍ਹਾਂ ਦਾ ਸੰਗਮ ਹੋਣਾ ਅਵੱਸ਼ ਹੈ ਜੋ ਸੰਸਾਰ ਦੇ ਭਵਿੱਖ ਲਈ ਬੜਾ ਲਾਭਦਾਇਕ ਸਾਬਤ ਹੋਵੇਗਾ ।

ਵਹਿਮ-ਭਰਮ ਅਤੇ ਪਖੰਡ ਇਕ ਇਹੋ ਜਹੀ ਬੀਮਾਰੀ ਹੈ ਜੋ ਅਮਰਵੇਲ ਵਾਂਗ, ਬਾਰ ਬਾਰ ਛਾਂਗਣ ਦੇ ਵੀ ਵਧਦੀ ਹੈ । ਇਸ ਨੂੰ ਮੂਲੋਂ ਪੁਟਣ ਲਈ ਕੋਈ ਗੁਰੂ ਨਾਨਕ ਸਾਹਿਬ ਅਤੇ ਸਾਹਿਬ ਦਿਆਲ ਜੀ ਵਰਗਾ ਰਹਿਬਰ ਅਤੇ ਗੁਰੂ ਕਾਲ ਦੇ ਸਿੱਖਾਂ ਵਰਗਾ ਬਲਵਾਨ ਗੁਰਮਤਿ-ਯੋਧਾ ਹੀ ਸਫ਼ਲ ਹੁੰਦਾ ਹੈ । ਭੇਡ ਚਾਲ ਅਤੇ ਭਰਮਾਂ ਦਾ ਕੂੜਾ ਅਧਿਆਤਮਕ ਬਲ ਅਤੇ ਗੁਰਮਤਿ ਵਿਚਾਰ ਨਾਲ ਹੀ ਖ਼ਤਮ ਹੋ ਸਕਦਾ ਹੈ । ਅਜਿਹੀਆਂ ਮਹਾਨ ਹਸਤੀਆਂ ਦੇ ਚਰਨ-ਚਿਤਰਾਂ ਤੇ ਚਲਣ ਨਾਲ ਹੀ ਵਹਿਮ-ਭਰਮ, ਪਖੰਡ ਦੇ ਚੁੰਗਲ ਤੋਂ ਛੁਟਕਾਰਾ ਪਾਉਣ ਲਈ ਮਨੁੱਖ ਨੂੰ ਪ੍ਰਯਤਨਸ਼ੀਲ ਹੋਣਾ ਚਾਹੀਦਾ ਹੈ । ਇਸ ਲੇਖ ਸੰਗ੍ਰਹਿ ਦੁਆਰਾ, ਗੁਰਮੁੱਖ ਜੀਵਨੀਆਂ ਤੋਂ ਪ੍ਰਾਪਤ ਹੋਈ ਰੌਸ਼ਨੀ ਨੂੰ ਪਾਠਕਾਂ ਤਕ ਪੁਚਾ ਕੇ, ਇਕ ਅਤੁੱਟ ਸਾਂਝ ਕਾਇਮ ਕਰਨ ਦਾ ਇਹ ਨਿਮਾਣਾ ਜਿਹਾ ਯਤਨ ਹੈ ।

ਆਸ ਹੈ ਪਾਠਕ ਜਨ ਗੁਰਬਾਣੀ ਦੀ ਕਸਵੱਟੀ ਤੇ ਮੇਰੇ ਪ੍ਰਸਤਾਵਾਂ ਦੀ ਪਰਖ ਕਰਨ ਦਾ ਉਦਮ ਕਰਨਗੇ । ਜੋ ਵਿਚਾਰ ਗੁਰਆਸ਼ੇ ਅਨੁਸਾਰ ਸਹੀ ਜਾਪਣ, ਉਨ੍ਹਾਂ ਨੂੰ ਅਪਨਾਅ ਕੇ ਆਪਣੇ ਸੰਗੀ ਸਾਥੀਆਂ ਵਿਚ ਇਨ੍ਹਾਂ ਵਿਚਾਰਾਂ ਨੂੰ ਪ੍ਰਸਾਰਤ ਕਰਨ ਦਾ ਉਦਮ ਕਰਨਗੇ । ਤਾਂ ਜੋ ਗੁਰਮਤਿ ਗਾਡੀ-ਰਾਹ ਤੇ ਸਿੱਖੀ ਦਾ ਕਾਫ਼ਲਾ ਆਪਣੀ ਮੰਜ਼ਲ ਵੱਲ ਅੱਗੇ ਵਧਦਾ ਜਾਵੇ । ਮੇਰੀ ਇਹੀ ਦਿਲੀ ਸੱਧਰ ਹੈ । ਇਸੇ ਆਸ ਨਾਲ ਇਹ ਸੰਗ੍ਰਹਿ ਆਪ ਦੀ ਭੇਟਾ ਕਰਨ ਦੀ ਖ਼ੁਸ਼ੀ ਮਹਿਸੂਸ ਕਰ ਰਿਹਾ ਹਾਂ ।

(ਡਾ.) ਮਾਨ ਸਿੰਘ ਨਿਰੰਕਾਰੀ

"ਰਤਨ"
ਡਾਕਟਰਜ਼ ਐਵੀਨਿਊ
ਸਾਹਿਬ ਹਰਾ ਸਿੰਘ ਜੀ ਨਿਰੰਕਾਰੀ ਮਾਰਗ
ਅੰਮ੍ਰਿਤਸਰ

ਧਾਰਮਕ ਦੀਵਾਨਾਂ ਵਿਚ ਸੁਧਾਰ ਦੀ ਲੋੜ

ਅਜ ਕਲ੍ਹ ਆਮ ਵੇਖਣ ਵਿਚ ਆਉਂਦਾ ਹੈ ਕਿ ਸਾਡੇ ਧਾਰਮਕ ਦੀਵਾਨ, ਜੋ ਪ੍ਰਾਣੀ ਮਾਤਰ ਲਈ ਆਤਮਕ ਅਤੇ ਰੂਹਾਨੀ ਸ਼ਾਂਤੀ ਦੇ ਸੋਮੇਂ ਮਿਥੇ ਗਏ ਹਨ, ਉਹ ਆਪਣੇ ਟੀਚੇ ਤੋਂ ਦੂਰ ਜਾ ਰਹੇ ਹਨ। ਦੀਵਾਨਾਂ ਵਿਚ, ਵਧੇਰੇ ਬੇਚੈਨੀ ਅਤੇ ਰੌਲੇ ਰੱਪੇ ਦਾ ਵਾਤਾਵਰਣ ਬਣਿਆ ਰਹਿੰਦਾ ਹੈ। ਆਤਮਕ ਇਕਾਗਰਤਾ ਲਈ, ਸ਼ਾਂਤਮਈ ਵਾਤਾਵਰਣ ਹੋਣਾ ਅਤਿਅੰਤ ਲੋੜੀਂਦਾ ਹੈ। ਧਾਰਮਕ ਦੀਵਾਨਾਂ ਵਿਚ, ਪੁਰਸ਼ਾਂ ਦੀ ਆਵਾਜਾਈ, ਸ਼ੋਰ-ਸ਼ਰਾਬਾ ਅਤੇ ਮਾਇਆ ਦੀ ਘਟੀਆ ਪ੍ਰਦਰਸ਼ਨੀ, ਆਤਮਕ ਟਿਕਾਉ ਦੀ ਘਾਟ ਦੇ ਵਿਸ਼ੇਸ਼ ਕਾਰਨ ਹਨ। ਚਲ ਰਹੇ ਪ੍ਰੋਗਰਾਮ ਕਥਾ, ਕੀਰਤਨ, ਵਿਖਿਆਨ ਆਦਿ ਦੇ ਭਾਵ ਰੌਲੇ ਰੱਪੇ ਵਿਚ ਨਾ ਤਾਂ ਸਪਸ਼ਟ ਤੌਰ ਤੇ ਸੁਣਾਈ ਹੀ ਦੇਂਦੇ ਹਨ ਅਤੇ ਨਾ ਹੀ ਉਸ ਦਾ ਕੋਈ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਇਹ ਦੀਵਾਨ ਇਕ ਤਰ੍ਹਾਂ ਮੇਲਾ ਜਿਹਾ ਬਣ ਕੇ ਰਹਿ ਜਾਂਦੇ ਹਨ।

ਸਜਣ ਪੁਰਸ਼ ਵਕਤ ਬੇ ਵਕਤ ਆਉਂਦੇ ਜਾਂਦੇ ਰਹਿੰਦੇ ਹਨ। ਕੋਈ ਸਜ ਰਿਹਾ ਹੁੰਦਾ ਹੈ, ਕੋਈ ਉਠ ਰਿਹਾ ਹੁੰਦਾ ਹੈ। ਪ੍ਰਬੰਧਕ ਸਜਣ ਪ੍ਰਬੰਧਕੀ ਗਲਾਂ ਦਾ ਨਬੇੜਾ ਵੀ ਸਟੇਜ ਤੇ ਬੈਠ ਕੇ ਹੀ ਕਰਦੇ ਹਨ। ਕਿਉਂਕਿ ਕੋਈ ਪੂਰਵ ਨਿਯਮਾਵਲੀ ਤਿਆਰ ਨਹੀਂ ਹੁੰਦੀ। ਇਸ ਲਈ ਸਮੇਂ ਦੀ ਪਾਬੰਦੀ ਦਾ ਸੁਆਲ ਖ਼ਤਮ ਹੋ ਕੇ ਰਹਿ ਜਾਂਦਾ ਹੈ। ਜੇਕਰ ਕਿਸੇ ਆਗੂ ਦੀ ਆਉਣ ਦੀ ਸੰਭਾਵਨਾ ਹੋਵੇ ਤਾਂ ਸੰਗਤਾਂ ਦੇ ਨੇਤਰ ਆਗੂ ਦੀ ਆਮਦ ਵਿਚ ਬਾਹਰ ਵਲ ਝਾਕ ਰਹੇ ਹੁੰਦੇ ਹਨ। ਲੀਡਰ ਦੇ ਆਉਣ ਸਮੇਂ ਖ਼ਲਬਲੀ ਜਹੀ ਮਚ ਜਾਂਦੀ ਹੈ ਅਤੇ ਹੋ ਰਹੇ ਸ਼ਬਦ, ਵਿਖਿਆਨ ਅਤੇ ਚਲਤ ਪ੍ਰੋਗਰਾਮ ਵਿਚ ਬੇ-ਤਰਬੀਬੀ ਹੋ ਜਾਂਦੀ ਹੈ। ਸ਼ਬਦ ਅਥਵਾ ਵਿਖਿਆਨ ਵਿਚ ਟਿਕਾਉ ਤਾਂ ਇਕ ਪਾਸੇ ਰਿਹਾ; ਸਮਾਗਮ ਦਾ ਮਾਹੌਲ ਹੀ ਵਿਗੜ ਕੇ ਰਹਿ ਜਾਂਦਾ ਹੈ।

ਕਈ ਛੋਟੇ ਬੱਚੇ, ਜਿਨ੍ਹਾਂ ਦੀਆਂ ਧਾਰਮਕ ਰੁਚੀਆਂ ਅਜੇ ਪ੍ਰਫੁਲਤ ਨਹੀਂ ਹੋਈਆਂ ਹੁੰਦੀਆਂ, ਉਨ੍ਹਾਂ ਪਾਸੋਂ ਚੈਨ ਨਾਲ ਬੈਠਣ ਦੀ ਆਸ ਰਖੀ ਜਾਂਦੀ ਹੈ। ਉਹ ਅਗੇ ਪਿਛੇ ਇਸ ਤਰ੍ਹਾਂ ਦੌੜ ਭਜ ਰਹੇ ਹੁੰਦੇ ਹਨ, ਜਿਵੇਂ ਉਨ੍ਹਾਂ ਵਾਸਤੇ ਸਾਰਾ ਸਮਾਗਮ ਇਕ ਖੇਲ ਅਖਾੜਾ ਹੈ। ਜੇਕਰ ਉਹ ਬੱਚੇ ਕਿਸੇ ਵਿਸ਼ੇਸ਼ ਪ੍ਰਬੰਧਕ ਦੇ ਹੋਣ ਤਾਂ ਬਾਰ ਬਾਰ ਪ੍ਰਬੰਧਕ ਦੀ ਝੋਲੀ

ਵਿਚ ਉਠਦੇ ਬੈਠਦੇ ਰਹਿੰਦੇ ਹਨ ਅਤੇ ਇਉਂ ਉਹ ਸਾਰੇ ਮਾਹੌਲ ਨੂੰ ਬੇ-ਸੁਰਾ ਕਰ ਦੇਂਦੇ ਹਨ। ਅਜਿਹੇ ਸਮੇਂ ਵਿਖਿਆਨਕਾਰ ਦੇ ਸ਼ਬਦਾਂ ਦੇ ਨਾਲ ਨਾਲ, ਬੱਚਿਆਂ ਦਾ ਸ਼ੋਰ ਵੀ ਸ਼ਮਿਲਤ ਹੋ ਜਾਂਦਾ ਹੈ।

ਇਹ ਵੀ ਵੇਖਣ ਵਿਚ ਆਉਂਦਾ ਹੈ ਕਿ ਸੰਗਤ ਵਿਚ ਆਉਣ ਵਾਲੇ ਪੁਰਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮਾਇਆ ਕਈ ਭਾਂਤ ਨਾਲ ਅਰਪਨ ਕਰਦੇ ਹਨ। ਕਈ ਤਾਂ ਬੜੇ ਘਟੀਆ ਢੰਗ ਨਾਲ ਸਿੱਕੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਵਗਾਹ ਕੇ ਸੁਟਦੇ ਹਨ। ਕਈ ਪੁਰਸ਼ ਨੋਟ ਅਰਪਨ ਕਰਨ ਸਮੇਂ ਇਹ ਧਿਆਨ ਰਖਦੇ ਹਨ ਕਿ ਬਾਕੀ ਦਰਸ਼ਕਾਂ ਨੂੰ ਪਤਾ ਲਗ ਸਕੇ ਕਿ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਵੱਧ ਤੋਂ ਵੱਧ ਭੇਟਾ ਅਰਪਨ ਕੀਤੀ ਹੈ। ਰਾਗੀ ਸਿੰਘਾਂ ਨੂੰ ਮਾਇਆ ਅਰਪਨ ਕਰਨ ਵੇਲੇ ਵੀ ਸਜਣ ਪੁਰਸ਼ ਇਕ ਦੂਜੇ ਦੀ ਵੇਖਾ ਵੇਖੀ ਵੱਧ ਤੋਂ ਵੱਧ ਆਪਣਾ ਨਾਂ ਅਗੇ ਲਿਆਉਣ ਦੀ ਫ਼ਿਕਰ ਵਿਚ ਹੁੰਦੇ ਹਨ। ਅਜਿਹੇ ਪੁਰਸ਼ਾਂ ਦਾ ਨਾਂ, ਅਗਲੇ ਪਿਛਲੇ ਵਾਰਸਾਂ ਦਾ ਵੇਰਵਾ, ਫ਼ਰਮ ਦਾ ਨਾਂ ਪਤਾ ਆਦਿ ਰਾਗੀ ਸਿੰਘਾਂ ਵਲੋਂ ਭਰਪੂਰ ਸ਼ਲਾਘਾ ਸਹਿਤ ਅਤੇ ਚਟਕਾਰਿਆਂ ਨਾਲ ਦਸਿਆ ਜਾਂਦਾ ਹੈ ਕਿ ਮਨ ਸ਼ਰਮ ਨਾਲ ਪਾਣੀ ਪਾਣੀ ਹੋ ਜਾਂਦਾ ਹੈ। ਗੁਰੂ ਦੀ ਹਜ਼ੂਰੀ ਵਿਚ ਨਿਮਰਤਾ ਅਤੇ ਆਪਾ-ਭਾਵ ਗੁਆ ਕੇ ਜਾਣ ਦਾ ਹੀ ਕੁਝ ਭਾਵ ਹੈ; ਪਰ ਹੁੰਦਾ ਇਸ ਦੇ ਉਲਟ ਹੈ। ਸੰਭਵ ਹੈ ਕਿ ਹੋਰ ਧਰਮਾਂ ਦੇ ਅਨੁਯਾਈ ਅਤੇ ਵਿਦੇਸ਼ੀ, ਜੋ ਸਿੱਖ ਧਰਮ ਨਾਲ ਸਬੰਧ ਨਹੀਂ ਰਖਦੇ, ਵੀ ਦੀਵਾਨ ਵਿਚ ਸ਼ਾਮਲ ਹੋਏ ਹੋਣ। ਵਿਸ਼ੇਸ਼ਣ-ਭਰਪੂਰ ਅਰਦਾਸਾਂ ਦਾ ਉਨ੍ਹਾਂ ਉਪਰ ਕੀ ਅਸਰ ਪੈਂਦਾ ਹੋਵੇਗਾ ? ਇਹ ਇਕ ਵਿਚਾਰਨ ਵਾਲੀ ਗੱਲ ਹੈ।

ਦੀਵਾਨਾਂ ਦੀ ਸਜਾਵਟ : ਕਈ ਦੀਵਾਨ ਹਾਲ ਇਸ ਢੰਗ ਨਾਲ ਸਜਾਏ ਹੁੰਦੇ ਹਨ; ਜਿਵੇਂ ਕੋਈ ਉਥੇ ਨਾਟਕ-ਤਮਾਸ਼ਾ ਹੋਣਾ ਹੋਵੇ। ਮੈਨੂੰ ਇਕ ਵਰ੍ਹੇ ਦਖਣੀ ਭਾਰਤ ਦੇ ਇਕ ਵੱਡੇ ਨਗਰ ਦੇ ਗੁਰਦੁਵਾਰੇ ਵਿਚ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਤੇ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਇਹ ਵੇਖ ਕੇ ਹੈਰਾਨੀ ਦੀ ਹੱਦ ਨਾ ਰਹੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਲੇ ਦੁਆਲੇ ਕਾਗਜ਼ ਦੇ ਫੁਲਾਂ ਅਤੇ ਰਬੜ ਦੇ ਗੁਬਾਰਿਆਂ ਦੀ ਇਤਨੀ ਬਹੁਤਾਤ ਸੀ ਕਿ ਤਾਬਿਆ ਬੈਠੇ ਗ੍ਰੰਥੀ ਸਿੰਘ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਹੋਣੇ ਵੀ ਸੰਭਵ ਨਹੀਂ ਸਨ। ਘਟੀਆ ਸਜਾਵਟ ਸਾਡੇ ਵਿਚ ਕੋਮਲ-ਕਲਾ ਦੀ ਘਾਟ ਦੀ ਸੂਚਕ ਹੈ। ਨਿਗੂਣੀਆਂ ਵਸਤੂਆਂ ਦੀ ਮਿਲਗੋਭਾ ਪ੍ਰਦਰਸ਼ਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤਰੀਵ ਸਤਿਕਾਰ ਨੂੰ ਛੁਟਿਆਉਂਦੀ ਹੈ। ਇਸੇ ਤਰ੍ਹਾਂ ਇਕ ਹੋਰ ਦੀਵਾਨ ਵਿਚ ਬੇ-ਢੰਗੇ ਕਾਗਜ਼ੀ ਫੁਲਾਂ ਦੀ ਪ੍ਰਦਰਸ਼ਨੀ ਵੇਖ ਕੇ ਮੇਰੇ ਮਨ ਵਿਚ ਉਬਾਲ ਆ ਗਿਆ; ਜਦੋਂ ਪ੍ਰਬੰਧਕਾਂ ਨੇ ਮੈਨੂੰ ਕੁਝ ਸ਼ਬਦ ਕਹਿਣ ਦਾ ਮੌਕਾ ਦਿਤਾ ਤਾਂ ਮੈਂ ਉਥੇ ਲਗੇ ਚੀਨੀ ਅਤੇ ਜਪਾਨੀ ਕਾਗਜ਼ੀ ਪੱਖਿਆਂ, ਲਾਲਟੈਣਾਂ ਅਤੇ ਰਬੜ-ਗੁਬਾਰਿਆਂ ਤੇ ਕਿੰਤੂ ਕੀਤੀ। ਇਕ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰ ਸੋਨੇ ਦੇ ਛੱਬੇ, ਚਾਂਦੀ ਦੇ ਮਰਗੋਲ, ਮਖ਼ਮਲੀ ਚਾਨਣੀਆਂ ਅਤੇ ਦੂਜੇ ਪਾਸੇ ਘਟੀਆ ਗੁਬਾਰੇ ਅਤੇ ਫੁਲ, ਮੈਨੂੰ ਬੜੇ ਹੀ

ਅਯੋਗ ਜਾਪੇ। ਭਾਵੇਂ ਮੇਰੀ ਟਿਪਣੀ ਕਰਕੇ ਪ੍ਰਬੰਧਕ ਮੇਰੇ ਨਾਲ ਨਰਾਜ਼ ਹੋ ਗਏ ਪਰ ਮੈਂ ਆਪਣੇ ਭਾਵਾਂ ਨੂੰ ਪ੍ਰਗਟ ਕਰਨ ਤੋਂ ਸੰਕੋਚ ਨਾ ਕੀਤਾ।

ਧਰਮ ਅਸਥਾਨਾਂ ਤੇ ਬਹੁਤੇ ਉਹ ਸਜਣ ਵੀ ਜਾਂਦੇ ਹਨ, ਜਿਹੜੇ ਰੰਗ ਤਮਾਸ਼ੇ, ਸਿਨਮੇ, ਥੀਏਟਰ ਆਦਿ ਵਿਚ ਵੀ ਸਮੇਂ ਸਮੇਂ ਜਾਂਦੇ ਰਹਿੰਦੇ ਹਨ। ਕੀ ਇਹ ਹੈਰਾਨੀ ਦੀ ਗਲ ਨਹੀਂ ਕਿ ਸਿਨਮੇਂ ਚਲਣ ਦਾ ਸਮਾਂ ਤਾਂ ਨੀਅਤ ਹੁੰਦਾ ਹੈ। 99 ਪ੍ਰਤੀਸ਼ਤ ਦਰਸ਼ਕ, ਸਮੇਂ ਸਿਰ ਅਥਵਾ ਸਮੇਂ ਤੋਂ ਪਹਿਲਾਂ ਹੀ ਮੁਕਰਰ ਸੀਟਾਂ ਤੇ ਬੈਠ ਜਾਂਦੇ ਹਨ ਅਤੇ ਤੀਬਰਤਾ ਨਾਲ ਤਸਵੀਰ ਦੀ ਉਡੀਕ ਕਰਦੇ ਹਨ। ਇਕਾ ਦੁੱਕਾ ਪਛੜਿਆ ਪੁਰਸ਼ ਰਹਿ ਵੀ ਜਾਵੇ ਤਾਂ ਬਗੈਰ ਖੜਕੇ ਦੇ ਬੈਠਣ ਦਾ ਯਤਨ ਕਰਦਾ ਹੈ। ਪ੍ਰਦਰਸ਼ਨੀ ਸਮੇਂ ਦਰਵਾਜ਼ੇ ਬੰਦ ਹੋ ਜਾਂਦੇ ਹਨ ਅਤੇ ਦਰਸ਼ਕ ਚੁਪ ਚਾਪ ਦ੍ਰਿਸ਼ ਵੇਖਣ ਵਿਚ ਲੀਨ ਹੋਏ ਹੁੰਦੇ ਹਨ। ਉਚੀ ਬੋਲਣ ਦੀ ਕਿਸੇ ਦੀ ਜੁਰੱਤ ਨਹੀਂ ਪੈਂਦੀ। ਖੇਲ ਤਮਾਸ਼ੇ ਲਈ ਤਾਂ ਅਸੀਂ ਇਤਨੇ ਅਨੁਸ਼ਾਸ਼ਨ ਨੂੰ ਨਿਭਾਉਂਦੇ ਹਾਂ ਪਰ ਧਾਰਮਕ ਦੀਵਾਨ, ਜਿਥੋਂ ਸਾਨੂੰ ਆਤਮਕ ਗਿਆਨ ਪ੍ਰਾਪਤ ਹੋਣਾ ਹੈ ਅਤੇ ਜ਼ਿੰਦਗੀ ਦੇ ਮਨੋਰਥ ਦੀ ਸਮਝ ਪੈਣੀ ਹੈ, ਉਸ ਲਈ ਸਾਡੀ ਇਤਨੀ ਅਣਗਹਿਲੀ ? ਕੀ ਧਾਰਮਕ ਜਗਿਆਸੂ ਇਸ ਤੋਂ ਕੋਈ ਸਿਖਿਆ ਪ੍ਰਾਪਤ ਨਹੀਂ ਕਰ ਸਕਦੇ ?

ਧਾਰਮਕ ਦੀਵਾਨਾਂ ਵਿਚ ਰਾਗੀ ਸਿੰਘ ਕੀਰਤਨ ਸਮਾਪਤ ਕਰਨ ਮਗਰੋਂ ਸਾਜ਼ ਇਕੱਠੇ ਕਰਨ ਵਿਚ ਰੁਝ ਜਾਂਦੇ ਹਨ ਅਤੇ ਅਰਦਾਸ ਨੂੰ ਉਡੀਕੇ ਬਿਨਾਂ ਹੀ ਦੀਵਾਨ ਵਿਚੋਂ ਉਠ ਜਾਂਦੇ ਹਨ। ਕੀ ਇਹ ਅਰਦਾਸ ਦੀ ਘੋਰ ਨਿਰਾਦਰੀ ਅਤੇ ਮਹਾਰਾਜ ਵਲੋਂ ਮੂੰਹ ਫ਼ੇਰਨ ਦੇ ਬਰਾਬਰ ਨਹੀਂ ? ਕੁਝ ਸਮਾਂ ਪਹਿਲਾਂ ਤਾਂ ਉਹ ਉਪਦੇਸ਼ਕ ਦੇ ਰੂਪ ਵਿਚ ਸਿਖਿਆਦਾਇਕ ਬਾਣੀ ਮਧੁਰ ਧੁਨ ਵਿਚ ਸੁਣਾ ਰਹੇ ਹੁੰਦੇ ਹਨ ਪਰ ਜਦੋਂ ਅਮਲ ਦਾ ਸਮਾਂ ਆਉਂਦਾ ਹੈ ਤਾਂ ਆਪ ਬੇ-ਅਮਲ ਸਾਬਤ ਹੁੰਦੇ ਹਨ।

ਕੜ੍ਹਾਹ ਪ੍ਰਸ਼ਾਦਿ ਦੀ ਦੇਗ ਵਰਤਾਉਣ ਦਾ ਵੀ ਕੋਈ ਨਿਯਮ ਨਹੀਂ। ਇਕ ਅੱਧੇ ਗੁੰਥੀ ਤੋਂ ਬਿਨਾਂ ਕੋਈ ਜਥੇਬੰਦ ਪ੍ਰਸ਼ਾਦਿ ਵਰਤਾਉਣ ਵਾਲੇ ਸੇਵਾਦਾਰ ਨਹੀਂ ਮਿਲਦੇ। ਜਿਹੜੇ ਮਿਲਦੇ ਹਨ; ਉਹ ਸਾਬਣ ਨਾਲ ਆਪਣੇ ਹੱਥਾਂ ਨੂੰ ਸਾਫ਼ ਕਰਨ ਦੀ ਮਹੱਤਤਾ ਨੂੰ ਨਹੀਂ ਸਮਝਦੇ। ਕਈ ਪੁਰਸ਼ਾਂ ਦੇ ਨਹੁੰਆਂ ਵਿਚ ਮੇਲ ਭਰੀ ਹੁੰਦੀ ਹੈ ਅਤੇ ਗੰਦੇ ਹੱਥਾਂ ਨਾਲ ਹੀ ਪਵਿੱਤਰ ਕੜ੍ਹਾਹ ਪ੍ਰਸ਼ਾਦਿ ਵਰਤਾਉਣ ਲੱਗ ਪੈਂਦੇ ਹਨ। ਪ੍ਰਸ਼ਾਦਿ ਸੰਗਤ ਵਿਚ ਅਗੇ ਬੈਠਿਆਂ ਨੂੰ ਪਹਿਲਾਂ ਦਿਤਾ ਜਾਂਦਾ ਹੈ; ਇਸ ਤਰ੍ਹਾਂ ਪ੍ਰਸ਼ਾਦਿ ਲੈ ਚੁਕੇ ਲੋਕ ਪਿਛਲੇ ਸਜਣਾਂ ਦੇ ਉਤੋਂ ਲੰਘ ਕੇ ਜਾਣ ਦੇ ਯਤਨ ਵਿਚ ਹੁੰਦੇ ਹਨ। ਇਵੇਂ ਬੈਠੇ ਹੋਏ ਪੁਰਸ਼ਾਂ ਦੀ ਤਰਤੀਬ ਭੰਗ ਹੋ ਜਾਂਦੀ ਹੈ ਇਸ ਲਈ ਜਾਂ ਤਾਂ ਉਹ ਉਠ ਕੇ ਪ੍ਰਸ਼ਾਦਿ ਲੈਣ ਦਾ ਯਤਨ ਕਰਦੇ ਹਨ ਜਾਂ ਬਗੈਰ ਪ੍ਰਸ਼ਾਦਿ ਲਏ ਹੀ ਚਲੇ ਜਾਂਦੇ ਹਨ।

ਮੈਨੂੰ ਦੇਸ਼ ਵਿਦੇਸ਼ ਦੀਆਂ ਹੋਰ ਧਾਰਮਕ ਸੰਸਥਾਵਾਂ ਦੇ ਅਦਾਰਿਆਂ ਤੇ ਜਾਣ ਦਾ ਅਵਸਰ ਵੀ ਮਿਲਿਆ ਹੈ।

ਜਦੋਂ ਮੈਂ ਇੰਗਲੈਂਡ ਵਿਚ ਸਾਂ ਤਾਂ ਸਮੇਂ ਸਮੇਂ, ਮੈਂ ਗਿਰਜੇ ਵਿਚ ਜਾ ਕੇ ਉਨ੍ਹਾਂ ਦੇ

ਧਾਰਮਕ ਦੀਵਾਨ ਵਿਚ ਸ਼ਾਮਲ ਹੋਣ ਦਾ ਅਤਿਅੰਤ ਸੁਆਦ ਮਾਣਿਆ ਹੈ; ਅਧਿਆਤਮਕ ਅਤੇ ਧਾਰਮਕ ਵਾਤਾਵਰਨ ਵਿਚ ਜਦੋਂ ਉਹ ਪ੍ਰਮਾਤਮਾ ਅਤੇ ਆਪਣੇ ਰਹਿਬਰ ਦੀ ਉਸਤਤੀ ਗਾਇਨ ਕਰ ਰਹੇ ਹੁੰਦੇ ਹਨ ਤਾਂ ਸੁਰਤ ਵਿਚ ਇਕ ਟਿਕਾਉ ਅਨੁਭਵ ਹੁੰਦਾ ਹੈ। ਜਦੋਂ ਪਾਦਰੀ ਭਾਸ਼ਨ ਦੇਂਦਾ ਹੈ ਤਾਂ ਮਸੀਹ ਸੰਗਤ ਬੜੇ ਪ੍ਰੇਮ ਨਾਲ ਸ਼ਾਂਤਮਈ ਵਾਤਾਵਰਣ ਵਿਚ ਸਰਵਣ ਕਰ ਰਹੀ ਹੁੰਦੀ ਹੈ। ਕੋਈ ਸ਼ੋਰ ਨਹੀਂ ਹੁੰਦਾ। ਜਿਹੜੇ ਬੱਚਿਆਂ ਪਾਸੋਂ ਅਰਾਮ ਨਾਲ ਬੈਠਣ ਦੀ ਆਸ ਨਾ ਹੋਵੇ, ਉਨ੍ਹਾਂ ਨੂੰ ਉਥੇ ਜਾਣ ਦੀ ਆਗਿਆ ਹੀ ਨਹੀਂ ਹੁੰਦੀ।

ਇਸਲਾਮ ਮੱਤ ਵਾਲੇ ਜਦੋਂ ਨਿਮਾਜ਼ ਵਿਚ ਜੁੜਦੇ ਹਨ ਤਾਂ ਕਤਾਰਾਂ ਵਿਚ ਸਾਰੇ ਮਿਲ ਕੇ ਨਮਾਜ਼ ਅਦਾ ਕਰਦੇ ਹਨ। ਭਾਵੇਂ ਨਿਮਾਜ਼ੀ ਲੱਖਾਂ ਹੀ ਕਿਉਂ ਨਾ ਹੋਣ ਅਨੁਸ਼ਾਸ਼ਨ ਭੰਗ ਨਹੀਂ ਹੁੰਦਾ। ਜਦੋਂ ਇਮਾਮ ਖੁਤਬਾ (ਨਸੀਹਤ) ਪੜ੍ਹਦਾ ਹੈ ਤਾਂ ਸਾਰੀਆਂ ਅੱਖਾਂ ਇਮਾਮ ਵਲ ਕੇਂਦਰਿਤ ਹੁੰਦੀਆਂ ਹਨ।

ਮੈਨੂੰ ਤੇ ਮੇਰੀ ਧਰਮ ਪਤਨੀ ਨੂੰ ਇਕ ਵਾਰੀ ਕਲਕੱਤੇ ਵਿਚ, ਰਾਮਾ ਕ੍ਰਿਸ਼ਨਾ ਮੱਠ ਵਿਚ ਜਾਣ ਦਾ ਮੌਕਾ ਮਿਲਿਆ। ਇਸ ਮੱਤ ਦੇ ਅਨੁਯਾਈ ਮੱਠ ਵਿਚ ਬੜੇ ਸ਼ਾਂਤ-ਵਾਤਾਵਰਣ ਵਿਚ ਪ੍ਰਭੂ-ਧਿਆਨ ਵਿਚ ਬੈਠੇ ਸਨ। ਅਸ ਨੂੰ ਵੀ ਇਕ ਜਗ੍ਹਾ ਤੇ ਬਿਠਾ ਦਿਤਾ ਗਿਆ। ਇਕ ਪੁਜਾਰੀ ਮੂਰਤੀਆਂ ਸਾਹਮਣੇ ਆਰਤੀ ਉਤਾਰ ਰਿਹਾ ਸੀ। ਸੰਗਤ ਖ਼ਾਮੋਸ਼ ਬੈਠੀ ਪ੍ਰਭੂ ਚਿੰਤਨ ਵਿਚ ਜੁੜੀ ਸੀ। ਫਿਰ ਰਾਗੀਆਂ ਨੇ ਬੜੇ ਸ਼ਾਂਤ ਵਾਤਾਵਰਣ ਵਿਚ ਕੀਰਤਨ ਸ਼ੁਰੂ ਕੀਤਾ ਅਤੇ ਬਾਕੀ ਸੰਗਤ ਨੇ ਵੀ ਨਾਲ ਨਾਲ ਗਾਇਨ ਕੀਤਾ। ਵਾਤਾਵਰਨ ਮਿਸਾਲੀ ਤੌਰ ਤੇ ਸ਼ਾਂਤ ਅਤੇ ਸਵੱਛ ਸੀ।

ਇਕ ਹੋਰ ਸੰਸਥਾ 'ਦਾਦਾ ਚੇਲਾ ਰਾਮ ਜੀ' ਦੇ ਨਾਂ ਤੇ ਸੋਲਨ ਕੋਲ ਹੈ। ਇਥੇ ਦਾ ਮਾਹੌਲ ਵੀ ਬੜਾ ਸ਼ਾਂਤ ਅਤੇ ਸਵੱਛ ਹੁੰਦਾ ਹੈ। ਬੜੇ ਮਧੁਰ ਸਵਰ ਨਾਲ ਅਤੇ ਪਿਆਰ ਨਾਲ ਸ਼ਬਦ ਗਾਇਨ ਕੀਤਾ ਜਾਂਦਾ ਹੈ। ਸ਼ਬਦ ਗਾਇਨ ਸਮੇਂ ਆਈ ਸੰਗਤ ਨੂੰ ਸੇਵਾਦਾਰ ਗੁਟਕੇ ਵਿਚੋਂ ਸ਼ਬਦ ਕੱਢ ਕੇ ਦੇ ਦੇਂਦੇ ਹਨ ਤਾਂ ਕਿ ਸੰਗਤ ਵਿਚ ਆਇਆ ਹਰੇਕ ਵਿਅਕਤੀ ਆਪਣਾ ਧਿਆਨ ਸ਼ਬਦ ਵਲ ਲਾ ਸਕੇ। ਅਸਾਨੂੰ ਵੀ ਇਸ ਸੰਸਥਾ ਵਿਚ ਜਾਣ ਦਾ ਮੌਕਾ ਮਿਲਿਆ। ਇਥੋਂ ਦਾ ਸ਼ਾਂਤ ਮਾਹੌਲ ਬਹੁਤ ਜਚਿਆ ਸੀ।

ਰਾਧਾ ਸੁਆਮੀ ਸਤਿਸੰਗ ਦੇ ਅਨੁਸ਼ਾਸਨ ਬਾਰੇ ਗਿਆਤ ਕਰਾਉਣਾ ਵੀ ਕੁਥਾਂ ਨਹੀਂ ਹੋਵੇਗਾ। ਉਂਝ ਤਾਂ ਇਨ੍ਹਾਂ ਦੇ ਹਰੇਕ ਪੱਖ ਜਿਹਾ ਕਿ ਲੰਗਰ, ਦਫਤਰੀ-ਕਰਨ ਅਤੇ ਆਮ ਪ੍ਰਬੰਧ ਤੋਂ ਪ੍ਰੇਰਨਾ ਲਈ ਜਾ ਸਕਦੀ ਹੈ ਪਰ ਪ੍ਰਾਕਰਨ ਅਨੁਸਾਰ ਸਤਿਸੰਗ ਅਨੁਸ਼ਾਸ਼ਨ ਦਾ ਜ਼ਿਕਰ ਹੀ ਕਰਾਂਗਾ।

ਸੰਗਤਾਂ ਦੀ ਆਮਦ ਸਮੇਂ ਸੇਵਾਦਾਰ ਸੰਗਤਾਂ ਨੂੰ ਥਾਂ ਸਿਰ ਬਿਠਾਉਣ ਲਈ ਸੁਚੇਤ ਹੁੰਦੇ ਹਨ। ਹਰੇਕ ਸੇਵਾਦਾਰ ਆਪਣੀ ਜ਼ਿਮੇਂਵਾਰੀ ਸਾਂਭਦਾ ਹੈ ਅਤੇ ਕਿਸੇ ਹੋਰ ਦੇ ਕੰਮ ਵਿਚ ਦਖਲ ਨਹੀਂ ਦੇਂਦਾ। ਸੰਗਤਾਂ ਬੜੀ ਸ਼ਾਂਤ ਅਵੱਸਥਾ ਵਿਚ ਬੈਠਦੀਆਂ ਹਨ। ਜਦੋਂ ਦੋ ਮਿੰਟ ਪ੍ਰਭੂ-ਧਿਆਨ ਦਾ ਆਦੇਸ਼ ਹੁੰਦਾ ਹੈ ਤਾਂ ਵਾਤਾਵਰਣ ਇਤਨਾ ਸ਼ਾਂਤ ਹੁੰਦਾ ਹੈ ਕਿ ਨਾਲ

ਬੈਠੇ ਵਿਅਕਤੀ ਦਾ ਵੀ ਅਭਾਵ ਪ੍ਰਤੀਤ ਹੁੰਦਾ ਹੈ। ਵਕਤਾ ਸੁਲਝੇ ਹੋਏ ਅਤੇ ਸਮੇਂ ਦੀ ਪਾਬੰਦੀ ਵਿਚ ਬੋਲਣ ਵਾਲੇ ਹੁੰਦੇ ਹਨ। ਪ੍ਰਬੰਧਕ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਬੋਲਣ ਲਈ ਉਤਾਵਲਾ ਨਹੀਂ ਹੁੰਦਾ। ਮੁਖ-ਉਪਦੇਸ਼ਕ ਜਦੋਂ ਬਚਨ ਕਰਦੇ ਹਨ ਤਾਂ ਸੰਗਤਾਂ ਬਚਨ ਸਰਵਣ ਕਰਨ ਵਿਚ ਲੀਨ ਹੁੰਦੀਆਂ ਹਨ। ਸਤਿਸੰਗ ਸਮੇਂ ਪ੍ਰਸ਼ਨੋਤਰੀ ਨਹੀਂ ਹੁੰਦੀ। ਜਿਸ ਨੂੰ ਸ਼ੰਕਾ ਹੋਵੇ; ਉਹ ਮਿਲਣ ਲਈ ਵੱਖਰਾ ਸਮਾਂ ਲੈ ਸਕਦਾ ਹੈ।

ਨਿਰੰਕਾਰੀ ਲਹਿਰ ਦੇ ਦੂਜੇ ਸੰਚਾਲਕ, ਸਾਹਿਬ ਦਰਬਾਰਾ ਸਿੰਘ ਜੀ ਦੇ ਇਕ ਅਨਿਨ ਅਤੇ ਨਿਕਟਵਰਤੀ ਗੁਰਸਿੱਖ, ਭਾਈ ਸ਼ਾਮ ਸਿੰਘ ਜੀ (ਜਿਨ੍ਹਾਂ ਨੂੰ ਸਾਹਿਬਾਂ ਦਾ ਦੀਵਾਨ ਵੀ ਕਿਹਾ ਜਾਂਦਾ ਸੀ) ਦੇ ਗੁਰ-ਬਚਨ ਸੁਣਨ ਦੀ ਇਕਾਗਰਤਾ ਬਾਰੇ ਪ੍ਰਸੰਗ ਇਤਿਹਾਸ ਵਿਚ ਮਿਲਦਾ ਹੈ। ਸਾਹਿਬਾਂ ਦੀ ਵਿਆਖਿਆ ਸਮੇਂ, ਭਾਈ ਸ਼ਾਮ ਸਿੰਘ ਜੀ ਇਕ-ਰਸ ਸਰਵਣ ਕਰਨ ਵਿਚ ਲੀਨ ਹੁੰਦੇ ਸਨ। ਭਾਵੇਂ ਅਤਿਅੰਤ ਜ਼ਰੂਰੀ ਕੰਮ ਵੀ ਹੋਵੇ ਪਰ ਆਪ ਨਿਤਨੇਮ ਨਾਲ ਦੀਵਾਨ ਦੀ ਹਾਜ਼ਰੀ ਭਰਦੇ ਅਤੇ ਸਮਾਪਤੀ ਤੋਂ ਪਹਿਲਾਂ ਕਦੇ ਨਾ ਉਠਦੇ।

ਇਕ ਦਿਨ ਸਾਹਿਬ ਮਹਾਰਾਜ ਸ਼ਬਦ ਦਾ ਵਿਚਾਰ ਕਰ ਰਹੇ ਸਨ। ਇਕ ਸਨੇਹੀ ਨੇ ਆ ਕੇ ਭਾਈ ਸ਼ਾਮ ਸਿੰਘ ਦੇ ਕੰਨ ਵਿਚ ਆਖਿਆ, "ਆਪ ਦੀ ਦੁਕਾਨ ਵਾਲੀ ਲੜ ਨੂੰ ਅੱਗ ਲਗ ਰਹੀ ਹੈ"। ਭਾਈ ਸਾਹਿਬ ਨੇ ਸਿਦਕ-ਦਿਲੀ ਨਾਲ ਉਸ ਨੂੰ ਵਾਪਸ ਕਰ ਦਿਤਾ ਅਤੇ ਕਿਹਾ, "ਮੈਂ ਦੀਵਾਨ ਦੀ ਸਮਾਪਤੀ ਤੋਂ ਬਾਦ ਹੀ ਆ ਸਕਾਂਗਾ"। ਜਲਦੀ ਹੀ ਇਕ ਹੋਰ ਸੰਦੇਸ਼ ਪੁਜਾ ਕਿ ਉਨ੍ਹਾਂ ਦੀ ਦੁਕਾਨ ਵੀ ਅੱਗ ਦੀ ਲਪੇਟ ਵਿਚ ਆ ਗਈ ਹੈ। ਭਾਈ ਸਾਹਿਬ ਗੁਰ-ਸ਼ਬਦ ਦੇ ਪਤੰਗੇ ਸਨ; ਜੋ ਇਕ ਵੇਰ ਦੀਪਕ ਕੋਲ ਪੁਜ ਕੇ ਵਾਪਸ ਨਹੀਂ ਪਰਤਦਾ। ਆਪ ਨੇ ਬੜੀ ਅਡੋਲਤਾ ਨਾਲ ਦੂਜੇ ਸਜਨ ਨੂੰ ਵੀ ਪਹਿਲਾ ਉਤਰ ਦੇ ਕੇ ਵਾਪਸ ਕਰ ਦਿਤਾ। ਸਮਾਪਤੀ ਉਪਰੰਤ ਆਪ ਦੁਕਾਨ ਤੇ ਪੁਜੇ। ਦੁਕਾਨ ਲਗਪਗ ਸੜ ਚੁਕੀ ਸੀ। ਆਪ ਦਾ ਦੁਕਾਨ ਖੋਲ੍ਹਣ ਤੋਂ ਪਹਿਲਾਂ ਹਲਵਾਈ ਤੋਂ ਦੁੱਧ ਮੰਗਵਾ ਕੇ ਪੀਣ ਦਾ ਨਿਤ-ਕਰਮ ਸੀ। ਆਪ ਨੇ ਦੁੱਧ ਦਾ ਛੰਨਾ ਮੰਗਵਾਇਆ ਅਤੇ ਸੜ ਚੁਕੀ ਦੁਕਾਨ ਦੇ ਕੋਲ ਹੀ ਖੜੇ ਕੇ ਇਸ ਤਰ੍ਹਾਂ ਛਕਿਆ, ਜਿਵੇਂ ਆਪ ਦੁਰਘਟਨਾ ਤੋਂ ਬਿਲਕੁਲ ਨਿਰਲੇਪ ਸਨ।

ਕੁਝ ਸਮੇਂ ਮਗਰੋਂ ਦੁਕਾਨ ਦੇ ਪੁਨਰ-ਨਿਰਮਾਣ ਲਈ ਆਪ ਨੇ ਦੁਕਾਨ ਦੀਆਂ ਨੀਹਾਂ ਪੁਟਵਾਈਆਂ। ਮਲਬਾ ਉਠਵਾਇਆ। ਫ਼ੋਲਾ-ਫ਼ਾਲੀ ਕਰਦਿਆਂ ਕੁਦਰਤ ਦਾ ਅਜਿਹਾ ਕਰਿਸ਼ਮਾ ਹੋਇਆ ਕਿ ਥੋੜੀ ਕੁ ਡੂੰਘਾਈ ਤੇ ਬਹੁਤ ਸਾਰੀ ਚਾਂਦੀ ਨਿਕਲ ਆਈ। ਇਹ ਇਤਨੀ ਜ਼ਿਆਦਾ ਸੀ ਕਿ ਸਾਰੇ ਨੁਕਸਾਨ ਦੀ ਪੂਰਤੀ ਤੋਂ ਵੀ ਵੱਧ ਗਈ। ਸਿਦਕ ਅਤੇ ਭਰੋਸੇਵਾਨ ਗੁਰਸਿੱਖਾਂ ਦੇ ਪ੍ਰੀਖਿਆ ਤੇ ਪੂਰੇ ਉਤਰਨ ਦੀ ਇਹ ਅਗੰਮੀ ਮਸਾਲ ਸੀ।

ਕੀ ਸਾਨੂੰ ਉਪਰੋਕਤ ਪ੍ਰਚਲਤ ਧਰਮਾਂ ਅਤੇ ਸੰਸਥਾਵਾਂ ਨੂੰ ਵਾਚ ਕੇ ਮਨ ਵਿਚ ਉਮੰਗ ਪੈਦਾ ਨਹੀਂ ਹੁੰਦੀ ਕਿ ਅਸੀਂ ਆਪਣੇ ਗੁਰਦਵਾਰਿਆਂ ਅਤੇ ਧਾਰਮਕ ਦੀਵਾਨਾਂ ਸਮੇਂ ਵੀ ਕੋਈ ਇਹੋ ਜਿਹਾ ਅਨੁਸ਼ਾਸ਼ਨ ਅਤੇ ਤਰਤੀਵ ਕਾਇਮ ਕਰ ਸਕੀਏ? ਇਨ੍ਹਾਂ ਪ੍ਰਸ਼ਨਾਂ ਦਾ

ਉੱਤਰ ਸਾਨੂੰ ਲਭਣਾ ਹੀ ਪਏਗਾ ! ਨਹੀਂ ਤਾਂ ਇਸ ਦਾ ਜੋ ਪ੍ਰਭਾਵ ਆਉਣ ਵਾਲੀ ਸੂਝਵਾਨ ਨਵੀਂ ਪਨੀਰੀ ਤੇ ਪੈ ਰਿਹਾ ਹੈ, ਉਸ ਦੇ ਸਿੱਟਿਆਂ ਤੋਂ ਅਸੀਂ ਭਲੀ ਪ੍ਰਕਾਰ ਜਾਣੂ ਹਾਂ। ਨੌਜਵਾਨ ਧਰਮ ਤੋਂ ਦੂਰ ਜਾ ਰਹੇ ਹਨ, ਕਿਉਂਕਿ ਅਸੀਂ ਉਨ੍ਹਾਂ ਲਈ ਕੋਈ ਚੰਗੀ ਉਦਾਹਰਣ ਪੇਸ਼ ਨਹੀਂ ਕਰ ਰਹੇ। ਜੇਕਰ ਅਸੀਂ ਅਜੇ ਵੀ ਅਵੇਸਲੇ ਰਹੇ ਤਾਂ ਯੁਵਕਾਂ ਤੋਂ ਕੋਈ ਆਸ ਰਖਣੀ ਬਿਲਕੁਲ ਨਿਰਮੂਲ ਹੋਵੇਗੀ।

ਇਤਿਹਾਸਕ ਗੁਰ-ਅਸਥਾਨ, ਜਿਨ੍ਹਾਂ ਵਿਚ ਨਿਰੰਤਰ ਕੀਰਤਨ ਦਾ ਪ੍ਰਵਾਹ ਚਲਦਾ ਹੈ, ਨੂੰ ਛੱਡਕੇ, ਵਕਫ਼ੇ ਨਾਲ ਖੁਲ੍ਹਣ ਅਤੇ ਬੰਦ ਹੋਣ ਵਾਲੇ ਗੁਰ-ਅਸਥਾਨਾਂ ਅਤੇ ਆਰਜ਼ੀ ਗੁਰ-ਦਰਬਾਰਾਂ ਦੇ ਨਿਯਮ-ਬੱਧ-ਅਨੁਸ਼ਾਸ਼ਨ ਕਾਇਮ ਕਰਨ ਲਈ ਕੁਝ ਕੁ ਸੁਝਾਉ ਹੇਠ ਲਿਖੇ ਅਨੁਸਾਰ ਪੇਸ਼ ਕਰਨ ਦੀ ਖੁਲ੍ਹ ਚਾਹਵਾਂਗਾ। ਨਿਰੰਤਰ ਕੀਰਤਨ ਪ੍ਰਵਾਹ ਵਾਲੇ ਇਤਿ-ਹਾਸਕ ਗੁਰ-ਅਸਥਾਨਾਂ ਵਾਸਤੇ ਵੀ ਬੇਸ਼ਕ ਕੁਝ ਸੁਝਾਅ ਉਪਯੋਗੀ ਹੋ ਸਕਣ ਪਰ ਦੂਜੇ ਦਸੇ ਗੁਰ-ਦਰਬਾਰਾਂ ਲਈ ਤਾਂ ਇਹ ਜ਼ਰੂਰ ਲਾਹੇਵੰਦ ਸਿੱਧ ਹੋਣਗੇ। ਮੇਰੇ ਇਨ੍ਹਾਂ ਵਿਚਾਰਾਂ ਤੇ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੀ ਧਾਰਮਕ ਸਲਾਹਕਾਰ ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਸਿੱਖ ਪੰਥ ਦੇ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਸੰਸਥਾਵਾਂ ਦੇ ਪ੍ਰਬੰਧਕ ਅਤੇ ਵਿਦਵਾਨ ਅਨੁਸ਼ਾਸ਼ਨ ਕਾਇਮ ਕਰਨ ਲਈ ਸਮੂਹਕ ਤੌਰ ਤੇ ਸੋਚਣ ! ਸਾਨੂੰ ਕਿਸੇ ਸਿੱਟੇ ਤੇ ਪੁਜਣਾ ਚਾਹੀਦਾ ਹੈ।

(ੳ) ਪ੍ਰਬੰਧਕਾਂ ਲਈ ਉਚਿਤ ਹੈ ਕਿ ਪ੍ਰੋਗਰਾਮ ਨੂੰ ਅਜਿਹਾ ਉਲੀਕਣ ਕਿ ਅਦਲਾ ਬਦਲੀ ਦੀ ਲੋੜ ਨਾ ਪਏ। ਬੜੀ ਨਿਮਰਤਾ ਸਹਿਤ, ਸਮੇਂ ਦੀ ਕਰੜੀ ਪਾਬੰਦੀ ਲਈ, ਵਿਖਿਆਨਕਾਰਾਂ ਨੂੰ ਪੂਰਵ-ਸੂਚਨਾ ਦਿਤੀ ਜਾਵੇ। ਹੋ ਸਕੇ ਤਾਂ ਆਮ ਸੰਗਤਾਂ ਨੂੰ ਇਸਤਿਹਾਰਾਂ ਦੁਆਰਾ ਪੂਰਵ ਸੂਚਤ ਕੀਤਾ ਜਾਏ ਕਿ ਕਿਸ ਸਮੇਂ ਕਿਹੜਾ ਵਕਤਾ ਬੋਲ ਰਿਹਾ ਹੈ। ਬੁਲਾਰੇ ਨੂੰ ਵੀ ਸਮੇਂ ਦੀ ਪਾਬੰਦੀ, ਆਪਣਾ ਫ਼ਰਜ਼ ਸਮਝ ਕੇ, ਕਰਨੀ ਚਾਹੀਦੀ ਹੈ।

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਘਟੀਆ ਦਰਜੇ ਦੇ ਕਾਗਜ਼ੀ ਫੁੱਲਾਂ ਅਤੇ ਰਬੜ ਦੇ ਗੁਬਾਰਿਆਂ ਦੀ ਪ੍ਰਦਰਸ਼ਨੀ ਨੂੰ ਵਿਵਰਜਤ ਕਰਨਾ ਚਾਹੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉੱਚਤਾ ਨੂੰ ਮੁੱਖ ਰਖ ਕੇ ਸਵੱਛ, ਸੁੰਦਰ ਅਤੇ ਸ਼ਹਿਨਸ਼ਾਹੀ ਸ਼ਾਨ-ਸ਼ੌਕਤ ਹੋਣੀ ਚਾਹੀਦੀ ਹੈ। ਜਿਹੜੇ ਸੱਜਣ ਉਚਤਮ ਸ਼ਾਨ ਨਹੀਂ ਕਰ ਸਕਦੇ; ਉਹ ਸੁੰਦਰ ਅਤੇ ਤਾਜ਼ੇ ਫੁਲਾਂ ਦੁਆਰਾ ਹੀ ਜਚਦੀ ਸਜਾਵਟ ਕਰ ਸਕਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਤਸਵੀਰਾਂ ਵਾਲੇ ਰੁਮਾਲਿਆਂ ਅਤੇ ਚੰਦੋਇਆਂ ਦਾ ਪ੍ਰਯੋਗ ਵੀ ਨਹੀਂ ਹੋਣਾ ਚਾਹੀਦਾ; ਇਹ ਮਨਮਤ ਹੈ ਕਿਉਂਕਿ ਕਈ ਵੇਰ ਅਗਿਆਨਤਾ ਕਰਕੇ ਰੁਮਾਲੇ ਅਤੇ ਚੰਦੋਏ ਬੇ-ਤਰਤੀਬੇ ਲਗ ਜਾਂਦੇ ਹਨ ਅਤੇ ਬੇ-ਅਦਬੀ ਹੁੰਦੀ ਹੈ। ਦੀਵਾਨ ਹਾਲ ਵਿਚ ਸੁੰਦਰ ਝਾੜ ਫਨੂਸ, ਜੋ ਸਾਡੀ ਪੁਰਾਣੀ ਸਭਿਅਤਾ ਦੇ ਪ੍ਰਤੀਕ ਹਨ, ਲਗਾਏ ਜਾਣੇ ਚਾਹੀਦੇ ਹਨ। ਸਜਾਵਟ ਦਾ ਮਿਆਰ ਨੀਅਤ ਹੋਣਾ ਚਾਹੀਦਾ ਹੈ ਤਾਂ ਜੋ ਇਹ ਕੋਈ ਮੇਲਾ ਹੀ ਨਹੀਂ ਸਗੋਂ ਸ਼ਹਿਨਸ਼ਾਹੀ ਦਰਬਾਰ ਪ੍ਰਤੀਤ ਹੋਵੇ।

(ੲ) ਦੀਵਾਨ ਸ਼ੁਰੂ ਹੋਣ ਤੋਂ ਪਹਿਲਾਂ ਕੁਝ ਮਿੰਟ ਸੰਗਤਾਂ ਦੇ ਸਜ ਜਾਣ ਲਈ ਨੀਅਤ ਹੋਣੇ ਚਾਹੀਦੇ ਹਨ। ਦੇਰ ਨਾਲ ਆਉਣ ਵਾਲੇ ਸਜਣਾਂ ਲਈ ਇਹੋ ਜਿਹਾ ਪ੍ਰਬੰਧ ਹੋਵੇ ਕਿ ਉਹ ਪਹਿਲਾਂ ਆਏ ਸਜਣਾਂ ਦੀ ਇਕਸੁਰਤਾ ਭੰਗ ਨਾ ਕਰਨ ਅਤੇ ਦੂਰੋਂ ਦੂਰੋਂ ਹੀ ਨਮਸ਼ਕਾਰ ਕਰ ਕੇ ਪਿਛੇ ਪਿਛੇ ਬੈਠਦੇ ਜਾਣ। ਜਿਸ ਸੱਜਣ ਨੇ ਨੇੜੇ ਜਾ ਕੇ ਨਿਮਸ਼ਕਾਰ ਕਰਨੀ ਹੋਵੇ, ਉਹ ਸਮਾਪਤੀ ਤੋਂ ਬਾਦ ਹੀ ਕਰੇ। ਦੀਵਾਨ ਵਿਚ ਬੈਠੇ ਸਜਣਾਂ ਨੂੰ ਸਿਵਾਏ ਬੁਲਾਰੇ ਨੂੰ ਸੁਣਨ ਦੇ ਹੋਰ ਕੋਈ ਗੱਲ ਨਹੀਂ ਕਰਨੀ ਚਾਹੀਦੀ, ਤਾਂ ਜੋ ਵਿਖਿਆਨ-ਕਾਰ ਨੂੰ ਬਾਰ ਬਾਰ 'ਚੁਪ ਦਾ ਦਾਨ' ਬਖਸ਼ਣ ਦੀ ਅਪੀਲ ਨਾ ਕਰਨੀ ਪਏ।

(ਸ) ਗੁਰੂ ਦੀ ਹਜ਼ੂਰੀ ਵਿਚ ਕੋਈ ਮੁੱਖ ਮਹਿਮਾਨ ਨਹੀਂ ਹੋ ਸਕਦਾ। ਮਹਿਮਾਨ ਦਾ ਦਰਜਾ ਮੇਜ਼ਬਾਨ ਤੋਂ ਉਚਾ ਹੁੰਦਾ ਹੈ। ਪਰ ਗੁਰੂ ਦਰਬਾਰ ਵਿਚ ਮੇਜ਼ਬਾਨ ਕੌਣ ਹੈ? ਗੁਰੂ ਸਾਹਿਬ ਜਾਂ ਸਾਧ ਸੰਗਤ? ਸਾਧ ਸੰਗਤ ਵਿਚ ਕਿਸੇ ਦਾ ਦਰਜਾ ਉਚਾ ਨੀਵਾਂ ਨਹੀਂ; ਇਸ ਲਈ ਇਸ ਮੰਤਵ ਸਮੇਂ ਮੁੱਖ ਮਹਿਮਾਨ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਫਿਰ ਕਿਸੇ ਲੀਡਰ ਦੇ ਆਉਣ ਸਮੇਂ ਖਲਬਲੀ ਕਿਉਂ? ਇਹ ਸਮੱਸਿਆ ਵੀ ਵਿਚਾਰਨ ਵਾਲੀ ਹੈ।

(ਹ) ਲਗਦੀ ਵਾਹੇ ਛੋਟੇ ਬੱਚਿਆਂ ਨੂੰ ਘਰ ਹੀ ਛਡ ਕੇ ਆਉਣਾ ਚਾਹੀਦਾ ਹੈ। ਵੱਡੇ ਬੱਚਿਆਂ ਨੂੰ ਦੀਵਾਨ ਵਿਚ ਚੈਨ ਨਾਲ ਬੈਠਣ ਦੀ ਮਹੱਤਤਾ ਤੋਂ ਜਾਣੂੰ ਕਰਾਉਣਾ ਮਾਪਿਆਂ ਦਾ ਫ਼ਰਜ਼ ਹੈ। ਦੀਵਾਨ ਹਾਲ ਤੋਂ ਕੁਝ ਦੂਰ, ਜਿਥੋਂ ਬੱਚਿਆਂ ਦਾ ਸ਼ੋਰ, ਦੀਵਾਨ ਹਾਲ ਵਿਚ ਨਾ ਪੁਜ ਸਕੇ, ਮਨ ਪ੍ਰਚਾਵੇ ਦੇ ਸਾਧਨ ਹੋਣੇ ਚਾਹੀਦੇ ਹਨ ਜਿਥੇ ਵਿਸ਼ੇਸ਼ ਸੇਵਾਦਾਰ, ਬੱਚਿਆਂ ਦੀ ਦੇਖ ਰੇਖ ਕਰਨ। ਬਹੁਤ ਛੋਟੇ ਬੱਚਿਆਂ ਵਾਲੀਆਂ ਬੀਬੀਆਂ ਦੇ ਬੈਠਣ ਦਾ ਅਜਿਹਾ ਪ੍ਰਬੰਧ ਹੋਵੇ ਕਿ ਉਹ ਪ੍ਰੋਗਰਾਮ ਸੁਣ ਤਾਂ ਸਕਣ ਪਰ ਬੱਚਿਆਂ ਦਾ ਸ਼ੋਰ ਦੀਵਾਨ ਵਿਚ ਖ਼ਲਬਲੀ ਨਾ ਪਾ ਸਕੇ। ਗੈਲਰੀਆਂ ਵਾਲੇ ਦੀਵਾਨ ਹਾਲ, ਸਾਊਂਡ ਪਰੂਫ ਕੀਤੇ ਜਾਣ। ਮੋਟੇ ਸ਼ੀਸ਼ੇ ਲਗ ਜਾਣ ਤਾਂ ਗੈਲਰੀ ਵਿਚ ਬੈਠੀਆਂ ਬੀਬੀਆਂ ਦੀਵਾਨ-ਪ੍ਰੋਗਰਾਮ, ਦੀਵਾਰਾਂ ਵਿਚ ਲਗੇ ਸਪੀਕਰਾਂ ਰਾਹੀਂ ਸੁਣ ਸਕਦੀਆਂ ਹਨ ਪਰ ਬੱਚਿਆਂ ਦੀ ਅਵਾਜ਼ ਥੱਲੇ ਤਕ ਨਹੀਂ ਜਾ ਸਕਦੀ।

(ਕ) ਦੀਵਾਨ ਵਿਚ ਚਲ ਰਹੇ ਪ੍ਰੋਗਰਾਮ ਵਿਚ ਛਕਣ ਛਕਾਣ ਦਾ ਕੋਈ ਪ੍ਰੋਗਰਾਮ, ਸਫਾਈ ਅਤੇ ਇਕਾਗਰਤਾ ਨੂੰ ਮੁੱਖ ਰੱਖ ਕੇ, ਸਮੂਹਕ ਜਾਂ ਨਿੱਜੀ ਤੌਰ ਤੇ ਨਹੀਂ ਹੋਣਾ ਚਾਹੀਦਾ। ਜੇਕਰ ਦੀਵਾਨ ਦੋ ਢਾਈ ਘੰਟੇ ਤੋਂ ਵੱਧ ਦਾ ਹੋਵੇ ਤਾਂ ਸਮੇਂ ਮੁਤਾਬਕ, ਇਕ ਜਾਂ ਦੋ ਵਾਰੀ, 15 ਕੁ ਮਿੰਟ ਦਾ ਵਕਫ਼ਾ ਖਾਣ ਪੀਣ ਵਾਸਤੇ ਰਖਿਆ ਜਾ ਸਕਦਾ ਹੈ। ਇਸ 15 ਮਿੰਟ ਦੇ ਵਕਫ਼ੇ ਦੌਰਾਨ, ਸ਼ਬਦਾਂ ਦੀਆਂ ਧੁਨਾਂ ਚਲਦੀਆਂ ਰਹਿਣ ਤਾਂ ਜੋ ਮਾਹੌਲ, ਸਵੱਛ ਅਤੇ ਧਾਰਮਕ ਬਣਿਆ ਰਹੇ। ਜੇਕਰ ਸੰਗਤ ਦੀ ਸੰਭਾਵਨਾਂ ਮੁਤਾਬਕ ਸੇਵਾਦਾਰ ਨੀਅਤ ਹੋਣ ਜਿਹੜੇ ਸੰਗਤ ਨੂੰ ਹਲਚਲ ਕਰਾਏ ਬਗ਼ੈਰ ਖਾਣ ਪੀਣ ਦੀਆਂ ਚੀਜ਼ਾਂ ਥਾਂ ਤੇ ਪਹੁੰਚਾਣ ਲਈ ਸਹਾਇਤਾ ਕਰਨ ਤਾਂ ਇਹ ਸਮੱਸਿਆ ਸਹਿਲ ਹੋ ਸਕਦੀ ਹੈ। ਵਕਫ਼ੇ ਦੀ ਸੂਚਨਾ,

ਖਾਣ ਪੀਣ ਦੇ ਸਟਾਲ ਦੀ ਵਾਕਫ਼ੀ ਤੋਂ ਸੰਗਤਾਂ ਨੂੰ ਪਹਿਲਾਂ ਜਾਣੂੰ ਕਰਾਈ ਜਾਣੀ ਚਾਹੀਦੀ ਹੈ।

(ਖ) ਕਈ ਵੇਰ ਬੀਬੀਆਂ ਦੀਵਾਨ ਹਾਲ ਵਿਚ ਬੈਠ ਕੇ ਸਵੈਟਰ ਆਦਿ ਉਣਦੀਆਂ ਰਹਿੰਦੀਆਂ ਹਨ; ਇਹ ਵੀ ਵਿਵਰਜਤ ਹੋਣਾ ਚਾਹੀਦਾ ਹੈ।

(ਗ) ਰਾਗੀ ਸਿੰਘਾਂ ਵਲੋਂ ਸ਼ਬਦ-ਭੇਟ ਦੀ ਅਰਦਾਸ ਕਿਸੇ ਵਿਅਕਤੀ ਦੇ ਨਾਂ ਦੀ ਨਹੀਂ ਹੋਣੀ ਚਾਹੀਦੀ ਅਤੇ ਨਾ ਹੀ 'ਖ਼ਜ਼ਾਨੇ ਭਰਪੂਰ ਰਹਿਣ' ਦੀ ਅਰਦਾਸ ਹੋਣੀ ਯੋਗ ਹੈ। ਇਸ ਤਰ੍ਹਾਂ ਹਉਮੈ ਵਧਦੀ ਹੈ। ਅਰਦਾਸ ਸਮੂਹ ਸਾਧ ਸੰਗਤ ਦੀ ਹੋਣੀ ਹੀ ਉਚਿਤ ਹੈ ਅਤੇ ਸੰਗਤਾਂ ਨੂੰ 'ਨਾਮ ਦਾਨ' ਅਤੇ ਗੁਰਮਤਿ ਮਾਰਗ ਤੇ ਚਲਣ ਦੀ ਅਰਦਾਸ ਹੋਣੀ ਚਾਹੀਦੀ ਹੈ।

(ਘ) ਗੁਰੂ ਦਰਬਾਰ ਲਈ ਮਾਇਆ ਅਰਪਨ ਕਰਨ ਵਾਲਿਆਂ ਵਾਸਤੇ ਇਕ ਗੋਲਕ ਬਣੀ ਹੋਣੀ ਚਾਹੀਦੀ ਹੈ। ਗੋਲਕ ਦੁਆਰ (ਮੇਨ ਗੇਟ) ਤੇ ਮਹਾਰਾਜ ਤੋਂ ਹਟਵੀਂ ਹੋਵੇ ਤਾਂ ਉਚਿਤ ਹੈ। ਕਿਉਂਕਿ ਵਿਵਰਜਤ ਵਸਤੂਆਂ (ਤਮਾਕੂ, ਸਿਗਰੇਟ, ਪਾਨ ਆਦਿ) ਦੀ ਛੋਹ ਵਾਲੀ ਮਾਇਆ, ਚਲਦੀ ਫਿਰਦੀ ਗੁਰੂ ਦੀ ਹਜ਼ੂਰੀ ਵਿਚ ਆ ਪੁਜਦੀ ਹੈ। ਮਾਇਆ ਗੋਲਕ ਵਿਚ ਪਾਉਣ ਨਾਲ ਪਵਿੱਤਰ ਰੁਮਾਲਿਆਂ ਨੂੰ ਅਜਿਹੀ ਮਾਇਆ ਦੀ ਛੋਹ ਨਹੀਂ ਲਗ ਸਕੇਗੀ।

(ਙ) 'ਸ੍ਰੀ ਆਨੰਦ ਸਾਹਿਬ' ਦੀ ਮਹੱਤਤਾ ਨੂੰ ਅਸੀਂ ਸਮਝਣ ਦਾ ਯਤਨ ਨਹੀਂ ਕਰਦੇ। ਸਮਾਪਤੀ ਸਮੇਂ 'ਸ੍ਰੀ ਆਨੰਦ ਸਾਹਿਬ' ਏਡੀ ਰਫ਼ਤਾਰ ਨਾਲ ਗਾਇਨ ਕੀਤਾ ਜਾਂਦਾ ਹੈ ਜਿਵੇਂ ਅਸੀਂ ਇਹ ਬਾਣੀ ਮਜਬੂਰੀ ਵਿਚ ਪੜ੍ਹ ਰਹੇ ਹੋਈਏ। ਰਾਗੀ ਸਿੰਘਾਂ ਨੂੰ ਸ੍ਰੀ ਅਨੰਦ ਸਾਹਿਬ ਉਸੇ ਤਰ੍ਹਾਂ ਹੀ ਗਾਇਨ ਕਰਨਾ ਚਾਹੀਦਾ ਹੈ ਜਿਵੇਂ ਕੀਰਤਨ ਕਰ ਰਹੇ ਹੁੰਦੇ ਹਨ। ਸਾਧ ਸੰਗਤ ਨੂੰ ਬੜੇ ਪ੍ਰੇਮ ਸਹਿਤ, ਰਾਗੀਆਂ ਨਾਲ ਗਾਇਨ ਵਿਚ ਸ਼ਾਮਲ ਹੋਣਾ ਚਾਹੀਦਾ ਹੈ।

(ਚ) ਆਮ ਵੇਖਣ ਵਿਚ ਆਉਂਦਾ ਹੈ ਕਿ ਅਰਦਾਸ ਸਮੇਂ ਸਾਧ ਸੰਗਤ ਉਠਣੀ ਸ਼ੁਰੂ ਹੋ ਜਾਂਦੀ ਹੈ। ਇੰਞ ਨਹੀਂ ਹੋਣਾ ਚਾਹੀਦਾ। ਅਰਦਾਸ, ਭੁਲਾਂ ਬਖ਼ਸ਼ਾਉਣ, ਸੁਮਾਰਗ ਤੇ ਚਲਣ ਲਈ ਪ੍ਰਣ ਲੈਣ ਅਤੇ ਬੇਨਤੀ ਦਾ ਸਮਾ ਹੁੰਦਾ ਹੈ।

(ਛ) ਕੜਾਹ ਪ੍ਰਸ਼ਾਦਿ ਵਰਤਾਉਣ ਵਾਲੇ ਸੇਵਾਦਾਰ ਸੰਗਤ ਦੀ ਹਾਜ਼ਰੀ ਮੁਤਾਬਕ ਹੋਣੇ ਚਾਹੀਦੇ ਹਨ। ਇਨ੍ਹਾਂ ਦੇ ਹੱਥ ਸਾਬਣ ਨਾਲ ਧੋਤੇ ਹੋਣ, ਨਹੂੰ ਕਟੇ ਹੋਏ ਅਤੇ ਮੈਲ-ਰਹਿਤ ਹੋਣੇ ਚਾਹੀਦੇ ਹਨ।

(ਜ) ਸਾਡੀ ਪੁਰਾਣੀ ਪਰੰਪਰਾ ਮੁਤਾਬਕ ਦੀਵਾਨ ਦੇ ਤਿੰਨ ਭਾਗ ਹੁੰਦੇ ਸਨ। ਕੀਰਤਨ, ਸਾਧ ਸੰਗਤ ਨਾਲ ਜੋਟੀਆਂ ਦੇ ਸ਼ਬਦ ਅਤੇ ਗੁਰ-ਹੁਕਮ ਦਾ ਵਿਚਾਰ। ਪਰ ਹੁਣ ਕੇਵਲ ਇਕੋ ਭਾਵ ਕੀਰਤਨ ਹੀ ਰਹਿ ਗਿਆ ਹੈ। ਇਸ ਤਰ੍ਹਾਂ ਅਸੀਂ ਆਪਣੀ ਪੁਰਾਣੀ ਅਤੇ ਚੰਗੀ ਪਰੰਪਰਾ ਨੂੰ ਬਦਲ ਰਹੇ ਹਾਂ। ਗੁਰ-ਹੁਕਮ ਦੀ ਵਿਚਾਰ ਭਾਵੇਂ ਥੋੜੇ ਸਮੇਂ ਲਈ, ਕੇਵਲ ਇਕ ਹੀ ਹੋ ਸਕੇ, ਜ਼ਰੂਰ ਹੋਣੀ ਚਾਹੀਦੀ ਹੈ।

(ਝ) ਸ਼ਾਸ਼ਤਰੀ ਸੰਗੀਤ ਤੇ ਗੁਰਮਤਿ ਸੰਗੀਤ ਜੋ ਪੁਰਾਤਨ ਮਰਯਾਦਾ ਅਨੁਸਾਰ

ਗਾਇਨ ਕੀਤਾ ਜਾਂਦਾ ਸੀ ਉਸ ਪ੍ਰਥਾ ਨੂੰ ਕਾਇਮ ਰਖਣਾ ਉਚਤ ਹੈ ਤੇ ਸਿਨਮਾ ਤੇ ਨਾਟਕਾਂ ਦੀਆਂ ਧਾਰਨਾਂ ਨੂੰ ਗੁਰਦਵਾਰਾਂ ਵਿਚ ਗਾਇਨ ਕਰਨ ਦੀ ਖੁਲ੍ਹ ਨਹੀਂ ਹੋਣੀ ਚਾਹੀਦੀ— ਬਾਣੀ ਦੇ ਭਾਵ ਅਰਥ ਰਾਗੀ ਸਿੰਘਾਂ ਨੂੰ ਸਮੁਚੇ ਹੀ ਪਹਿਲਾਂ ਹੀ ਸੰਗਤ ਦੀ ਗਿਆਤ ਲਈ ਵਿਚਾਰ ਸਹਿਤ ਪੇਸ਼ ਕਰਨੇ ਚਾਹੀਦੇ ਹਨ ਤੇ ਔਖੇ ਪਦਾਂ ਦੇ ਅਰਥ ਵੀ ਸੰਗਤ ਨੂੰ ਦਸਣੇ ਜ਼ਰੂਰੀ ਹਨ—ਸ਼ਬਦ ਗਾਇਨ ਕਰਦਿਆਂ ਵਿਚੋਂ ਵਿਸਥਾਰ ਕਰਨ ਨਾਲ ਸ਼ਬਦ ਦਾ ਪ੍ਰੇਮ-ਰਸ ਟੁਟ ਜਾਂਦਾ ਹੈ—ਜਿਥੇ ਸੁਣਨਾ ਹੋਵੇ ਉਥੇ ਔਖੇ ਪਦਾਂ ਦੇ ਅਰਥ ਸਣੇ ਸਾਈਕਲੋਸਟਾਇਲ ਹੋਏ ਗਾਇਨ ਹੋਣ ਵਾਲੇ ਸ਼ਬਦਾਂ ਦੇ ਪੰਨੇ ਸੰਗਤ ਵਿਚ ਵੰਡ ਦੇਣੇ ਚਾਹੀਦੇ ਹਨ ।

ਬੇਸ਼ਕ ਇਹ ਸੁਝਾਅ ਅੰਤਮ ਨਹੀਂ । ਇਕਾਗਰਤਾ ਅਤੇ ਸਵੱਛਤਾ ਨੂੰ ਮੁੱਖ ਰਖ ਕੇ ਹੋਰ ਸੁਝਾਅ ਵੀ ਹੋ ਸਕਦੇ ਹਨ । ਫਿਰ ਵੀ ਗੁਰਦੁਵਾਰਾ ਕਮੇਟੀਆਂ, ਸਿੰਘ ਸਭਾਵਾਂ ਦੇ ਵਿਚਾਰਵਾਨ ਅਤੇ ਸਿੱਖ ਪੰਥ ਦੇ ਵਿਦਵਾਨ ਇਨ੍ਹਾਂ ਤੇ ਵਿਚਾਰ ਕਰਨ ਤਾਂ ਜੋ ਦੀਵਾਨਾਂ ਵਿਚੋਂ ਅਨੁਸ਼ਾਸ਼ਨ-ਹੀਨਤਾ ਖ਼ਤਮ ਹੋ ਸਕੇ ।

ਬਾਹਰਲੇ ਦੇਸ਼ਾਂ ਵਿਚ, ਖ਼ਾਸ ਕਰਕੇ ਯੋਰਪ ਤੇ ਅਮਰੀਕਾ ਵਿਚ, ਪਛਮੀ ਸਭਿਅਤਾ ਅਨੁਸਾਰ ਸਾਜ਼ ਤੇ ਧੁਨਾਂ ਨੂੰ ਯੋਗਤਾ ਸਹਿਤ ਅਪਨਾਉਣ ਨਾਲ, ਕੀਰਤਨ ਵਧੇਰੇ ਆਕਰਸ਼ਤ ਹੋ ਜਾਂਦਾ ਹੈ । ਇਸ ਤਰ੍ਹਾਂ ਆਉਣ ਵਾਲੀ ਨਵੀਂ ਪਨੀਰੀ ਨੂੰ ਗੁਰਬਾਣੀ ਕੀਰਤਨ ਸੁਣਨ ਲਈ ਵਧੇਰੇ ਪ੍ਰੇਰਨਾ ਮਿਲ ਸਕੇਗੀ ।

ਅਖੰਡ ਪਾਠਾਂ ਬਾਰੇ ਵਿਚਾਰ

ਅਖੰਡ ਪਾਠ ਦੀ ਪ੍ਰੀਭਾਸ਼ਾ, ਅਤੇ ਇਹ ਪ੍ਰਥਾ ਪੰਥ ਵਿਚ ਕਦੋਂ ਤੇ ਕਿਵੇਂ ਚਲੀ, ਬਾਰੇ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਵਿਚ ਇਉਂ ਲਿਖਦੇ ਹਨ; "ਉਹ ਪਾਠ, ਜੋ ਨਿਰੰਤਰ ਹੋਵੇ. 2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਜੋ 13 ਪਹਿਰ ਵਿਚ ਸਮਾਪਤ ਕੀਤਾ ਜਾਂਦਾ ਹੈ, ਚਾਰ ਅਥਵਾ ਪੰਜ ਪਾਠੀਏ ਯਥਾਕ੍ਰਮ (ਨੰਬਰਵਾਰ ਬਦਲਦੇ ਰਹਿੰਦੇ ਹਨ) ਅਤੇ ਪਾਠ ਨਿਰੰਤਰ ਹੁੰਦਾ ਰਹਿੰਦਾ ਹੈ। ਪਾਠ ਦੀ ਇਹ ਰੀਤ ਪੰਥ ਵਿਚ ਬੁੱਢੇ ਦਲ ਨੇ ਚਲਾਈ ਹੈ, ਸਤਿਗੁਰਾਂ ਦੇ ਸਮੇਂ ਅਖੰਡ ਪਾਠ ਨਹੀਂ ਹੋਇਆ ਕਰਦਾ ਸੀ, 3. ਬਹੁਤ ਲੋਕ ਦਿਨ ਰਾਤ ਅਖੰਡ ਦੀਵਾ ਮਚਾਉਂਦੇ ਹਨ, ਜਲ ਦਾ ਘੜਾ ਅਤੇ ਨਾਰੀਅਲ ਆਦਿ ਰਖਦੇ ਹਨ, ਪਰ ਇਹ ਮਰਯਾਦਾ ਅਰੰਭ ਤੋਂ ਨਹੀਂ ਚਲੀ"।

ਇਸ ਤੋਂ ਇਲਾਵਾ ਇਕ ਅਤਿ ਅਖੰਡ ਪਾਠ ਦੀ ਵਿਆਖਿਆ ਕਰਦਿਆਂ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਹ ਪਾਠ, ਜਿਸ ਨੂੰ ਇਕੱਲਾ ਪਾਠੀਆ ਇੱਕੋ ਆਸਨ ਬੈਠ ਕੇ ਸਮਾਪਤ ਕਰੇ, ਅਤੇ ਭੋਗ ਪੈਣ ਤੀਕ ਅੰਨ ਜਲ ਆਦਿ ਕੁਝ ਨਾ ਵਰਤੇ, ਇਹ ਪਾਠ ਨੌ ਪਹਿਰ ਵਿਚ ਹੋਇਆ ਕਰਦਾ ਹੈ।*

ਬੁੱਢੇ ਦਲ ਦੇ ਵਿਰਕਤ ਨਿਹੰਗ ਸਿੰਘਾਂ ਨੇ ਅਖੰਡ ਪਾਠਾਂ ਦੀ ਰੀਤ ਚਲਾਈ ਸੀ। ਇਹ ਸਿੰਘ ਬੜੇ ਸਿਦਕੀ, ਪ੍ਰੇਮੀ ਅਤੇ ਆਪਣੇ ਧਰਮ ਕਰਮ ਵਿਚ ਪੱਕੇ ਸਨ। ਨਿਹੰਗ ਸਿੰਘ ਆਪ ਹੀ ਪਾਠ ਕਰਦੇ ਅਤੇ ਵਿਚਾਰ ਅਥਵਾ ਪ੍ਰੇਮ ਨਾਲ ਸਰਵਣ ਕਰਦੇ ਸਨ। ਪਾਠ ਕਰਨ ਸਮੇਂ ਬੜੀਆਂ ਸਾਵਧਾਨੀਆਂ ਦਾ ਖਿਆਲ ਰਖਿਆ ਜਾਂਦਾ ਸੀ ਕਿਉਂਕਿ ਉਹ ਇਸ ਲਕਸ਼ ਦੇ ਧਾਰਨੀ ਸਨ ਕਿ ਪਾਠ ਲਿਵ ਲਾ ਕੇ ਕਰਨਾ ਹੀ ਫ਼ਲਦਾਇਕ ਹੋ ਸਕਦਾ ਹੈ।

ਦੂਜਾ ਖ਼ਿਆਲ ਇਹ ਵੀ ਸਮਝ ਵਿਚ ਆਉਂਦਾ ਹੈ ਕਿ ਬੁੱਢੇ ਦਲ ਦੇ ਸਿੰਘ, ਬਹੁਤਾ ਸਮਾਂ ਟਿਕ ਕੇ ਇਕ ਥਾਂ ਨਹੀਂ ਸਨ ਰਹਿ ਸਕਦੇ। ਹਰ ਸਮੇਂ ਵਿਦਰੋਹੀਆਂ ਦਾ ਮੁਕਾਬਲਾ ਕਰਨ ਦਾ ਖ਼ਤਰਾ ਬਣਿਆ ਰਹਿੰਦਾ ਸੀ। ਇਸ ਲਈ ਸਹਿਜ ਪਾਠ ਉਨ੍ਹਾਂ ਲਈ ਇਕ

---

*ਮੇਰੀ ਯੁਵਕ ਆਯੂ ਸੀ ਜਦੋਂ ਰਾਵਲਪਿੰਡੀ ਇਕ ਸਿੰਘ ਦੀ ਬੜੀ ਚਰਚਾ ਤੇ ਮਾਨਤਾ ਸੀ ਜੋ ਇਕੱਲੇ ਹੀ ਨੌਂ ਪਹਿਰ ਵਿਚ ਪਾਠ ਸਮਾਪਤ ਕਰਦੇ ਸਨ।

ਅਸੰਭਵ ਜਹੀ ਸਮਸਿਆ ਸੀ। ਇਸ ਤਰ੍ਹਾਂ ਵਿਰੋਧੀ ਫ਼ੌਜਾਂ ਨਾਲ ਮੁਕਾਬਲੇ ਦਾ ਸਮੇਂ ਤੋਂ ਪਹਿਲਾਂ ਦਾ ਅੰਦਾਜ਼ਾ ਲਾ ਕੇ ਘਟੋ ਘਟ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ-ਮਈ ਬਾਣੀ ਨੂੰ ਸੁਣਨ ਦੀ ਇਛਾ ਪੂਰੀ ਕਰਨ ਵਾਲੇ ਕਰਮਯੋਗੀ ਸਿੰਘ 'ਅਖੰਡ ਪਾਠ' ਕਰਦੇ ਸਨ।

ਅਜ ਕਲ੍ਹ ਵੇਖਣ ਵਿਚ ਆਉਂਦਾ ਹੈ ਕਿ ਅਖੰਡ ਪਾਠਾਂ ਦਾ ਰਿਵਾਜ ਜਨਮ ਦੀ ਖੁਸ਼ੀ ਤੋਂ ਲੈ ਕੇ, ਭਾਈਚਾਰਕ ਰਾਜਨੀਤਕ ਅਤੇ ਵਿਉਪਾਰਕ ਖੇਤਰਾਂ ਦੀ ਪੂਰਤੀ ਅਤੇ ਮਿਰਤਕ ਜੀਵ ਦੀ ਕਲਿਆਣ ਤਕ ਪ੍ਰਚਲਤ ਹੈ। ਕਈ ਸਜਣ, ਮਕਾਨਾਂ ਦੀ ਚੱਠ, ਦੁਕਾਨਾਂ ਦੇ ਉਦਘਾਟਨ, ਹਰ ਪ੍ਰਕਾਰ ਦੀ ਦੁਨਿਆਵੀ ਅਤੇ ਮਾਇਕ ਸਫਲਤਾ ਲਈ ਅਖੰਡ ਪਾਠ ਰਖਵਾਉਂਦੇ ਹਨ। ਅਖੰਡ ਪਾਠਾਂ ਦੀ ਪ੍ਰਥਾ ਸਿੰਘ ਸਭਾ ਲਹਿਰ ਤੋਂ ਵਧੇਰੇ ਪ੍ਰਚਲਤ ਹੋਈ। ਨਿਰੰਕਾਰੀ ਸਿੱਖਾਂ ਵਿਚ, 1909 ਈ: ਨੂੰ ਤੀਜੇ ਨਿਰੰਕਾਰੀ ਸੰਚਾਲਕ, ਸਾਹਿਬ ਬਾਬਾ ਰੱਤਾ ਜੀ ਦੇ ਜੋਤੀ ਜੋਤਿ ਸਮਾਉਣ ਦੇ ਨੇੜੇ ਤੇੜੇ ਹੀ ਅਖੰਡ ਪਾਠ ਆਮ ਪ੍ਰਚਲਤ ਹੋਏ। ਬਾਬਾ ਰੱਤਾ ਜੀ ਸਹਿਜ ਪਾਠ ਬੜੇ ਪ੍ਰੇਮ ਅਤੇ ਉਤਸ਼ਾਹ ਨਾਲ ਕਰਦੇ ਸਨ। ਮਾਘ ਦੀ ਸੰਗਰਾਂਦ ਵਾਲੇ ਦਿਨ ਸਹਿਜ ਪਾਠ ਅਰੰਭ ਕਰਕੇ ਮਾਘ ਦੀ 16-17 ਨੂੰ ਪਾਠ ਸੰਪੂਰਨ ਕਰ ਲੈਂਦੇ ਸਨ। ਉਸ ਦਾ ਭੋਗ 20 ਮਾਘ ਵਾਲੇ ਦਿਨ ਮਾਘ ਦੇ ਮੇਲੇ ਦੀ ਸਮਾਪਤੀ ਸਮੇਂ ਪੈਂਦਾ ਸੀ। ਜਦੋਂ ਉਹ ਬਿਰਧ ਹੋ ਗਏ ਤਾਂ ਉਨ੍ਹਾਂ ਨੇ ਇਹ ਸੌਂਪਣਾ ਬਾਬਾ ਹਰਾ ਸਿੰਘ ਜੀ ਨੂੰ ਇਨ੍ਹਾਂ ਸ਼ਬਦਾਂ ਵਿਚ ਕੀਤੀ, "ਹਰਿਆ, ਮੈਂ ਬਹੁਤ ਸਮਾਂ ਚੌਕੜੀ ਮਾਰ ਕੇ ਬੈਠ ਨਹੀਂ ਸਕਦਾ ਕਿਉਂਕਿ ਗੋਡੇ ਜੁਆਬ ਦੇ ਗਏ ਹਨ, ਹੁਣ ਤੂੰ ਹੀ ਅਗੋਂ ਤੋਂ ਸਾਹਿਬ ਬਾਬਾ ਦਇਆਲ ਜੀ ਦੇ ਮੇਲੇ ਤੋਂ ਪਹਿਲਾਂ ਸਹਿਜ ਪਾਠ ਕਰਿਆ ਕਰੀਂ" ਸਾਹਿਬ ਹਰਾ ਸਿੰਘ ਜੀ ਨੇ ਆਪਣੇ ਪੂਜ ਗੁਰਦੇਵ ਪਿਤਾਮਾ ਜੀ ਦੇ ਇਨ੍ਹਾਂ ਬਚਨਾਂ ਦੀ ਪਾਲਣਾ ਕੀਤੀ। ਮਾਘ ਦੀ ਸੰਗਰਾਂਦ ਨੂੰ ਪਾਠ ਰਖ ਕੇ ਸਵੇਰ ਦੇ 10 ਵਜੇ ਪਾਠ ਕਰਨ ਬੈਠ ਜਾਂਦੇ ਅਤੇ ਬੜੇ ਪ੍ਰੇਮ ਅਤੇ ਵਿਚਾਰ ਨਾਲ ਚਾਰ ਪੰਜ ਵਜੇ ਸ਼ਾਮ ਤਕ ਪਾਠ ਕਰਦੇ ਰਹਿੰਦੇ। ਇਉਂ 1969 ਈ: ਤਕ ਆਪ ਨੇ ਬਿਨਾਂ ਨਾਗਾ ਸਾਹਿਬ ਰੱਤਾ ਜੀ ਮਹਾਰਾਜ ਜੀ ਦੀ ਇਸ ਸੌਂਪਣਾਂ ਨੂੰ ਨਿਭਾਹਿਆ।

ਮੇਰੀ ਪੜ੍ਹਨੀ ਵਿਚ 'ਅਖੰਡ-ਪਾਠ' ਦੀ ਪ੍ਰਥਾ ਨਿਰਮਲੇ ਅਤੇ ਉਦਾਸੀਆਂ ਦੇ ਸੰਤਾਂ ਮਹੰਤਾਂ ਨੇ ਚਲਾਈ ਪ੍ਰਤੀਤ ਹੁੰਦੀ ਹੈ — ਇਨ੍ਹਾਂ ਦੇ 'ਖੇਤਰ—ਅਖਾੜੇ' ਹਿੰਦੂ ਤੀਰਥਾਂ ਤੇ ਸਨ — ਹਰਦਵਾਰ, ਬਨਾਰਸ, ਗਯਾ — ਪ੍ਰੋਯਾਗਰਾਜ ਜੋ ਬ੍ਰਾਹਮਣ ਵਾਦਿ ਦੇ ਗੜ੍ਹ ਹਨ ਇਨ੍ਹਾਂ ਸੰਤਾਂ ਸਾਧੂਆਂ ਨੇ ਪੰਡਤਾਂ ਦੀ ਰੀਸੋ ਰੀਸੀ ਗੁਰੂ ਗ੍ਰੰਥ ਜੀ ਦੇ ਆਖੰਡ ਪਾਠ ਸ਼ੁਰੂ ਕਰਾਏ — ਜਿਥੇ ਉਨ੍ਹਾਂ ਵਿਚ ਧਰਮ ਗ੍ਰੰਥਾਂ ਦੇ ਆਖੰਡ-ਪਾਠਾਂ ਦਾ ਰਵਾਜ ਸੀ। ਕਈ ਕਈ ਸਮਿਆਂ ਦੇ ਹੋਮ ਯਗ ਤਪ ਉਨ੍ਹਾਂ ਵਿਚ ਕਾਰਜ ਸਿਧੀ ਲਈ ਪ੍ਰਚਲਤ ਸਨ। ਗੁਰਬਾਣੀ ਵਿਚੋਂ ਨਿਰੰਤਰ ਜਪ ਤਪ ਦੇ ਰਵਾਜ ਬਾਰੇ ਸ਼ਬਦ ਮਿਲਦੇ ਹਨ "ਜੋਗ ਜੁਗਤਿ ਗਿਆਨ ਭੁਗਤਿ ਸੁਰਤਿ ਸਬਦ ਤਤ ਬੇਤੇ ਜਪੁ ਤਪੁ ਅਖੰਡਲੀ (੧੩੨੨) ਆਪਣੇ ਆਪ ਵਿਚ ਏਹ ਚੰਗੀ ਕਿਰਿਆ ਹੈ — ਮਨੁਖ ਆਪਣੇ ਕਲਿਆਨ ਲਈ ਧਿਆਨ ਵਿਚ ਮਗਨ

ਹੋਵੇ, ਜਪੁ ਕਰੇ ਸ਼ੁਭ ਕਰਮ ਹਨ — ਪਰ ਸਿਰਫ਼ ਲੋਕਾਚਾਰੀ; ਰਵਾਜਨ ਤੇ ਕਰਮਕਾਂਡੀ ਭਾਵਨਾ ਕਾਰਨ ਜਾਂ ਕਿਸੇ ਦੁਨਿਆਵੀ ਕਾਰਜ ਸਿਧੀ ਲਈ ਮੁਲਤਾਰ ਕੇ ਇਹ ਕਰਮ ਫਲਦਾਇਕ ਨਹੀਂ ।

ਸ੍ਰੀ ਸਾਹਿਬ ਹਰਾ ਸਿੰਘ ਜੀ 3 ਸਤੰਬਰ 1947 ਵਿਚ ਭਾਰਤ ਪੁਜੇ — ਤੇ ਰਾਮਗੰਜ ਮੰਡੀ (ਕੋਟਾ ਰਿਆਸਤ) ਵਿਚ ਕੁਝ ਸਮਾਂ ਨਿਵਾਸ ਕੀਤਾ — ਆਪ ਪ੍ਰੇਮਾ ਭਗਤੀ ਦੀ ਮੂਰਤਿ ਸਨ । ਆਪ ਦੀਆਂ ਨਿਜੀ ਡਾਇਰੀਆਂ ਮਿਲੀਆਂ ਹਨ ਜਿਨ੍ਹਾਂ ਚੋਂ ਆਪ ਦੀ ਗੁਰਬਾਣੀ ਨਾਲ ਪ੍ਰੀਤੀ ਦਾ ਪ੍ਰਾਕ੍ਰਣ ਮਿਲਦਾ ਹੈ । ਉਨ੍ਹਾਂ ਨੇ ਸਾਢੇ ਤਿੰਨ ਮਹੀਨਿਆਂ ਵਿਚ ਸਤ ਸਹਿਜ ਪਾਠ ਆਪ ਕੀਤੇ ਇਵੇਂ ਅਮ੍ਰਿਤ ਮਈ ਬਾਣੀ ਦਾ ਸੰਚਾਰ ਨਿਰੰਤ੍ਰ ਕਰਦੇ ਰਹਿੰਦੇ ।

ਅਜ ਕਲ੍ਹ ਪਾਠੀਆਂ ਦੀ ਸ਼੍ਰੇਣੀ ਕਿੱਤੇਦਾਰ ਬਣ ਗਈ। ਇਨ੍ਹਾਂ ਦਾ ਨਿਰਬਾਹ ਅਖੰਡ ਪਾਠਾਂ ਨਾਲ ਹੀ ਚਲਦਾ ਹੈ । ਗੁਰੂ ਆਸ਼ੇ ਅਨੁਸਾਰ ਇਸ ਤਰ੍ਹਾਂ ਦੇ ਅਖੰਡ ਪਾਠਾਂ ਨੂੰ ਕਿਥੋਂ ਤਕ ਠੀਕ ਸਮਝਿਆ ਜਾ ਸਕਦਾ ਹੈ, ਇਸ ਦਾ ਉਤਰ ਦੀਰਘ ਸੋਚ-ਵਿਚਾਰ ਕਰਨ ਤੇ ਹੀ ਮਿਲ ਸਕਦਾ ਹੈ । ਵੇਖਣ ਵਿਚ ਆਇਆ ਹੈ ਕਿ ਸਾਡੇ ਇਤਿਹਾਸਕ ਧਰਮ-ਅਸਥਾਨਾਂ ਵਿਚ, ਕਈ ਸਾਲਾਂ ਲਈ ਅਗਾਊਂ ਹੀ ਸਜਣ-ਜਨ ਰਕਮਾਂ ਜਮਾਂ ਕਰਾ ਦੇਂਦੇ ਹਨ । ਉਨ੍ਹਾਂ ਦੀ ਵਾਰੀ ਆਉਂਦਿਆਂ ਕਈ ਕਈ ਸਾਲ ਲੰਘ ਜਾਂਦੇ ਹਨ। ਦੂਰ ਬੈਠੇ ਸਜਣਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਨਾਮਾ ਭੇਜ ਦਿਤਾ ਜਾਂਦਾ ਹੈ।

ਜਿਹੜੇ ਅਖੰਡ ਪਾਠ ਘਰਾਂ ਵਿਚ ਰਖੇ ਜਾਂਦੇ ਹਨ, ਉਨ੍ਹਾਂ ਨੂੰ ਸੁਣਨ ਜਾਂ ਵਾਚਣ ਲਈ ਘਰ ਵਾਲਿਆਂ ਪਾਸ ਘਟ ਹੀ ਸਮਾਂ ਹੁੰਦਾ ਹੈ । ਘਰ ਦੇ ਪੁਰਸ਼ ਪ੍ਰਬੰਧ ਅਤੇ ਆਓ-ਭਗਤ ਵਿਚ ਰੁਝੇ ਹੁੰਦੇ ਹਨ । ਜ਼ਿੰਦਗੀ ਦੀ ਰਫ਼ਤਾਰ ਤੇਜ਼ ਹੋਣ ਕਰਕੇ, ਨੌਕਰੀਪੇਸ਼ਾ ਅਤੇ ਦੁਕਾਨ-ਦਾਰਾਂ ਪਾਸ ਇਤਨਾ ਵਕਤ ਹੀ ਨਹੀਂ ਹੁੰਦਾ ਕਿ ਬਹੁਤੀ ਦੇਰ ਆਪਣੇ ਕੰਮਾਂ ਤੋਂ ਗੈਰਹਾਜ਼ਰ ਰਹਿ ਸਕਣ । ਪਾਠ ਕਰਾਉਣ ਵਾਲਾ ਪੁਰਸ਼ ਕੇਵਲ ਪਾਠ ਰਖਾਉਣ ਵੇਲੇ ਅਤੇ ਸਮਾਪਤੀ ਸਮੇਂ ਹੀ ਥੋੜਾ ਜਿਹਾ ਸਮਾਂ ਕਢ ਸਕਦਾ ਹੈ । ਪਰ ਗੁਰਬਾਣੀ ਵਿਚ ਥਾਂ ਥਾਂ ਉਪਦੇਸ਼ ਮਿਲਦਾ ਹੈ ਕਿ ਮਨੁਖ ਨੂੰ ਆਪਣੇ ਕਲਿਆਣ ਹਿਤ ਆਪ ਹੀ ਘਾਲਣਾ ਕਰਨੀ ਪੈਂਦੀ ਹੈ :

ੳ. ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ (472)

ਅ. ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ (134)

ਕੋਈ ਵਿਚੋਲਾ ਰਸਤਾ ਤਾਂ ਦਸ ਸਕਦਾ ਹੈ ਪਰ ਕਿਸੇ ਦੀ ਕੀਤੀ ਕਮਾਈ ਕਿਸੇ ਹੋਰ ਨੂੰ ਨਹੀਂ ਪਹੁੰਚ ਸਕਦੀ। ਗੁਰਬਾਣੀ ਪੜ੍ਹਨ ਦਾ ਰਸ ਜਰੂਰ ਹੈ ਪਰ ਕਲਿਆਣ ਕੇਵਲ ਗੁਰਬਾਣੀ ਨੂੰ ਸਮਝ ਕੇ ਪੜ੍ਹਨ ਅਤੇ ਉਸ ਤੇ ਅਮਲ ਕਰਨ ਨਾਲ ਹੀ ਹੋ ਸਕਦਾ ਹੈ :

ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥

ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰਿ ॥

ਸ੍ਰੀ ਸੁਖਮਨੀ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਜੀ ਫੁਰਮਾਉਂਦੇ ਹਨ :

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
ਸਾਵਧਾਨ ਏਕਾਗਰ ਚੀਤ ॥ (295)

ਜਦ ਤਕ ਮਨ ਵਿਚ ਇਕਾਗਰਤਾ ਨਾ ਹੋਵੇ ਬਾਣੀ ਦਾ ਅਰਥ ਬੋਧ ਵੀ ਸਮਝ ਵਿਚ ਨਹੀਂ ਆਉਂਦਾ। ਵਿਚਾਰ ਤਾਂ ਇਕ ਪਾਸੇ ਰਹੀ। ਬਾਣੀ ਪੜ੍ਹਨ ਦਾ ਮੰਤਵ ਤਾਂ ਪੜ੍ਹ ਕੇ ਉਹਦੇ ਵਿਚੋਂ ਸਿੱਖਿਆ ਪ੍ਰਾਪਤ ਕਰਨੀ ਤੇ ਸ਼ੁਭ ਗੁਣਾਂ ਤੇ ਚਲਣ ਦਾ ਪ੍ਰਣ ਕਰਨਾ ਹੈ — ਨਹੀਂ ਤਾਂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਇਹ ਤੁਕ ਸਾਡੇ ਤੇ ਠੀਕ ਢੁਕਦੀ ਹੈ।

ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥

ਮਨ ਦੀ ਇਕਾਗਰਤਾ ਅਤੇ ਪਾਠ ਦੀ ਸ਼ੁਧੀ ਦੋਵੇਂ ਹੀ ਪਾਠ ਕਰਨ ਵੇਲੇ ਬਹੁਤ ਜ਼ਰੂਰੀ ਹਨ। ਇਕ ਵੇਰ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਭਰੇ ਦੀਵਾਨ ਵਿਚ ਐਲਾਨ ਕੀਤਾ ਕਿ ਸਾਨੂੰ ਕੋਈ ਗੁਰਸਿੱਖ ਸ੍ਰੀ ਜਪੁਜੀ ਸਾਹਿਬ ਦਾ ਸ਼ੁਧ ਪਾਠ ਇਕਾਗਰ-ਚਿਤ ਹੋ ਕੇ ਸੁਣਾਏ। ਇਕ ਸਿੱਖ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਸ਼ੁਧ ਤੇ ਇਕਾਗਰਚਿੱਤ ਹੋ ਕੇ ਸੁਣਾਇਆ। ਅੰਤਲੀਆਂ ਤੁਕਾਂ ਤੇ ਆ ਕੇ ਸਿੱਖ ਦੇ ਮਨ ਵਿਚ ਫੁਰਨਾ ਫੁਰਿਆ ਕਿ ਕੇਹੀ ਚੰਗੀ ਗੱਲ ਹੋਵੇ ਜੇਕਰ ਗੁਰੂ ਸਾਹਿਬ ਮੈਨੂੰ ਖੁਸ਼ ਹੋ ਕੇ ਆਪਣਾ ਘੋੜਾ ਬਖਸ਼ ਦੇਣ। ਗੁਰੂ ਸਾਹਿਬ ਜਾਣੀਜਾਣ ਸਨ ਉਨ੍ਹਾਂ ਨੇ ਸਿੱਖ ਦੀ ਮਨੋਬਿਰਤੀ ਸਮਝ ਲਈ ਅਤੇ ਫੁਰਮਾਇਆ, "ਪੁਰਖਾ, ਤੂੰ ਤਾਂ ਘੋੜੇ ਦੀ ਪ੍ਰਾਪਤੀ ਵਾਸਤੇ ਹੀ ਡੋਲ ਗਿਆ ਸੈਂ ਪਰ ਮੈਂ ਤਾਂ ਤੇਰਾ ਸ਼ੁਧ ਅਤੇ ਇਕਾਗਰਚਿਤ ਪਾਠ ਸੁਣ ਕੇ ਗੁਰਿਆਈ ਦਾ ਸਿੰਘਾਸਨ ਦੇਣ ਲਈ ਤਿਆਰ ਹੋ ਰਿਹਾ ਸਾਂ"।

ਇਸੇ ਭਾਵਨਾ ਦੀ ਇਕ ਸਾਖੀ ਤਵਾਰੀਖ਼ ਗੁਰੂ ਖ਼ਾਲਸਾ ਦੇ ਪੰਨਾ 878 ਤੇ 'ਅਰਥ ਸਹਿਤ ਬਾਣੀ' ਦੇ ਪ੍ਰਾਕਰਣ ਹੇਠ ਮਿਲਦੀ ਹੈ, "ਇਕ ਦਿਨ ਇਕ ਸਿੱਖ ਗੁਰੂ ਕੇ ਦੀਵਾਨ ਦੇ ਨੇੜੇ ਪੰਜ ਗ੍ਰੰਥੀ ਵਿਚੋਂ ਓਅੰਕਾਰ ਪੜ੍ਹ ਰਿਹਾ ਸੀ, ਓਸ ਪਾਠ ਕੀਤਾ, "ਕਰਤੇ ਕੀ ਮਿਤ ਕਰਤਾ ਜਾਣੈ ਕੇ ਜਾਣੈ ਗੁਰ ਸੂਰਾ।" ਗੁਰੂ ਜੀ ਨੇ ਉਸ ਦੇ ਮੂੰਹ ਤੇ ਪੰਜ ਧੱਪੇ ਲਗਵਾਏ। ਸਿੱਖਾਂ ਦੇ ਬੇਨਤੀ ਕਰਨੇ ਪੁਰ ਗੁਰੂ ਜੀ ਨੇ ਫੁਰਮਾਇਆ, "ਭਾਈ ਸਿੱਖੋ! 'ਬਾਣੀ ਗੁਰੂ ਗੁਰੂ ਹੈ ਬਾਣੀ' ਬਾਣੀ ਗੁਰੂ ਕੀ ਦੇਹ ਹੈ, ਏਸ ਨੂੰ ਖੰਡਤ ਪੜ੍ਹਨਾ ਮਾਨੋ ਗੁਰੂ ਕਾ ਅੰਗ ਭੰਗ ਕਰਨਾ ਹੈ। ਏਸ ਸਿੱਖ ਨੇ ਬਾਣੀ ਖੰਡਤ ਪੜ੍ਹੀ ਹੈ। ਸ਼ੁਧ ਪਾਠ ਏਸ ਤਰ੍ਹਾਂ ਸੀ, "ਕਰਤੇ ਕੀ ਮਿਤ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ" ਸੋ ਭਾਈ ਸਿੱਖੋ, ਅਰਥ ਸਮਝੇ ਬਿਨਾਂ ਅੰਨ੍ਹੇਰੇ ਹੱਥ ਮਾਰਨਾ ਹੈ, ਪਾਠ ਭੀ ਸ਼ੁਧ ਨਹੀਂ ਹੁੰਦਾ। ਖੰਡਤ ਪਾਠ ਤੋਂ ਅਨਰਥ ਹੋ ਜਾਂਦਾ ਹੈ ਤੇ ਅਨਰਥ ਦਾ ਫਲ ਹਲਤ ਪਲਤ ਵਿਚ ਡੰਡ ਮਿਲਦਾ ਹੈ। ਤਾਂ ਹੀ ਏਸ ਸਿੱਖ ਨੂੰ ਅਸਾਂ ਦੰਡ ਦਿਤਾ ਹੈ। ਏਹ ਬਚਨ ਸੁਣ ਕੇ ਉਸ ਦਿਨ ਤੋਂ ਕਈ

ਸਿੱਖ ਗੁਰਬਾਣੀ ਦੇ ਅਰਥ ਸਿੱਖਣ ਲੱਗ ਪਏ।

ਮੇਰੇ ਨਿਜੀ ਵਿਚਾਰ ਇਸ ਸਾਖੀ ਨਾਲੋਂ ਕੁਝ ਭਿੰਨ ਹਨ। ਮੇਰਾ ਵਿਚਾਰ ਹੈ ਕਿ ਗੁਰੂ ਕਾਲ ਵਿਚ ਸਿੱਖ ਅਰਥ ਬੋਧ ਤੋਂ ਚੰਗੇ ਜਾਣੂ ਹੋਣਗੇ ਅਤੇ ਗੁਰਬਾਣੀ ਵਿਚਾਰ ਨਾਲ ਹੀ ਪੜ੍ਹਦੇ ਹੋਣਗੇ। ਕੁਝ ਥੋੜੇ ਕੁ ਹੀ ਸਿੱਖ ਗੁਰਬਾਣੀ ਦੇ ਅਰਥ ਬੋਧ ਤੋਂ ਅਣਜਾਣ ਹੋਣਗੇ ਫਿਰ ਵੀ ਇਸ ਸਾਖੀ ਤੋਂ ਬੜੀ ਢੁਕਵੀਂ ਸਿੱਖਿਆ ਮਿਲਦੀ ਹੈ ਕਿ ਗੁਰੂ ਜੀ ਨੇ ਬਾਣੀ ਖੰਡਤ ਪੜ੍ਹਨ ਲਈ ਸਿੱਖ ਨੂੰ ਦੰਡ ਦਿਤਾ। ਪਰ ਅਸੀਂ ਤਾਂ ਕਈ ਵੇਰ ਬਾਣੀ ਖੰਡਤ ਵੀ ਪੜ੍ਹ ਜਾਂਦੇ ਹਾਂ ਅਤੇ ਵਿਚਾਰ ਵੀ ਨਹੀਂ ਕਰਦੇ।

ਇਕਾਗਰਚਿਤ ਪਾਠ ਕਰਨ ਦੀ ਮਹੱਤਤਾ ਨੂੰ ਉਜਾਗਰ ਕਰਨ ਵਾਲੀ ਇਕ ਹੋਰ ਸਾਖੀ ਇਸ ਪ੍ਰਕਾਰ ਮਿਲਦੀ ਹੈ ਕਿ ਜਦੋਂ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਸੁਲਤਾਨ-ਪੁਰ ਲੋਧੀ ਨਿਵਾਸ ਕਰਦੇ ਸਨ ਤਾਂ ਉਨ੍ਹਾਂ ਨੇ ਵੇਈਂ ਨਦੀ ਵਿਚੋਂ ਵਾਪਸ ਆ ਕੇ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਨਾਅਰਾ ਦਿਤਾ। ਨਵਾਬ ਦੌਲਤ ਖ਼ਾਨ ਅਤੇ ਸੁਲਤਾਨਪੁਰ ਦੇ ਵੱਡੇ ਕਾਜ਼ੀ ਨੇ ਸਤਿਗੁਰੂ ਜੀ ਤੋਂ ਇਹ ਸੁਣਿਆ ਕਿ ਸਾਰੀ ਖ਼ਲਕਤ ਵਿਚ ਇਕ ਖ਼ਾਲਿਕ ਵੱਸਦਾ ਹੈ ਤਾਂ ਉਨ੍ਹਾਂ ਨੂੰ ਕਹਿਣ ਲਗੇ ਕਿ ਜੇ ਤੁਹਾਨੂੰ ਹਿੰਦੂ ਮੁਸਲਮਾਨ ਸਭਨਾਂ ਵਿਚੋਂ ਇਕੋ ਰੱਬ ਦਿਸਦਾ ਹੈ ਤਾਂ ਆਓ ਸਾਡੇ ਨਾਲ ਰਲ ਕੇ ਨਮਾਜ਼ ਪੜ੍ਹੋ। ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ, "ਤਬ ਪੇਸ਼ੀ ਕੀ ਨਵਾਜ਼ ਕਾ ਵਕਤ ਹੋਇਆ। ਸਭਿ ਉਠਿ ਕਰਿ ਨਿਵਾਜ਼ ਗੁਜ਼ਾਰਨ ਗਏ ਅਰ ਬਾਬਾ ਭੀ ਨਾਲ ਗਇਆ।" ਮਸਜਿਦ ਵਿਚ ਨਮਾਜ਼ ਪੜ੍ਹਨ ਆਏ ਸਾਰੇ ਮੁਸਲਮਾਨਾਂ ਦੇ ਅੱਗੇ ਖਲੋ ਕੇ ਕਾਜ਼ੀ ਨੇ ਨਮਾਜ਼ ਪੜ੍ਹਨੀ ਸ਼ੁਰੂ ਕੀਤੀ। ਗੁਰੂ ਨਾਨਕ ਦੇਵ ਜੀ ਵੀ ਉਸ ਦੇ ਪਾਸ ਖੜੇ ਹੋ ਗਏ। ਗੁਰੂ ਸਾਹਿਬ ਕਾਜ਼ੀ ਦੀ ਮਨੋ-ਬਿਰਤੀ ਭਾਂਪ ਗਏ ਸਨ, "ਤਬ ਬਾਬੇ ਕਹਿਆ, ਖ਼ਾਨ ਜੀ, ਜਬ ਉਹ ਨਮਾਜ਼ ਉਪਰਿ ਖੜਾ ਥਾ ਤਬਿ ਇਨ ਕਾ ਮਨੁ ਠਉਰ ਨਾ ਥਾ। ਇਸ ਕੀ ਘੋੜੀ ਸੂਈ ਥੀ, ਵਛੇਰੀ ਜੰਮੀਂ ਥੀ। ਅਰੁ ਇਨਿ ਕਹਿਆ, ਮਤੁ ਵਛੇਰੀ ਖੂਹੀ ਵਿਚ ਪਉਂਦੀ ਹੋਵੇ। ਇਨ ਕਾ ਮਨੁ ਊਹਾਂ ਗਇਆ ਆਹਾ। ਇਸ ਕੀ ਨਮਾਜ਼ ਕਬੂਲ ਨਹੀਂ ਪੜੀ।"

ਇਸੇ ਤਰ੍ਹਾਂ ਸਾਡੇ ਕੀਤੇ ਕਰਵਾਏ ਅਖੰਡ ਪਾਠਾਂ ਦਾ ਵੀ ਅਜ ਇਹੋ ਹਾਲ ਹੈ। ਅਸੀਂ ਗੁਰੂ ਆਸ਼ੇ ਅਨੁਸਾਰ ਨਾ ਤਾਂ ਵਿਚਾਰ ਨਾਲ ਪਾਠ ਸੁਣਦੇ ਹਾਂ ਅਤੇ ਨਾ ਹੀ ਪਾਠੀ ਸ਼੍ਰੇਣੀ ਵਿਚਾਰ ਨਾਲ ਪਾਠ ਕਰਦੀ ਹੈ।

ਵੱਡੇ ਸ਼ਹਿਰਾਂ ਵਿਚ ਪੜ੍ਹੇ ਲਿਖੇ ਸਰਕਾਰੀ ਕਰਮਚਾਰੀ ਆਪਣੀ ਆਮਦਨ ਵਧਾਉਣ ਲਈ ਦਫਤਰਾਂ ਵਿਚੋਂ ਸਮਾਂ ਕਢ ਕੇ ਅਖੰਡ ਪਾਠਾਂ ਵਿਚ ਸ਼ਾਮਲ ਹੁੰਦੇ ਹਨ ਤਾਂ ਜੋ ਉਹ ਆਪਣੀ ਉਪਜੀਵਕਾ ਨਿਭਾਹ ਸਕਣ। ਆਮ ਗ੍ਰੰਥੀ ਗੁਰਬਾਣੀ ਦੇ ਬੋਧ ਤੋਂ ਕੋਰੇ ਹਨ ਅਤੇ ਉਹ ਇਸ ਕਾਰਜ ਨੂੰ ਕਿੱਤੇ ਦੇ ਤੌਰ ਤੇ ਹੀ ਕਰਦੇ ਹਨ। ਥਕਾਵਟ, ਰੋਜ਼ਾਨਾ ਕੰਮ ਤੋਂ ਹੀ ਹੋਣ ਕਰਕੇ ਅਜਿਹੇ ਪਾਠੀਏ ਉਪਰਾਮਤਾ ਦੀ ਹਾਲਤ ਵਿਚ ਪਾਠ ਕਰਦੇ, ਊਂਘਦੇ ਅਤੇ ਕਈ ਵਾਰੀ ਸੁਤੇ-ਉਂਘਲਾਂਦੇ ਵੇਖੇ ਜਾਂਦੇ ਹਨ।

ਵੱਡੇ ਵੱਡੇ ਗੁਰਦੁਵਾਰਿਆਂ ਅਤੇ ਧਰਮ ਅਸਥਾਨਾਂ ਤੇ ਦਸ ਰੁਪਏ ਤੋਂ ਪੰਦਰਾਂ ਰੁਪਏ ਪ੍ਰਤੀ ਪਾਠੀ ਨੂੰ ਭੇਟਾ ਕੀਤੇ ਜਾਂਦੇ ਹਨ ਜਦੋਂ ਕਿ ਪ੍ਰਬੰਧਕ ਅਖੰਡ ਪਾਠ ਕਰਾਉਣ ਵਾਲਿਆਂ ਪਾਸੋਂ 250/- ਰੁ: ਤਕ ਭੇਟਾ ਲੈਂਦੇ ਹਨ। ਕੀ ਇਹ ਇਕ ਕਿਸਮ ਦਾ ਅਜਿਹਾ ਧਾਰਮਕ ਰੁਜ਼ਗਾਰ ਨਹੀਂ ਬਣ ਗਿਆ ਜਿਵੇਂ ਆਮ ਕਾਰਖ਼ਾਨੇਦਾਰ ਥੋੜ੍ਹੀ ਉਜਰਤ ਦੇ ਕੇ ਮਜ਼ਦੂਰਾਂ ਕੋਲੋਂ ਵਧੇਰੇ ਕੰਮ ਲੈ ਕੇ ਆਪਣੀਆਂ ਤਜੌਰੀਆਂ ਭਰਦੇ ਹਨ ?

ਸਾਡੇ ਗੁਰਦੁਵਾਰਿਆਂ ਵਿਚ ਇਕ ਇਹ ਪ੍ਰਥਾ ਵੀ ਚਲ ਪਈ ਹੈ ਕਿ ਇਕੋ ਦੀਵਾਨ ਹਾਲ ਵਿਚ ਤਿੰਨ ਤਿੰਨ ਚਾਰ ਚਾਰ ਅਖੰਡ ਪਾਠ ਇਕੱਠੇ ਰਖ ਦਿੱਤੇ ਜਾਂਦੇ ਹਨ। ਨਾਲ ਨਾਲ ਕੀਰਤਨ, ਕਥਾ, ਵਿਖਿਆਨ ਆਦਿ ਹੋ ਰਹੇ ਹੁੰਦੇ ਹਨ। ਗਰੰਥੀ ਸਿੰਘ ਦੀ ਬਿਰਤੀ ਇਕਾਗਰ ਨਹੀਂ ਰਹਿ ਸਕਦੀ। ਕੀ ਇਸ ਤਰ੍ਹਾਂ ਪਾਠ ਖੰਡਤ ਨਹੀਂ ਹੋ ਜਾਂਦੇ ? ਕੀ ਅਸੀਂ ਕਦੇ ਗੰਭੀਰਤਾ ਨਾਲ ਸੋਚਿਆ ਹੈ ਕਿ ਇਨ੍ਹਾਂ ਇਕੱਠੇ ਰਖੇ ਗਏ ਅਖੰਡ ਪਾਠਾਂ ਦਾ ਲਾਭ ਕਿਸ ਨੂੰ ਪਹੁੰਚ ਰਿਹਾ ਹੈ, ਸੁਣਨ ਵਾਲਿਆਂ ਨੂੰ ਕਿ ਪੜ੍ਹਨ ਵਾਲਿਆਂ ਨੂੰ ? ਇਸ ਪ੍ਰਸ਼ਨ ਦਾ ਉਤਰ ਸ਼ਾਇਦ ਪ੍ਰਬੰਧਕ ਵੀ ਢੁਕਵਾਂ ਨਾ ਦੇ ਸਕਣ। ਕੀ ਅਖੰਡ ਪਾਠ ਦਾ ਮਹਾਤਮ ਕੇਵਲ ਸੰਸਕ੍ਰਿਤ ਦੇ ਸਲੋਕਾਂ ਵਾਂਗ ਫੁਰਤੀ ਨਾਲ ਰਟਣ ਵਿਚ ਹੀ ਹੈ ? ਬ੍ਰਾਹਮਣਿਕ ਮਤ ਵਾਲਿਆਂ ਨੂੰ ਤਾਂ ਅਸੀਂ ਇਹ ਮਿਹਣਾ ਦੇਂਦੇ ਹਾਂ ਕਿ ਉਹ ਵੇਦਾਂ ਦਾ ਪਾਠ ਕੇਵਲ ਰਟਣ ਕਰਨ ਤੇ ਹੀ ਸੀਮਤ ਰਖਦੇ ਹਨ ਪਰ ਕੀ ਅਸੀਂ ਕਦੇ ਆਪਣੇ ਅੰਦਰ ਝਾਤੀ ਮਾਰਨ ਦਾ ਉਦਮ ਕੀਤਾ ਹੈ ? ਕੁਝ ਸਮੇਂ ਤੋਂ 'ਸੰਪਟ' ਅਤੇ 'ਅਤਿ ਅਖੰਡ ਪਾਠ' ਦੀਆਂ ਪ੍ਰੰਪਰਾਵਾਂ ਚਲ ਰਹੀਆਂ ਹਨ। ਸੰਪਟ ਪਾਠ ਦੁਆਰਾ ਗੁਰਬਾਣੀ ਦੀ ਗੁਰੂ ਸਾਹਿਬਾਨ ਵਲੋਂ ਦਿਤੀ ਗਈ ਤਰਤੀਬ ਭੰਗ ਹੋ ਜਾਂਦੀ ਹੈ। ਸੰਪਟ ਪਾਠ ਕਾਫ਼ੀ ਲੰਮੇਰਾ ਸਮਾਂ, ਲਗਾਤਾਰ ਹੋਣ ਕਰਕੇ ਰੁਜ਼ਗਾਰੀ ਗ੍ਰੰਥੀਆਂ ਦੀ ਇਕ ਨਵੀਂ ਸ਼ਰੇਣੀ ਪੈਦਾ ਹੋ ਗਈ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਧਰਮ ਵਿਚ ਬਹੁਤ ਸਾਰੀਆਂ ਕੁਰੀਤੀਆਂ ਪ੍ਰਵੇਸ਼ ਕਰ ਗਈਆਂ ਸਨ, ਜਿਨ੍ਹਾਂ ਦੇ ਸੁਧਾਰ ਹਿੱਤ ਨਿਰੰਕਾਰੀ ਲਹਿਰ ਹੋਂਦ ਵਿਚ ਆਈ। ਨਿਰੰਕਾਰੀ ਲਹਿਰ ਦੇ ਬਾਨੀ ਸਾਹਿਬ ਦਿਆਲ ਜੀ, ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਸਨ। ਗੁਰਸਿੱਖੀ ਆਪ ਨੂੰ ਵਿਰਸੇ ਵਿਚ ਮਿਲੀ ਸੀ ਅਤੇ ਗੁਰਬਾਣੀ ਨੂੰ ਵਿਚਾਰ ਕੇ ਪੜ੍ਹਨ ਦੇ ਅਭਿਆਸੀ ਸਨ। ਜਦੋਂ ਉਨ੍ਹਾਂ ਨੇ ਇਹ ਪ੍ਰਤੀਤ ਕੀਤਾ ਕਿ ਸਿੱਖਾਂ ਦੀ ਕਥਨੀ ਤੇ ਗੁਰਬਾਣੀ ਦੇ ਆਸ਼ੇ ਵਿਚ ਬੜਾ ਅੰਤਰ ਆ ਗਿਆ ਹੈ ਤਾਂ ਉਨ੍ਹਾਂ ਨੇ ਆਪਣੇ ਮਨ ਵਿਚ ਇਹ ਦ੍ਰਿੜ ਵਿਸ਼ਵਾਸ ਧਾਰਨ ਕਰ ਲਿਆ ਕਿ ਉਹ ਗੁਰਸਿੱਖਾਂ ਵਿਚੋਂ ਗੁਰੂ ਨਾਨਕ ਸਾਹਿਬ ਜੀ ਦੇ ਉਪਦੇਸ਼ ਵਿਰੁੱਧ ਚਲ ਰਹੀਆਂ ਰਹੁ-ਰੀਤੀਆਂ ਨੂੰ ਹਟਾਉਣ ਲਈ ਸੰਘਰਸ਼ ਕਰਨਗੇ।

ਆਪ ਨੇ ਗੁਰ-ਆਸ਼ੇ ਅਨੁਸਾਰ ਗੁਰਸਿੱਖੀ ਪ੍ਰਚਾਰਨ ਲਈ ਕਮਰਕੱਸਾ ਕਰ ਲਿਆ। ਭਾਈਆਂ, ਪੰਡਤਾਂ, ਬਾਬਿਆਂ ਅਤੇ ਬੇਦੀ ਸਾਹਿਬਜ਼ਾਦਿਆਂ ਦਾ ਜ਼ਰਾ ਜਿੰਨਾ ਵੀ ਭੈ ਜਾਂ

ਭੇਖਲਾ ਨਾ ਮੰਨਿਆ।

ਸਾਹਿਬ ਦਿਆਲ ਜੀ ਦੀ ਪ੍ਰਸਿੱਧੀ ਸੁਣ ਮਹਾਰਾਜਾ ਰਣਜੀਤ ਸਿੰਘ ਨੇ ਸਤਿਕਾਰ ਵਜੋਂ ਇਕ ਮੁਹਰ ਆਪਣੇ ਅਹਿਲਕਾਰ ਦੇ ਹੱਥ ਕੜ੍ਹਾਹ ਪ੍ਰਸ਼ਾਦਿ ਅਤੇ ਲੰਗਰ ਦੀ ਦੇਗ ਲਈ ਭੇਜੀ। ਬਾਬਾ ਜੀ ਨੂੰ ਇਹ ਗਲ ਕਰਮਕਾਂਡੀ ਭਾਵਨਾ ਵਾਲੀ ਜਾਪੀ। ਆਪ ਨੇ ਅਹਿਲਕਾਰ ਦੇ ਹੱਥ ਮੁਹਰ ਵਾਪਸ ਭੇਜਦਿਆਂ ਫੁਰਮਾਇਆ, "ਸਾਡੇ ਮਨ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਬਹੁਤ ਸਤਿਕਾਰ ਹੈ ਪਰ ਗੁਰੂ-ਘਰ ਵਿਚ ਸਭ ਦਾ ਦਰਜਾ ਇਕੋ ਜਿਹਾ ਹੈ। ਸੰਗਤ ਵਿਚ ਹਾਜ਼ਰੀ ਭਰੇ ਬਿਨਾਂ ਸ਼ਬਦ-ਕੀਰਤਨ ਤੇ ਗੁਰਬਾਣੀ ਦੇ ਭਾਵ-ਅਰਥ ਨੂੰ ਸਮਝੇ ਬਿਨਾਂ ਕੜ੍ਹਾਹ ਪ੍ਰਸ਼ਾਦਿ ਕਰਾ ਕੇ ਵਰਤਾ ਦੇਣ ਦੀ ਕੋਈ ਮਹਾਨਤਾ ਨਹੀਂ। ਇਸ ਦਾ ਮਹਾਰਾਜੇ ਨੂੰ ਕੋਈ ਅਧਿਆਤਮ-ਫਲ ਨਹੀਂ ਮਿਲ ਸਕਦਾ। ਇਹ ਨਿਰਾ ਕਰਮਕਾਂਡ ਤੇ ਇਕ ਬ੍ਰਾਹਮਣਿਕ ਪ੍ਰਪਾਟੀ ਹੀ ਹੈ। ਜੇਕਰ ਮਹਾਰਾਜਾ ਜੀ ਆਪ ਸੰਗਤ ਦੇ ਦਰਸ਼ਨ ਕਰਨ, ਸਤਿਸੰਗਤ ਵਿਚ ਸ਼ਾਮਲ ਹੋਣ ਤਾਂ ਹੀ ਕੁਝ ਲਾਭ ਪ੍ਰਾਪਤ ਹੋ ਸਕਦਾ ਹੈ।"

ਅਹਿਲਕਾਰ ਕੋਲੋਂ ਇਹ ਵਿਖਿਆ ਸੁਣ ਕੇ ਮਹਾਰਾਜੇ ਦੇ ਮਨ ਤੇ ਬਹੁਤ ਪ੍ਰਭਾਵ ਪਿਆ। ਦੂਸਰੇ ਦਿਨ ਸੰਗਤ ਦੇ ਦਰਸ਼ਨ ਕੀਤੇ ਅਤੇ ਸ੍ਰੀ ਸਾਹਿਬ ਦਿਆਲ ਜੀ ਦੀ ਕਥਾ ਵਿਆਖਿਆ ਸੁਣ ਕੇ ਬਹੁਤ ਪ੍ਰਭਾਵਤ ਹੋਏ। ਸਾਹਿਬ ਦਿਆਲ ਜੀ ਵਲੋਂ ਅਜਿਹੇ ਢੰਗ ਨਾਲ ਕ੍ਰਮਕਾਂਡ ਦੇ ਜਾਲ ਨੂੰ ਤੋੜਨ ਦਾ ਇਹ ਸੰਦੇਸ਼ ਉਸੇ ਤਰ੍ਹਾਂ ਦਾ ਹੀ ਸੀ ਜਿਸ ਤਰ੍ਹਾਂ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਵਲੋਂ ਪਿਤਰਾਂ ਨੂੰ ਪਾਣੀ ਭੇਜਣ ਦੀ ਥਾਂ, ਖੇਤਾਂ ਨੂੰ ਹੀ ਪਾਣੀ ਭੇਜਣ ਦੇ ਯਤਨ ਵਾਲੀ ਸਾਖੀ ਤੋਂ ਮਿਲਦਾ ਹੈ।

ਉਪਰੋਕਤ ਵਿਚਾਰ ਤੋਂ ਅਸੀਂ ਹੇਠ ਲਿਖੇ ਤੱਥਾਂ ਤੇ ਪੁਜਦੇ ਹਾਂ।

ੳ. ਗੁਰੂ ਸਾਹਿਬਾਨ ਦੇ ਸਮੇਂ ਅਖੰਡ ਪਾਠਾਂ ਦੀ ਪ੍ਰਥਾ ਨਹੀਂ ਸੀ। ਅਖੰਡ ਪਾਠ ਬੁੱਢੇ ਦਲ ਦੇ ਤਿਆਗੀ ਅਤੇ ਵਿਚਾਰਵਾਨ ਸਿੰਘਾਂ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਜਲਦੀ ਤੋਂ ਜਲਦੀ ਕਰਨ ਅਤੇ ਸੁਣਨ ਲਈ ਚਲਾਈ। ਕਿਉਂਕਿ ਉਨ੍ਹਾਂ ਨੂੰ ਹਰ ਵਕਤ ਜੰਗਾਂ, ਯੁਧਾਂ ਵਿਚ ਰਹਿਣਾ ਪੈਂਦਾ ਸੀ ਅਤੇ ਸਮੇਂ ਦੀ ਥੁੜ੍ਹ ਹੁੰਦੀ ਸੀ। ਦੂਜੀ ਗੱਲ ਜੋ ਸਮਝ ਆਉਂਦੀ ਹੈ ਉਸਦਾ ਵਰਨਣ ਉੱਪਰ ਕੀਤਾ ਹੈ। ਨਿਰਮਲ ਤੇ ਉਦਾਸੀਆਂ ਸੰਤਾਂ ਨੇ ਬ੍ਰਾਹਮਣਾਂ ਦੀ ਵੇਖਾ-ਵੇਖੀ ਅਖੰਡ ਪਾਠਾਂ ਦਾ ਰਿਵਾਜ ਪੰਥ ਵਿਚ ਪ੍ਰਚਲਤ ਕੀਤਾ।

ਅ. ਪਾਠ ਮਨ ਦੀ ਸੁਧੀ, ਨਿਰੰਕਾਰ ਦੇ ਸ਼ੁਕਰਾਨੇ ਅਤੇ ਆਪਣੀਆਂ ਭੁੱਲਾਂ ਬਖ਼ਸ਼ਾਉਣ ਲਈ ਕੀਤਾ ਜਾਣਾ ਚਾਹੀਦਾ ਹੈ। ਮੰਗਾਂ ਮਨਵਾਉਣ ਲਈ ਨਹੀਂ ਸਗੋਂ ਜੋਦੜੀ ਕਰਨ ਲਈ ਕੀਤਾ ਕਰਾਇਆ ਪਾਠ ਲਾਹੇਵੰਦ ਹੁੰਦਾ ਹੈ। ਜੇ ਭਾਵਨਾ ਅਸ਼ੁਧ ਹੋਵੇ, ਚਿਤ ਇਕਾਗਰ ਨਾ ਹੋਵੇ, ਪਾਠੀ ਊਂਘਦਾ ਅਤੇ ਬਹੁਤੇ ਪਾਠ ਕਰਕੇ ਥੱਕਿਆ, ਸੁਸਤਾਇਆ ਹੋਵੇ ਤਾਂ ਅਜਿਹਾ ਕੀਤਾ ਕਰਾਇਆ ਪਾਠ ਨਿਰਾ ਕਰਮਕਾਂਡ ਅਤੇ ਰਸਮ ਬਣ ਕੇ ਹੀ ਰਹਿ ਜਾਂਦਾ ਹੈ। ਮੇਰੀ ਰਾਇ ਵਿਚ ਜੇਕਰ ਪਰਿਵਾਰ ਦੇ ਮੈਂਬਰ ਰਲ ਕੇ

ਆਪ ਪਾਠ ਕਰ ਸਕਦੇ ਹੋਣ, ਅਤੇ ਬਾਣੀ ਬੋਧ ਤੋਂ ਜਾਣੂ ਹੋਣ ਤਾਂ ਜ਼ਿਆਦਾ ਸ਼ਰਧਾ ਨਾਲ ਪਾਠ ਦਾ ਪੂਰਨ ਅਨੰਦ ਮਾਣ ਸਕਦੇ ਹਨ। ਸਮੇਂ ਦੀ ਕੋਈ ਵਿਚਾਰ ਨਹੀਂ ਬੇਸ਼ਕ ਕੁਝ ਵਧ ਵੀ ਲਗ ਜਾਵੇ। ਆਪ ਕੀਤਾ ਹੋਇਆ ਪਾਠ ਜ਼ਿਆਦਾ ਭਾਵਨਾ ਪੂਰਤ ਅਤੇ ਆਤਮਾ ਦੀ ਸ਼ੁਧੀ ਵਿਚ ਸਹਾਈ ਹੋ ਸਕਦਾ ਹੈ। *

ੲ. ਇਕੋ ਹਾਲ ਜਾਂ ਇਕ ਸਟੇਜ ਤੇ ਇਕ ਸਮੇਂ ਇਕ ਤੋਂ ਵੱਧ ਅਖੰਡ ਪਾਠ ਨਹੀਂ ਹੋਣੇ ਚਾਹੀਦੇ। ਨਾਲ ਨਾਲ ਕਥਾ, ਕੀਰਤਨ ਵਿਖਿਆਨ ਨਹੀਂ ਹੋਣੇ ਚਾਹੀਦੇ। ਗ੍ਰੰਥੀ ਸਾਹਿਬਾਨ ਨੂੰ ਸਪਸ਼ਟ ਤੇ ਸਾਦੀ ਅਵਾਜ਼ ਵਿਚ ਪਾਠ ਕਰਨਾ ਉਚਿਤ ਹੈ। ਕਈ ਗ੍ਰੰਥੀ ਸਾਹਿਬਾਨ ਨੂੰ ਵੱਖ ਵੱਖ ਤਰਜ਼ਾਂ ਵਿਚ ਪਾਠ ਕਰਦਿਆਂ ਸੁਣਿਆਂ ਜਾਂਦਾ ਹੈ। ਪਾਠ ਇਕ ਰਸ ਕਰਨਾ ਹੀ ਉਚਿੱਤ ਹੈ। ਪਾਠ ਹੋਣ ਸਮੇਂ ਕਿਸੇ ਵਿਅਕਤੀ ਨੂੰ ਹਾਲ ਵਿਚ ਪ੍ਰਬੰਧਕੀ ਗਲਾਂ ਨਹੀਂ ਕਰਨੀਆਂ ਚਾਹੀਦੀਆਂ। ਇਸ ਤਰ੍ਹਾਂ ਪਾਠੀ ਸਿੰਘ ਦੀ ਬਿਰਤੀ ਉਖੜ ਜਾਂਦੀ ਹੈ ਅਤੇ ਪਾਠ ਵੀ ਖੰਡਤ ਹੋ ਜਾਂਦਾ ਹੈ।

ਸ. ਸੰਪਟ ਪਾਠ, ਜਾਂ ਨਾਲ ਰਖਿਆ ਜਪੁਜੀ ਸਾਹਿਬ ਦਾ ਪਾਠ ਗੁਰਬਾਣੀ ਦੀ ਅਖੰਡਤਾ ਨੂੰ ਭੰਗ ਕਰਦਾ ਹੈ। ਸ੍ਰੀ ਜਪੁਜੀ ਸਾਹਿਬ ਨਿਤਨੇਮ ਦੀ ਬਾਣੀ ਹੈ ਅਤੇ ਇਸ ਦਾ ਆਪਣਾ ਵਿਸ਼ੇਸ਼ ਮਹਾਤਮ ਹੈ।

ਹ. ਗੁਰਦੁਵਾਰਾ ਸਾਹਿਬਾਨ ਦੇ ਗ੍ਰੰਥੀ ਸਾਹਿਬਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਜ਼ੀਰ ਸਮਾਨ ਹਨ। ਇਹ ਪਦ ਬਹੁਤ ਉੱਚਾ ਹੈ। ਗੁਰਮਤਿ ਧਾਰਨੀ, ਜਿਨ੍ਹਾਂ ਨੇ ਆਪਾ ਗੁਰੂ ਨੂੰ ਸਮਰਪਣ ਕੀਤਾ ਹੋਵੇ ਅਤੇ ਗੁਰਬਾਣੀ ਬੋਧ ਤੋਂ ਚੰਗੀ ਤਰ੍ਹਾਂ ਜਾਣੂ ਵਿਅਕਤੀਆਂ ਨੂੰ ਗ੍ਰੰਥੀ ਦੀ ਪਦਵੀ ਤੇ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ। ਗੁਰਸਿੱਖਾਂ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਇਹੋ ਜਹੇ ਮਹਾਂ ਪੁਰਸ਼ਾਂ ਨੂੰ ਕਿਸੇ ਤਰ੍ਹਾਂ ਦੀ ਮਾਇਕ ਔਕੜ ਨਾ ਆਉਣ ਦੇਣ ਤਾਂ ਕਿ ਉਹਨਾਂ ਦੀਆਂ ਲੋੜਾਂ ਬਗੈਰ ਕਿਸੇ ਦੌੜ ਭਜ ਦੇ ਪੂਰੀਆਂ ਹੋ ਸਕਣ।

ਕ. ਅਖੰਡਪਾਠ ਸਮੇਂ ਪ੍ਰਚਲਤ ਕਰਮਕਾਂਡੀ ਮਰਯਾਦਾ, ਜਿਹਾ ਕਿ ਸੂਹੇ ਰੰਗ ਵਿਚ ਕਪੜੇ ਵਿਚ ਨਾਰੀਅਲ ਰਖਣਾ, ਉਪਰ ਮੌਲੀ ਆਦਿ ਵੀ ਗੁਰ ਆਸ਼ੇ ਦੇ ਅਨੁਸਾਰ ਬੰਦ ਕਰਨੀਆਂ ਚਾਹੀਦੀਆਂ ਹਨ। ਗੁਰਮਤਿ ਵਿਚ ਕੁੰਭ ਆਦਿ ਕਿਸੇ ਤਰ੍ਹਾਂ ਦੀ ਮਨਮਤ ਦੀ ਪ੍ਰਵਾਨਗੀ ਨਹੀਂ ਹੈ!

ਖ. ਮਨੁੱਖ ਮਾਤਰ ਲਈ ਗੁਰਬਾਣੀ ਹੀ ਕਲਿਆਣਕਾਰੀ ਹੈ। ਕਲਿਯੁਗ ਵਿਚ ਬਾਣੀ ਹੀ ਪ੍ਰਾਣੀ ਮਾਤਰ ਦਾ ਪਾਰ ਉਤਾਰਾ ਕਰਨ ਦੇ ਸਮਰੱਥ ਹੈ। ਗੁਰਬਾਣੀ, 'ਅਖੰਡਪਾਠ'

---

*ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਨਿਕਟਵਰਤੀ ਸੱਜਣ ਤੋਂ ਜਾਣਕਾਰੀ ਮਿਲੀ ਹੈ ਕਿ ਕਦੀ ਕਦੀ ਭਾਈ ਸਾਹਿਬ ਦਿਨ ਦੇ ਸਮੇਂ ਪਾਠ ਨਿਰੰਤਰ ਕਰਵਾਉਂਦੇ ਤੇ ਸ਼ਰਧਾ ਨਾਲ ਸਰਵਣ ਕਰਦੇ ਪਰ ਰਾਤ ਨੂੰ ਕੁਝ ਸਮੇਂ ਲਈ ਪਾਠ ਬੰਦ ਕਰ ਕੇ ਅੰਮ੍ਰਿਤ ਵੇਲੇ ਮੁੜ ਪਾਠ ਸਮਾਗਮ ਅਰੰਭ ਕਰ ਲੈਂਦੇ। ਇਹ ਪ੍ਰਥਾ ਵਿਚਾਰਨ ਯੋਗ ਹੈ।

ਜਾਂ 'ਸਹਿਜ ਪਾਠ' ਕਿਸੇ ਤਰ੍ਹਾਂ ਵੀ ਇਕਾਗਰ ਚਿੱਤ ਅਤੇ ਸ਼ੁਧ ਹਿਰਦੇ ਨਾਲ ਪੜ੍ਹੀ ਜਾਵੇ, ਕਲਿਆਣਕਾਰੀ ਹੈ। ਜੇਕਰ ਸਮਾਂ ਹੋਵੇ ਤਾਂ ਰੋਜ਼ਾਨਾ ਨੇਮ ਨਾਲ ਇਕਾਗਰ ਚਿੱਤ ਹੋ ਕੇ, ਭਾਵਪੂਰਤ, ਦੀਰਘ ਵਿਚਾਰ ਨਾਲ ਕੀਤੇ ਗਏ ਸਹਿਜਪਾਠ ਤੋਂ ਉਤਮ ਕੋਈ ਕਿਰਿਆ ਨਹੀਂ ਹੋ ਸਕਦੀ :

ਸਹਜੇ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥
ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥
ਸਹਜੇ ਹੀ ਭਗਤਿ ਊਪਜੈ ਸਹਿਜਿ ਪਿਆਰਿ ਬੈਰਾਗਿ ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥

ਸਿਖ ਧਰਮ ਵਿਚ ਬ੍ਰਾਹਮਣਵਾਦ ਦਾ ਰੱਲਾ

ਹਰ ਧਰਮ ਕੁਝ ਹੱਦ ਤਕ ਵਿਕਾਸਸ਼ੀਲ ਹੈ ਤੇ ਸਿੱਖ ਧਰਮ ਵਿਸ਼ੇਸ਼ ਕਰ ਕੇ। ਇਸ ਲਈ ਸਾਡੇ ਵਿਦਵਾਨ ਪ੍ਰਚਾਰਕਾਂ ਦਾ ਮੁੱਖ ਕਰਤੱਵ ਬਣਦਾ ਹੈ ਕਿ ਉਹ ਸਤਿਗੁਰਾਂ ਦੇ ਆਸ਼ੇ ਅਨੁਸਾਰ ਧਰਮ ਦੀਆਂ ਧਾਰਨਾਵਾਂ, ਰਹੁ-ਰੀਤਾਂ, ਆਧੁਨਿਕ ਢੰਗ ਦੀ ਵਿਆਖਿਆ ਤੇ ਧਰਮ-ਖੇਤਰ ਵਿਚ ਸੁਯੋਗ ਸੇਧ ਦੇਣ। ਨਿਰਾ ਪਰੰਪਰਾਵਾਦੀ ਹੋਣ ਨਾਲ ਕੁਝ ਨਹੀਂ ਸੌਰਦਾ। ਸਾਨੂੰ ਪੁਰਾਤਨ, ਸਵੱਛ ਤੇ ਨਿਰਮਲ ਧਾਰਨਾਵਾਂ ਨੂੰ ਅਪਨਾਉਣ, ਤੇ ਗੁਰਮਤਿ ਅਥਵਾ ਗੁਰਬਾਣੀ ਦੇ ਪਵਿਤਰ ਵਿਚਾਰਾਂ ਅਨੁਸਾਰ, ਅਮਲੀ ਜੀਵਨ ਵਿਚ ਵਿਚਰਦਿਆਂ ਹੋਇਆਂ, ਪ੍ਰੇਰਨਾ ਦੇਣ ਵਾਲੇ ਮਹਾਂ ਪੁਰਸ਼ਾਂ ਨੂੰ ਮਹਾਨਤਾ ਦੇਣੀ ਜਿਥੇ ਉਚਿੱਤ ਹੈ; ਉਥੇ ਪੇਤਲੀਆਂ, ਕਰਮਕਾਂਡੀ, ਬ੍ਰਾਹਮਣੀ ਵਿਚਾਰਧਾਰਾਵਾਂ, ਜਿਹੜੀਆਂ ਸਿੱਖੀ ਵਿਚ ਘਰ ਕਰ ਗਈਆਂ ਹਨ ਤੇ ਗੁਰਬਾਣੀ ਦੀ ਕਸਵੱਟੀ ਉਤੇ ਪੂਰੀਆਂ ਨਹੀਂ ਉਤਰਦੀਆਂ, ਨੂੰ ਛਡਣ ਵਿਚ ਵੀ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ। ਉਤਸ਼ਾਹੀ ਪ੍ਰਚਾਰਕਾਂ ਲਈ ਵਿਗਿਆਨ, ਮਨੋਵਿਗਿਆਨ, ਤੇ ਬਾਕੀ ਧਰਮਾਂ ਦੀ ਜਾਣਕਾਰੀ ਦਾ ਗਿਆਨ ਬਹੁਤ ਜ਼ਰੂਰੀ ਹੈ। ਕਲ ਤੇ ਅਜ ਦੀ ਪੀੜ੍ਹੀ ਵਿਚਲੇ ਪਾੜੇ ਮੌਲਿਕ ਵਿਚਾਰ ਦੇ ਪੁਲ ਰਾਹੀਂ ਹੀ ਮੁਕਾਏ ਜਾ ਸਕਦੇ ਹਨ।

ਧਰਮ ਦਾ ਮੁਖ ਪ੍ਰਯੋਜਨ, ਪੁਰਸ਼ ਨੂੰ ਸਦਾਚਾਰੀ ਤੇ ਦੈਵੀ ਗੁਣਾਂ ਦਾ ਧਾਰਨੀ ਬਣਾਉਣਾ ਹੈ। ਜਿਹੜਾ ਵੀ ਧਰਮ ਇਸ ਟੀਚੇ ਦੀ ਪੂਰਤੀ ਨਹੀਂ ਕਰ ਸਕਦਾ, ਉਹ ਸੀਮਤ ਹੱਦਾਂ ਅੰਦਰ ਬੰਦ ਹੈ। ਉਸ ਵਿਚ ਖੜੋਤ ਆ ਗਈ ਹੈ। ਅਜਿਹੇ ਧਰਮ ਦੀਆਂ ਧਾਰਨਾਵਾਂ ਸਵੱਛ ਜਲ ਦੀ ਥਾਂ ਛਪੜ ਦੇ ਖਲੋਤੇ ਪਾਣੀ ਵਾਂਗ ਰਹਿ ਜਾਂਦੀਆਂ ਹਨ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੇ ਪਾਸ ਇਕ ਅਮੁਲਾ ਖ਼ਜ਼ਾਨਾ ਹੈ। ਇਸ ਵਿਚ ਅਧਿਆਤਮਕ ਹੀਰੇ, ਮੋਤੀਆਂ, ਜਵਾਹਰਾਂ ਰਤਨਾਂ ਦੀ ਕੋਈ ਘਾਟ ਨਹੀਂ। ਕੇਵਲ ਲੋੜ ਹੈ ਉਹਨਾਂ ਮਰਜੀਵੜਿਆਂ ਦੀ, ਜੋ ਪੇਤਲੀਆਂ ਧਾਰਨਾਵਾਂ ਨੂੰ ਛੱਡ ਕੇ ਡੂੰਘਾਈ ਵਿਚ ਆਪਣੇ ਆਪ ਨੂੰ ਸਮੋ ਦੇਣ :

ਥਿਰ ਨਾਰਾਇਣੁ ਥਿਰੁ ਗੁਰੁ ਥਿਰ ਸਾਚਾ ਬੀਚਾਰੁ ॥

ਨਿਰੰਕਾਰ ਸਦੀਵੀ ਹੈ, **ਗੁਰਬਾਣੀ** ਦਾ ਗਿਆਨ ਸਦੀਵੀ ਹੈ। ਵਸਤੂਆਂ ਤੇ

ਧਾਰਨਾਵਾਂ, ਮੌਸਮ ਵਾਂਗ ਬਦਲਦੀਆਂ ਰਹਿੰਦੀਆਂ ਹਨ ਤੇ ਬਦਲਣੀਆਂ ਵੀ ਚਾਹੀਦੀਆਂ ਹਨ। ਸਾਰਾ ਪ੍ਰਕਾਸ਼ ਵਾਹਿਗੁਰੂ ਦੇ ਉਪਦੇਸ਼ਾਂ ਤੇ ਬਾਣੀ ਤੋਂ ਮਿਲ ਸਕਦਾ ਹੈ ਤੇ ਇਸ ਦੇ ਆਸਰੇ ਸਾਡਾ ਮਾਰਗ ਰੋਸ਼ਨ ਰਹਿ ਸਕਦਾ ਹੈ।

ਮੁੱਖ ਤੌਰ ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਧਿਆਤਮਕ ਵਿਸ਼ਿਆਂ ਦੀ ਭਰਪੂਰ ਵਿਆਖਿਆ ਮਿਲਦੀ ਹੈ, ਪਰ ਬੀਜ ਰੂਪ ਵਿਚ, ਸ੍ਰਿਸ਼ਟੀ ਦੇ ਅਨੇਕਾਂ ਪੱਖਾਂ ਦੀਆਂ ਸੋਧਾਂ, ਜੋ ਵਿਗਿਆਨਕ ਦ੍ਰਿਸ਼ਟੀਕੋਣ ਦੇ ਮੇਚ ਆਉਂਦੀਆਂ ਹਨ, ਵੀ ਗ੍ਰੰਥ ਸਾਹਿਬ ਵਿਚ ਮੌਜੂਦ ਹਨ। ਸੰਸਾਰ ਉਤਪਤੀ ਦਾ ਕਾਰਨ, ਹੋਂਦ ਵਿਚ ਆਉਣ ਦੀ ਵਿਆਖਿਆ,ਸੂਰਜ ਚੰਨ ਦੀਆਂ ਗਰਦਸ਼ਾਂ, ਅਨੇਕਾਂ ਬ੍ਰਹਿਮੰਡਾਂ ਦਾ ਸੰਕੇਤ ਆਦਿ ਵਿਸ਼ਿਆਂ ਉਤੇ ਕਾਵਿ-ਰੂਪ ਵਿਚ ਪ੍ਰਗਟਾਏ ਜੋ ਵਿਚਾਰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹਨ, ਉਹ ਉਸ ਸਮੇਂ ਦੇ ਮਨੁਖੀ ਗਿਆਨ ਤੋਂ ਵਧੇਰੇ ਪ੍ਰਗਤੀਸ਼ੀਲ ਹਨ। ਬਹੁਤ ਰੋਗਾਂ ਦਾ ਇਲਾਜ, ਮਨੋਵੇਗ ਵਿਚ ਅਸੰਤੁਸ਼ਟਤਾ ਦ੍ਰਿੜਾ ਕੇ, ਗੁਰੂ ਸਾਹਿਬ ਨੇ ਅਜ ਦੇ ਨਵੀਨ ਯੁਗ ਦੀ ਗਲ ਏਨੀ ਪਹਿਲਾਂ ਪ੍ਰਗਟਾਈ ਜਿਸਦੀ ਜਾਣਕਾਰੀ ਅਚੰਭਾ ਕਰਨ ਵਾਲੀ ਹੈ। ਪਰ ਅਸੀਂ ਗੁਰੂਆਂ ਦੇ ਵਿਸ਼ਾਲ ਹਿਰਦੇ ਦੀ ਕਦਰਦਾਨੀ ਨਹੀਂ ਕਰ ਸਕੇ।

ਵੱਖੋ ਵੱਖ ਧਰਮਾਂ ਦੇ ਅਨੁਆਈ ਜੋ ਆਪਣੇ ਧਰਮ ਦੀਆਂ ਧਾਰਨਾਵਾਂ ਤੇ ਬਾਹਰਲੇ ਚਿੰਨ੍ਹਾਂ ਵਿਚ ਪ੍ਰਪਕ ਹੁੰਦਿਆਂ ਹੋਇਆਂ ਵੀ, ਧਾਰਮਕ ਸ਼ੈਲੀ ਵਿਚ ਆਪਣੇ ਕਥਨ ਨੂੰ ਬਿਆਨ ਕਰਦੇ ਸਨ (ਇਕ ਉਘੀ ਮਿਸਾਲ ਸ਼ੇਖ ਫ਼ਰੀਦ ਹਨ) ਪਰ ਕਿਉਂ ਕਿ ਉਨ੍ਹਾਂ ਦਾ ਮੁਢਲਾ ਵਿਚਾਰ ਗੁਰੂਆਂ ਦੀ ਸੋਚ ਨਾਲ ਸੰਗਤੀ ਰਖਦਾ ਸੀ ਉਨ੍ਹਾਂ ਦੀ ਬਾਣੀ ਨੂੰ ਵੀ ਆਦਿ ਗੁਰੂ ਗਰੰਥ ਵਿਚ ਉਹੀ ਸਤਿਕਾਰ ਦਿਤਾ ਗਿਆ, ਜੋ ਸਾਡੇ ਗੁਰੂ ਸਾਹਿਬਾਂ ਦੀ ਬਾਣੀ ਨੂੰ। ਗੁਰੂ ਨਾਨਕ ਜੀ ਨੇ ਸਿੱਖ ਧਰਮ ਦੀ ਰੂਪ-ਰੇਖਾ ਆਪਣੇ ਕਾਲ ਵਿਚ ਹੀ ਸੰਪੂਰਨ ਚਿਤਰ ਦਿਤੀ ਸੀ। ਸ੍ਰੀ ਜਪੁਜੀ ਸਾਹਿਬ, ਆਸਾ ਜੀ ਦੀ ਵਾਰ, ਦਖਣੀ ਓਅੰਕਾਰ ਤੇ ਸਿਧ ਗੋਸਟ ਆਦਿ ਬਾਣੀਆਂ ਉਚਾਰ ਕੇ ਉਹਨਾਂ ਨੇ ਸਿਖੀ ਦਾ ਉਦੇਸ਼-ਪੱਤਰ ਪੇਸ਼ ਕਰ ਦਿਤਾ ਸੀ। ਬਾਕੀ ਗੁਰੂਆਂ ਦੀ ਬਾਣੀ ਗੁਰੂ ਨਾਨਕ ਜੀ ਦੇ ਇਨ੍ਹਾਂ ਸ਼ੁਭ ਵਿਚਾਰਾਂ ਦੀ ਵਿਆਖਿਆ ਤੇ ਪ੍ਰੌੜ੍ਹਤਾ ਕਰਦੀ ਹੈ। ਸਿੱਖ ਧਰਮ ਪ੍ਰਭੂ- ਵਿਸ਼ਵਾਸੀ ਹੈ, ਅੰਧ-ਵਿਸ਼ਵਾਸੀ ਨਹੀਂ। ਇਹ ਨਿਰਮਲ ਵਿਚਾਰ ਤੇ ਨਾਮ ਦੀ ਕਮਾਈ ਤੋਂ ਉਪਜੇ ਗਿਆਨ ਵਿਚ ਦ੍ਰਿੜ ਵਿਸ਼ਵਾਸ ਰਖਦਾ ਹੈ :

"ਰਖ ਰਖ ਚਰਨ ਧਰੇ ਵੀਚਾਰੀ ਦੁਬਧਾ ਛੋੜ ਭਏ ਨਿਰੰਕਾਰੀ।"

ਹਰ ਪਲ ਨਿਰਮਲ ਵਿਚਾਰਾਂ ਰਾਹੀਂ ਸਿੱਖ ਜੀਵਨ-ਜਾਚ ਸਿਖਦਾ ਤੇ ਆਪਣੇ ਆਚਰਣ ਨੂੰ ਢਾਲਦਾ ਹੈ। ਗਿਆਨ-ਵਿਹੂਣਾ ਮਨੁੱਖ ਅੰਨ੍ਹਾ ਹੈ। ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਉਤਰਅਧਿਕਾਰੀਆਂ ਦੀ ਲਹਿਰ ਗਿਆਨ ਤੇ ਵਿਚਾਰ ਦੀ ਲਹਿਰ ਹੈ। ਇਸ ਬੁਨਿਆਦੀ ਸਿਫ਼ਤ ਨੂੰ ਅਸਾਂ ਹਰ ਸਮੇਂ ਹੀ ਸਾਹਮਣੇ ਰਖ ਕੇ ਇਸ ਉਤੇ ਚਲਣਾ ਹੈ। ਵਾਦਵਿਵਾਦ ਤੇ ਝਗੜਾਲੂ ਬਿਰਤੀ ਤੋਂ ਦੂਰ ਰਹਿੰਦੇ ਹੋਏ, ਸਹਿਜ-ਗਿਆਨ ਦੀ ਪ੍ਰਾਪਤੀ ਕਰਨੀ ਹੈ। ਇਹ ਕਰਮਕਾਂਡੀਆਂ ਦਾ ਧਰਮ ਨਹੀਂ, ਇਥੇ ਕਰਨੀ ਪ੍ਰਧਾਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜਹੇ ਅਮੋਲ ਅਧਿਆਤਮਕ, ਪੂਰਨ ਬੁਨਿਆਦੀ ਸੱਚ ਦੇ ਖ਼ਜ਼ਾਨੇ ਦੇ ਹੁੰਦਿਆਂ ਹੋਇਆਂ ਵੀ, ਸਿੱਖੀ ਬ੍ਰਾਹਮਣਵਾਦ ਦੇ ਸ਼ਕੰਜੇ ਵਿਚ ਲਗਭਗ ਹਰ ਪਹਿਲੂ ਤੋਂ ਜਕੜੀ ਹੋਈ ਹੈ। ਇਸ ਦਾ ਕੀ ਕਾਰਨ ਹੈ ? ਸਿੱਖੀ ਵਿਚ ਬ੍ਰਾਹਮਣਵਾਦ ਦੇ ਰੱਲੇ ਮਿਸ਼ਰਣ ਦੀ ਸਮੱਸਿਆ ਬਹੁਤ ਪੁਰਾਤਨ ਹੈ। ਮਹਾਨ ਅਨੁਭਵੀ ਚਿੰਤਕਾਂ ਨੇ ਸਮੇਂ ਸਮੇਂ ਤੇ ਆਪੋ ਆਪਣੇ ਢੰਗ ਨਾਲ ਸਿੱਖੀ ਨੂੰ ਬ੍ਰਾਹਮਣਵਾਦ ਤੋਂ ਨਖੇੜਨ ਦਾ ਯਤਨ ਜਾਰੀ ਰਖਿਆ ਤੇ ਇਹ ਜਾਰੀ ਹੈ। ਸਿੱਖੀ ਵਿਚ ਸਮਾਏ ਬ੍ਰਾਹਮਣਵਾਦ ਦੇ ਕੁਝ ਕੁ ਅੰਸਾਂ ਨੂੰ ਵਾਚਣ ਦਾ ਜਤਨ ਕਰ ਰਿਹਾ ਹਾਂ ਤਾਂ ਜੋ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਭਾਵਾਂ ਨੂੰ ਗੁਰਮਤਿ ਅਨੁਕੂਲ ਧਾਰਨਾਵਾਂ ਅਨੁਸਾਰ ਅਪਣਾ ਸਕੀਏ ਅਤੇ ਗੁਰਮਤਿ-ਪ੍ਰਤੀਕੂਲ ਧਾਰਨਾਵਾਂ ਨੂੰ ਤਿਆਗ ਸਕੀਏ। ਸ਼ਰਧਾ ਉਪਰ ਵਿਚਾਰ ਤੇ ਗਿਆਨ ਦੀ ਪਾਣ ਚਾੜ੍ਹਨੀ ਅਤਿ ਜ਼ਰੂਰੀ ਹੈ। ਨਹੀਂ ਤਾਂ ਅੰਧ-ਵਿਸ਼ਵਾਸ਼ੀ ਸ਼ਰਧਾ ਵਹਿਮ ਤੇ ਪਾਖੰਡ ਹੋ ਨਿਬੜਦੀ ਹੈ।

ਬ੍ਰਾਹਮਣਵਾਦ ਨੇ ਕਈ ਤਰ੍ਹਾਂ ਦੇ ਕਰਮ ਕਾਂਡ ਨੂੰ ਜਨਮ ਦਿਤਾ। ਬ੍ਰਾਹਮਣਵਾਦ ਤੇ ਸਿੱਖ ਧਰਮ ਦੀ ਦੌੜ, ਸਿੱਖੀ ਦੇ ਅਰੰਭ-ਕਾਲ ਤੋਂ ਹੀ ਲੱਗੀ ਹੋਈ ਹੈ, ਤੇ ਅਜੇ ਤਕ ਜਾਰੀ ਹੈ। ਸਿੱਖੀ ਵਿਚ ਜਿਤਨਾ ਕਰਮ ਕਾਂਡ ਰਲਿਆ ਹੈ, ਉਸ ਸਾਰੇ ਦੇ ਸਾਰੇ ਦਾ ਸਮਾਧਾਨ, ਗੁਰਬਾਣੀ ਵਿਚੋਂ ਮਿਲ ਜਾਂਦਾ ਹੈ, ਸਾਨੂੰ ਭਟਕਣ ਦੀ ਲੋੜ ਨਹੀਂ।

ਸਭ ਤੋਂ ਪਹਿਲਾਂ ਅਸੀਂ ਇਹ ਜਾਣ ਲਈਏ ਕਿ ਕਰਮ ਕਾਂਡ ਕੀ ਹੈ, ਤਾਂ ਅਗਲਾ ਪ੍ਰਕਰਣ ਹੋਰ ਸਪਸ਼ਟ ਹੋ ਜਾਵੇਗਾ। ਭਾਈ ਸਾਹਿਬ ਕਾਹਨ ਸਿੰਘ ਜੀ ਨਾਭਾ ਦੇ ਮਹਾਨ ਕੋਸ਼ ਅਨੁਸਾਰ ਕਰਮਕਾਂਡ ਸ਼ਾਸਤਰ ਦਾ ਉਹ ਕਾਂਡ (ਭਾਗ) ਹੈ, ਜਿਸ ਵਿਚ ਕਰਮ ਦਾ ਵਰਣਨ ਹੈ—ਜਿਹੜੇ ਕਰਮ ਵਿਹਿਤ ਹਨ ਤੇ ਜਿਹੜੇ ਨਿਸ਼ਿੱਧ, ਕਿਸ ਕਿਸ ਨੂੰ ਕਿਹੜੇ ਕਿਹੜੇ ਕਰਮ ਕਿਸ ਸਮੇਂ ਕਰਨੇ ਚਾਹੀਦੇ ਹਨ। ਭਾਵਨਾ ਤੇ ਸਮਝ-ਵਿਹੂਣਾ ਕਰਮ ਕਰਮਕਾਂਡ ਹੈ :
"ਕਰਮ ਕਾਂਡ ਬਹੁ ਕਰਹਿ ਅਚਾਰ, ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ।"

ਕਿਸੇ ਦੇਵੀ-ਦੇਵਤੇ ਨੂੰ ਪੂਜਾ ਦੁਆਰਾ ਰਿਝਾਣ ਲਈ ਕੀਤੀ ਗਈ ਉਪਾਸ਼ਨਾ ਨੂੰ ਕਰਮਕਾਂਡ ਦਾ ਨਾਂ ਦਿਤਾ ਜਾਂਦਾ ਹੈ। ਇਸ ਯਗ ਵਿਚ ਭਾਂਤ ਭਾਂਤ ਦੀਆਂ ਸਮੱਗਰੀਆਂ ਹਵਨ-ਕੁੰਡ ਵਿਚ ਪਾਈਆਂ ਜਾਂਦੀਆਂ ਹਨ। ਕਿਸੇ ਵਿਸ਼ੇਸ਼ ਜੀਵ ਦੀ ਕੁਰਬਾਨੀ ਵੀ ਕੀਤੀ ਜਾਂਦੀ ਹੈ (ਜਿਵੇਂ ਕੱਲਕਤੇ ਵਿਚ ਕਾਲੀ (ਕਾਲਕਾ) ਦੇਵੀ ਦੇ ਨਾਂ ਉਤੇ ਝੋਟੇ ਕੁਰਬਾਨ ਕੀਤੇ ਜਾਂਦੇ ਹਨ)। ਵੱਖੋ ਵੱਖਰੇ ਦੇਵੀ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਵੱਖ ਵੱਖ ਜੀਵਾਂ ਦੀ ਕੁਰਬਾਨੀ ਵਲ ਇਸ਼ਾਰਾ ਗੁਰਬਾਣੀ ਵਿਚ ਮਿਲਦਾ ਹੈ :

"ਗੈਂਡਾ ਮਾਰਿ ਹੋਮ ਜਗੁ ਕੀਏ ਦੇਵਤਿਆ ਕੀ ਬਾਣੇ।"

ਅਸ੍ਵਮੇਧ (ਘੋੜਾ) ਯਗ ਵੀ ਪ੍ਰਚਲਤ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਜਿਹੀਆਂ ਰੀਤਾਂ ਬਾਰੇ ਗੁਰਮਤਿ ਅਨੁਸਾਰ ਨਿਰਨਾ ਇਸ ਤਰ੍ਹਾਂ ਕੀਤਾ ਗਿਆ ਹੈ :

ੳ. "ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ। ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ। ਸੰਤਹੁ ਸਾਗਰੁ ਪਾਰਿ ਉਤਰੀਐ। ਜੇ ਕੋ ਬਚਨ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ। ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ। ਸਾਧ ਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ॥ ਬੇਦ ਕਤੇਬ ਸਿਮ੍ਰਿਤਿ ਸਭ ਸਾਸਤ ਇਨ ਪੜਿਆ ਮੁਕਤਿ ਨਾ ਹੋਈ। ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ। ਖਤ੍ਰੀ ਬ੍ਰਾਹਮਣੁ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ। ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥"

ਅ. "ਕਰਮ ਧਰਮ ਨੇਤ ਬ੍ਰਤ ਪੂਜਾ। ਪਾਰ ਬ੍ਰਹਮ ਬਿਨੁ ਜਾਨੁ ਨ ਦੂਜਾ॥"

ੲ. "ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ। ਸੰਸਾ ਸਦ ਰਿਦੈ ਬਸੈ, ਕਉਨੁ ਹਿਰੈ ਅਭਿਮਾਨੁ। ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ। ਪ੍ਰੇਮ ਭਗਤਿ ਨਹੀਂ ਉਪਜੈ, ਤਾਤੇ ਰਵਿਦਾਸ ਉਦਾਸ॥"

ਸ. "ਕਿਰਿਆ ਚਾਰ ਕਰਹਿ ਖਟ ਕਰਮਾ ਇਤੁ ਰਾਤੇ ਸੰਸਾਰੀ। ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ। ਅਠ ਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ। ਅਨਿਕ ਸੋਚ ਕਰਹਿ ਦਿਨ ਰਾਤੀ, ਬਿਨੁ ਸਤਿਗੁਰ ਅੰਧਿਆਰੀ। ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ। ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ॥"

ਹ. "ਰਾਮ ਨਾਮ ਗੁਣ ਗਾਇ ਪੰਡਿਤ। ਕਰਮ ਕਾਂਡ ਅਹੰਕਾਰ ਨ ਕਾਜੈ, ਕੁਸਲ ਸੇਤੀ ਘਰਿ ਜਾਹਿ ਪੰਡਿਤ॥"

ਕਰਮਕਾਂਡ ਦੇ ਪ੍ਰਹਾਰ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੁਨਿਆਦੀ ਤੌਰ ਉਤੇ, ਇਸ ਦੇ ਹਰੇਕ ਪਹਿਲੂ–ਜਿਹਾ ਕਿ ਸੂਤਕ-ਪਾਤਕ, ਪਿੰਡ ਪੱਤਲ, ਸ਼ਖ਼ਸੀ ਪੂਜਾ, ਸ਼ਰਾਧ, ਵਰਤ, ਜਨਮ ਤੋਂ ਮਰਨ ਤਕ ਦੇ ਸੰਸਕਾਰਾਂ ਲਈ ਸੇਧਾਂ ਮੌਜੂਦ ਸਨ, ਪਰ ਸਿੱਖ ਰਾਜ ਸਮੇਂ ਸਿੱਖ ਸਮਾਜ ਵਿਚ ਬ੍ਰਾਹਮਣਵਾਦ ਨੇ ਆਪਣੇ ਪੂਰੀ ਤਰ੍ਹਾਂ ਪੈਰ ਪਸਾਰ ਲਏ। ਉਸ ਤੋਂ ਪਹਿਲਾਂ ਮਿਸਲਾਂ ਸਮੇਂ ਕਈ ਤਰ੍ਹਾਂ ਦੀਆਂ ਪੁਸਤਕਾਂ ਲਿਖੀਆਂ ਗਈਆਂ, ਚਤੁਰ ਪੁਰਸ਼ਾਂ ਨੇ ਕਈ ਤਰ੍ਹਾਂ ਦੇ ਪ੍ਰਾਕਰਣ, ਉਨ੍ਹਾਂ ਵਿਚ ਮਿਲਾ ਕੇ ਆਪਣੀ ਭਾਵਨਾ ਅਨੁਸਾਰ ਸਿੱਖੀ ਦੇ ਸਵੱਛ ਤੇ ਗੁਰਮਤਿ ਅਸੂਲਾਂ ਵਿਚ ਘੁਸਪੈਠ ਕੀਤੀ।

"ਕਾਜੀ ਕੂੜੁ ਬੋਲਿ ਮਲੁ ਖਾਇ। ਬ੍ਰਾਹਮਣ ਨਾਵੈ ਜੀਅ ਘਾਇ।
ਜੋਗੀ ਜੁਗਤਿ ਨ ਜਾਣੈ ਅੰਧ। ਤੀਨੇ ਓਜਾੜੇ ਕਾ ਬੰਧੁ॥"

ਇਕ ਪਾਸੇ ਸਿੱਖ ਧਰਮ ਦਾ ਬ੍ਰਾਹਮਣਵਾਦ ਦੇ ਮਿਥਿਆਵਾਦੀ ਕਰਮਕਾਂਡ ਨਾਲ ਡਾਢਾ ਸੰਘਰਸ਼ ਸੀ। ਦੂਜੇ ਪਾਸੇ ਇਹ ਹਾਕਮਾਂ ਦਾ ਪਖ ਪੂਰਨ ਲਈ ਵਿਗਾੜੇ ਇਸਲਾਮ ਦੀ ਸ਼ਰੀਅਤ ਦੀਆਂ ਕਰੜੀਆਂ ਜ਼ੰਜੀਰਾਂ ਵਿਚ ਜਕੜੀ ਮਨੁਖਤਾ ਨੂੰ ਵੰਗਾਰ ਰਿਹਾ ਸੀ। ਤੀਜੇ ਪਾਸੇ ਯੋਗੀਆਂ ਨਾਲ ਵੀ ਗੋਸ਼ਟੀਆਂ ਕਰਕੇ ਉਨ੍ਹਾਂ ਨੂੰ ਸੱਚੇ ਮਾਰਗ ਵਲ ਲਿਆਉਣ ਦੀ

ਪ੍ਰੇਰਨਾ ਦੇਣ ਦਾ ਕੰਮ ਸੀ। ਇਸ ਤ੍ਰੈਮੁਖੀ ਯੁਧ ਨੂੰ ਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤਾ ਤੇ ਉਨ੍ਹਾਂ ਦੇ ਨੌਂ ਉਤਰ-ਅਧਿਕਾਰੀਆਂ ਨੇ ਇਸ ਵਿਚਾਰ-ਯੁੱਧ ਨੂੰ ਜਾਰੀ ਰਖਿਆ ਤੇ ਬੇਅੰਤ ਪ੍ਰਾਣੀਆਂ ਨੂੰ ਸੱਚੇ ਅਧਿਆਤਮਵਾਦ ਦੀ ਪ੍ਰਚੰਡ ਰੋਸ਼ਨੀ ਵਿਚ ਗੁਰਮਤਿ ਗਾਡੀਰਾਹ ਉਤੇ ਚਲਣ ਦੀ ਪ੍ਰੇਰਨਾ ਦਿਤੀ। ਬ੍ਰਾਹਮਣ ਵਿਚਾਰਧਾਰਾ ਫ਼ਿਨਿਕਸ ਪੰਛੀ ਵਾਂਗ ਹੈ ਜੋ ਆਪਣੇ ਸਰੀਰ ਦੀ ਆਹੂਤੀ ਅਗਨੀ ਵਿਚ ਦੇ ਕੇ ਮੁੜ ਯੁਵਕ ਹੋ ਨਿਬੜਦਾ ਹੈ। ਮਿਸਲਾਂ ਤੇ ਸਿੱਖ ਰਾਜ ਉਪਰੰਤ ਤਾਂ ਇਹ ਘੁਣ ਵਾਂਗ ਸਿੱਖੀ ਦੇ ਬ੍ਰਿਛ ਦੀਆਂ ਜੜ੍ਹਾਂ ਉਤੇ ਭਾਰੂ ਹੋ ਗਿਆ। ਚਤੁਰ ਪੁਰਸ਼ਾਂ ਨੇ ਕਈ ਤਰ੍ਹਾਂ ਦੇ ਪ੍ਰਾਕਰਣ ਇਕੱਤਰ ਕਰਕੇ ਆਪਣੀ ਭਾਵਨਾਂ ਅਨੁਸਾਰ ਲਿਖ ਲਏ। ਇਹ ਮਸ਼ਹੂਰ ਸਿਖਾਂ ਦੇ ਨਾਂ ਥੱਲੇ, ਗੁਰੂ ਗੋਬਿੰਦ ਸਿੰਘ ਜੀ ਵਲੋਂ ਲਿਖਵਾਏ ਹੋਏ ਦਸ ਕੇ, ਰਹਿਤਨਾਮਿਆਂ ਦੇ ਰੂਪ ਵਿਚ ਜਾਰੀ ਕਰ ਦਿਤੇ।

ਰਹਿਤਨਾਮਿਆਂ ਦੇ ਦੌਰ ਤੋਂ ਪਹਿਲਾਂ, ਅਰਥਾਤ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਵੀ, ਗੁਰਬਾਣੀ ਵਿਚ ਕੱਚੀ ਬਾਣੀ ਦੇ ਮਿਲਾਉਣ ਦਾ ਸੰਕਟ ਆਇਆ ਸੀ, ਪਰ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਇਸ ਸੰਕਟ ਦਾ ਸਮਾਧਾਨ ਕਰ ਦਿਤਾ। ਰਹਿਤਾਂ ਤੇ ਮਰਯਾਦਾਵਾਂ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਕਰ ਦਿਤੀਆਂ। ਜੇਕਰ ਕੋਈ ਵਿਸ਼ੇਸ਼ ਗਲ ਖੰਡੇ ਦੀ ਪਾਹੁਲ ਤੋਂ ਮਗਰੋਂ ਹੋਈ ਤਾਂ ਗੁਰੂ ਗੋਬਿੰਦ ਸਿੰਘ ਜੀ, ਕਿਉਂਕਿ ਗੁਰੂ ਅਰਜਨ ਸਾਹਿਬ ਜੀ ਦੀ ਚਲਾਈ ਪ੍ਰਥਾ ਤੋਂ ਭਲੀ ਭਾਂਤ ਜਾਣੂ ਸਨ, ਉਹ ਰਹਿਤਾਂ ਕੁਰਹਿਤਾਂ ਵੀ ਆਪਣੇ ਹੱਥੀਂ ਹੀ ਲਿਖ ਜਾਂਦੇ। ਅਰਥਾਤ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦਮਦਮੀ ਬੀੜ ਦੀ ਨਵੇਂ ਸਿਰਿਓਂ ਰਚਨਾ ਕਰ ਸਕਦੇ ਸਨ ਤਾਂ ਇਸ ਵਿਚ ਰਹਿਤਾਂ ਵੀ ਦਰਜ ਹੋ ਸਕਦੀਆਂ ਸਨ, ਜਾਂ ਵੱਖਰੀਆਂ ਹੀ ਆਪਣੇ ਹੱਥੀਂ ਲਿਖੀਆਂ ਜਾ ਸਕਦੀਆਂ ਸਨ। ਸਾਡੀ ਤੁੱਛ ਬੁਧੀ ਅਨੁਸਾਰ ਸਾਨੂੰ ਇਹ ਸਮਝ ਆਉਂਦੀ ਹੈ ਕਿ ਸਿੱਖੀ ਮਾਰਗ ਦੀਆਂ ਰਹਿਤਾਂ ਤਾਂ ਪਹਿਲਾਂ ਹੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੋਈਆਂ ਹੋਈਆਂ ਸਨ। ਜੇਕਰ ਇਨ੍ਹਾਂ ਤੋਂ ਇਲਾਵਾ ਕੋਈ ਵਿਸ਼ੇਸ਼ ਰਹਿਤ ਹੁੰਦੀ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਜ਼ਰੂਰ ਕਿਸੇ ਨਿਜੀ ਜਾਰੀ ਕੀਤੇ ਹੁਕਮਨਾਮੇ ਵਿਚ ਲਿਖ ਦੇਂਦੇ।

ਸੁਲੱਭ ਰਹਿਤਨਾਮੇ ਜੇਕਰ ਗਹੁ ਨਾਲ ਵਿਚਾਰੇ ਜਾਣ ਤਾਂ ਵਿਕੋਲਿਤਰੇ-ਤਰਦੀਦੀ ਵਿਚਾਰਾਂ ਨਾਲ ਭਰਪੂਰ ਹੋਣ ਕਰਕੇ ਸ਼ੰਕਾ ਪੈਦਾ ਹੁੰਦਾ ਹੈ ਕਿ ਕੀ ਅਜਿਹੇ ਰਹਿਤਨਾਮੇ ਵੱਖ ਵੱਖ ਲਿਖਾਰੀਆਂ ਨੇ ਆਪਣੀਆਂ ਮਨੋ-ਭਾਵਨਾਵਾਂ ਦੇ ਅਨੁਸਾਰ ਹੀ ਤਾਂ ਨਹੀਂ ਲਿਖ ਲਏ ? ਇਹ ਇਕ ਵੱਖਰਾ ਤੇ ਵਿਸਥਾਰ ਮੰਗਦਾ ਵਿਸ਼ਾ ਹੈ, ਤੇ ਮੈਂ ਪੁਰਜ਼ੋਰ ਬੇਨਤੀ ਕਰਾਂਗਾ ਕਿ ਸਿੱਖੀ-ਵਿਚਾਰਧਾਰਾ ਨੂੰ ਸੁਰਜੀਤ ਰਖਣ ਵਾਲੇ ਵਿਦਵਾਨਾਂ ਖੋਜੀਆਂ ਤੇ ਸੁਧਾਰਕਾਂ ਨੂੰ ਅਜਿਹੇ ਰਹਿਤਨਾਮਿਆਂ ਉਤੇ ਪੂਰੀ ਪੜਚੋਲ ਪਰਖ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਸਿੱਖੀ ਵਿਚ ਆ ਚੁਕੇ ਬ੍ਰਾਹਮਣਵਾਦ ਨੂੰ ਠੱਲ੍ਹ ਪਾਉਣ ਲਈ ਉਪਰਾਲਾ ਕੀਤਾ ਜਾ ਸਕੇਗਾ। ਜੇਕਰ ਅਸੀਂ ਅਜਿਹੇ ਬੁਨਿਆਦੀ ਕਾਰਨਾਂ ਵਲ ਛੇਤੀ ਹੀ ਪਰਖਵੀਂ ਝਾਤੀ ਨਾ ਪਾਈ, ਤਾਂ

ਅਸੀਂ ਚਤੁਰ ਪੁਰਸ਼ਾਂ ਵਲੋਂ ਪਾਏ ਗਏ ਭੁਲੇਖੇ—ਕਿ ਇਹ ਸਭੋ ਰਹਿਤਨਾਮੇ ਗੁਰੂ ਕਾ ਆਦੇਸ਼ ਹਨ (ਭਾਵੇਂ ਇਨ੍ਹਾਂ ਵਿਚ ਗੁਰਮਤਿ-ਵਿਰੋਧੀ ਤੇ ਗੁਰੂਆਂ ਦੀ ਸੁਚੀ ਵਿਚਾਰਧਾਰਾ ਦੇ ਪ੍ਰਤਿਕੂਲ ਬਹੁਤ ਸਾਰਾ ਅੰਸ ਹੈ)—ਦੇ ਸ਼ਿਕਾਰ ਬਣਕੇ ਗੁਰਮਤਿ ਗਾਡੀਰਾਹ ਤੋਂ ਉਖੜ ਚੁਕੇ ਹੋਵਾਂਗੇ। ਅਜਿਹੇ ਰਹਿਤਨਾਮੇ ਗੁਰੂ ਸਾਹਿਬ ਵਲੋਂ ਨਾ ਹੋਣ ਦੀ ਮੁਖ ਦਲੀਲ ਇਹ ਹੈ ਕਿ ਇਹ ਭਾਂਤ ਭਾਂਤ ਦੇ ਹਨ ਤੇ ਇਨ੍ਹਾਂ ਦੇ ਕਰਤਾ ਇਕ ਨਹੀਂ। ਭਾਈ ਨੰਦ ਲਾਲ ਜੀ (ਰਹਿਤਨਾਮਾ, ਤਨਖ਼ਾਹ ਨਾਮਾ, ਸਾਖੀ ਰਹਿਤ ਕੀ), ਭਾਈ ਪ੍ਰਹਿਲਾਦ ਸਿੰਘ ਜੀ, ਭਾਈ ਦਯਾ ਸਿੰਘ ਜੀ, ਭਾਈ ਚੌਪਾ ਸਿੰਘ ਜੀ, ਭਾਈ ਕੇਸਰ ਸਿੰਘ ਛਿਬਰ, ਪ੍ਰੇਮ ਸੁਮਾਰਗ, ਭਾਈ ਦੇਸਾ ਸਿੰਘ, ਭਾਈ ਸਾਹਿਬ ਸਿੰਘ ਤੇ ਇਨ੍ਹਾਂ ਤੋਂ ਇਲਾਵਾ ਮੁਕਤਿਆਨਾਮਾ, ਰਹਿਤਨਾਮਾ ਵਾਜੁਬਲ-ਅਰਜ਼ (ਸਹਿਜਧਾਰੀਆਂ ਲਈ ਵੱਖਰਾ) ਆਦਿ ਆਦਿ।*

ਉਧਾਹਰਣ ਲਈ ਕੇਵਲ ਤਿੰਨ ਰਹਿਤਨਾਮਿਆਂ ਵਿਚੋਂ ਹੀ ਕੁਝ ਟੂਕ-ਮਾਤਰ ਹਵਾਲਿਆਂ ਦਾ ਵਰਣਨ ਕਰ ਰਿਹਾ ਹਾਂ। ਦੇਗ ਦਾ ਇਕ ਦਾਣਾ ਟੋਹ ਕੇ ਸਿਆਣੇ ਸਾਰੀ ਦੇਗ ਬਾਰੇ ਅਨੁਮਾਨ ਲਾ ਸਕਦੇ ਹਨ।

ਰਹਿਤਨਾਮਾ ਭਾਈ ਨੰਦ ਲਾਲ ਜੀ ਵਿਚ ਇਕ ਥਾਂ ਲਿਖਿਆ ਹੈ, "ਅਤੇ ਜੇ ਸਰਾਧ ਆਵਨ ਤਾਂ ਛੱਤੀ ਪ੍ਰਕਾਰ ਦਾ ਪ੍ਰਸਾਦੁ ਕਰੈ। ਕਰਕੈ ਤਿਆਰ ਪ੍ਰਸਾਦਿ, ਅਤੇ ਖ਼ਾਲਸੇ ਨੂੰ ਸੱਦ ਕੇ ਆਨੰਦ ਪੜ੍ਹੇ। ਪੜ੍ਹ ਕੇ ਅਨੰਦ ਅਰਦਾਸ ਕਰੇ। ਸਿੱਖਾਂ ਨੂੰ ਪ੍ਰਸਾਦਿ ਖਵਾਵੇ। ਤਾਂ ਇਸ ਦਾ ਦਿਤਾ ਥਾਇ ਪੜੇ ਅਤੇ ਪਿਤਰਾਂ ਨੂੰ ਭੀ ਪਹੁੰਚੇ।"

ਵਿਚਾਰਵਾਨ ਇਸ ਟੂਕ ਨੂੰ ਗੁਰਬਾਣੀ ਦੀ ਕਸਵੱਟੀ ਉਤੇ ਪਰਖਣ: "ਜੀਵਤਿ ਪਿਤਰ ਨ ਮਾਨੈ ਕੋਊ ਮੂਏ ਸਿਰਾਧ ਕਰਾਹੀ। ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ", ਸਤਿਗੁਰਾਂ ਦੇ ਇਸ ਹੁਕਮ ਅਨੁਸਾਰ ਕੀ ਗੁਰਬਾਣੀ ਸਾਨੂੰ ਸਰਾਧ ਕਰਨ ਦੀ ਪ੍ਰਵਾਨਗੀ ਦੇਂਦੀ ਹੈ? ਸਾਨੂੰ ਆਪਣੇ ਸਾਰੇ ਕਾਰਜ ਗੁਰਬਾਣੀ ਅਨੁਸਾਰ ਹੀ ਕਰਨੇ ਬਣਦੇ ਹਨ। ਗੁਰੂ ਸਾਹਿਬ ਨੇ ਬ੍ਰਾਹਮਣਵਾਦ ਦਾ ਖੰਡਨ ਕੀਤਾ ਸੀ, ਤੇ ਕਰਮਕਾਂਡ ਦਾ ਖੰਡਨ ਕੀਤਾ ਸੀ। ਉਨ੍ਹਾਂ ਦਾ ਪ੍ਰਯੋਜਨ ਕਿਸੇ ਵਿਸ਼ੇਸ਼ ਸ਼ਰੇਣੀ ਅਥਵਾ ਬ੍ਰਾਹਮਣ ਤੋਂ ਹੀ ਕੇਵਲ

---

*ਰਹਿਤਨਾਮਿਆਂ ਦੇ ਅਧਿਆਨ ਤੋਂ ਸਪਸ਼ਟ ਹੁੰਦਾ ਹੈ ਕਿ ਬਹੁਤੇਰਹਿਤਨਾਮੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਹੁਤ ਸਮਾਂ ਮਗਰੋਂ ਲਿਖੇ ਗਏ। "ਹੁਕਮਨਾਮਾ ਅਕਾਲ ਪੁਰਖ ਜੀ ਕਾ ਸਭ ਸਿਖਾਂ ਪ੍ਰਤਿ ਦਾ ਸੰਨ ਸੰਮਤ ਮਹੀਨਾ ਅਤੇ ਵਾਰ ਮਿਲਦਾ ਹੈ ਤੇ ਲਿਖਾਰੀ ਦਾ ਨਾਮ ਵੀ ਦਿਤਾ ਹੋਇਆ ਹੈ। ਏਹ ਰਹਿਤਨਾਮਾ ਸੰਨ 1856 ਵਿਚ ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਨੇ ਭਾਈ ਰੂਪ ਸਿੰਘ ਜੀ ਰਾਜੜ ਨਿਵਾਸੀ ਪਾਸੋਂ ਲਿਖਵਾਇਆ। ਇਸ ਵਿਚ ਗੁਰਮਤਿ ਅਨੁਸਾਰ ਸਾਰੀਆਂ ਕਾਰਜ ਵਿਧੀਆਂ ਦਾ ਵਰਨਣ ਹੈ ਪਰ ਇਹ ਹੈਰਾਨੀ ਦੀ ਗਲ ਹੈ ਕਿ ਬਹੁਤੇ ਸਿਖ ਵਿਦਵਾਨਾਂ ਨੇ ਇਸ ਲਿਖਤ ਤੇ ਵਿਚਾਰ ਕਰਨਾ ਤਾਂ ਇਕ ਪਾਸੇ, ਇਸ ਲਿਖਤ ਦਾ ਰਹਿਤਨਾਮਿਆਂ ਦੀ ਸੂਚੀ ਵਿਚ ਵੀ ਕਦੇ ਜ਼ਿਕਰ ਨਹੀਂ ਕੀਤਾ, ਇਸਦਾ ਅੰਗਰੇਜ਼ੀ ਅਨੁਵਾਦਿ ਪੁਸਤਕ, "The Nirankari Sikhs" by John C.B. Webster, Appondix G. ਵਿਚੋਂ ਵੇਖੋ। ਇਹ ਕ੍ਰਿਤ ਮਹੱਤ ਭਰਪੂਰ ਹੈ। ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦੀ ਸਹੀ ਵਿਆਖਿਆ ਕਰਦੀ ਹੈ।

ਨਹੀਂ ਸੀ, ਸਗੋਂ ਸਿੱਖੀ ਵਿਚ ਆ ਜਾਣ ਵਾਲੇ ਸਮੁਚੇ ਬ੍ਰਾਹਮਣਵਾਦ ਤੋਂ ਵੀ ਸੀ। ਉਨ੍ਹਾਂ ਦਾ ਹਰਗਿਜ਼ ਹਰਗਿਜ਼ ਇਹ ਭਾਵ ਨਹੀਂ ਸੀ ਕਿ ਇਕ ਤਰ੍ਹਾਂ ਦਾ ਹਿੰਦੂ ਬ੍ਰਾਹਮਣ ਖ਼ਤਮ ਹੋ ਕੇ ਨਵੀਂ ਤਰ੍ਹਾਂ ਦਾ ਸਿੱਖ-ਬ੍ਰਾਹਮਣ ਪੈਦਾ ਹੋ ਜਾਏ।

ਇਸੇ ਰਹਿਤਨਾਮੇ ਵਿਚ ਅਗੇ ਜਾ ਕੇ ਲਿਖਿਆ ਹੈ :

"......ਇਸਤਰੀ ਦੇ ਜਾਮੇ ਤੇ ਵਿਸਾਹੁ ਨ ਕਰਨਾ। ਅੰਤਿਰ ਦਾ ਲਾਹਾ ਇਸਤ੍ਰੀ ਕਉ ਨਹੀਂ ਦੇਵਣਾ।" ਪਰ ਗੁਰਬਾਣੀ ਵਿਚ ਇਸਤਰੀ ਦੀ ਉਚ ਹਸਤੀ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਸਵੀਕਾਰਦਿਆਂ ਹੋਇਆਂ ਪੁਰਜ਼ੋਰ ਸ਼ਬਦਾਂ ਵਿਚ 'ਸੋ ਕਿਉ ਮੰਦਾ ਆਖਿਐ ਜਿਤ ਜੰਮੇ ਰਾਜਾਨ' ਉਚਾਰ ਕੇ ਆਸਾ ਦੀ ਵਾਰ ਵਿਚ ਇਸਤਰੀ ਦੀ ਮਹੱਤਤਾ ਨੂੰ ਉਜਾਗਰ ਕੀਤਾ।

ਰਹਿਤਨਾਮਾਂ ਭਾਈ ਪ੍ਰਹਿਲਾਦ ਸਿੰਘ ਦੇ ਸ਼ੁਰੂ ਵਿਚ ਹੀ ਲਿਖਿਆ ਮਿਲਦਾ ਹੈ: "ਹੁਕਮ ਹੋਯਾ ਪ੍ਰਹਿਲਾਦ ਸਿੰਘ, ਬਿਪ੍ਰ ਜਾਤਿ ਹੰਸਰਾਇ।" ਕੀ ਇਸ ਰਹਿਤਨਾਮੇ ਦੀ ਇਹ ਟੂਕ ਗੁਰਮਤਿ ਦੇ ਆਸ਼ੇ : "ਜੌ ਤੂੰ ਬ੍ਰਾਹਮਣੁ ਬ੍ਰਾਹਮਣੀ ਜਾਇਆ, ਤਉ ਆਨ ਬਾਟ ਕਾਹੇ ਨਹੀਂ ਆਇਆ। ਤੁਮ ਕਤ ਬ੍ਰਾਹਮਣ ਹਮ ਕਤ ਸੂਦ। ਹਮ ਕਤ ਲੋਹੂ ਤੁਮ ਕਤ ਦੂਧ" (ਪੰਨਾ 324) ਅਨੁਸਾਰ ਪੂਰੀ ਉਤਰਦੀ ਹੈ ?

ਹੋਰ ਵੇਖੋ ਇਸੇ ਰਹਿਤਨਾਮੇ ਦੀ ਪਹਿਲੀ ਤੁਕ 'ਅਬਚਲ ਨਗਰ ਬੈਠੇ ਗੁਰੂ, ਮਨ ਮਹਿ ਕੀਆ ਬਿਚਾਰ' ਤੋਂ ਸ਼ੁਰੂ ਹੁੰਦੀ ਹੈ ਤੇ ਇਹ ਰਹਿਤਨਾਮਾ ਸੰਮਤ 1752 (1695 ਈ:) ਵਿਚ ਲਿਖਿਆ ਗਿਆ, ਜਦ ਕਿ ਅਜੇ ਨਾਂਦੇੜ ਦਾ ਨਾਂ ਅਬਚਲ ਨਗਰ ਨਹੀਂ ਸੀ ਪਿਆ। ਅਬਚਲ ਨਗਰ ਨਾਮ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਕਾਫ਼ੀ ਮਗਰੋਂ ਪਿਆ ਸੀ। ਵਿਦਵਾਨਾਂ ਨੂੰ ਪਤਾ ਹੈ ਕਿ ਅੰਮ੍ਰਿਤ ਸੰਸਕਾਰ 1699 ਈ: ਵਿਚ ਹੋਇਆ ਸੀ; ਤਾਂ ਕੀ ਇਹ ਰਹਿਤਨਾਮਾ 4 ਸਾਲ ਪਹਿਲਾਂ ਹੀ ਜਾਰੀ ਹੋ ਗਿਆ ? ਇਸੇ ਤਰ੍ਹਾਂ ਰਹਿਤਨਾਮਾ ਭਾਈ ਦਯਾ ਸਿੰਘ ਦੇ ਸ਼ੁਰੂ ਵਿਚ ਲਿਖਿਆ ਹੈ : 'ਸ੍ਰੀ ਦਸਵੀਂ ਪਾਤਸ਼ਾਹੀ ਆਨੰਦਪੁਰ ਮੇਂ ਬੈਠੇ ਥੇ, ਦਯਾ ਸਿੰਘ ਜੀ ਪ੍ਰਸ਼ਨ ਕੀਆ ਸੁ ਮਹਾਰਾਜ ਜੀ, ਰਹਿਤਨਾਮਾ ਕਹਿਏ ਜਿਸ ਕੇ ਸੁਨਨੇ ਸੇ ਮੁਕਤ ਹੋਇ। ਉਤਰ-ਜਦ ਦੇਵੀ ਪ੍ਰਗਟ ਭਈ ਔਰ ਪਾਂਚ ਪਯਾਰੇ ਸਾਵਧਾਨ ਹੂਏ, ਤਬ ਸਭ ਦੇਵਤਾ ਆਏ। ...ਕੇਸ ਚੰਡੀ ਜੀ ਦਏ, ਬਾਹਨੀ ਕੱਛ ਹਨੂ ਜੀ ਦਈ... ।'

ਮੁਕਤੀ ਸੁਣਨ ਨਾਲ ਨਹੀਂ ਹੁੰਦੀ। ਕੇਸ ਦੇਵੀ ਤੇ ਕੱਛ ਹਨੂਮਾਨ ਜੀ ਵਲੋਂ ਦੇਣੀ ਬੜੀ ਹਾਸੋਹੀਣੀ ਜਹੀ ਵਿਉਂਤ ਲਗਦੀ ਹੈ।

ਗੁਰੂ ਜੀ ਨੇ ਵਖ ਵਖ ਭਾਂਤ ਦੇ ਰਹਿਤਨਾਮੇ ਕਿਉਂ ਲਿਖਾਉਣੇ ਸਨ, ਜਿਨ੍ਹਾਂ ਦੇ ਵਿਚਾਰ ਗੁਰਬਾਣੀ ਦੇ ਅਧਾਰ ਅਨੁਸਾਰ ਨਹੀਂ ਤੇ ਜਿਨ੍ਹਾਂ ਦੀ ਸ਼ਬਦਾਵਲੀ ਤੇ ਵਿਚਾਰਾਂ ਵਿਚ ਸਾਫ ਭਿੰਨਤਾ ਹੈ ! ਜੇਕਰ ਇਹ ਰਹਿਤਨਾਮੇ ਗੁਰੂ ਦਾ ਹੁਕਮ ਹੁੰਦੇ ਤਾਂ ਇਨ੍ਹਾਂ ਵਿਚ ਗੁਰਬਾਣੀ ਦੀ ਤਰ੍ਹਾਂ ਕੋਈ ਵੀ ਉਕਾਈ ਤੇ ਤਰਦੀਦ ਨਾ ਹੁੰਦੀ। ਇਹੋ ਜਹੇ ਰਹਿਤਨਾਮੇ ਗੁਰੂ ਸਾਹਿਬ ਸਿੱਖਾਂ ਵਲੋਂ ਜਾਰੀ ਕਰਾਉਣ ਦੀ ਬਜਾਏ ਆਪ ਵੀ ਤਾਂ ਜਾਰੀ ਕਰ ਸਕਦੇ ਸਨ।

ਮੇਰੀ ਬੜੇ ਜ਼ੋਰਦਾਰ ਸਨਿਮਰ ਸ਼ਬਦਾਂ ਵਿਚ ਬੇਨਤੀ ਹੈ ਕਿ ਅਜਿਹੇ ਰਹਿਤਨਾਮਿਆਂ ਤੇ ਹੋਰ ਪੁਰਾਤਨ ਸਿੱਖ ਸਾਹਿਤ ਦੀ ਪੜਚੋਲ ਹੋਣੀ ਚਾਹੀਦੀ ਹੈ ਤੇ ਜਿਹੜੇ ਗੁਰਮਤਿ ਦੀ ਕਸਵੱਟੀ ਉਤੇ ਪੂਰੇ ਨਹੀਂ ਉਤਰਦੇ, ਉਹਨਾਂ ਦਾ ਪਰਚਾਰ ਵਰਜਿਆ ਜਾਣਾ ਚਾਹੀਦਾ ਹੈ।

ਰਹਿਤਨਾਮਿਆਂ ਵਿਚ ਗੁਰਮਤਿ ਵਿਰੋਧੀ ਧਾਰਨਾਵਾਂ ਦੀ ਭਰਮਾਰ ਹੈ। ਸਾਰੇ ਰਹਿਤਨਾਮੇ 18ਵੀਂ ਸਦੀ ਦੇ ਅੰਤਮ ਸਮੇਂ ਵਿਚ ਰਚੇ ਜਾਣ ਦੀ ਸੰਭਾਵਨਾ ਹੈ। ਰਚਨੇਤਾ ਨੇ ਬੜੀ ਹੁਸ਼ਿਆਰੀ ਨਾਲ ਆਪਣੇ ਨਾਮ ਪ੍ਰਗਟ ਨਹੀਂ ਕੀਤੇ ਅਤੇ ਦਸਮ ਪਾਤਸ਼ਾਹ ਦੇ ਸਮੇਂ ਦੇ ਵਿਦਵਾਨ ਤੇ ਮਹਾਨ ਸਿੱਖਾਂ ਦੇ ਨਾਮ ਇਹਨਾਂ ਰਹਿਤਨਾਮਿਆਂ ਨਾਲ ਜੋੜ ਦਿਤੇ। 'ਪ੍ਰੇਮ ਸੁਮਾਰਗ' ਗ੍ਰੰਥ ਦੇ ਕਰਤਾ ਨੇ ਤਾਂ 'ਸ੍ਰੀ ਦਸਮ ਗ੍ਰੰਥ' ਵਾਂਗ ਪ੍ਰੇਮ 'ਸੁਮਾਰਗ ਗ੍ਰੰਥ' ਨਾਲ ਪਾਤਸ਼ਾਹੀ ਦਸਵੀਂ ਲਿਖ ਕੇ, ਇਹ ਗ੍ਰੰਥ ਦਸਵੀਂ ਪਾਤਸ਼ਾਹੀ ਵਲੋਂ ਉਚਾਰਿਆ ਪ੍ਰਗਟ ਕਰ ਦਿਤਾ। ਮਹਾਨ ਵਿਦਵਾਨ ਭਾਈ ਸੰਤੋਖ ਸਿੰਘ ਜੀ, ਗਿਆਨੀ ਗਿਆਨ ਸਿੰਘ ਜੀ ਅਤੇ ਭਾਈ ਰਤਨ ਸਿੰਘ ਜੀ ਭੰਗੂ ਤਾਂ 19ਵੀਂ ਸਦੀ ਦੇ ਵਿਦਵਾਨ ਗੁਰਸਿੱਖ ਸਨ, ਉਹਨਾਂ ਨੇ ਰਹਿਤ ਮਰਯਾਦਾ ਬਾਰੇ ਪਹਿਲੇ ਲਿਖੇ ਖਰੜਿਆਂ ਤੋਂ ਪ੍ਰੇਰਨਾ ਲਈ ਅਤੇ ਇਹਨਾਂ ਰਹਿਤ-ਨਾਮਿਆਂ ਨੂੰ ਅਧਾਰ ਮੰਨ ਕੇ, ਭੋਲੇ ਭਾ, ਰਹਿਤਨਾਮਿਆਂ ਵਿਚ ਅੰਕਤ ਮਰਯਾਦਾਵਾਂ ਨੂੰ ਆਪਣੇ ਰਚੇ ਗ੍ਰੰਥਾਂ ਲਈ ਵਰਤੋਂ ਵਿਚ ਲੈ ਆਂਦਾ। ਚਤੁਰ ਪੁਰਸ਼ਾਂ ਨੇ ਜੋ ਭੁਲੇਖੇ ਪਾਉਣ ਦਾ ਯਤਨ ਕੀਤਾ, ਉਸ ਵਿਚ ਇਸ ਭਾਂਤ ਉਹ ਸਫਲ ਹੋ ਨਿਬੜੇ।

ਇਹਨਾਂ ਰਹਿਤਨਾਮਿਆਂ ਵਿਚ ਸ੍ਵੈ-ਵਿਰੋਧੀ ਅੰਸ਼ ਹਨ ਤੇ ਇਹ ਗੁਰਮਤਿ ਵਿਰੋਧੀ ਧਾਰਨਾਵਾਂ ਨਾਲ ਵੀ ਭਰਪੂਰ ਹਨ। ਇਨ੍ਹਾਂ ਦੀ ਗਵਾਹੀ ਕਿਸੇ ਤਰ੍ਹਾਂ ਵੀ ਸਹੀ ਨਹੀਂ ਸਮਝੀ ਜਾ ਸਕਦੀ। ਸਾਡੇ ਸਮੇਂ ਦੀਆਂ ਕਚਿਹਰੀਆਂ ਤੇ ਅਦਾਲਤਾਂ ਵਿਚ ਇਹੋ ਜਿਹੇ ਪੁਰਸ਼ਾਂ ਦੀ ਗਵਾਹੀ ਨੂੰ ਬੇ-ਇਤਬਾਰਾ ਗਰਦਾਨਿਆਂ ਜਾਂਦਾ ਹੈ ਅਤੇ ਇਹੋ ਜਹੇ ਗੁਆਹ ਦੀ ਦਿਤੀ ਗਵਾਹੀ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ, ਸਗੋਂ ਨਿੰਦਨੀਯ ਸਮਝ ਕੇ, ਜੱਜ ਸਾਹਿਬਾਨ ਅਜਿਹੇ ਗਵਾਹ ਨੂੰ ਝਾੜ ਝੰਬ ਵੀ ਪਾਂਦੇ ਹਨ ਅਤੇ ਆਪਣੇ ਫ਼ੈਸਲੇ ਵਿਚ ਇਨ੍ਹਾਂ (ਝੂਠ ਬੋਲਣ ਵਾਲਿਆਂ) ਬਾਰੇ ਆਪਣੇ ਕੀਤੇ ਫੈਸਲੇ ਦੀ ਲਿਖਤ ਵਿਚ 'ਝੂਠ ਬੋਲਣ ਵਾਲਾ' ਗਵਾਹ ਅੰਕਤ ਕਰਦੇ ਹਨ।

ਰਹਿਤਨਾਮਿਆਂ ਦੀ ਆੜ ਲੈ ਕੇ ਕਈ ਸਜਣ ਆਪਣਾ ਪੱਖ ਪੂਰਦੇ ਹਨ, ਪਰ ਜਦੋਂ ਕੋਈ ਗਲ ਇਨ੍ਹਾਂ ਦੇ ਥਾਪੇ ਸਿਧਾਂਤ ਦੇ ਵਿਰੁੱਧ ਜਾਂਦੀ ਹੋਵੇ, ਓਦੋਂ ਉਸ ਨੂੰ ਸਵੀਕਾਰ ਨਹੀਂ ਕਰਦੇ ਤੇ ਵਿਰੋਧੀਆਂ ਵਲੋਂ ਪਾਇਆ ਰੱਲਾ ਦਰਸਾ ਕੇ ਮੰਨਣ ਤੋਂ ਇਨਕਾਰੀ ਹੁੰਦੇ ਹਨ। ਇਨ੍ਹਾਂ ਪੁਰਸ਼ਾਂ ਉਤੇ "ਕੌੜਾ ਕੌੜਾ ਥੂਹ, ਮਿੱਠਾ ਮਿੱਠਾ ਹੜਪ", ਦੀ ਕਹਾਵਤ ਠੀਕ ਫਬਦੀ ਹੈ। ਇਕੋ ਰਹਿਤਨਾਮੇਂ ਦੇ ਕੁਝ ਭਾਗ ਤਾਂ ਮੰਨ ਲੈਣੇ ਅਤੇ ਕੁਝ ਅਯੋਗ ਆਖ ਕੇ ਉਨ੍ਹਾਂ ਨੂੰ ਸਹੀ ਸਮਝਣ ਵਾਲੇ ਪੁਰਸ਼ਾਂ ਲਈ ਡੰਡੇ ਦੇ ਤੌਰ ਤੇ ਵਰਤ ਕੇ ਸਿੱਖੀ ਤੋਂ ਬੇ-ਮੁੱਖ ਹੋਣ ਦੇ ਫ਼ਤਵੇ ਸਾਦਰ ਕਰ ਦੇਣੇ ਕਿਥੋਂ ਤਕ ਯੋਗ ਹਨ? ਪਿਛੇ ਜਹੇ ਇਹੋ ਜਿਹਾ ਵਾਦ-ਵਿਵਾਦ ਚਲਿਆ ਸੀ। ਇਵੇਂ ਪੰਥ ਦੀ ਤਾਂ ਸੇਵਾ ਕੀ ਹੋਣੀ ਹੈ, ਪਰ ਸਰਬ-ਪ੍ਰਿਯ ਗੁਰਉਪਦੇਸ਼ਾਂ ਨੂੰ

ਸੀਮਤ ਬੁਧੀ, ਸੀਮਤ ਵਿਆਖਿਆ ਤੇ ਗੁਰਬਾਣੀ ਦੇ ਵੀ ਵਿਆਪਕ ਅਰਥਾਂ ਨੂੰ ਭੰਨ ਤੋੜ ਕੇ ਸਿੱਖੀ ਦੇ ਘੇਰੇ ਨੂੰ ਮੋਕਲਾ ਕਰਨ ਦੀ ਥਾਂ ਆਪਣੀ ਸੌੜੀ ਦ੍ਰਿਸ਼ਟੀਕੋਣ ਕਾਰਨ ਸੀਮਤ ਬਣਾ ਕੇ, ਆਪਣੇ ਜਥੇ ਨੂੰ ਸਿੱਖੀ ਦਾ ਆਪੇ ਥਾਪਿਆ ਪਹਿਰੇਦਾਰ ਹੋਣ ਦਾ ਢੋਲ ਵਜਾਂਦੇ ਹਨ।

ਡਾ: ਜੀਤ ਸਿੰਘ ਸੀਤਲ, ਸਿੰਘ ਸਭਾ ਪਤ੍ਰਿਕਾ, ਜੁਲਾਈ 80, ਦੇ ਇਕ ਲੇਖ ਵਿਚ ਲਿਖਦੇ ਹਨ ਕਿ "ਰਹਿਤਮਰਯਾਦਾ ਦੀ ਰੂਹ ਤੇ ਜਿੰਦ ਜਾਨ ਨੂੰ ਗੁਰੂ ਦੀਆਂ ਲਾਡਲੀਆਂ ਫ਼ੌਜਾਂ" ਨੇ ਹੀ ਮਾਲਾਵਤ ਗਲੇ ਪਾ ਕੇ ਗ੍ਰਹਿਣ ਕੀਤਾ ਤੇ ਹੁਣ ਤਕ ਉਸੇ ਤਰ੍ਹਾਂ ਕਾਰਬੰਦ ਹਨ। ਉਨ੍ਹਾਂ ਰਣਧੀਰ ਸਿੰਘੀਆਂ ਜਾਂ ਦੂਜੀਆਂ ਸੰਪਰਦਾਵਾਂ (ਭਾਈ ਦਿਆਲੇ ਦੇ ਨਿਰੰਕਾਰੀਆਂ, ਨਿਰਮਲਿਆਂ, ਨਾਮਧਾਰੀਆਂ, ਰਾਧਾ ਸੁਵਾਮੀਆਂ, ਗਹਿਰ-ਗੰਭੀਰੀਆਂ, ਆਪੋ ਆਪ ਸਚਿਆਰਿਆਂ ਆਦਿ) ਵਾਂਗ ਇਸ ਵਿਚ ਆਪਣੀ ਮਨਮਰਜ਼ੀ ਦੀ ਕੋਈ ਅਦਲਾ ਬਦਲੀ ਨਹੀਂ ਕੀਤੀ।" ਲਾਡਲੀਆਂ ਫ਼ੌਜਾਂ ਤੋਂ ਲੇਖਕ ਦਾ ਇਸ਼ਾਰਾ ਕਿਸ ਵਲ ਹੈ ਨਿਹੰਗ ਸਿੰਘ ਅਕਾਲੀ ਜਾਂ ਸਿੰਘ ਸਭੀਏ ?

ਬ੍ਰਹਮ ਗਿਆਨੀ ਸ੍ਰੀ ਸਾਹਿਬ ਦਿਆਲ ਜੀ ਮਹਾਰਾਜ ਅਤੇ ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ ਨਾਮਧਾਰੀ ਜਿਨ੍ਹਾਂ ਨੇ ਸਿੱਖ ਪੰਥ ਦੀ ਨਵੇਂ ਸਿਰਿਓਂ ਰੂਪ-ਰੇਖਾ ਨੂੰ ਆੜੇ ਤੇ ਬਿਖੜੇ ਸਮੇਂ ਅਨੇਕਾਂ ਤਕਲੀਫ਼ਾਂ ਤੇ ਕੁਰਬਾਨੀਆਂ ਦੇ ਕੇ ਸਿੱਖੀ ਆਚਰਣ ਨੂੰ ਨਵੀਆਂ ਸੇਧਾਂ ਦਿਤੀਆਂ, ਲਈ ਅਯੋਗ ਸ਼ਬਦ ਵਰਤ ਕੇ, ਉਨ੍ਹਾਂ ਮਹਾਨ ਆਤਮਾਵਾਂ ਨੂੰ ਕੱਚੇ-ਪਿੱਲੇ ਸਿੱਖ ਦਰਸਾ ਕੇ, ਆਪਣੀ ਹੰਕਾਰੀ ਤੇ ਅਭਿਮਾਨੀ ਸੋਚ ਦਸਕੇ, ਬੱਜਰ ਅਵਗਿਆ ਕੀਤੀ ਹੈ :

"ਆਪਿ ਨ ਦੇਹਿ ਚੁਰੂ ਭਰਿ ਪਾਨੀ ॥
ਤਿਹ ਨਿੰਦਹਿ ਜਿਹ ਗੰਗਾ ਆਨੀ ॥"

ਬਾਕੀ ਸਿੱਖ ਸੰਪਰਦਾਵਾਂ, ਜਿਵੇਂ ਨਿਰਮਲੇ ਆਦਿ ਦੀ ਸੂਚੀ ਦੇਣ ਤੋਂ ਆਪ ਵੀ ਇਨਕਾਰੀ ਹਨ। ਇਹੋ ਜਹੇ ਭੱਦਰ ਪੁਰਸ਼ ਗੁਰਬਾਣੀ ਦੇ ਅਰਥਾਂ ਦੇ ਅਨਰਥ ਕਰਨ ਤੋਂ ਵੀ ਤਰਾਹ ਨਹੀਂ ਖਾਂਦੇ। ਅਗੇ ਚਲਕੇ ਲੇਖਕ ਨੇ ਅਮਰੀਕੀ ਸਿੱਖਾਂ ਦੇ ਉਸਤਤ ਦੇ ਪੁਲ ਬੰਨ੍ਹੇ ਹਨ ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਯੋਗੀ ਜੀ ਦੀ ਉਮਤ ਦੀ ਉਸਤਤ ਕਰਕੇ ਅਮਰੀਕਾ ਪੁਜਣ ਦੇ ਸੱਦੇ ਲਈ ਰਾਹ ਹਮਵਾਰ ਕਰ ਰਹੇ ਹਨ। ('ਸੂਰਾ'—ਸਤੰਬਰ 1980 ਨੇ ਵੀ ਆਪਣੇ ਉਤਰ ਵਿਚ ਕੋਈ ਚੰਗੀ ਭੂਮਿਕਾ ਨਹੀਂ ਨਿਭਾਈ)।

ਕਿਸੇ ਵੀ ਵਿਦਵਾਨ ਸਿੱਖ ਨੇ ਇਹ ਦਾਅਵਾ ਨਹੀਂ ਕੀਤਾ ਕਿ 'ਰਹਿਤਨਾਮੇ' ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਸਿੱਖਾਂ ਦੇ ਲਿਖੇ ਹੋਏ ਹਨ। ਸਾਰੇ ਇਸ ਗਲ ਉਤੇ ਵੀ ਸਹਿਮਤ ਹਨ ਕਿ ਇਨ੍ਹਾਂ ਵਿਚ ਮਿਲਾਵਟ ਤੇ ਰਲਾਵਟ ਹੈ, ਤਾਂ ਫਿਰ ਵਾਦ-ਵਿਵਾਦ ਦੀ ਕੀ ਗੁੰਜਾਇਸ਼ ਰਹਿ ਜਾਂਦੀ ਹੈ ਅਤੇ ਇਸ ਵਿਸ਼ੇ ਨੂੰ ਇਤਨੀ ਮਹਾਨਤਾ ਕਿਉਂ ਦਿਤੀ ਜਾਵੇ ?

ਇਨ੍ਹਾਂ ਰਹਿਤਨਾਮਿਆਂ ਦੇ ਪ੍ਰਭਾਵ ਕਾਰਨ ਸਿੱਖ ਸੰਗਤਾਂ ਦੇਵੀ ਪੂਜਾ, ਜੜ੍ਹ ਪੂਜਾ ਅਤੇ ਪਾਖੰਡ ਪ੍ਰਚਾਰ ਵਿਚ ਗ੍ਰਸੀਆਂ ਗਈਆਂ ਸਨ। ਇਨ੍ਹਾਂ ਕੁਰੀਤੀਆਂ ਦੇ ਸੁਧਾਰ ਲਈ ਸਿੱਖਾਂ ਵਿਚ ਸੁਧਾਰਕ ਲਹਿਰਾਂ ਹੋਂਦ ਵਿਚ ਆਈਆਂ।

ਇਨ੍ਹਾਂ ਲਹਿਰਾਂ ਚੋਂ ਨਿਰੰਕਾਰੀ ਲਹਿਰ ਦੇ ਮੋਢੀ ਸ੍ਰੀ ਸਾਹਿਬ ਬਾਬਾ ਦਿਆਲ ਜੀ ਸਭ ਤੋਂ ਪਹਿਲੋਂ ਮੋਹਰੀ ਹੋਏ ਅਤੇ ਆਪ ਨੇ ਸਿੱਖਾਂ ਵਿਚੋਂ ਮਨਮਤੀ ਕੁਰੀਤੀਆਂ ਕਢਣ ਦਾ ਬੀੜਾ ਚੁਕਿਆ ਅਤੇ ਗੁਰੂ ਨਾਨਕ ਸਾਹਿਬ ਜੀ ਤੋਂ ਦਸਮ ਪਾਤਸ਼ਾਹ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਪ੍ਰਗਟ ਕਰਦਿਆਂ ਨਾਅਰਾ ਦਿਤਾ :

ਜਪੋ ਪਿਆਰਿਓ ਧੰਨ ਨਿਰੰਕਾਰ ॥
ਜੋ ਦੇਹ ਧਾਰੀ ਸਭ ਖੁਆਰ ॥

ਆਪ ਨੇ ਦੇਹ ਪੂਜਾ ਦਾ ਡਟ ਕੇ ਖੰਡਨ ਕੀਤਾ ਅਤੇ ਗੁਰਮਤਿ ਦਾ ਲੜ ਸੰਗਤਾਂ ਨੂੰ ਫੜਾਇਆ।

ਆਪ ਜੀ ਦੇ ਉਪਦੇਸ਼ਾਂ ਵਿਚੋਂ ਜੋ ਉਨ੍ਹਾਂ ਦੇ ਉਤਰ-ਅਧਿਕਾਰੀ ਸ੍ਰੀ ਬਾਬਾ ਦਰਬਾਰਾ ਸਿੰਘ ਜੀ ਨੇ 'ਹੁਕਮਨਾਮਾ ਅਕਾਲ ਪੁਰਖ ਜੀ ਕਾ' : ਸੰਨ 1856 ਈ: ਵਿਚ ਜਾਰੀ ਕੀਤਾ, ਟੂਕ-ਮਾਤਰ ਦੇ ਰਹੇ ਹਾਂ :

"ਭਾਈ ਜੀ ਗੁਰੂ ਜੀ ਕਾ ਸ਼ਬਦ ਪੜ੍ਹੋ ਅਥਵਾ ਸੁਣੋ ਤੇ ਸ਼ਬਦ ਉਪਰ ਚਲਣਾ। ਜੋ ਸ਼ਬਦ ਆਖੇ ਸੋ ਮੰਨਣਾ । ਗੁਰੂ ਨਾਨਕ ਜੀ ਥੀਂ ਆਦਿ ਲੈ ਕਰਕੇ ਸਾਰਿਆਂ ਗੁਰੂਆਂ ਨੇ ਅਸਾਂ ਜੀਵਾਂ ਵਾਸਤੇ ਕੇਡੀ ਘਾਲ ਕੀਤੀ ਹੈ ! ਸੋ ਅਸਾਂ ਨੂੰ ਸ਼ਰਮ ਨਹੀਂ ਆਉਂਦੀ, ਜੋ ਅਸੀਂ ਸ਼ਬਦ ਨੂੰ ਛੋੜ ਕੇ ਹੋਰ ਕਰਮਾਂ ਨੂੰ ਲਗੇ ਹਾਂ। ਸੋ ਇਹ ਗਲ ਅੱਛੀ ਨਹੀਂ ਅਤੇ ਭਾਈ ਜੀ, ਗੁਰੂ ਜੀ ਨੇ ਸਭ ਕੁਝ ਗੁਰੂ ਗ੍ਰੰਥ ਸਾਹਿਬ ਵਿਚ ਰਖਿਆ ਹੈ।"

"ਜਿਸ ਵੇਲੇ ਸਿੱਖ ਕਿਸੇ ਕਾਰਜ ਨੂੰ ਟੁਰਦਾ ਹੈ ਤਦ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਸ ਅਰਦਾਸ ਕਰਕੇ, ਨਕ ਰਗੜ ਕੇ, ਜੋੜੇ ਝਾੜ ਕੇ ਟੁਰ ਜਾਂਦਾ ਹੈ। ਸਾਇਤ ਨਹੀਂ ਪੁਛਦੇ। ਕਿਸ ਵਾਸਤੇ ਜੋ ਗੁਰੂ ਜੀ ਦਾ ਸ਼ਬਦ ਮਨ੍ਹੇ ਕਰਦਾ ਹੈ।

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥

"ਗੁਰੂ ਮਹਾਰਾਜ ਨੇ ਤਾਂ ਤਾਰਨ ਦਾ ਰਾਹੁ ਬੱਧਾ ਹੈ। ਅਗੇ ਭੀ ਗਨਕਾ ਕੰਜਰੀ, ਅਜਾਮਲ ਪਾਪੀ ਤੇ ਬਾਲਮੀਕ ਬਟਵਾਰੇ ਦਾ ਉਧਾਰ ਨਾਮ ਨੇ ਹੀ ਕੀਤਾ ਹੈ। ਤੇ ਅਸੀਂ ਤੇ ਤੁਸੀਂ ਸਿੱਖ ਪੁਤਰ ਅਖਵਾਂਦੇ ਹਨ। ਭਾਈ ਜੀ ਉਨ੍ਹਾਂ ਪਾਪੀਆਂ ਜੀਆਂ ਦਾ ਉਧਾਰ ਨਾਮ ਨੇ ਕੀਤਾ ਹੈ। ਤੇ ਬਾਵੇ ਭਾਈ ਸਾਧਾਂ ਤੇ ਸਿੱਖਾਂ ਦਾ ਉਧਾਰ ਨਾ ਹੋਇਆ। ਜੋ ਫੇਰ ਬ੍ਰਾਹਮਣਾਂ ਅਗੇ ਪਗਾਂ ਲਾਹਕੇ ਬਹਿਠੇ ਹਾਂ। ਅਸਾਂ ਨੂੰ ਲਜਾ ਨਹੀਂ ਆਉਂਦੀ। ਜੋ ਐਸੇ ਸਚੇ ਪਾਤਸ਼ਾਹ ਗੁਰੂ ਨਾਨਕ ਜੀ ਦੇ ਪੁਤਰ ਹੋਇਕੇ ਤੇ ਸਿੱਖ ਹੋਇਕੇ ਫੇਰ ਪੰਡਿਆਂ ਪਾਸ ਜਾਂਦੇ ਹਾਂ।"

ਇਸੇ ਤਰ੍ਹਾਂ ਸਿੱਖ ਰਾਜ ਤੋਂ ਬਾਦ ਸ੍ਰੀ ਬਾਬਾ ਰਾਮ ਸਿੰਘ ਜੀ ਨਾਮਧਾਰੀ ਅਤੇ ਸਿੰਘ ਸਭਾ ਲਹਿਰ ਨੇ ਆਪਣਾ ਆਪਣਾ ਯੋਗਦਾਨ, ਗੁਰਮਤਿ ਚਲਾਉਣ ਹਿਤ ਪਾਇਆ। ਠੋਸ ਤੌਰ ਉਤੇ ਜਿਸ ਸੰਸਥਾ ਨੇ ਨਿਰੋਲ ਗੁਰਬਾਣੀ ਦੇ ਅਧਾਰ ਉਤੇ ਸਿੱਖ ਸਮਾਜ ਨੂੰ ਕੋਈ ਸੇਧ ਦੇਣ ਵਿਚ ਪਹਿਲ ਕੀਤੀ ਤਾਂ ਉਹ ਵੀ ਨਿਰੰਕਾਰੀ ਲਹਿਰ ਹੀ ਸੀ। ਸੰ: 1856 ਈ: ਨੂੰ

ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਨੇ ਸਭ ਰੀਤਾਂ-ਰਿਵਾਜਾਂ ਨੂੰ ਸੋਧ ਕੇ ਸਿੱਖਾਂ ਨੂੰ ਗੁਰਬਾਣੀ ਦੇ ਲੜ ਲਾਉਣ ਲਈ ਹੁਕਮਨਾਮਾ ਜਾਰੀ ਕੀਤਾ। ਇਸ ਵਿਚ ਜਨਮ ਤੋਂ ਅੰਤ ਤਕ ਕੀਤੇ ਜਾਂਦੇ ਸੰਸਕਾਰਾਂ ਨੂੰ ਗੁਰਬਾਣੀ ਦੇ ਅਧਾਰ ਉਤੇ ਸੋਧਾਂ ਦਿਤੀਆਂ। ਇਸ ਤੋਂ ਪਹਿਲਾਂ ਇਤਿਹਾਸ ਵਿਚ ਕਿਸੇ ਸੰਤ-ਮਹਾਤਮਾਂ ਦੀ ਕਲਮ 'ਚੋਂ ਇਸ ਤਰ੍ਹਾਂ ਦੀ ਲਿਖਤੀ ਰਹੁ-ਰੀਤਾਂ ਗੁਰਆਸ਼ੇ ਅਨੁਸਾਰ ਅੰਕਤ ਕਰਨ ਦੀ ਵਿਸਥਾਰ ਪੂਰਵਕ ਵਿਧੀ ਨਹੀਂ ਮਿਲਦੀ।

ਅਜਿਹਾ ਯਤਨ ਉਸ ਸਮੇਂ ਬਿਲਕੁਲ ਜ਼ਰੂਰੀ ਸੀ ਕਿਉਂਕਿ ਸਿੱਖਾਂ ਵਿਚ ਬ੍ਰਾਹਮਣਵਾਦ, ਦੇਵੀ-ਪੂਜਾ, ਅਤੇ ਪਾਖੰਡ ਇਤਨਾ ਸੀ ਕਿ ਮਿ: ਮੈਕਾਲਫ ਨੇ ਵੀ 1881 ਈ: ਵਿਚ ਸ਼ੰਕਾ ਪ੍ਰਗਟ ਕੀਤਾ ਕਿ ਜੇਕਰ ਸਿੱਖ ਆਪਣੇ ਆਪ ਵਿਚ ਸੁਧਾਰ ਨਾ ਕਰ ਸਕੇ ਤਾਂ ਸਿੱਖੀ ਬ੍ਰਾਹਮਣਵਾਦ ਵਿਚ ਸਮਾ ਜਾਵੇਗੀ। ਮਿ: ਮੈਕਾਲਫ ਨੇ ਆਪਣੀ ਰਿਪੋਰਟ ਵਿਚ ਲਿਖਿਆ:—

"ਬਾਵਜੂਦ ਇਸ ਦੇ ਕਿ ਗੁਰੂ ਸਾਹਿਬਾਨ ਨੇ ਬ੍ਰਾਹਮਣਵਾਦ ਦਾ ਜ਼ੋਰਦਾਰ ਖੰਡਨ ਕੀਤਾ, ਪਰ ਤਾਂ ਵੀ ਸਿੱਖਾਂ ਵਿਚ ਆਮ ਕਰਕੇ ਬੜਾ ਘਟ ਹੀ ਵੇਖਿਆ ਗਿਆ ਹੈ ਕਿ ਉਹ ਬ੍ਰਾਹਮਣਾਂ ਦੀ ਮਦਦ ਤੋਂ ਬਗੈਰ ਕੋਈ ਵੀ ਸੰਸਕਾਰ ਕਰਨ। ਜੰਮਣ ਵੇਲੇ, ਵਿਆਹ ਵੇਲੇ, ਮਰਨ ਸਮੇਂ ਅਤੇ ਮਰਨ ਤੋਂ ਉਪਰੰਤ, ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਤੇ ਸਦਗਤੀ ਵਾਸਤੇ ਵੀ ਉਹ ਬ੍ਰਾਹਮਣ ਤੋਂ ਹੀ ਸਹਾਇਤਾ ਲੈਂਦੇ ਹਨ।......ਬ੍ਰਾਹਮਣਵਾਦ ਨੇ ਸਿੱਖਾਂ ਦੇ ਘਰਾਂ ਵਿਚ ਕਿਸੇ ਨਾ ਕਿਸੇ ਨੁਕਰ ਵਿਚ ਦੇਵੀ ਦੀ ਮੂਰਤੀ ਅਸਥਾਪਨ ਕਰਨ ਦੀ ਪ੍ਰੇਰਨਾ ਦੇਣ ਵਿਚ ਸਫਲਤਾ ਪ੍ਰਾਪਤ ਕੀਤੀ ਹੈ ਅਤੇ ਹੋਰ ਵੀ ਜੋ ਸਨਾਤਨੀ ਦੇਵੀ ਦੇਵਤੇ ਅਤੇ ਰਿਸ਼ੀ ਹੋਏ ਹਨ, ਉਨ੍ਹਾਂ ਵਲ ਇਨ੍ਹਾਂ ਦੀ ਦ੍ਰਿਸ਼ਟੀ ਖਿੱਚੀ ਹੈ।"*

ਇਸ ਗਲ ਦੀ ਸਚਾਈ ਪਰਖਣ ਲਈ ਆਪ ਹੁਣ ਵੀ ਗਿਆਨੀਆਂ ਦੇ ਰਹਾਇਸ਼ੀ ਅਸਥਾਨ ਦੇ ਦਰਸ਼ਨੀ ਦਰਵਾਜ਼ੇ ਉਤੇ ਸੂਰਜ ਅਤੇ ਸ੍ਰੀ ਗਣੇਸ਼ ਜੀ ਦੀ ਮੂਰਤੀ ਨੂੰ ਸੁਭਾਇਮਾਨ ਦੇਖ ਸਕਦੇ ਹੋ। ਇਹ ਮਾਈ ਸੇਵਾਂ ਬਜ਼ਾਰ ਤੋਂ ਥੜ੍ਹਾ ਸਾਹਿਬ ਵਲ ਜਾਂਦੇ ਮੋੜ ਤੋਂ ਇਕ ਦੋ ਘਰ ਛੱਡ ਕੇ ਸੱਜੇ ਹੱਥ ਵਲ ਹੈ। ਇਹ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਸ੍ਰੀ ਹਰਮੰਦਰ ਸਾਹਿਬ ਦੇ ਗਿਆਨੀ, ਸੰਤ ਸਿੰਘ ਜੀ ਦੇ ਨਿਵਾਸ ਲਈ ਬਣਾਈ ਗਈ ਸੀ। ਇਸ ਤਰ੍ਹਾਂ ਬ੍ਰਾਹਮਣੀ-ਜੂਲੇ ਤੋਂ ਸਾਡੇ ਧਾਰਮਕ ਆਗੂ ਵੀ ਨਾ ਬਚ ਸਕੇ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਪੁਜਾਰੀ ਸਾਹਿਬਾਨ ਆਪਣੀ ਸਦਗਤੀ ਲਈ ਬ੍ਰਾਹਮਣਾਂ ਦੀ ਹੀ ਸਹਾਇਤਾ ਦੀ ਲੋੜ ਅਨੁਭਵ ਕਰਦੇ ਸਨ। ਸਾਹਿਬ ਦਰਬਾਰਾ ਸਿੰਘ ਜੀ ਨੇ ਇਸ ਪਖੋਂ ਪ੍ਰੀਵਰਤਨ ਦੀ ਨੀਂਹ 1855 ਈ: ਵਿਚ ਗਜਵਜ ਕੇ ਰੱਖ ਵੀ ਦਿਤੀ ਸੀ ਅਤੇ 1855 ਤੋਂ 1881 ਤਕ ਕਾਫ਼ੀ ਸੁਧਾਰ ਵੀ ਹੋ ਚੁੱਕਾ ਸੀ।

---

*Gurdawara Gazette, June 1969 Page 4
(ਅੰਗਰੇਜ਼ੀ ਚੋਂ ਪੰਜਾਬੀ ਅਨਵਾਦਿ)

1883 ਈ: ਦੀ ਮਰਦਮ ਸ਼ੁਮਾਰੀ ਦੀ ਰਿਪੋਰਟ ਵਿਚ ਸਰ ਡੈਜ਼ਲ ਐਬਸਟਨ, ਕੇ. ਸੀ. ਐਸ. ਆਈ. ਨੇ ਭਲੀ ਭਾਂਤ ਜ਼ਿਕਰ ਕੀਤਾ ਕਿ ਸਿੱਖਾਂ ਵਿਚ ਨਿਰੰਕਾਰੀ ਸੰਪ੍ਰਦਾਇ ਹੀ ਇਕ ਐਸੀ ਸੰਸਥਾ ਹੈ ਜੋ ਕਿ ਬ੍ਰਾਹਮਣਵਾਦ ਦੇ ਪੋਪ-ਜਾਲ 'ਚੋਂ ਮੁਕਤ ਹੋ ਚੁੱਕੀ ਹੈ। ਫਿਰ ਇਸ ਕਥਨ ਦੀ ਪ੍ਰੋੜਤਾ ਸਰ ਈ. ਡੀ. ਮੈਗਲਾਗਨ ਨੇ 1892 ਈ: ਦੀ ਮਰਦਮ ਸ਼ੁਮਾਰੀ ਦੀ ਰਿਪੋਰਟ ਵਿਚ ਕੀਤੀ।

ਬ੍ਰਾਹਮਣਵਾਦ ਨੂੰ ਠੱਲ੍ਹ ਪਾਉਣ ਲਈ ਇਸ ਲਹਿਰ ਦੇ ਮਹਾਨ ਪੁਰਸ਼ਾਂ ਨੇ ਆਪਣਾ ਯੋਗਦਾਨ ਜਿਨਾਂ ਕਠਨਾਈਆਂ ਦੇ ਹੁੰਦਿਆਂ ਪਾਇਆ ਅਸੀਂ ਉਨ੍ਹਾਂ ਦੇ ਰਿਣੀ ਹਾਂ। ਉਨ੍ਹਾਂ ਦੀ ਇਹ ਮਹਾਨ ਕ੍ਰਾਂਤੀਕਾਰੀ ਪੁਲਾਂਗ; ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਚਿਤਰੀ ਜਾਣੀ ਚਾਹੀਦੀ ਹੈ।

ਸਿੱਖ ਧਰਮ ਅਤੇ ਸੰਤ-ਪ੍ਰਥਾ

ਅਜ ਕਲ੍ਹ ਸੰਤਾਂ ਦਾ ਬੜਾ ਚਰਚਾ ਹੈ। ਕਈ ਦੰਭੀ ਵੀ ਹੋਣਗੇ, ਪਰ ਕਰਨੀ ਵਾਲੇ ਮਹਾਂਪੁਰਸ਼ ਸਾਡੇ ਸਤਿਕਾਰ ਦੇ ਪਾਤਰ ਹਨ।

ਵੱਖ ਵੱਖ ਧਰਮਾਂ ਵਿਚ ਇਸ ਤਰ੍ਹਾਂ ਦੇ ਸੰਤਾਂ ਮਹਾਤਮਾਵਾਂ ਨੇ ਆਪਣੇ ਆਪਣੇ ਵਰਗ ਦੇ ਲੋਕਾਂ ਨੂੰ ਸਿਧੇ ਰਾਹੇ ਪਾਉਣ ਲਈ ਬੀੜਾ ਉਠਾਇਆ ਅਤੇ ਪਰਚਾਰ ਦੁਆਰਾ ਆਪਣੇ ਵਰਗ ਤੋਂ ਬਾਹਰਲੇ ਲੋਕਾਂ ਨੂੰ ਵੀ ਪ੍ਰਭਾਵਤ ਕੀਤਾ। ਇਸਾਈਅਤ ਦਾ ਪ੍ਰਚਾਰ ਵਿਸ਼ੇਸ਼ ਕਰਕੇ ਸੇਂਟ ਪਾਲ, ਸੇਂਟ ਪੀਟਰ ਅਤੇ ਹੋਰ ਅਨੇਕਾਂ ਇਸਾਈ ਸੰਤਾਂ ਨੇ ਕੀਤਾ। ਇਸਾਈ ਸੰਤਾਂ ਨੇ ਭਾਰਤ ਵਿਚ ਆਪਣੀ ਸਵੱਛ ਰਹਿਣੀ ਬਹਿਣੀ ਅਤੇ ਸ਼ੁਭ ਅਚਾਰ ਦੀ ਜ਼ਿੰਦਗੀ ਦਾ ਅਜਿਹਾ ਪ੍ਰਭਾਵ ਦਿਤਾ ਕਿ ਭਾਰਤੀ ਲੋਕ ਇਸਾਈ ਮਤ ਵਿਚ ਪ੍ਰਵੇਸ਼ ਕਰਨ ਲਗੇ। ਇਸੇ ਤਰ੍ਹਾਂ ਸੂਫੀਵਾਦ ਦੇ ਮਹਾਨ ਫ਼ਕੀਰ ਇਸਲਾਮ ਦੇ ਪ੍ਰਚਾਰ ਵਿਚ ਸਹਾਈ ਹੋਏ।

ਸਿੱਖੀ ਵਿਚ ਵੀ ਅਜਿਹੇ ਸੁੱਚੇ ਮੋਤੀ, ਸ਼ਹੀਦ ਭਾਈ ਮਨੀ ਸਿੰਘ ਵਰਗੇ ਅਤੇ ਬਾਬਾ ਬੀਰ ਸਿੰਘ ਨੌਰੰਗਾਬਾਦੀ, ਬਾਬਾ ਮਹਾਰਾਜ ਸਿੰਘ, ਬਾਬਾ ਸਾਹਿਬ ਸਿੰਘ ਬੇਦੀ, ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਸਿੱਖੀ ਦੇ ਪ੍ਰਚਾਰ ਲਈ ਹਮੇਸ਼ਾਂ ਤਤਪਰ ਰਹੇ ਅਤੇ ਇਨ੍ਹਾਂ ਨੇ ਸਿੱਖੀ ਲਈ ਮਹਾਨ ਕਾਰਜ ਕੀਤੇ। ਅਜਿਹੇ ਸੰਤਾਂ, ਜਿਨ੍ਹਾਂ ਦੀ ਵਿਆਖਿਆ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਗੁਰਮੁੱਖ ਨਾਂ ਤੋਂ ਵੀ ਮਿਲਦੀ ਹੈ, ਜੋ ਗੁਰੂ ਦੇ ਉਪਦੇਸ਼ ਨੂੰ ਦ੍ਰਿੜ ਕਰਾਉਂਦੇ ਹਨ ਅਤੇ ਆਪਣੀ ਪੂਜਾ ਪ੍ਰਤਿਸ਼ਟਾ ਨੂੰ ਮਹਾਨਤਾ ਨਹੀਂ ਦੇਂਦੇ, ਅਜਿਹੇ ਨਿਰਵਿਕਾਰ, ਨਿਰਛਲ ਅਤੇ ਨਿਮਰਤਾ ਭਾਵ ਵਾਲੇ ਮਹਾਂਪੁਰਸ਼ਾਂ ਦੀ ਅਜੇ ਵੀ ਸਿੱਖ ਪੰਥ ਵਿਚ ਘਾਟ ਨਹੀਂ। ਸੰਤ ਗੁਰਮੁੱਖ ਸਿੰਘ ਜੀ ਨੇ ਇਕ ਸੇਵਾ ਲਹਿਰ ਨੂੰ ਜਨਮ ਦਿਤਾ, ਜਿਸ ਦੇ ਪ੍ਰਭਾਵ ਕਾਰਨ ਸੰਤ ਜੀਵਨ ਸਿੰਘ ਜੀ ਤੇ ਹੋਰ ਅਨੇਕਾਂ ਸੰਤਾਂ ਨੇ ਇਕ ਸੰਸਥਾ ਦੇ ਤੌਰ 'ਤੇ ਕੰਮ ਕੀਤਾ। ਇਸੇ ਤਰ੍ਹਾਂ ਪੰਡਤ ਸੰਤ ਨਿਸਚਲ ਸਿੰਘ ਜੀ (ਗੁਰਪੁਰਵਾਸੀ), ਸੰਤ ਖੜਕ ਸਿੰਘ ਜੀ ਨੇ ਗੁਰਅਸਥਾਨਾਂ ਦੀਆਂ ਸੁੰਦਰ ਅਤੇ ਆਲੀਸ਼ਾਨ ਇਮਾਰਤਾਂ ਦੀ ਦੇਣ ਪੰਥ ਨੂੰ ਦਿਤੀ।

ਹੁਣ ਵੀ ਸੰਤ ਕਰਤਾਰ ਸਿੰਘ ਜੀ, ਪਟਨਾ ਸਾਹਿਬ ਵਾਲੇ ਸੰਤ ਹਰੀ ਸਿੰਘ ਜੀ ਆਦਿ ਜਵਾਹਰਾਤ ਸਾਡੀ ਕਦਰ ਦੇ ਪਾਤਰ ਹਨ।

ਮੌਤ ਸਮੇਂ ਹਰ ਕਿਸੇ ਨੂੰ ਭੁੰਜੇ ਲਿਟਾਇਆ ਜਾਂਦਾ ਸੀ, ਤੇ ਜਿਹੜਾ ਮੰਜੇ ਉਤੇ ਮਰ ਜਾਏ, ਉਹਨੂੰ ਬੇਗੱਤਾ ਆਖ ਕੇ ਉਹਦੀ ਗਤੀ ਲਈ ਕਈ ਖੇਖਣ ਕੀਤੇ ਜਾਂਦੇ ਸਨ। ਨੇਤ ਨਾਲ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗਰੰਥੀ ਭਾਈ ਜੱਸਾ ਸਿੰਘ* ਦਾ ਦਿਹਾਂਤ ਮੰਜੀ ਉਤੇ ਹੋ ਗਿਆ। ਗਰੰਥੀਆਂ, ਪੁਜਾਰੀਆਂ ਵਿਚ ਉਹਦੇ ਬੇ-ਗਤੇ ਮਰ ਜਾਣ ਦੀ ਥਾਂ ਥਾਂ ਚਰਚਾ ਹੋ ਰਹੀ ਸੀ। ਹਰਦੁਆਰ ਜਾ ਕੇ ਉਨ੍ਹਾਂ ਦੀ ਗਤੀ ਕਰਾਣ ਦੀਆਂ ਸਲਾਹਾਂ ਦਿਤੀਆਂ ਜਾ ਰਹੀਆਂ ਸਨ। ਨਿਰੰਕਾਰੀ ਮਤਿ ਦੇ ਆਗੂ ਸਾਹਿਬ ਬਾਬਾ ਦਰਬਾਰਾ ਸਿੰਘ ਜੀ ਏਸ ਵਹਿਮ ਦਾ ਖੰਡਨ ਕਰਨ ਲਈ ਉਚੇਚੇ ਸ੍ਰੀ ਅਕਾਲ ਤਖਤ ਪੁਜੇ ਤੇ ਉਹਨਾਂ ਸ੍ਰੀ ਅਕਾਲ ਤਖ਼ਤ ਦੇ ਪੁਜਾਰੀ ਬਾਬਾ ਬਿਕਰਮ ਸਿੰਘ ਜੀ ਬੇਦੀ ਨੂੰ ਆਪਣੀਆਂ ਅਮੋੜ ਦਲੀਲਾਂ ਨਾਲ ਪਰਵਾਨ ਕਰਾ ਦਿਤਾ ਕਿ ਜੋ ਭਾਈ ਜਸਾ ਸਿੰਘ ਦੇ ਵੱਸ ਵਿਚ ਸੀ, ਉਹ ਉਸ ਸਭ ਕੁਝ ਕੀਤਾ, ਨਿਤਨੇਮ ਕੀਤਾ, ਗੁਰੂ ਘਰ ਵਿਚ ਨਿਤ ਇਸ਼ਨਾਨ ਕੀਤਾ, ਗੁਰਬਾਣੀ ਦਾ ਪਾਠ ਕੀਤਾ। ਅੰਤ ਮੰਜੀ ਤੋਂ ਲਹਿਣਾ ਉਹਦੇ ਵੱਸ ਦੀ ਗਲ ਨਹੀਂ ਸੀ। ਜੇ ਸਿੱਖੀ ਨਿਤਨੇਮ ਉਹਦੀ ਗਤੀ ਨਹੀਂ ਕਰਾ ਸਕਦਾ ਤਾਂ ਬ੍ਰਾਹਮਣਾਂ ਦਾ ਕਰਮਕਾਂਡ ਵਧੇਰੇ ਮਹੱਤਵਪੂਰਨ ਹੋਇਆ ? ਇਹ ਵਾਰਤਾ ਅਕਤੂਬਰ 1856 (ਅਸੂ 1913 ਬਿ:) ਦੀ ਹੈ।

ਗੁਰਮਤਿ ਵਿਚ ਹੁਣ ਵੀ ਬਹੁਤ ਨਵੇਂ ਰਲੇ ਪੈ ਰਹੇ ਹਨ। ਇਨ੍ਹਾਂ ਤੋਂ ਪੰਥ ਨੂੰ ਸਾਵਧਾਨ ਰਹਿ ਕੇ ਪੂਰਨ ਗੁਰਮਤਿ ਆਸ਼ੇ ਅਨੁਸਾਰ ਚਲਣਾ ਚਾਹੀਦਾ ਹੈ ਅਤੇ ਪੰਥ ਸੰਚਾਲਕਾਂ, ਧਰਮੀਂ-ਜਿਊੜਿਆਂ ਤੇ ਪੰਥ ਦਰਦੀਆਂ ਦਾ ਕਰਤਵ ਬਣਦਾ ਹੈ ਕਿ ਉਹ ਅਜਿਹੇ ਫ਼ੋਕਟ-ਕਰਮਾਂ ਤੋਂ ਸਮੇਂ ਸਮੇਂ ਸੰਗਤਾਂ ਨੂੰ ਸੁਚੇਤ ਕਰਦੇ ਰਹਿਣ, ਕਿਉਂਕਿ ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਦੇ ਉਤਰ-ਅਧਿਕਾਰੀਆਂ ਨੇ ਗਿਆਨ ਤੇ ਵਿਚਾਰ ਦੀ ਲਹਿਰ ਨੂੰ ਜਨਮ ਦਿਤਾ ਤੇ ਇਸ ਬੁਨਿਆਦੀ ਅਸੂਲ ਉਪਰ ਅਸਾਂ ਹਰ ਸਮੇਂ ਹੀ ਚਲਣਾ ਹੈ। ਵਾਦ-ਵਿਵਾਦ ਤੇ ਝਗੜਾਲੂ ਬਿਰਤੀ ਤੋਂ ਦੂਰ ਰਹਿੰਦੇ ਹੋਏ, ਸਹਿਜ ਗਿਆਨ ਦੀ ਪ੍ਰਾਪਤੀ ਕਰਨੀ ਹੈ। ਇਹ ਕਰਮਕਾਂਡੀਆਂ ਦਾ ਧਰਮ ਨਹੀਂ ਇਥੇ ਕਰਨੀ ਪ੍ਰਧਾਨ ਹੈ ਅਤੇ ਗੁਰਮਤਿ ਵਿਚਾਰਧਾਰਾ ਉਤੇ ਬਲ ਦਿਤਾ ਗਿਆ ਹੈ।

ਯੋਗ ਮੱਤ ਦਾ ਸਿੱਖੀ ਵਿਚ ਰਲਾ

ਬ੍ਰਾਹਮਣਵਾਦ ਤੇ ਸਿੱਖ ਧਰਮ ਦੇ ਮੁਰਕਬ ਨੂੰ ਅਸੀਂ ਨਿਖੇੜਨ ਵਿਚ ਹੁਣ ਤਕ ਅਸਮਰੱਥ ਰਹੇ ਹਾਂ। ਅਜ ਇਕ ਨਵੇਂ ਖਤਰੇ ਦੀ ਘੰਟੀ ਵਜ ਰਹੀ ਹੈ। ਗੁਰੂ ਨਾਨਕ ਦੇਵ ਜੀ ਨੇ ਇਕ ਪੂਰੀ ਬਾਣੀ 'ਸਿਧ ਗੋਸ਼ਟਿ' ਯੋਗਮਤ ਤੇ ਸਿੱਖ ਧਰਮ ਦੇ ਬੁਨਿਆਦੀ ਅਸੂਲਾਂ

*ਤਵਾਰੀਖ਼ ਸ੍ਰੀ ਅੰਮ੍ਰਿਤਸਰ ਕ੍ਰਿਤ ਗਿਆਨੀ ਗਿਆਨ ਸਿੰਘ ਜੀ ਪੰਨਾ **35**—ਪ੍ਰਕਾਸ਼ਕ ਕੇਂਦਰੀ ਸਿੰਘ ਸਭਾ ਕਮੇਟੀ।

ਨੂੰ ਨਿਖੇੜ ਕੇ ਯੋਗੀਆਂ ਨੂੰ ਨਾਮ-ਸਿਮਰਨ ਨਾਲ ਜੋੜਨ ਦੀ ਪ੍ਰੇਰਨਾ ਦੇਣ ਹਿਤ ਰਚੀ। ਅਜ ਯੋਗ ਮਤ ਦੇ ਸਿੱਖੀ ਵਿਚ ਪ੍ਰਵੇਸ਼ ਨੂੰ ਅਸੀਂ ਮਾਣ ਦੇ ਰਹੇ ਹਾਂ। ਯੋਗ ਮਤ ਤੇ ਸਿੱਖ ਮਤ ਵਿਚ ਬੁਨਿਆਦੀ ਅਜੋੜਤਾ ਹੈ। ਜਿਵੇਂ ਸੱਚ ਤੇ ਝੂਠ ਦਾ ਮਿਸ਼ਰਣ ਸੱਚ ਨੂੰ ਵੀ ਝੂਠ ਬਣਾ ਦਿੰਦਾ ਹੈ, ਇਸੇ ਤਰ੍ਹਾਂ ਅੰਦੇਸ਼ਾ ਹੈ ਕਿ ਕਿਸੇ ਸਮੇਂ ਸਿੱਖੀ ਵਿਚ ਜੇ ਯੋਗਮਤ ਦਾ ਪ੍ਰਵੇਸ਼ ਵਧੇਰੇ ਹੋ ਗਿਆ ਤਾਂ...। ਗੁਰੂ ਸਾਹਿਬ ਨੇ ਸਪਸ਼ਟ ਸ਼ਬਦਾਂ ਵਿਚ 'ਕੁੰਡਲਨੀ ਯੋਗ' ਤੇ 'ਹੱਠ ਯੋਗ' ਦੇ ਮਾਰਗ ਨੂੰ ਅਪਰਵਾਨ ਕੀਤਾ ਹੈ :

ੳ.

ਨਿਵਲੀ ਕਰਮ ਭੁਅੰਗਮ ਭਾਠੀ, ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀਂ, ਭਰਮੇ ਭੂਲਾ ਬੂਡਿ ਮਰੈ ॥

ਅ.

ਅੰਧਾ ਭਰਿਆ ਭਰਿ ਭਰਿ ਧੋਵੈ, ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ, ਜਿਉ ਬਾਜੀਗਰੁ ਭਰਮਿ ਭੂਲੈ ॥

ਸਿੱਖ ਧਰਮ ਸੁਤੰਤਰ ਧਰਮ ਹੈ। ਯੋਗ ਦੇ ਆਸਣ ਤੇ ਪ੍ਰਾਣਾਯਮ ਸਰੀਰ ਨੂੰ ਸਿਹਤਮੰਦ ਰਖਣ ਵਿਚ ਸਹਾਈ ਤਾਂ ਹੋ ਸਕਦੇ ਹਨ, ਪਰ ਭੁਯੰਗਮ ਨਾੜੀ (ਕੁੰਡਲਨੀ) ਦੇ ਰਸਤੇ ਪ੍ਰਭੂ ਮਿਲਾਪ ਦਾ ਮਾਰਗ ਸਿੱਖ ਧਰਮ ਨਹੀਂ ਸਵੀਕਾਰਦਾ :—

ਸਿਧਾ ਕੇ ਆਸਣ ਜੇ ਸਿਖੈ, ਇੰਦ੍ਰੀਵਸਿ ਕਰਿ ਕਮਾਇ ॥
ਮਨ ਕੀ ਮੈਲੁ ਨਾ ਉਤਰੇ, ਹਉਮੈ ਮੈਲੁ ਨਾ ਜਾਇ ॥

ਪਰ ਗੁਰਮਤ ਅਨੁਸਾਰ ਅਸਲੀ ਯੋਗੀ ਦਾ ਨਿਰਨਾ ਇਉਂ ਹੈ।

ਪਰਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ।
ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ ॥

ਵਕਤੀ ਲਾਭ ਨੂੰ ਭਵਿਖ ਵਿਚ ਆਉਣ ਵਾਲੇ ਖ਼ਤਰਿਆਂ ਤੋਂ ਤਰਜੀਹ ਨਾ ਦੇਈਏ। ਪਾਸੇ ਦੇ ਸੋਨੇ ਵਿਚ ਖੋਟ ਰਲਾ ਕੇ ਸਿਖਾਂ ਦੇ ਮਹਾਨ ਵਿਰਸੇ ਦੀ ਮਹਾਨਤਾ ਨੂੰ ਪਿਛਲੇ ਯੁਗਾਂ ਦੇ ਜੰਮਪਲ ਪਾਤੰਜਲ ਰਿਸ਼ੀ ਨਾਲ ਜੋੜ ਕੇ ਨਾ ਘਟਾਈਏ।

ਗੁਰੂ ਨਾਨਕ ਸਾਹਿਬ ਨੇ ਯੋਗ ਦੀਆਂ ਇਨ੍ਹਾਂ ਕਿਰਿਆਵਾਂ ਨੂੰ ਬਾਜੀਗਰ ਨਾਲ ਤੁਲਨਾ ਦੇਂਦਿਆਂ ਫੁਰਮਾਇਆ :

ਨਾਮ ਬਿਨਾ ਫੋਕਟ ਸਭਿ ਕਰਮਾ, ਜਿਉ ਬਾਜੀਗਰੁ ਭਰਮਿ ਭੂਲੈ ॥

ਸਿੱਖ ਮਤ ਸੰਤ ਸਿਪਾਹੀਆਂ ਦਾ ਹੈ। ਆਓ, ਅਸੀਂ ਬਾਜ਼ੀਗਰਾਂ ਵਾਲੇ ਕਰਮ ਤਿਆਗ ਕੇ ਗੁਰੂ ਨਾਨਕ ਮਹਾਰਾਜ ਦੇ ਆਸ਼ੇ ਅਨੁਸਾਰ ਕਿਰਿਆ ਕਰਮਾ ਦਾ ਤਿਆਗ ਕਰਕੇ ਪੂਰੇ ਸਿੱਖ ਬਣਨ ਲਈ ਪ੍ਰਯਤਨ-ਸ਼ੀਲ ਹੋਈਏ ਤੇ ਯੋਗ-ਮਤ ਰਾਹੀਂ ਸਿੱਖੀ ਵਿਚ ਪ੍ਰਵਿਰਤੀ ਨੂੰ ਸ਼ਲਾਘਾ ਭਰੇ ਪੱਤਰ ਜਾਰੀ ਕਰ ਕੇ ਗੁਰਆਸ਼ੇ ਦੀ ਉਲੰਘਣਾ ਕਰਨ ਦੇ ਭਾਗੀ ਨਾ ਬਣੀਏ।

ਸ਼ਖ਼ਸੀਵਾਦੀ ਅਥਵਾ ਦੰਭੀਆਂ ਨੂੰ ਤਿਆਗ ਕੇ ਸ਼ਬਦ-ਗੁਰੂ ਦਾ ਲੜ ਫੜੀਏ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਉਚਤਮ ਮਹਾਨਤਾ ਨੂੰ ਜਾਣਦੇ ਹੋਏ ਵੀ ਅਸੀਂ ਮਨਮਤੀਆਂ ਕਰੀ ਜਾ ਰਹੇ ਹਾਂ। ਭਾਵੇਂ ਗੁਰਬਾਣੀ ਸਾਨੂੰ ਕਿੰਨਾ ਵੀ ਹੋੜੇ ਪਰ ਅਸੀਂ ਤਾਂ ਲਾਈਲਗਾਂ ਵਾਂਗ ਉਸੇ ਮਨਮਤੀ ਖੋਭੇ ਵਿਚ ਫਸਦੇ ਜਾ ਰਹੇ ਹਾਂ, ਜਿਥੋਂ ਸਾਨੂੰ, ਦਸ ਗੁਰੂ-ਸਾਹਿਬਾਂ ਤੇ ਮਹਾਨ ਸੰਤ-ਪ੍ਰਣਾਲੀ ਦੇ ਪੰਥ-ਦਰਦੀਆਂ ਕਢਿਆ ਸੀ। ਫਿਰ ਸਭ ਮਨਮਤੀਆਂ ਕਰਦੇ ਹੋਏ ਵੀ ਅਸੀਂ ਸਮਝਦੇ ਹਾਂ ਕਿ ਅਸੀਂ ਸਭ ਕੁਝ ਗੁਰਮਤਿ ਅਨੁਸਾਰ ਕਰ ਰਹੇ ਹਾਂ। ਜੇਕਰ ਮੈਂ ਸਾਰੇ ਪੱਖਾਂ ਨੂੰ ਛੋਹਾਂ ਤਾਂ ਬਹੁਤ ਵਿਸਥਾਰ ਚਾਹੀਦਾ ਹੈ ਪਰ ਮੈਂ ਕੁਝ ਕੁ ਰੋਜ਼ ਵਰਤੋਂ ਵਿਚ ਦਿਸਦੇ ਅਤੇ ਜਿਨ੍ਹਾਂ ਦਾ ਸੁਧਾਰ ਵੀ ਹੋ ਸਕਦਾ ਹੈ—ਵਾਲੇ ਪੱਖਾਂ ਨੂੰ ਹੀ ਛੋਹਵਾਂਗਾ ਅਤੇ ਆਪਣੇ ਸੁਝਾਅ ਆਪ ਸਾਹਮਣੇ ਰਖਾਂਗਾ।

ਸ਼ਬਦ-ਗੁਰੂ ਦੀ ਮਹਾਨਤਾ :

ਸ੍ਰੀ ਗੁਰੂ ਗਰੰਥ ਸਾਹਿਬ ਸ਼ਬਦ-ਗੁਰ ਹੈ ਅਤੇ ਗੁਰੂ ਨਾਨਕ ਸਾਹਿਬ ਜੀ ਨੇ ਵੀ ਬਾਣੀ ਨੂੰ ਹੀ ਆਪਣਾ ਗੁਰੂ 'ਸ਼ਬਦ ਗੁਰੂ ਸੁਰਤ ਧੁਨ ਚੇਲਾ' ਮੰਨਿਆ।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ।
ਗੁਰਬਾਣੀ ਕਹੈ ਸੇਵਕ ਜਨ ਮਾਨੈ ਪ੍ਰਤਖਿ ਗੁਰੂ ਨਿਸਤਾਰੇ।

ਪਰ ਅਸੀਂ ਵੇਖਦੇ ਹਾਂ ਕਿ ਕਈ ਸੱਜਣ ਦੇਹ ਰੂਪ ਵਿਚ ਮੰਨਦੇ ਹੋਏ ਸ੍ਰੀ ਗੁਰੂ ਗਰੰਥ ਸਾਹਿਬ ਲਈ ਰਜਾਈਆਂ, ਕੰਬਲ, ਪੱਖੇ ਆਦਿ ਦਾ ਪ੍ਰਯੋਗ ਵਖੋ ਵੱਖ ਰੁਤਾਂ ਅਨੁਸਾਰ ਕਰਦੇ ਹਨ। ਇਸੇ ਭਾਵਨਾ ਅਧੀਨ ਕੁਝ ਸੱਜਣ ਪ੍ਰਸ਼ਾਦਿ ਦਾ ਕੌਲਾ ਗੁਰੂ ਗਰੰਥ ਸਾਹਿਬ ਥੱਲੇ ਰਖਦੇ ਹਨ। ਭਾਵੇਂ ਅਸੀਂ ਗੁਰੂ ਸਾਹਿਬ ਨੂੰ 'ਸਤਿਗੁਰਾਂ ਦੇ ਆਤਮਕ ਸਰੂਪ' ਕਰਕੇ ਹਰ ਸਮੇਂ ਸਿਮਰਦੇ ਹਾਂ, ਪਰ ਗੁਰੂ ਗਰੰਥ ਮਹਾਰਾਜ ਦੇਹਧਾਰੀ ਗੁਰੂ ਨਹੀਂ, ਸ਼ਬਦ ਸਰੂਪ ਗੁਰੂ ਹਨ। ਜੇਕਰ ਇਹ ਪ੍ਰਸ਼ਾਦਿ ਗਰੰਥੀ ਸਿੰਘ ਵਾਸਤੇ ਹੈ, ਤਾਂ ਤੇ ਠੀਕ ਹੈ ਪਰ ਜੇਕਰ ਇਸ ਭਾਵਨਾ ਨਾਲ ਰਖਿਆ ਜਾਂਦਾ ਹੈ ਕਿ ਗੁਰੂ ਪ੍ਰਸ਼ਾਦਿ ਨੂੰ ਭੋਗ ਲਾਉਂਦੇ ਹਨ ਤਾਂ ਇਹ ਨਿਰੀਪੁਰੀ ਮਨਮਤਿ ਹੈ।

ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ, ਬੁਝਹੁ ਸਬਦ ਵੀਚਾਰਿ॥

ਗੁਰਦੁਆਰਿਆਂ ਵਿਚ ਬ੍ਰਾਹਮਣੀ ਰੀਤਾਂ ਦਾ ਪ੍ਰਭਾਵ :

ਇਤਿਹਾਸਕ ਗੁਰ-ਅਸਥਾਨਾਂ ਅੰਦਰ ਦਰਸ਼ਨਾਂ ਨੂੰ ਜਾਣ ਲਈ 'ਪੈਰ ਧੋਣ' ਦੀ ਮਰਯਾਦਾ ਕਿਵੇਂ ਹੋਵੇ? ਇਹ ਗੱਲ ਤਾਂ ਸਮਝ ਵਿਚ ਆ ਸਕਦੀ ਹੈ ਕਿ ਮਿੱਟੀ ਨਾਲ ਲਿਬੜੇ ਪੈਰ ਗੁਰ-ਅਸਥਾਨਾਂ ਦੀ ਸਵੱਛਤਾ ਨੂੰ ਭੰਗ ਕਰਦੇ ਹਨ, ਪਰ ਸਵੱਛ ਤੇ ਸਾਫ਼ ਪੈਰਾਂ ਨੂੰ ਮੁੜ ਕੇ ਧੋਣ ਦੀ ਪ੍ਰਥਾ ਕਦੋਂ ਤੇ ਕਿਵੇਂ ਚਲੀ? ਇਸ ਦੇ ਪਿਛੋਕੜ ਨੂੰ ਜਾਣਨਾ ਜ਼ਰੂਰੀ ਹੈ। ਸ੍ਰੀ ਹਰਮੰਦਰ ਸਾਹਿਬ ਵਿਚ ਅਕਾਲੀ ਲਹਿਰ ਤੋਂ ਪਹਿਲਾਂ ਪੈਰ ਧੋਣ ਦਾ ਕੋਈ ਰਿਵਾਜ ਨਹੀਂ ਸੀ। ਬੁੰਗਿਆਂ ਵਿਚੋਂ ਪ੍ਰਕਰਮਾਂ ਵਿਚ ਉਤਰਨ ਲਈ ਲੱਕੜ ਦੀਆਂ ਉਚਾਵੀਆਂ ਪੌੜੀਆਂ ਬਣੀਆਂ ਹੁੰਦੀਆਂ ਸਨ। ਉਤਰਨ ਸਮੇਂ ਪੌੜੀ ਨੂੰ ਹੇਠਾਂ ਪ੍ਰਕਰਮਾਂ

ਵਿਚ ਰਖ ਕੇ ਉਤਰਨ ਦਾ ਰਿਵਾਜ ਸੀ ਤੇ ਸ੍ਰੀ ਤਰਨਤਾਰਨ ਸਾਹਿਬ ਦੇ ਸਰੋਵਰ ਦੇ ਇਕ ਪਾਸੇ ਗਊ-ਘਾਟ ਸੀ, ਜਿਥੇ ਗਊਆਂ ਤੇ ਹੋਰ ਡੰਗਰ ਜਲ ਪੀਂਦੇ ਸਨ। ਸ੍ਰੀ ਅੰਮ੍ਰਿਤਸਰ ਸਰੋਵਰ ਦੇ ਇਕ ਪਾਸੇ ਵੀ ਗਊਘਾਟ ਹੋਣ ਦੀ ਸਰੋਤ ਹੈ।

ਗੁਰਪੁਰਬਾਂ ਉਤੇ ਜਦੋਂ ਸੰਗਤਾਂ ਦੂਰੋਂ ਦੂਰੋਂ ਆਉਂਦੀਆਂ ਹਨ, ਤੇ ਇਕੱਠ ਬਹੁਤ ਹੁੰਦਾ ਹੈ, ਪੈਰ ਧੋਣ ਵਾਲਾ ਜਲ ਮਟਿਆਲਾ ਹੋ ਜਾਂਦਾ ਹੈ ਤੇ ਸਾਫ਼ ਪੈਰ ਪਾਣੀ ਵਿਚ ਪਾਉਣ ਨਾਲ ਮਿੱਟੀ ਲਹਿਣ ਦੀ ਥਾਂ ਨਵੀਂ ਲਗ ਜਾਂਦੀ ਹੈ। ਜੋ ਦਰਸ਼ਨੀ ਡਿਉਢੀ ਤੇ ਪ੍ਰਕਰਮਾਂ ਦੀ ਸਵੱਛਤਾ ਨੂੰ ਭੰਗ ਕਰਦੀ ਹੈ। ਜਿਸ ਮੰਤਵ ਲਈ ਪੈਰ ਧੋਣੇ ਜ਼ਰੂਰੀ ਸਮਝੇ ਜਾਂਦੇ ਹਨ ਨਤੀਜਾ ਇਸ ਦੇ ਉਲਟ ਨਿਕਲਦਾ ਹੈ। ਇਹ ਰਿਵਾਜ ਵੀ ਚਮੜੇ ਦੀ ਜੁੱਤੀ ਦੀ ਭਿੱਟ ਨੂੰ ਹਟਾਉਣ ਲਈ ਕਾਇਮ ਹੋਇਆ ਜਾਪਦਾ ਹੈ। ਇਸ ਨਾਲ ਪੈਰਾਂ ਦੀ ਸਵੱਛਤਾ ਦੀ ਥਾਂ ਪੈਰ ਮਿਟਿਆਲੇ ਜਲ ਨਾਲ ਲਿਬੜ ਜਾਂਦੇ ਹਨ ਜੋ ਸਵੱਛ ਫ਼ਰਸ਼ਾਂ ਨੂੰ ਸਾਫ਼ ਤੇ ਸੁੱਕਾ ਨਹੀਂ ਰਹਿਣ ਦੇਂਦੇ।

ਸੰਤ ਚੰਨਣ ਸਿੰਘ ਜੀ ਜਦੋਂ ਸ਼ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇਪ੍ਰਧਾਨ ਸਨ, ਤਾਂ ਮੇਰਾ ਉਨ੍ਹਾਂ ਨਾਲ ਇਸ ਪਹਿਲੂ ਉਤੇ ਵਿਚਾਰ-ਵਟਾਂਦਰਾ ਹੋਇਆ ਸੀ, ਜਿਸ ਦੇ ਫ਼ਲ-ਸਵਰੂਪ ਚਲਦੇ ਪਾਣੀ ਦੇ ਚੁੱਬਚੇ ਹੋਂਦ ਵਿਚ ਆਏ, ਪਰ ਪੈਰ ਸੁਕਾਉਣ ਲਈ ਦਸੀ ਤਜਵੀਜ਼, ਉਨ੍ਹਾਂ ਦੇ ਅਕਾਲ ਚਲਾਣੇ ਕਾਰਨ ਸਿਰੇ ਨਾ ਚੜ੍ਹ ਸਕੀ। ਇਤਿਹਾਸਕ ਗੁਰ-ਦਵਾਰਿਆਂ ਵਿਚ ਪੈਰ ਧੋਣ ਦਾ ਰਿਵਾਜ ਹੈ, ਪਰ ਦੂਜੇ ਗੁਰ ਅਸਥਾਨਾਂ ਤੇ ਸਿੰਘ ਸਭਾਵਾਂ ਲਈ ਇਹ ਮਰਯਾਦਾ ਜ਼ਰੂਰੀ ਨਹੀਂ ਸਮਝੀ ਜਾਂਦੀ, ਇਹ ਅੰਤਰ ਕਿਉਂ ?

ਮੇਰੀ ਬਿਨੈ ਹੈ ਕਿ ਵਿਚਾਰ-ਲਹਿਰ ਦੀ ਅਤਿਅੰਤ ਲੋੜ ਹੈ ਤੇ ਸਮੇਂ ਦੀ ਵੰਗਾਰ ਤੇ ਪੁਕਾਰ ਹੈ ਕਿ ਬ੍ਰਾਹਮਣਵਾਦ ਦੀਆਂ ਪਾਈਆਂ ਪ੍ਰਪਾਟੀਆਂ ਨੂੰ ਗੁਰਮਤਿ ਦੀ ਕਸਵੱਟੀ ਉਤੇ ਲਾ ਕੇ ਪਰਖਿਆ ਜਾਵੇ ਤੇ ਉਨ੍ਹਾਂ ਮਰਯਾਦਾਵਾਂ ਦਾ ਤਿਆਗ ਕੀਤਾ ਜਾਵੇ ਜੋ ਸਾਡੀ ਕਥਨੀ ਤੇ ਕਰਨੀ ਵਿਚ ਵਧੇਰੇ ਪਾੜ ਪਾਉਂਦੀਆਂ ਹਨ।

ਕਥਨੀ ਕਹਿ ਭਰਮੁ ਨ ਜਾਈ, ਸਭ ਕਥਿ ਕਥਿ ਰਹੀ ਲੁਕਾਈ ॥

ਇਸੇ ਤਰ੍ਹਾਂ ਅਰਥਾਂ ਦੇ ਭਾਵ ਨੂੰ ਸਮਝੇ ਬਗ਼ੈਰ ਹੀ ਪਾਠ ਦੀ ਸਮਾਪਤੀ ਤੋਂ ਬਾਦ 'ਪ੍ਰੇਮ ਪਟੋਲਾ' ਸ਼ਬਦ ਪੜ੍ਹਿਆ ਜਾਂਦਾ ਹੈ ਜਦੋਂ ਗੁਰੂ ਮਹਾਰਾਜ ਉਤੇ ਨਵੇਂ ਰੁਮਾਲੇ ਚਾੜ੍ਹੇ ਜਾਂਦੇ ਹਨ ਤਾਂ ਇਹ ਕਾਰਜ ਸ਼ਬਦ ਦੇ ਭਾਵਅਰਥ ਤੋਂ ਅਗਿਆਨਤਾ ਦਰਸਾਉਂਦਾ ਹੈ ਤੇ ਮਨਮਤ ਹੈ।

ਕਰਮਕਾਂਡੀ ਧਾਰਨਾ ਅਧੀਨ ਸਿੱਖਾਂ ਵਿਚ ਕਰਵਾ ਚੌਥ, ਪੂਰਨਮਾਸ਼ੀ, ਸੰਤੋਸ਼ੀ ਮਾਤਾ ਦੇ ਰਖੇ ਵਰਤ ਵੀ ਬ੍ਰਾਹਮਣਵਾਦ ਦੇ ਸੂਚਕ ਹਨ। ਸੂਰਜ ਤੇ ਚੰਨ ਗ੍ਰਹਿਣ ਦੇ ਨੱਛਤਰਾਂ ਕਾਰਨ, ਵਿਗਿਆਨ ਦੀ ਨਾ ਸਮਝੀ ਤੇ ਮਿਥਿਹਾਸਕ ਕਲਪਨਾ ਕਰਕੇ, ਕਈ ਭਾਂਤ ਦੇ ਕਰਮਕਾਂਡੀ ਵਿਚਾਰਾਂ ਵਿਚ ਫਸੇ ਰਹਿਣਾ ਅਗਿਆਨਤਾ ਨਹੀਂ ਤਾਂ ਹੋਰ ਕੀ ਹੈ।

ਇਸੇ ਤਰ੍ਹਾਂ ਸਾਡੇ ਵਿਚ ਸਿੱਖ ਬ੍ਰਾਹਮਣਾਂ ਵਲੋਂ ਕਈ ਤਰ੍ਹਾਂ ਦੇ ਭਰਮ-ਭੁਲੇਖੇ ਤੇ ਪਾਖੰਡ

ਪਾਏ ਜਾ ਰਹੇ ਹਨ, ਜਿਹਾ ਕਿ ਸੂਤਕ ਪਾਤਕ, ਦੇਵੀ-ਪੂਜਾ, ਲਗਨ, ਸਗਨ, ਤਾਰੇ ਦਾ ਚੜ੍ਹਿਆ ਜਾਂ ਡੁਬਿਆ ਹੋਣਾ, ਪੋਹ-ਕਤਕ ਵਿਚ ਵਿਆਹ ਨਾ ਕਰਨਾ, ਚੇਤਰ ਵਿਚ ਸ੍ਰੀ ਰਾਮ ਚੰਦਰ ਜੀ ਬਨਵਾਸ ਗਏ, ਇਸ ਲਈ ਇਸ ਮਹੀਨੇ ਵਿਆਹ ਨਾ ਕਰਨੇ, ਸਰਾਧਾਂ ਵਿਚ ਵਿਆਹ ਨਾ ਹੋਣਾ, ਪਖੰਡੀ ਤੇ ਦੰਭੀ, ਵਿਹਲੜ ਗੁਰੂਆਂ ਤੇ ਸੰਤਾਂ ਦਾ ਪਿਛਲਗ ਬਣਨਾ ਆਦਿ ਕਿਤਨੇ ਕੁ ਪਖੰਡ ਗਿਣੀਏ ਜੋ ਸਿੱਖੀ ਨੂੰ ਘੁਣ ਵਾਂਗ ਲਗੇ ਹੋਏ ਹਨ। ਇਨ੍ਹਾਂ ਤੋਂ ਇਲਾਵਾ ਵੀ ਅਸੀਂ ਬਹੁਤ ਕੁਝ ਜਾਣਦੇ ਹੋਏ ਵੀ ਕਈ ਤਰ੍ਹਾਂ ਦੇ ਪਖੰਡ ਨਾ-ਸਮਝੀ ਵਿਚ ਕਰੀ ਜਾ ਰਹੇ ਹਾਂ। ਜਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਅਗੇ ਪਾਣੀ ਦੇ ਛਿਟੇ ਮਾਰਨੇ, ਸ਼ਸਤਰਾਂ ਨੂੰ ਲਹੂ ਦਾ ਤਿਲਕ ਲਾਉਣਾ, ਸੁੱਖ ਨਿਧਾਨ ਦੀ ਦੇਗ ਵਰਤਾਉਣੀ, ਪਾਲਕੀ ਸਾਹਿਬ ਦੇ ਪਾਵਿਆਂ ਨੂੰ ਘੁਟਣਾ ਆਦਿ। ਇਤਨੀਆਂ ਚੂਲਾਂ ਉਖੜੀਆਂ ਹੋਈਆਂ ਹਨ ਕਿ ਇਨ੍ਹਾਂ ਦੀ ਗਿਣਤੀ ਕਰਨੀ ਔਖੀ ਹੈ।

ਗੁਰਮਤ ਮਾਰਤੰਡ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਜਦੋਂ ਪ੍ਰਸ਼ਾਦਿ ਭੇਟ ਕੀਤਾ ਜਾਂਦਾ ਸੀ ਤਾਂ ਉਹ ਆਪਣੇ ਹੱਥ ਵਿਚ ਫੜੇ ਤੀਰ/ਕਰਦ ਨਾਲ ਛੁਹਾ ਕੇ ਸੰਕੇਤ ਦਿੰਦੇ ਸਨ ਕਿ ਪ੍ਰਸ਼ਾਦਿ ਵਰਤਾਉਣ ਦੀ ਆਗਿਆ ਦਿਤੀ ਜਾਂਦੀ ਹੈ। ਤੀਰ/ਕਰਦ ਭੇਟ ਅਰਦਾਸ ਦੀ ਸਮਾਪਤੀ ਮਗਰੋਂ ਹੀ ਉਚਿਤ ਹੋ ਸਕਦੀ ਹੈ, ਕਿਉਂਕਿ ਅਰਦਾਸ ਦੀ ਸਮਾਪਤੀ ਤੋਂ ਪਹਿਲਾਂ ਕ੍ਰਿਪਾਨ ਭੇਟ ਕਰਨ ਨਾਲ ਅਰਦਾਸ ਵਿਚ ਜੁੜੀ ਬਿਰਤੀ ਉਖੜ ਜਾਂਦੀ ਹੈ ਤੇ ਇਸ ਤਰ੍ਹਾਂ ਅਰਦਾਸ ਭੰਗ ਹੋ ਜਾਂਦੀ ਹੈ। ਕਈ ਗੁਰਧਾਮਾਂ ਵਿਚ ਖੰਡਾ ਫੇਰ ਕੇ ਪ੍ਰਵਾਨਗੀ ਲੈਣ ਦਾ ਵੀ ਰਿਵਾਜ ਹੈ ਕਈ "ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣ ਲਾਵੋ ਭੋਗ ਹਰਿ ਰਾਏ" ਸ਼ਬਦ ਦੀ ਤੁਕ ਅਰਦਾਸ ਵਿਚ ਜੋੜ ਕੇ, ਜਦੋਂ ਤੁਕ ਉਚਰੀ ਜਾ ਰਹੀ ਹੋਵੇ ਉਸੇ ਸਮੇਂ ਕਰਦ ਫੇਰਦੇ ਹਨ ਜੋ ਉਚਿਤ ਨਹੀਂ।

ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ ਸਬੰਧੀ 'ਚਲਦਾ ਵਹੀਰ' ਵਲੋਂ ਹੁਕਮਨਾਮਾਂ ਕੁਝ ਸਮਾਂ ਪਹਿਲਾਂ ਜਾਰੀ ਕੀਤਾ ਗਿਆ, ਜਿਸ ਦੇ ਵਿਚ ਅੰਕਿਤ ਮੂਲ ਸ਼ਬਦਾਂ ਉਤੇ ਪੰਥ ਨੂੰ ਵਿਚਾਰ ਕਰਨਾ ਬਣਦਾ ਹੈ। ਇਸ ਹੁਕਮਨਾਮੇਂ ਦੀ ਮਿਥੀ ਮਰਯਾਦਾ ਦੇ ਹੇਠਲੇ ਪਹਿਲੂ ਸਿਖ ਧਰਮ ਦੇ ਗਿਆਨੀਆਂ ਤੇ ਸੰਚਾਲਕਾਂ ਅਗੇ ਵਿਚਾਰ-ਹਿਤ ਪੇਸ਼ ਹਨ :

12. ਸ਼ਹੀਦੀ ਦੇਗ ਦਾ ਭੋਗ ਅਤੀ ਜ਼ਰੂਰੀ ਹੈ, ਇਹ ਮਰਯਾਦਾ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਦੀ ਚਲਾਈ ਹੋਈ ਹੈ। ਪਰ ਸ਼ਰਦਾਈ

---

*ਪਿਛੇ ਜਿਹੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀਆਂ ਪ੍ਰਚਲਤ ਮਰਯਾਦਾਵਾਂ ਬਾਰੇ ਪੰਥ ਵਿਚ ਵਾਦਵਿਵਾਦ ਚਲਿਆ ਤਾਂ ਸੰਤ ਹਰਚੰਦ ਸਿੰਘ ਜੀ ਲੋਂਗੋਂਵਾਲ ਜੋ ਐਮਰਜੰਸੀ ਵਿਰੁਧ ਮੋਰਚਾ ਚਲਾ ਰਹੇ ਸਨ, ਨੇ ਬੁਢੇ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਨੂੰ ਫੈਸਲਾ ਕਰਾਉਣ ਲਈ ਬਿਨੈ ਕੀਤੀ — ਤੇ ਉਨ੍ਹਾਂ ਨੇ ਇਕ ਹੁਕਮ ਨਾਮਾ ਚਲਦੇ ਵਹੀਰ ਛੇਵੇਂ ਤਖ਼ਤ ਵਲੋਂ ਅੰਤਮ ਫੈਸਲੇ ਵਜੋਂ ਜਾਰੀ ਕੀਤਾ, ਜਿਸਦੀਆਂ ਧਾਰਾਵਾਂ 12,13,16,17 ਉਪਰ ਅੰਕਤ ਹਨ ਜੋ ਨੋਟ ਕਰਨ ਵਾਲੀਆਂ ਹਨ।

ਭੋਗ ਨਹੀਂ, ਸ਼ਹੀਦੀ ਦੇਗ ਹੋਣੀ ਚਾਹੀਦੀ ਹੈ ਜਿਸ ਵਿਚ ਸੁਖ ਨਿਧਾਨ ਅਤਿ ਜ਼ਰੂਰੀ ਹੈ ।

13. ਨਾਰੀਅਲ ਤੇ ਕੁੰਭ ਅਖੰਡ ਪਾਠ ਸਮੇਂ ਗੁਰਮਤ ਅਨੁਸਾਰ ਰਖਣੇ ਸਹੀ ਹਨ ।...

16. ਸ਼ਸਤਰਾਂ ਨੂੰ ਚੰਦਨ ਦਾ ਟਿੱਕਾ ਅਤਰ ਫੁਲੇਲ ਭੇਟਾ ਸਹੀ ਹੈ ।...

17. 'ਸ਼ਸਤਰਾਂ ਨੂੰ ਚੁਟੰਗੇ ਦਾ ਤਿਲਕ ਸਹੀ ਹੈ ।' ਚੁਟੰਗਾ ਕੇਵਲ ਯੋਗ ਅਸਥਾਨ ਤੇ ਹੀ ਝਟਕਾਇਆ ਜਾਣਾ ਚਾਹੀਦਾ ਹੈ ਤੇ ਸੇਵਾਦਾਰ ਤੀਰ ਅੰਦਰੋਂ ਲੈ ਕੇ ਆਵੇ ਤੇ ਸ਼ਸਤਰਾਂ ਨੂੰ ਤਿਲਕ ਲਾਵੇ ।

'ਸਰਦਾਰ' ਅਤੇ 'ਸ੍ਰੀ' ਪਦ ਨਿਰਣਯ

ਮੇਰੀ ਬੜੇ ਚਿਰ ਤੋਂ ਇਹ ਇੱਛਾ ਸੀ ਕਿ 'ਸਰਦਾਰ' ਅਤੇ 'ਸ੍ਰੀ' ਪਦ ਦੇ ਅੰਤਰ ਨੂੰ ਵਿਚਾਰ ਦੀ ਕਸਵੱਟੀ ਤੇ ਪਰਖਿਆ ਜਾਵੇ। ਜਦੋਂ ਵੀ ਕਿਸੇ ਮਨੁੱਖ ਦੇ ਵਿਚਾਰ ਪ੍ਰਚਲਤ ਵਿਚਾਰਧਾਰਾ ਦੇ ਵਿਰੋਧੀ ਹੋਣ ਤਾਂ ਉਸ ਨੂੰ ਤੌਖ਼ਲਾ ਰਹਿੰਦਾ ਹੈ ਕਿ ਉਸ ਦੇ ਵਿਚਾਰ ਆਮ ਸੰਪਾਦਕ ਪ੍ਰਕਾਸ਼ਤ ਕਰਨ ਤੋਂ ਸੰਕੋਚ ਕਰਨਗੇ। ਜੇਕਰ ਸੰਪਾਦਕ ਦੀ ਖੁਲ੍ਹਦਿਲੀ ਕਾਰਨ ਉਹ ਛਪ ਵੀ ਜਾਣ ਤਾਂ ਆਮ ਪਾਠਕਾਂ ਦੇ ਮਨ ਤੇ ਉਸਦਾ ਚੰਗਾ ਪ੍ਰਤੀਕਰਮ ਨਹੀਂ ਹੁੰਦਾ ਕਿਉਂਕਿ ਇਹ ਇਵੇਂ ਹੀ ਕਠਨ ਹੁੰਦਾ ਹੈ ਜਿਵੇਂ ਕਿ ਨਦੀ ਦੀ ਲਹਿਰ ਦੇ ਵਿਰੁੱਧ ਤਰਨਾ।

28 ਅਕਤੂਬਰ 1973 ਨੂੰ, ਸ੍ਰ: ਰਾਜਿੰਦਰ ਸਿੰਘ, ਸੰਪਾਦਕ 'ਕੌਮੀ ਏਕਤਾ', ਨਵੀਂ ਦਿੱਲੀ ਨੇ ਆਪਣੇ ਇਕ ਸੰਪਾਦਕੀ ਵਿਚ ਆਪਣੀ ਵਿਦੇਸ਼ ਯਾਤਰਾ ਦਾ ਜ਼ਿਕਰ ਕਰਦਿਆਂ ਸੰਕੇਤ ਕੀਤਾ ਸੀ ਕਿ ਜਦੋਂ ਉਹ ਕੇਸਾਧਾਰੀ ਸਿੱਖ ਨੂੰ ਸੰਬੋਧਨ ਕਰਦੇ ਤਾਂ ਉਨ੍ਹਾਂ ਦੀ ਜ਼ਬਾਨ ਤੇ 'ਸਰਦਾਰ' ਪਦ ਆਪ ਮੁਹਾਰੇ ਹੀ ਆ ਜਾਂਦਾ ਸੀ। ਵਲਾਇਤ ਵਿਚ ਕਈ ਅਜਿਹੇ ਸਿੱਖ ਵੀ ਸਨ; ਜੋ ਭਾਵੇਂ ਗੁਰਦੁਵਾਰਿਆਂ ਦੇ ਪ੍ਰਬੰਧਕ ਤੇ ਪ੍ਰਧਾਨ ਸਨ ਪਰ ਉਨ੍ਹਾਂ ਨੇ ਕੇਸ ਕਟਾ-ਉਣ ਦੀ ਅਵੱਗਿਆ ਕੀਤੀ ਹੋਈ ਸੀ। ਜਦੋਂ ਉਨ੍ਹਾਂ ਨੂੰ ਵਲਾਇਤ ਦੇ ਵਸਨੀਕ 'ਸਰਦਾਰ' ਕਹਿ ਕੇ ਬੁਲਾਉਂਦੇ ਤਾਂ ਸੰਪਾਦਕ ਨੂੰ ਇਹ ਗਲ ਕੁਝ ਅਜੀਬ ਪ੍ਰਤੀਤ ਹੁੰਦੀ ਅਤੇ ਜਦੋਂ ਸੰਪਾਦਕ ਅਜਿਹੇ ਸਿੱਖਾਂ ਨੂੰ ਸੰਬੋਧਨ ਕਰਦਾ ਸੀ ਤਾਂ ਸਰਦਾਰ ਦੀ ਥਾਂ ਅਵੱਸ਼ ਹੀ ਉਸ ਦੇ ਮੂੰਹੋਂ 'ਸ੍ਰੀ' ਪਦ ਵਰਤਿਆ ਜਾਂਦਾ। ਉਸ ਸਮੇਂ ਮੈਂ 'ਸਰਦਾਰ' ਅਤੇ 'ਸ੍ਰੀ' ਪਦ ਸਬੰਧੀ ਆਪਣੇ ਵਿਚਾਰ ਲੇਖ ਰੂਪ ਵਿਚ ਸੰਪਾਦਕ 'ਕੌਮੀ ਏਕਤਾ' ਨੂੰ ਪ੍ਰਕਾਸ਼ਤ ਕਰਨ ਲਈ ਭੇਜੇ ਪਰ ਸ਼ਾਇਦ ਵਿਚਾਰ ਉਨ੍ਹਾਂ ਤੋਂ ਵੱਖਰੇ ਹੋਣ ਕਰਕੇ, ਉਹ ਪ੍ਰਕਾਸ਼ਤ ਨਾ ਹੋਏ—ਜੋ ਹਥਲੀ ਪੁਸਤਕ ਵਿਚ ਪ੍ਰਕਾਸ਼ਤ ਕਰਕੇ ਪਾਠਕਾਂ ਦੇ ਨਿਰਨੇ ਲਈ ਰੱਖਦਾ ਹਾਂ।

ਸਰਦਾਰ ਅਤੇ ਸ੍ਰੀ ਪਦ ਦੇ ਭਾਵ-ਅਰਥ ਨੂੰ ਸਮਝਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਇਨ੍ਹਾਂ ਦੁਹਾਂ ਸ਼ਬਦਾਂ ਦੇ ਪ੍ਰਚਲਤ ਤੇ ਪੁਰਾਣੇ ਪ੍ਰਮਾਣੀਕ ਅਰਥਾਂ ਨੂੰ ਸਾਹਮਣੇ ਰਖਿਆ ਜਾਵੇ ਅਤੇ ਪ੍ਰਵਾਣਤ ਪੁਸਤਕਾਂ ਅਤੇ ਕੋਸ਼ਾਂ ਦੇ ਅਧਾਰ ਤੇ ਹੀ ਕੋਈ ਨਿਰਨਾ ਕੀਤਾ ਜਾਵੇ।

ਆਓ, ਪਹਿਲਾਂ 'ਸ੍ਰੀ' ਪਦ ਦੇ ਭਾਵ-ਅਰਥਾਂ ਨੂੰ ਭਾਈ ਸਾਹਿਬ ਕਾਹਨ ਸਿੰਘ ਜੀ ਨਾਭਾ ਦੇ ਮਹਾਨ ਕੋਸ਼ ਵਿਚੋਂ ਵੇਖੀਏ :—

ੳ. ਸ੍ਰੀ (ਸੰਸਕ੍ਰਿਤ) ਸੰਗਿਆ, ਲੱਛਮੀ

ਅ. ਸੋਭਾ : "ਸ੍ਰੀ ਸਤਿਗੁਰ ਸੁ ਪ੍ਰਸੰਨ" (ਸਵੈਯੇ ਮਹੱਲੇ ਚੌਥੇ ਕੇ)

ੲ. ਛੇ ਰਾਗਾਂ ਵਿਚੋਂ ਪਹਿਲਾ ਰਾਗ

ਸ. ਕੀਰਤਿ, ਆਦਰਬੋਧਕ ਸ਼ਬਦ, ਧਰਮ ਦੇ ਆਚਾਰਯ, ਮਹਾਰਾਜੇ ਲਈ, ਮਾਤਾ ਪਿਤਾ ਤੇ ਵਿਦਿਆ ਗੁਰੂ ਲਈ

ਹ. ਆਪਣੇ ਮਾਲਕ ਵਾਸਤੇ

ਕ. ਯੋਗਯ, ਸੁੰਦਰ, ਲਾਇਕ

ਖ. ਸ਼੍ਰੇਸ਼ਟ, ਉੱਤਮ

ਗ. ਸ੍ਰੀ ਚੰਦ ਬਾਬਾ

ਘ. ਸ੍ਰੀ ਸਾਹਿਬ, ਕ੍ਰਿਪਾਨ (ਦਸਮ ਪਾਤਸ਼ਾਹ ਜੀ ਨੇ ਇਹ ਪਦ ਵਰਤਿਆ)

ਙ. ਸ੍ਰੀ ਖੰਡ, ਚੰਦਨ, ਜੋ ਸ਼ੋਭਾ ਦਾ ਟੁਕੜਾ ਹੈ—"ਕਾਠਹੁ ਸ੍ਰੀ ਖੰਡ ਸਤਿਗੁਰ ਕੀਅਉ"

ਚ. ਸ੍ਰੀ ਫ਼ਲ : ਸੁੰਦਰ ਫ਼ਲ, ਨਲੀਏਰ (ਨਾਰੀਅਲ)

ਛ. ਸ੍ਰੀ ਰੰਗਿ, ਪ੍ਰਮਾਤਮਾ ਲਈ "ਸ੍ਰੀ ਰੰਗਿ ਰਾਤੇ ਨਾਮਿ ਮਾਤੇ"

ਇਸ ਤੋਂ ਇਲਾਵਾ 'ਸ੍ਰੀ ਗੁਰੂ ਸਿੰਘ ਸਭਾ' (ਸਿੱਖਾਂ ਦੀ ਇਕ ਸੰਪ੍ਰਦਾਇ); ਸ੍ਰੀ ਹਰਿਗੋਬਿੰਦ ਪੁਰ (ਗੁਰਦਾਸਪੁਰ ਵਿਚ 'ਸ੍ਰੀ ਨਗਰ' (ਇਕ ਪ੍ਰਦੇਸ਼ ਦੀ ਰਾਜਧਾਨੀ) ਆਦਿ ਆਦਿ ਅਨੇਕ ਥਾਵਾਂ ਤੇ 'ਸ੍ਰੀ' ਪਦ ਦੀ ਵਰਤੋਂ ਹੁੰਦੀ ਹੈ।

ਇਸ ਤੋਂ ਸਿੱਧ ਹੁੰਦਾ ਹੈ ਕਿ 'ਸ੍ਰੀ' ਸ਼ਬਦ ਪੁਰਾਣਾ ਅਤੇ ਸਤਿਕਾਰਵਾਚਕ ਹੈ। ਇਸ ਨੂੰ ਘਟੀਆ ਜਾਂ ਨੀਵਾਂ ਸਮਝਣਾ ਯੋਗ ਨਹੀਂ। ਸਾਰੇ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੀ ਸਤਿਕਾਰ ਵਜੋਂ ਮੁੱਢ ਵਿਚ 'ਸ੍ਰੀ' ਸ਼ਬਦ ਨਾਲ ਸੰਬੋਧਤ ਕੀਤਾ ਜਾਂਦਾ ਹੈ। ਮਹਾਰਾਜ ਬੀਰ ਸਿੰਘ ਜੀ (ਨਾਮਧਾਰੀ ਆਗੂ) ਨੇ ਵੀ ਸੰਪਾਦਕ 'ਕੌਮੀ ਏਕਤਾ' ਨੂੰ ਭਾਵੇਂ ਇਸੇ ਵਿਸ਼ੇ ਤੇ ਹੀ ਆਪਣੇ ਵਿਚਾਰ ਸਰਦਾਰ ਸ਼ਬਦ ਦੀ ਪ੍ਰੋੜਤਾ ਵਜੋਂ ਭੇਜੇ ਪਰ ਉਨ੍ਹਾਂ ਨੇ ਜਿਸ ਢੰਗ ਨਾਲ ਸੰਪਾਦਕ ਨੂੰ ਸੰਬੋਧਨ ਕਰ ਕੇ ਲਿਖਿਆ ਹੈ, ਉਹ ਵਾਚਣ ਯੋਗ ਹਨ। ਪ੍ਰਕਾਸ਼ਤ ਪੱਤਰ ਦੀਆਂ ਪਹਿਲੀਆਂ ਦੋ ਸੱਤਰਾਂ ਵੇਖੋ :

'ਸ੍ਰੀ ਮਾਨ ਸ੍ਰ: ਰਾਜਿੰਦਰ ਸਿੰਘ ਜੀ'

'ਸਤਿ ਸ੍ਰੀ ਅਕਾਲ'

'ਇਥੇ ਦੋਵੇਂ ਥਾਂ ਤੇ 'ਸ੍ਰੀ' ਸ਼ਬਦ ਭਾਵੇਂ ਸਤਿਕਾਰ ਵਾਚਕ ਹੈ। ਭਾਵੇਂ ਮਹਾਰਾਜ ਬੀਰ ਸਿੰਘ ਸ੍ਰੀ ਸ਼ਬਦ ਵਰਤਣ ਦੀ ਵਿਰੋਧਤਾ ਕਰ ਰਹੇ ਹਨ ਪਰ ਸਹਿਮਨ ਹੀ ਸ੍ਰੀ ਪਦ ਚਿੱਠੀ ਦੇ ਆਰੰਭ ਵਿਚ ਵਰਤ ਰਹੇ ਹਨ। ਸਤਿ ਸ੍ਰੀ ਅਕਾਲ ਵਿਚ 'ਸ੍ਰੀ' ਪਦ ਅਕਾਲ-ਪੁਰਖ ਪ੍ਰਤੀ ਸਤਿਕਾਰ ਵਜੋਂ ਵਰਤਿਆ ਗਿਆ ਹੈ। ਦਸਮ ਗ੍ਰੰਥ ਦੇ ਆਦਿ ਵਿਚ 'ਸ੍ਰੀ ਮੁਖਵਾਕ ਪਾਤਸ਼ਾਹੀ ੧੦ ਅਤੇ ਬਚਿੱਤਰ ਨਾਟਕ ਵਿਚ ਥਾਂ ਥਾਂ 'ਸ੍ਰੀ' ਪਦ ਵਰਤਿਆ ਗਿਆ ਹੈ। ਜਿਵੇਂ ਆਦਿ ਵਿਚ ਹੀ, 'ਨਮਸਕਾਰ ਸ੍ਰੀ ਖੜਗ ਕੋ' ਅਤੇ 'ਸ੍ਰੀ ਕਾਲ ਜੀ ਕੀ ਉਸਤਤਿ' ਆਦਿ।

ਲੁਧਿਆਣੇ ਤੋਂ ਚੰਡੀਗੜ੍ਹ ਸੜਕ-ਰਸਤੇ ਜਾਂਦਿਆਂ ਰਸਤੇ ਵਿਚ ਇਕ ਸੜਕ ਵੱਖਰੀ ਹੁੰਦੀ ਹੈ; ਜਿਹੜੀ ਨਾਮਧਾਰੀ ਸੰਸਥਾ ਦੇ ਕੇਂਦਰ ਵਲ ਜਾਂਦੀ ਹੈ; ਉਥੇ ਇਕ ਨਾਂ-ਬੋਰਡ ਲਗਾ ਹੋਇਆ ਹੈ, ਜਿਸ ਉਤੇ "ਸ੍ਰੀ ਭੈਣੀ ਸਾਹਿਬ" ਰਸਤੇ ਦੇ ਸੰਕੇਤ ਵਾਸਤੇ ਲਿਖਿਆ ਮਿਲਦਾ ਹੈ। ਇਸੇ ਤਰ੍ਹਾਂ ਸਿੱਖਾਂ ਦੇ ਮਹਾਨ ਗੁਰ-ਅਸਥਾਨਾਂ ਨਾਲ ਵੀ 'ਸ੍ਰੀ' ਪਦ ਲਗਾ ਹੁੰਦਾ ਹੈ ਜਿਸ ਤਰ੍ਹਾਂ 'ਸ੍ਰੀ ਹਰਿਮੰਦਰ ਸਾਹਿਬ' 'ਸ੍ਰੀ ਦਰਬਾਰ ਸਾਹਿਬ', 'ਸ੍ਰੀ ਅਬਿਚੱਲ ਨਗਰ ਸਾਹਿਬ', 'ਸ੍ਰੀ ਅਨੰਦਪੁਰ ਸਾਹਿਬ', ਸ੍ਰੀ ਅੰਮ੍ਰਿਤਸਰ ਸਾਹਿਬ ਆਦਿ।

ਪ੍ਰਚਲਤ ਅਰਦਾਸ ਜੋ ਧਰਮ-ਅਸਥਾਨਾਂ ਤੇ ਗੁਰਧਾਮਾਂ ਵਿਚ ਸਵੇਰੇ-ਸ਼ਾਮ, ਨਿਤਾ-ਪ੍ਰਤਿ ਸੋਧੀ ਜਾਂਦੀ ਹੈ, ਉਸ ਦੀਆਂ ਮੁਢਲੀਆਂ ਸਤਰਾਂ ਇਉਂ ਹਨ : (ਟੂਕ ਮਾਤਰ)

ਸ੍ਰੀ ਭਗੌਤੀ ਜੀ ਸਹਾਇ ॥ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦। ਅਗੇ ਚਲ ਕੇ ਅਰਦਾਸ ਵਿਚ ਆਉਂਦਾ ਹੈ—ਗੁਰੂ ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ ॥ ਸ੍ਰੀ ਹਰਕਿਸ਼ਨ ਧਿਆਈਐ, ਜਿਸ ਡਿਠੈ ਸਭਿ ਦੁਖ ਜਾਇ—ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ..." (ਸੁੰਦਰ ਗੁਟਕਾ ਸ਼੍ਰੋ: ਗੁ: ਪ੍ਰ: ਕ: ਪੰਨਾ 162—63)

ਜਿਸ ਸ਼ਬਦ ਨੂੰ ਸਿਖ ਅਰਦਾਸ ਸਮੇਂ ਆਦਿ ਵਿਚ ਵਰਤਦੇ ਹਨ; ਉਸ ਦੀ ਵਿਰੋਧਤਾ ਕਰਨੀ ਕਿਵੇਂ ਉਚਿਤ ਸਮਝੀ ਜਾ ਸਕਦੀ ਹੈ।

ਸ਼ਬਦ 'ਸ਼੍ਰੋਮਣੀ', ਸ੍ਰੀ ਸ਼ਬਦ ਤੋਂ ਹੀ ਉਤਪੰਨ ਹੋਇਆ ਹੈ। ਇਸ ਦਾ ਮੂਲ-ਧਾਤੂ ਸ਼ਬਦ "ਸ੍ਰੀ" ਹੈ। ਇਹ ਦੋਵੇਂ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਹਨ। ਇਵੇਂ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਸਿਖਾਂ ਦੀਆਂ ਧਾਰਮਕ ਤੇ ਰਾਜਸੀ ਜਥੇਬੰਦੀ ਸ੍ਰੀ ਸ਼ਬਦ ਨੂੰ ਆਪਣੀ ਹੋਂਦ ਤੋਂ ਹੀ ਵਰਤੋਂ ਵਿਚ ਲਿਆ ਰਹੀਆਂ ਹਨ। ਸ੍ਰੀ ਸ਼ਬਦ ਨੂੰ ਕਿਸੇ ਪੁਰਸ਼ ਦੇ ਨਾਮ ਤੋਂ ਪਹਿਲਾ ਵਰਤੋਂ ਵਿਚ ਲਿਆਉਣ ਦੀ ਵਿਰੋਧਤਾ ਬਿਨਾ ਦੀਰਘ ਵਿਚਾਰ ਕਰਨ ਦੇ ਹਾਸੋਹੀਣੀ ਪ੍ਰਤੀਤ ਹੁੰਦੀ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਲਹਿੰਦੇ ਮੁਖ ਦੁਆਰ ਤੇ ਸੰਗਮਰਮਰ ਤੇ ਇਉਂ ਅੱਖਰ ਉਕਰੇ ਹੋਏ ਮਿਲਦੇ ਹਨ। ਪਹਿਲਾਂ ਸੰਪੂਰਨ ਮੂਲ-ਮੰਤਰ ਉਕਰਿਆ ਹੋਇਆ ਹੈ ਤੇ ਇਸ ਤੋਂ ਅਗੇ ਇਹ ਸ਼ਬਦ ਮਿਲਦੇ ਹਨ, "ਸ੍ਰੀ ਮਹਾਰਾਜ ਗੁਰੂ ਸਾਹਿਬ ਜੀ ਨੇ ਆਪਣਾ ਪਰਮ ਸੇਵਕ ਸਿਖ ਜਾਣ ਕਰ ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਸ੍ਰੀ ਮਹਾਰਾਜਾ ਰਣਜੀਤ ਸਿੰਘ ਪਰ ਦਯਾ ਕਰਕੇ ਕਰਾਈ-ਸੰਮਤ 1887"

ਖੱਬੇ ਹੱਥ ਉੱਤਰੀ ਦਰ ਤੇ ਇਉਂ ਲਿਖਿਆ ਮਿਲਦਾ ਹੈ :—

"ਸੇਵਾ ਸ੍ਰੀ ਗੁਰੂ ਰਾਮ ਦਾਸ ਜੀ ਦੀ ਸਰਵਣ ਅਰ ਸੰਗ ਸੁਪੇਦ ਦੀ ਬਡਭਾਗੀ ਜਾਣ ਕੇ ਸ੍ਰੀ ਮਹਾਰਾਜਾ ਰਣਜੀਤ ਸਿੰਘ ਜੀ ਸੇ ਕਰਵਾਈ ਮਾਰਫ਼ਤ ਸ੍ਰੀ ਭਾਈ ਸੰਤ ਸਿੰਘ ਗਿਯਾਨੀ ਜੀ ਕੀ" ਇਸ ਦਰ ਤੇ ਅਗੇ ਲਿਖਿਆ ਮਿਲਦਾ ਹੈ :—

"ਰਾਜ ਸਾਜ ਸ੍ਰੀ ਮਹਾਰਾਜਾ ਖੜਕ ਸਿੰਘ ਜੀ ਅਰ ਕੰਵਰ ਸ੍ਰੀ ਨੌਨਿਹਾਲ ਸਿੰਘ ਜੀ ਕੋ ਭਯਾ ਤਿਨੋ ਕੇ ਹਿਤ ਕਰ ਭਾਗਯ ਜਾਣ ਕਰ ਸੇਵਾ ਕਰੀ ਸੰਮਤ 1896)

ਸਿੱਖ ਰਾਜ ਸਮੇਂ ਸ੍ਰੀ ਸ਼ਬਦ ਦਾ ਪ੍ਰਯੋਗ ਸਤਿਕਾਰ ਹਿਤ ਵੱਡੇ ਵੱਡੇ ਸਿੱਖਾਂ ਤੇ ਗਿਆਨੀ ਸਿੱਖਾਂ ਲਈ ਆਮ ਵਰਤਿਆ ਜਾਂਦਾ ਸੀ। ਇਵੇਂ ਸ੍ਰੀ ਸ਼ਬਦ ਸਿੱਖ ਸ਼ਬਦਾਵਲੀ ਦਾ ਸਤਿਕਾਰ-ਬੋਧਕ ਸ਼ਬਦ ਹੈ। ਇਸ ਬਾਰੇ ਕਿਸੇ ਭੁਲੇਖੇ ਦੀ ਗੁੰਜਾਇਸ਼ ਨਹੀਂ ਪ੍ਰਤੀਤ ਹੁੰਦੀ।

'ਸਵਯੇ ਸ੍ਰੀਮੁਖ ਬਾਕੵ ਮਹਲਾ ੫'—ਇਸ ਤੁਕ ਵਿਚ ਗੁਰੂ ਅਰਜਨ ਦੇਵ ਜੀ ਪ੍ਰਥਾਇ 'ਸ੍ਰੀ' ਸ਼ਬਦ ਹੀ ਵਰਤਿਆ ਗਿਆ ਹੈ।

ਇਹ ਕਥਨ ਕਿਥੋਂ ਤਕ ਠੀਕ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ 'ਸਰਦਾਰ' ਦੀ ਪਦਵੀ ਦਿੱਤੀ ਹੈ; ਇਸ ਦੀ ਪੜਚੋਲ ਕਰਨੀ ਵੀ ਜ਼ਰੂਰੀ ਹੈ।

ਸਰਦਾਰ

ਇਹ ਫ਼ਾਰਸੀ ਦਾ ਸ਼ਬਦ ਹੈ। ਫ਼ਾਰਸੀ ਵਿਚ ਇਹ ਸ਼ਬਦ ਕੇਵਲ ਪੁਰਸ਼-ਵਾਚਕ ਹੀ ਹੈ। ਇਸਤਰੀ-ਵਾਚਕ ਨਾ ਹੋਣ ਕਰਕੇ, ਅਸੀਂ ਇਸ ਸ਼ਬਦ ਦਾ ਇਸਤਰੀ-ਵਾਚਕ ਸ਼ਬਦ ਪੰਜਾਬੀਕਰਨ ਕਰਕੇ 'ਸਰਦਾਰਨੀ' ਬਣਾ ਲਿਆ ਹੈ। ਪਰ ਇਸਤਰੀ-ਵਾਚਕ ਇਹ ਸ਼ਬਦ ਕੇਵਲ ਵਿਵਾਹਿਤਾ ਬੀਬੀਆਂ ਲਈ ਹੀ ਵਰਤਿਆ ਜਾ ਸਕਦਾ ਹੈ। ਅਣ-ਵਿਆਹੀਆਂ ਲਈ ਇਸ ਸ਼ਬਦ ਦਾ ਪ੍ਰਯੋਗ ਦਰੁਸਤ ਨਹੀਂ ਹੈ।

ਸਰਦਾਰ ਦੇ ਅਰਥ ਹਨ, ਪ੍ਰਧਾਨ, ਮੁੱਖੀਆ, ਸ਼੍ਰੋਮਣੀ ਆਦਿ। ਇਹ ਪਦ ਕਿਸੇ ਜ਼ਮੀਨ, ਵਿਭਾਗ ਦੇ ਮੁਖੀ ਜਾਂ ਡਾਕੂਆਂ ਦੇ ਕਿਸੇ ਗਰੋਹ ਜਾਂ ਫ਼ੌਜ ਦੇ ਮੁਖੀ ਲਈ ਵੀ ਵਰਤਿਆ ਜਾਂਦਾ ਹੈ। ਇਹ ਸਿੱਖਾਂ ਵਿਚ ਕਦੋਂ ਪ੍ਰਚਲਤ ਹੋਇਆ ਅਤੇ ਕਿਵੇਂ ਪ੍ਰਵਾਨ ਚੜ੍ਹਿਆ ਇਸ ਬਾਰੇ ਜਾਣਕਾਰੀ ਦੇਣੀ ਉਚਿਤ ਹੋਵੇਗੀ।

ਸਰਦਾਰ, ਸ਼ਬਦ ਫ਼ਾਰਸੀ ਦਾ ਹੋਣ ਕਰਕੇ, ਜਦੋਂ ਰਾਜ ਸੱਤਾ ਸਿੱਖਾਂ ਦੇ ਹੱਥ ਵਿਚ ਆਈ ਤਾਂ ਇਹ ਸ਼ਬਦ ਉਨ੍ਹਾਂ ਨੇ ਆਪਣੇ ਮੁੱਖੀਆਂ ਤੇ ਜੱਥੇਦਾਰਾਂ ਲਈ ਵਰਤਣਾ ਸ਼ੁਰੂ ਕੀਤਾ। ਜਦੋਂ ਦੁਰਾਨੀਆਂ ਨੇ ਖ਼ਾਲਸੇ ਨੂੰ ਨਵਾਬੀ ਪੇਸ਼ ਕੀਤੀ ਤਾਂ ਸਰਦਾਰ ਕਪੂਰ ਸਿੰਘ ਨੂੰ ਪੰਥ ਨੇ ਨਵਾਬੀ ਦੀ ਪਦਵੀ ਪ੍ਰਵਾਨ ਕਰਨ ਦਾ ਹੁਕਮ ਦਿਤਾ ਤਾਂ ਉਨ੍ਹਾਂ ਦਾ ਨਾਮ ਨਵਾਬ ਕਪੂਰ ਸਿੰਘ ਪ੍ਰਚਲਤ ਹੋ ਗਿਆ। ਮਿਸਲਾਂ ਦੇ ਸਮੇਂ ਫ਼ੌਜ ਦੇ ਮੁਖੀ ਅਤੇ ਜੱਥੇਦਾਰ ਹੋਣ ਕਰਕੇ ਸ੍ਰ: ਜੱਸਾ ਸਿੰਘ ਰਾਮਗੜ੍ਹੀਆ ਤੇ ਆਹਲੂਵਾਲੀਆ ਆਦਿ ਮੋਢੀ ਸਿੱਖਾਂ ਦੇ ਨਾਂ ਨਾਲ 'ਸਰਦਾਰ' ਪਦ ਜੋੜਿਆ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਰਾਜ ਦਰਬਾਰ ਦੀ ਪ੍ਰਮੁੱਖ ਭਾਸ਼ਾ ਫ਼ਾਰਸੀ ਸੀ। ਹੁਕਮਨਾਮੇ ਅਤੇ ਰੋਜ਼-ਨਾਮਚੇ ਆਦਿ ਵੀ ਫ਼ਾਰਸੀ ਵਿਚ ਹੀ ਹੁੰਦੇ ਸਨ। ਇਸ ਲਈ 'ਸਰਦਾਰ' ਪਦ ਉਸ ਸਮੇਂ ਪ੍ਰਚਲਤ ਹੋ ਗਿਆ। ਸਰਦਾਰ ਹਰੀ ਸਿੰਘ ਨਲੂਆ ਅਤੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਸਰਦਾਰ ਪਦ ਨਾਲ ਨਿਵਾਜਿਆ ਗਿਆ।

'ਸਰਦਾਰ' ਸ਼ਬਦ ਮੁਸਲਮਾਨੀ ਹੈ। ਮੁਸਲਮਾਨ ਅਜ ਤਕ ਵੀ ਸਰਦਾਰ ਪਦ ਵਰਤਦੇ ਹਨ। ਸਾਂਝੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਸਕੰਦਰ ਹਯਾਤ ਖ਼ਾਨ ਅਤੇ ਉਨ੍ਹਾਂ ਦੇ ਹੀ ਰਿਸ਼ਤੇਦਾਰ ਸਰਦਾਰ ਸ਼ੌਕਤ ਹਯਾਤ ਖ਼ਾਨ ਸਨ। ਜਦੋਂ ਬੰਗਲਾ ਦੇਸ਼ ਨਵਾਂ ਨਵਾਂ ਹੋਂਦ ਵਿਚ ਆਇਆ ਸੀ ਤਾਂ ਬੰਗਲਾ ਦੇਸ਼ ਰੇਡੀਓ ਦੇ ਪੰਜਾਬੀ ਵਿਭਾਗ ਵਿਚ ਇਕ 'ਸਰਦਾਰ

ਕਬੀਰੁ-ਉਦ-ਦੀਨ' ਨਾਂ ਰੋਜ਼ਾਨਾ ਸੁਣਨ ਵਿਚ ਆਉਂਦਾ ਰਿਹਾ ਹੈ। ਅਫਗਾਨਿਸਤਾਨ ਵਿਚ ਵੀ ਸਰਦਾਰ ਸ਼ਬਦ ਅਜ ਤਕ ਵਰਤਿਆ ਜਾਂਦਾ ਹੈ ਜਿਹਾ ਕਿ ਸਰਦਾਰ ਹਬੀਬ-ਉਲ-ਖ਼ਾਨ ਆਦਿ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਤਕ ਸਿੱਖਾਂ ਲਈ 'ਸਰਦਾਰ' ਪਦ ਦੀ ਵਰਤੋਂ ਦਾ ਕਿਧਰੇ ਵੀ ਇਤਿਹਾਸ ਵਿਚੋਂ ਸੰਕੇਤ ਨਹੀਂ ਮਿਲਦਾ। ਗੁਰੂ ਸਾਹਿਬਾਨ ਦੇ ਸਮੇਂ ਸੰਗਤ ਦੇ ਮੁੱਖੀ ਅਤੇ ਬਾਕੀ ਸਿੱਖ ਸੰਗਤ ਨੂੰ 'ਭਾਈ' ਜਾਂ 'ਬਾਬਾ' ਸ਼ਬਦ ਨਾਲ ਸੰਬੋਧਿਤ ਕੀਤਾ ਜਾਂਦਾ ਸੀ। ਜਿਵੇਂ ਭਾਈ ਮਰਦਾਨਾ, ਭਾਈ ਬਾਲਾ, ਭਾਈ ਪੈੜਾ, ਭਾਈ ਮੋਖਾ, ਭਾਈ ਦਇਆ ਸਿੰਘ (ਪੰਜ ਪਿਆਰਿਆਂ ਵਿਚੋਂ) ਭਾਈ ਮਹਾਂ ਸਿੰਘ ਜੀ (ਚਾਲ੍ਹੀ ਮੁਕਤਿਆਂ ਵਿਚੋਂ) ਬਾਬਾ ਦੀਪ ਸਿੰਘ ਜੀ ਸ਼ਹੀਦ, ਭਾਈ ਮਨੀ ਸਿੰਘ ਜੀ ਅਤੇ ਭਾਈ ਜੱਸਾ ਸਿੰਘ ਜੀ [ਸ੍ਰੀ ਦਰਬਾਰ ਸਾਹਿਬ ਦੇ ਪ੍ਰਮੁੱਖ ਗ੍ਰੰਥੀ] ਵਿਦਵਾਨ ਸ੍ਰੇਣੀ ਵਿਚ ਭਾਈ ਸੰਤੋਖ ਸਿੰਘ ਜੀ (ਕਰਤਾ ਸੂਰਜ ਪ੍ਰਕਾਸ਼) ਡਾ: ਭਾਈ ਵੀਰ ਸਿੰਘ ਜੀ, ਭਾਈ ਕਾਨ੍ਹ ਸਿੰਘ ਜੀ ਨਾਭਾ, ਭਾਈ ਮੋਹਨ ਸਿੰਘ ਜੀ ਵੈਦ, ਗਿ: ਭਾਈ ਦਿਤ ਸਿੰਘ ਜੀ, ਭਾਈ ਰਣਧੀਰ ਸਿੰਘ ਜੀ, ਭਾਈ ਜਵਾਹਰ ਸਿੰਘ ਜੀ ਆਦਿ। ਨਵੇਂ ਸਮੇਂ ਵਿਚ ਵੀ ਭਾਈ ਸ਼ਬਦ ਬੜਾ ਹਰਮਨ-ਪਿਆਰਾ ਅਤੇ ਸਤਿਕਾਰ ਯੋਗ ਹਸਤੀਆਂ ਨਾਲ ਜੁੜਿਆ ਹੋਇਆ ਹੈ। ਜਿਵੇਂ ਡਾ: ਭਾਈ ਜੋਧ ਸਿੰਘ ਜੀ, ਡਾ: ਭਾਈ ਧਰਮਾਨੰਤ ਸਿੰਘ ਜੀ ਆਦਿ।

ਜੇਕਰ ਅਸੀਂ 'ਸ੍ਰੀ' ਅਤੇ 'ਸਰਦਾਰ' ਦੇ ਝਗੜੇ ਨੂੰ ਛੱਡ ਕੇ ਗੁਰੂ ਸਾਹਿਬਾਨ ਦੇ ਬਖ਼ਸ਼ੇ ਹੋਏ ਪਦ 'ਭਾਈ' ਨੂੰ ਹੀ ਪ੍ਰਚਲਤ ਕਰ ਸਕੀਏ ਤਾਂ ਇਹ ਇਕ ਵਿਸ਼ੇਸ਼ ਮਹਾਨਤਾ ਵਾਲੀ ਗੱਲ ਹੋਵੇਗੀ। ਇਸ ਤਰ੍ਹਾਂ ਪੰਥ ਵਿਚ ਗੁਰੂ ਸਾਹਿਬਾਨ ਦੀ ਪਾਈ ਪਰਪਾਟੀ ਨੂੰ ਮੁੜ ਸੁਰਜੀਤ ਕਰ ਸਕਾਂਗੇ।

ਕੁਝ ਸਮੇਂ ਤੋਂ ਭਾਈ ਸ਼ਬਦ ਨਾਲ ਕੁਝ ਭੁਲੇਖੇ ਅਤੇ ਇਹੋ ਜਿਹੇ ਜਜ਼ਬੇ ਰਲ ਗਏ ਹਨ ਜਿਸ ਨਾਲ ਇਸ ਦੀ ਮਹਾਨਤਾ ਨੂੰ ਅਸੀਂ ਭੁਲ ਗਏ ਹਾਂ ਅਤੇ ਇਸ ਸ਼ਬਦ ਨੂੰ ਘਟੀਆ ਸਮਝਣ ਲਗ ਪਏ ਹਾਂ। ਇਕ ਦਿਨ ਮੇਰੇ ਸਤਿਕਾਰ ਯੋਗ ਮਿੱਤਰ ਸਿੰਘ ਸਾਹਿਬ ਜਥੇਦਾਰ ਸਾਧੂ ਸਿੰਘ ਜੀ ਭੌਰਾ (ਸਾਬਕ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਮੇਰੇ ਗ੍ਰਹਿ ਤਸ਼ਰੀਫ਼ ਲਿਆਏ ਤਾਂ ਸਰਦਾਰ ਅਤੇ ਭਾਈ ਸ਼ਬਦ ਤੇ ਵਿਚਾਰ ਛਿੜ ਪਈ। ਉਨ੍ਹਾਂ ਨੇ ਹੱਸ ਕੇ ਆਪਣੇ ਯੁਵਕ ਸਮੇਂ ਦੀ ਇਕ ਵਾਰਤਾ ਇਉਂ ਸੁਣਾਈ, "ਮੈਂ ਨਵਾਂ ਨਵਾਂ ਹੀ ਸ਼ਹਿਰ ਵਿਚੋਂ ਵਿਦਿਆ ਪ੍ਰਾਪਤ ਕਰ ਕੇ ਪਿੰਡ ਪੁਜਾ ਸਾਂ। ਮੈਨੂੰ ਗੁਰਦੁਆਰੇ ਜਾਣ ਅਤੇ ਗੁਰਬਾਣੀ ਪੜ੍ਹਣ ਦਾ ਬੜਾ ਉਤਸ਼ਾਹ ਸੀ। ਮੈਂ ਪਿੰਡ ਵਿਚ ਇਸ ਗਲ ਲਈ ਮਸ਼ਹੂਰ ਸਾਂ ਕਿ ਮੈਨੂੰ ਗੁਰਬਾਣੀ ਨਾਲ ਬੜੀ ਲਗਨ ਹੈ। ਮੇਰਾ ਇਕ ਪੁਰਾਣਾ ਜਾਣ-ਪਛਾਣ ਵਾਲਾ ਹਮਉਮਰ ਮੈਨੂੰ ਮਿਲਿਆ ਤਾਂ ਉਸ ਨੇ ਮੈਨੂੰ 'ਭਾਈ ਸਾਧੂ ਸਿੰਘ' ਕਰ ਕੇ ਸੰਬੋਧਿਤ ਕੀਤਾ। ਅਣਜਾਣਪੁਣੇ ਵਿਚ ਮੈਨੂੰ ਗੁੱਸਾ ਚੜ੍ਹ ਗਿਆ ਅਤੇ ਬੜੇ ਕਰੋਧ ਵਿਚ ਮੈਂ ਕੁਝ ਉਚੀਆਂ ਨੀਵੀਆਂ ਸੁਣਾ ਦਿੱਤੀਆਂ ਅਤੇ ਇਕ ਥੱਪੜ ਉਸ ਦੇ ਮੂੰਹ ਤੇ ਮਾਰ ਦਿੱਤਾ।"

ਮੇਰਾ ਖ਼ਿਆਲ ਹੈ ਕਿ ਇਹੋ ਜਹੀ ਘਟਨਾ ਹੋਰ ਵੀ ਕੁਝ ਵਿਅੱਕਤੀਆਂ ਨਾਲ

ਵਾਪਰੀ ਹੋਵੇਗੀ ।

ਸ਼ਬਦਾਂ ਦੇ ਭਾਵ ਸਮੇਂ ਦੇ ਗੇੜ ਨਾਲ ਕਈ ਵਾਰ ਗਲਤ ਪ੍ਰਚਲਤ ਹੋ ਜਾਂਦੇ ਹਨ । ਗਲਤ ਪ੍ਰਪਾਟੀਆਂ ਨੂੰ ਜਿਥੋਂ ਤਕ ਹੋਵੇ ਸੋਧਣ ਦਾ ਯਤਨ ਕਰਨਾ ਸਾਡਾ ਫ਼ਰਜ਼ ਬਣਦਾ ਹੈ । ਭਾਵੇਂ ਸਰਦਾਰ ਪਦ ਸਿੱਖਾਂ ਵਿਚ ਆਮ ਪ੍ਰਚਲਤ ਹੋ ਗਿਆ ਹੈ ਪਰ ਫਿਰ ਵੀ 'ਸ੍ਰੀ' ਅਤੇ 'ਭਾਈ' ਪਦ ਦੀ ਮਹਾਨਤਾ ਨੂੰ ਛੁਟਿਆਉਣ ਦਾ ਯਤਨ ਕਿਸੇ ਤਰ੍ਹਾਂ ਵੀ ਯੋਗ ਨਹੀਂ ਸਮਝਿਆ ਜਾ ਸਕਦਾ ।

ਅਕਾਲੀ-ਜਨਤਾ ਸਰਕਾਰ ਦੇ ਕਿਸੇ ਨਾ-ਸਮਝ ਕਰਮਚਾਰੀ ਦੀ ਉਕਸਾਹਟ ਸਦਕਾ ਹੀ 'ਸ੍ਰੀ' ਜਹੇ ਮਹਾਨ ਸਤਿਕਾਰ ਬੋਧਕ ਸ਼ਬਦ ਦੀ ਸਿੱਖਾਂ ਦੇ ਨਾਮ ਨਾਲ ਵਰਤਣ ਦੀ ਮਨਾਹੀ ਦਾ ਹੁਕਮ ਦਿਤਾ ਗਿਆ ਸੀ ਜੋ ਇਕ ਅਯੋਗ ਫ਼ੈਸਲਾ ਹੀ ਸੀ ਜਿਸ ਨੂੰ ਮੌਜੂਦਾ ਸਰਕਾਰ ਨੇ ਬਦਲ ਕੇ ਚੰਗੀ ਸੂਝ-ਬੂਝ ਦਾ ਪ੍ਰਗਟਾਵਾ ਕੀਤਾ ਹੈ ।

ਨਿਰੰਕਾਰੀ ਲਹਿਰ ਦਾ
ਸਿਖ ਰਹੁ ਰੀਤਾਂ ਦੇ ਪ੍ਰੀਵਰਤਨ ਵਿਚ ਯੋਗਦਾਨ

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖਾਂ ਦੀ ਜੋ ਆਰਥਕ ਤੇ ਰਾਜਸੀ ਪ੍ਰਗਤੀ ਹੋਈ ਉਸ ਦੀ ਮਿਸਾਲ ਪਹਿਲਾਂ ਕੋਈ ਨਹੀਂ ਮਿਲਦੀ। ਸਿੱਖ ਰਾਜ ਲੰਡੀਕੋਤਲ ਤੋਂ ਲੈ ਕੇ ਸਤਲੁਜ ਤਕ ਅਤੇ ਤਿੱਬਤ ਦੀਆਂ ਸਰਹੱਦਾਂ ਤੋਂ ਲੈ ਕੇ ਮੁਲਤਾਨ ਅਤੇ ਡੇਰ੍ਹਾ ਜ਼ਾਤ ਤੱਕ ਫੈਲਿਆ ਹੋਇਆ ਸੀ ਅਤੇ ਇਹ ਇਕ ਮਹਾਨ ਸ਼ਖ਼ਸੀਅਤ ਮਹਾਰਾਜਾ ਰਣਜੀਤ ਸਿੰਘ ਦਾ ਕਰਿਸ਼ਮਾ ਸੀ।

ਸਿੱਖਾਂ ਵਿਚ ਗੁਰਬਾਣੀ ਲਈ ਸ਼ਰਧਾ ਤੇ ਧਰਮ ਅਸਥਾਨਾਂ ਲਈ ਪਿਆਰ ਅਮੁੱਕ ਸੀ। ਸ੍ਰੀ ਤਰਨਤਾਰਨ ਅਤੇ ਸ੍ਰੀ ਅੰਮ੍ਰਿਤਸਰ ਜੀ ਦੇ ਮਹਾਨ ਤੀਰਥਾਂ ਦੀਆਂ ਆਲੀਸ਼ਾਨ ਇਮਾਰਤਾਂ ਸੁਨਹਿਰੀ ਕਲਸਾਂ ਤੇ ਉਚੇ ਨਿਸ਼ਾਨ ਸਾਹਿਬਾਂ ਨਾਲ ਸੁਸ਼ੋਭਤ ਸਨ। ਸ੍ਰੀ ਹਜ਼ੂਰ ਸਾਹਿਬ ਸਚਖੰਡ ਨਾਦੇੜ ਦਾ ਧਰਮ ਅਸਥਾਨ ਵੀ ਮਹਾਰਾਜਾ ਰਣਜੀਤ ਸਿੰਘ ਦੀ ਸਹਾਇਤਾ ਨਾਲ ਉਸਾਰਿਆ ਗਿਆ ਸੀ।

ਹਜ਼ਾਰਾਂ ਦੀ ਗਿਣਤੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬੀ ਸਿੰਘ ਸੱਜ ਗਏ। ਕਈ ਭਾਵਨਾਂ ਸਹਿਤ ਅਤੇ ਬਹੁਤ ਰਾਜਨੀਤਕ ਹਿੱਤਾਂ ਲਈ ਵੀ ਪੰਥ ਵਿਚ ਸ਼ਾਮਲ ਹੋਏ। ਸਿੱਖ ਧਰਮ ਅਸਥਾਨਾਂ ਤੇ ਸਨਾਤਨ ਮਰਯਾਦਾ ਕਾਇਮ ਸਨ। ਅਸ਼ਟਭੁਜੀ ਦੇਵੀ, ਦੁਰਗਾ ਤੇ ਭਗਉਤੀ ਦੀਆਂ ਮੂਰਤਾਂ ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਤਰਨਤਾਰਨ ਜਹੇ ਮਹਾਨ ਧਰਮ ਅਸਥਾਨਾਂ ਤੇ ਬਿਰਾਜਮਾਨ ਹੋ ਗਈਆਂ ਤੇ ਇਹੋ ਜਿਹਾ ਹੀ ਵਾਤਾਵਰਨ ਸਿੰਘ ਸਭਾ ਲਹਿਰ ਦੇ ਸਮੇਂ ਵਿਚ ਵੀ ਰਿਹਾ; ਜਿਸ ਦਾ ਗੁਰਮਤਿ ਅਨੁਸਾਰ ਪ੍ਰਵਰਤਨ ਅਕਾਲੀ ਲਹਿਰ ਦੇ ਹੋਂਦ ਵਿਚ ਆਉਣ ਤੇ ਹੀ ਹੋਇਆ।

ਮਹਾਰਾਜਾ ਰਣਜੀਤ ਸਿੰਘ ਦੇ ਅੱਖ ਮੀਟਣ ਦੀ ਦੇਰ ਸੀ ਕਿ ਸਿੱਖ ਰਾਜ ਸਤਾ ਉਹਦੇ ਨਾਲ ਹੀ ਖ਼ਤਮ ਹੋ ਗਈ। ਜਿਹੜੇ ਆਰਥਕ ਤੇ ਰਾਜਨੀਤਕ ਲਾਭਾਂ ਲਈ ਸਿੰਘ ਸਜੇ ਸਨ ਈਸਟ ਇੰਡੀਆ ਕੰਪਨੀ ਦੇ ਰਾਜ ਪ੍ਰਬੰਧ ਸੰਭਾਲਣ ਸਮੇਂ ਉਹ ਸਿੱਖੀ ਤੋਂ ਮੂੰਹ ਫੇਰ ਗਏ।

ਮਹਾਰਾਜਾ ਰਣਜੀਤ ਸਿੰਘ ਦੇ ਜਨਮ ਤੋਂ ਤਿਨ ਸਾਲ ਮਗਰੋਂ ਇਕ ਪਰਮ ਮਨੁੱਖ ਤੇ ਯੁਗ ਪੁਰਸ਼ ਦਾ ਜਨਮ ਪਿਸ਼ਾਵਰ ਵਿਚ ਸ੍ਰੀ ਰਾਮ ਸਹਾਇ ਖੱਤਰੀ ਦੇ ਗ੍ਰਿਹ ਵਿਖੇ 1783 ਈ: (ਵੈਸਾਖ਼ ਦੀ ਪੁੰਨਿਆਂ, 1840 ਬਿਕਰਮੀ) ਨੂੰ ਮਾਤਾ ਲਡਿੱਕੀ ਜੀ ਦੇ ਉਧਰ ਤੋਂ ਹੋਇਆ ; ਜੋ ਪਿਛੋਂ ਸ੍ਰੀ ਸਾਹਿਬ ਦਇਆਲ ਜੀ ਨਿਰੰਕਾਰੀ ਦੇ ਨਾਮ ਨਾਲ ਪ੍ਰਸਿੱਧ ਹੋਏ। ਇਨ੍ਹਾਂ ਦੇ ਦਾਦਾ ਗੁਰ ਸਹਾਇ ਜੀ ਅਤੇ ਪਰਮ ਪਿਤਾਮਾ ਦੇਵੀ ਸਹਾਇ ਜੀ ਕਾਬਲ ਦੇ ਵਸਨੀਕ ਸਨ ਅਤੇ ਉਥੇ ਦੇ ਰਾਜ ਦਰਬਾਰ ਦੇ ਵੱਡੇ ਕਰਮਚਾਰੀ ਸਨ।

ਉਹ ਕਾਬਲ ਦੀ ਸਿੱਖ ਸੰਗਤ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਨੂੰ ਆਏ ਤਾਂ ਭਾਈ ਭਗਵਾਨ ਸਿੰਘ ਜੀ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਜ਼ਾਨਚੀ ਸਨ ਅਤੇ ਉਨ੍ਹਾਂ ਦੇ ਸਪੁਤਰ ਭਾਈ ਵਿਸਾਖਾ ਸਿੰਘ ਜੀ ਨਾਲ ਮੇਲ ਮਿਲਾਪ ਹੋਇਆ। ਸਮਾਂ ਪਾ ਕੇ ਕੁਝ ਰਾਜਸੀ ਹਾਲਾਤ ਇਹੋ ਜਹੇ ਹੋ ਗਏ ਸਨ ਕਿ ਉਹ ਕਾਬਲ ਤੋਂ ਪਿਸ਼ਾਵਰ ਆ ਗਏ ਅਤੇ ਉਥੇ ਸਰਾਫ਼ੀ ਦੀ ਦੁਕਾਨ ਅਤੇ ਭਾਰਤੀ-ਅਫਗਾਨੀ ਸਿੱਕੇ ਦੀ ਅਦਲਾ-ਬਦਲੀ ਦਾ ਕਾਰੋਬਾਰ ਸ਼ੁਰੂ ਕੀਤਾ। ਭਾਈ ਭਗਵਾਨ ਸਿੰਘ ਜੀ ਅਤੇ ਭਾਈ ਵਿਸਾਖਾ ਸਿੰਘ ਜੀ ਰਵਤਾਸ ਜ਼ਿਲ੍ਹਾ ਜਿਹਲਮ ਦੇ ਰਹਿਣ ਵਾਲੇ ਸਨ। ਭਾਈ ਵਿਸਾਖਾ ਸਿੰਘ ਜੀ ਦੇ ਗ੍ਰਿਹ ਵਿਖੇ ਕਾਫ਼ੀ ਸਮੇਂ ਮਗਰੋਂ ਇਕ ਕੰਨਿਆਂ ਦਾ ਜਨਮ ਹੋਇਆ ਜਿਸ ਦਾ ਨਾਂ ਉਨ੍ਹਾਂ ਨੇ ਲਾਡਿੱਕੀ (ਲਾਡਾਂ ਵਾਲੀ) ਰਖਿਆ ਅਤੇ ਇਕ ਸਪੁੱਤਰ ਭਾਈ ਮਿਲਖਾ ਸਿੰਘ ਜੀ ਹੋਏ। ਸੋ ਸ੍ਰੀ ਸਾਹਿਬ ਦਇਆਲ ਜੀ ਦਾ ਜਨਮ ਮਾਤਾ ਅਤੇ ਪਿਤਾ ਵਲੋਂ ਗੁਰਸਿੱਖੀ ਨੂੰ ਮੰਨਣ, ਤੇ ਮੰਨ ਕੇ ਚਲਣ ਵਾਲੇ ਘਰਾਣੇ ਵਿਚ ਹੋਇਆ। ਮਾਤਾ ਲਾਡਿੱਕੀ ਜੀ ਦੀ ਸ਼ਾਦੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਭਾਈ ਵਿਸਾਖਾ ਸਿੰਘ ਜੀ ਨੇ ਦਾਜ ਵਿਚ ਦਿੱਤੀ।

ਸ੍ਰੀ ਸਾਹਿਬ ਜੀ ਦੀ ਮੁੱਢਲੀ ਵਿਦਿਆ ਫ਼ਾਰਸੀ ਅਤੇ ਪਸ਼ਤੋ, ਮਕਤੱਬ ਵਿਚ ਹੋਈ ਅਤੇ ਪੰਜਾਬੀ ਜਿਹੜੀ ਕਿ ਉਨ੍ਹਾਂ ਦੀ ਮਾਂ ਬੋਲੀ ਸੀ, ਉਨ੍ਹਾਂ ਦੀ ਮਾਤਾ ਜੀ ਨੇ ਹੀ ਸਿਖਾਈ। ਆਪ ਦਾ ਗੁਰਬਾਣੀ ਨਾਲ ਬੜਾ ਪ੍ਰੇਮ ਸੀ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਆਪਣੀ ਮਾਤਾ ਜੀ ਦੇ ਨਾਲ ਬਾਲਕ ਦਇਆਲ ਜੀ ਵੀ ਭਾਈ ਜੋਗਾ ਸਿੰਘ ਜੀ ਦੇ (ਜੋਗਨ ਸ਼ਾਹ) ਗੁਰਦੁਵਾਰੇ ਰੋਜ਼ਾਨਾ ਜਾਂਦੇ। ਆਪ ਹਰ ਗਲ ਨੂੰ ਖੋਜੀ ਵਾਂਗ ਮਾਤਾ ਜੀ ਤੋਂ ਪੁਛਦੇ ਸਨ। ਬਾਲ ਅਵਸਥਾ ਵਿਚ ਆਪ ਜੀ ਦੇ ਪਿਤਾਮਾ ਜੀ ਅਤੇ ਪਿਤਾ ਜੀ ਗੁਜ਼ਰ ਗਏ। ਆਪ ਜੀ ਦੀ ਆਯੂ ਅਜੇ 18 ਸਾਲ ਦੀ ਵੀ ਨਹੀਂ ਸੀ ਹੋਈ ਕਿ ਮਾਤਾ ਲਾਡਿੱਕੀ ਜੀ ਨੂੰ ਵੀ ਦਰਗਾਹ ਤੋਂ ਸੱਦਾ ਆ ਗਿਆ ਅਤੇ ਅੰਤਮ ਸਮੇਂ ਮਾਤਾ ਜੀ ਨੇ ਬਾਬਾ ਦਇਆਲ ਜੀ ਨੂੰ ਗੁਰਬਾਣੀ ਵਿਚਾਰ ਕੇ ਪੜ੍ਹਨ ਤੇ ਇਸ ਤੇ ਚਲਣ ਦੀ ਹਦਾਇਤ ਕੀਤੀ। ਸ੍ਰੀ ਸਾਹਿਬ ਬਾਬਾ ਦਇਆਲ ਜੀ ਇਸ ਅੰਤਮ ਉਪਦੇਸ਼ ਦੇ ਸਾਰੀ ਆਯੂ ਪਾਬੰਦ ਰਹੇ।

ਪ੍ਰੋਫੈਸਰ ਹਰਬੰਸ ਸਿੰਘ ਜੀ (ਪੰਜਾਬੀ ਵਿਸ਼ਵ ਵਿਦਿਆਲਾ ਪਟਿਆਲਾ) ਨੇ ਸਿੰਘ ਸਭਾ ਸ਼ਤਾਬਦੀ ਦੇ ਸਿਰਲੇਖ ਹੇਠਾਂ ਇਕ ਲੇਖ ਲਿਖਿਆ।* ਜਿਸ ਵਿਚ ਨਿਰੰਕਾਰੀ ਲਹਿਰ ਦਾ

*ਸਿਖ ਰੀਵੀਊ [ਅੰਗਰੇਜ਼ੀ ਮਾਸਕ ਪੱਤ੍ਰ, ਕਲਕੱਤਾ] ਪੰਨਾ 39 ਸੰਨ 1972.

ਜ਼ਿਕਰ ਇਉਂ ਕੀਤਾ; ਜਿਸ ਦਾ ਅਨੁਵਾਦ ਪਾਠਕਾਂ ਦੀ ਜਾਣਕਾਰੀ ਲਈ ਦਿਤਾ ਜਾਂਦਾ ਹੈ—

"ਸਿੱਖਾਂ ਵਿਚ ਜੋ ਖ਼ਰਾਬੀਆਂ ਆ ਚੁਕੀਆਂ ਸਨ, ਉਨ੍ਹਾਂ ਦੇ ਸੁਧਾਰ ਲਈ ਬਾਬਾ ਦਇਆਲ ਜੀ ਨੇ ਸਿੰਘ ਸਭਾ ਲਹਿਰ ਤੋਂ ਢੇਰ ਚਿਰ ਪਹਿਲਾਂ ਹੀ ਆਵਾਜ਼ ਬੁਲੰਦ ਕਰ ਦਿਤੀ ਸੀ। ਬਾਬਾ ਦਇਆਲ ਜੀ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਦੇ ਮਹਾਨ ਸੰਤ ਸਨ। ਉਨ੍ਹਾਂ ਨੇ ਤਕੜੇ ਤੋਂ ਤਕੜੇ ਵਿਅਕਤੀਆਂ ਦੀਆਂ ਤਰੁੱਟੀਆਂ ਤੇ ਉਨ੍ਹਾਂ ਰਹੁਰੀਤੀਆਂ ਦਾ ਜਿਹੜੀਆਂ ਕਿ ਸਿੱਖ ਧਰਮ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਰਹੀਆਂ ਸਨ, ਦੇ ਵਿਰੁੱਧ ਡੱਟ ਕੇ ਜੱਹਾਦ ਕੀਤਾ। ਬੁਨਿਆਦੀ ਤੌਰ ਤੇ ਉਨ੍ਹਾਂ ਨੇ ਬੁਤ ਪੂਜਾ ਦੀ ਵਿਰੋਧਤਾ ਕੀਤੀ। ਉਨ੍ਹਾਂ ਨੇ ਸਿੱਖ ਧਰਮ ਵਿਚ ਨਿਰਾਕਾਰਵਾਦ ਨੂੰ ਮੁੜ ਕੇ ਸੁਰਜੀਤ ਕੀਤਾ। ਇਸ ਲਈ ਇਸ ਲਹਿਰ ਦਾ ਨਾਮ ਨਿਰੰਕਾਰੀ ਲਹਿਰ ਪੈ ਗਿਆ। ਸਿੱਖ ਰਾਜ ਦੇ ਸਮਾਪਤ ਹੋਣ ਤੇ ਜਿਹੜੇ ਇਸਾਈ ਪਾਦਰੀ ਰਾਵਲਪਿੰਡੀ ਡਿਵੀਯਨ ਵਿਚ ਪ੍ਰਚਾਰ ਲਈ ਗਏ ਉਨ੍ਹਾਂ ਵਾਸਤੇ ਇਹ ਲਹਿਰ ਬੜੀ ਦਿਲਚਸਪੀ ਦਾ ਕਾਰਨ ਬਣੀ। ਉਨ੍ਹਾਂ ਨੇ ਲੁਧਿਆਣਾ ਮਿਸ਼ਨ ਦੀ ਸਾਲਾਨਾ ਰਿਪੋਰਟ 1853 ਦੇ ਪੰਨਾ 22 ਤੋਂ 23 ਤਕ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ—

"ਗਰਮੀਆਂ ਦੇ ਦਿਨਾਂ ਵਿਚ ਸਾਨੂੰ ਪਤਾ ਲਗਾ ਕਿ ਰਾਵਲਪਿੰਡੀ ਦੇ ਹਿੰਦੂਆਂ ਵਿਚ ਇਕ ਲਹਿਰ ਚਲੀ ਹੈ। ਇਸ ਲਹਿਰ ਵਿਚ ਸ਼ਾਮਲ ਹੋਣ ਵਾਲਿਆਂ ਦੇ ਮਨ ਸੱਚਾਈ ਨੂੰ ਗ੍ਰਹਿਣ ਕਰਨ ਲਈ ਬੜੇ ਤੀਬਰ ਹਨ। ਇਸ ਵਾਸਤੇ ਇਸ ਲਹਿਰ ਦੇ ਅਨੁਯਾਈਆਂ ਨੂੰ ਮਿਲਣ ਵਾਸਤੇ ਸਾਡੇ ਮਨ ਵਿਚ ਉਤਸ਼ਾਹ ਪੈਦਾ ਹੋਇਆ ਤਾਂ ਜੋ ਇਸ ਲਹਿਰ ਬਾਰੇ ਹੋਰ ਵਧੇਰੇ ਜਾਣਕਾਰੀ ਸਹਿਤ ਇਨ੍ਹਾਂ ਬਾਰੇ ਜੋ ਕੁਝ ਸੁਣਿਆ ਹੈ, ਜਾਣ ਸਕੀਏ ਅਤੇ ਜੇਕਰ ਹੋ ਸਕੇ ਤਾਂ ਇਨ੍ਹਾਂ ਨੂੰ ਸੱਚੇ ਧਰਮ (ਇਸਾਈਅਤ) ਨੂੰ ਗ੍ਰਹਿਣ ਕਰਨ ਵਲ ਪ੍ਰੇਰਨਾ ਦਿਤੀ ਜਾਵੇ। ਜਦੋਂ ਅਸੀਂ ਇਨ੍ਹਾਂ ਬਾਰੇ ਹੋਰ ਖੋਜ ਕੀਤੀ ਤਾਂ ਸਾਨੂੰ ਇਸ ਗਲ ਦਾ ਗਿਆਨ ਹੋਇਆ ਕਿ ਇਹ ਲਹਿਰ ਇਕ ਮਹਾਨ ਪੁਰਸ਼ ਦੇ ਉਦਮ ਦਾ ਹੀ ਪ੍ਰਤੀਕਰਮ ਸੀ, ਜਿਹੜਾ ਕਿ ਇਕ ਨਵਾਂ ਪੰਥ ਸਥਾਪਨ ਕਰਨ ਵਾਲਾ, ਉਸ ਦਾ ਰਹਿਬਰ ਅਥਵਾ ਗੁਰੂ ਸੀ। ਇਹ ਲਹਿਰ 8-9 ਸਾਲ ਤੋਂ ਚਲ ਰਹੀ ਸੀ। ਲੇਕਿਨ ਸਿੱਖਾਂ ਦੇ ਰਾਜ ਵਿਚ ਅੰਦਰਖਾਤੇ ਦੱਬੇ ਹੋਏ ਪ੍ਰਚਾਰ ਕਰਦੇ ਰਹੇ। ਜਦੋਂ ਦਾ ਈਸਟ ਇੰਡੀਆ ਕੰਪਨੀ ਦਾ ਰਾਜ ਇਸ ਇਲਾਕੇ ਵਿਚ ਸਥਾ-ਪਤ ਹੋਇਆ ਹੈ। ਇਨ੍ਹਾਂ ਨੇ ਖੁਲ੍ਹਕੇ ਤਾਕਤ ਅਤੇ ਹਿੰਮਤ ਫੜੀ ਹੈ ਅਤੇ ਸਾਡੀਆਂ ਧਾਰਮਕ ਪੁਸਤਕਾਂ ਦੀ ਮਦਦ ਨਾਲ, ਇਨ੍ਹਾਂ ਨੇ ਬੁੱਤ ਪੂਜਾ ਦੇ ਵਿਰੁੱਧ ਤੇ ਹਿੰਦੂ ਧਰਮ ਦੀਆਂ ਕੁਰੀਤੀਆਂ ਦੇ ਵਿਰੁੱਧ ਜਸ਼ੀਲੀ ਲਹਿਰ ਚਲਾਈ ਹੈ। ਇਹ ਬੁਤ ਪੂਜਾ ਦੀ ਖੁਲ੍ਹੀ ਵਿਰੋਧਤਾ ਕਰਦੇ ਹਨ ਅਤੇ ਹੋਰ ਕਿਸੇ ਵੀ ਕਰਮ-ਧਰਮ ਨੂੰ, ਜੋ ਕਿ ਸਿੱਖਾਂ ਤੇ ਹਿੰਦੂਆਂ ਵਿਚ ਪ੍ਰਚਲਤ ਹਨ ਅਤੇ ਜੋ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਗੁਰੂ ਗ੍ਰੰਥ ਸਾਹਿਬ ਦੇ ਆਸ਼ੇ ਦੇ ਵਿਰੁੱਧ ਹਨ ਨੂੰ ਬਿਲਕੁਲ ਨਹੀਂ ਮੰਨਦੇ। ਹਿੰਦੂ ਇਸ ਗੱਲ ਦਾ ਗਿਲਾ ਕਰਦੇ ਹਨ ਕਿ ਇਹ ਗਊ ਨੂੰ ਨਹੀਂ ਸਤਿਕਾਰਦੇ। ਹਿੰਦੂ ਤੇ ਸਿੱਖ ਇਸ ਸਿੱਖਰ ਤਕ ਪਹੁੰਚੀ ਹੋਈ ਬੇ-ਇਜ਼ਤੀ ਨੂੰ ਸਹਿਨ ਨਹੀਂ ਕਰਦੇ; ਇਸ ਦੇ ਫ਼ਲਸਵਰੂਪ ਗਲੀਆਂ ਬਜ਼ਾਰਾਂ ਵਿਚ ਦੁਹਾਂ ਧਿਰਾਂ ਦੇ ਕਈ ਝਗੜੇ ਹੋਏ

ਹਨ, ਜਿਸ ਕਾਰਨ ਇਨ੍ਹਾਂ ਦੇ ਮੁਕੱਦਮੇ ਸਿਵਲ ਅਦਾਲਤ ਵਿਚ ਚਲ ਰਹੇ ਹਨ। ਇਹ ਆਪਣੇ ਆਪ ਨੂੰ ਨਿਰੰਕਾਰੀ ਅਖਵਾਉਂਦੇ ਹਨ ਕਿਉਂਕਿ ਇਨ੍ਹਾਂ ਦਾ ਇਸ਼ਟ ਕੋਈ ਮੂਰਤੀ ਜਾਂ ਸਰੀਰ ਨਹੀਂ, ਰੱਬ ਨੂੰ ਨਿਰਾਕਾਰ ਰੂਪ ਵਿਚ ਮੰਨਦੇ ਹਨ। ਇਨ੍ਹਾਂ ਦੀ ਲਹਿਰ ਦਾ ਸਭ ਤੋਂ ਵੱਡਾ ਅਕੀਦਾ ਇਹ ਹੈ ਕਿ ਮੁਕਤੀ ਦਾ ਦਰਵਾਜ਼ਾ ਸਿਰਫ਼ ਨਿਰੰਕਾਰ ਦੇ ਨਾਮ ਤੇ ਧਿਆਨ ਧਰਨ ਨਾਲ ਹੀ ਖੁਲ੍ਹਦਾ ਹੈ।ਇਹ ਗੁਰੂ ਨਾਨਕ ਨੂੰ ਹੀ ਆਪਣਾ ਭਵ-ਸਾਗਰ ਤੋਂ ਪਾਰ ਕਰਨ ਵਾਲਾ ਰਹਿਬਰ ਮੰਨਦੇ ਹਨ। ਇਹ ਮੰਨਦੇ ਹਨ ਕਿ ਗੁਰੂ ਨਾਨਕ ਨੇ ਮੁਕਤੀ ਦਾ ਦਰਵਾਜ਼ਾ ਦਸਿਆ ਹੈ, ਉਨ੍ਹਾਂ ਤੇ ਹੀ ਇਹ ਯਕੀਨ ਕਰਦੇ ਹਨ। ਇਨ੍ਹਾਂ ਦੀਆਂ ਵਿਸ਼ੇਸ਼ ਦੋ ਗੱਲਾਂ ਹਨ; ਪਹਿਲੀ ਇਹ ਕਿ ਇਹ ਹਰ ਰੋਜ਼ ਅੰਮ੍ਰਿਤ ਵੇਲੇ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕ ਕੇ, ਭੇਟ ਚੜ੍ਹਾ ਕੇ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਆਪਣੇ ਵਿਚੋਂ ਕਿਸੇ ਕੋਲੋਂ ਸੁਣਦੇ ਹਨ ਤੇ ਵਿਆਖਿਆ ਇਨ੍ਹਾਂ ਦਾ ਆਗੂ ਕਰਦਾ ਹੈ। ਦੂਜੀ ਇਹ ਕਿ ਇਹ ਆਪਣੇ ਮਿਰਤਕ ਨੂੰ ਜਲਾਉਂਦੇ ਨਹੀਂ ਕਿਉਂਕਿ ਇਸ ਤਰ੍ਹਾਂ ਇਹ ਹਿੰਦੂਆਂ ਵਿਚ ਰਚਮਿਚ ਜਾਣਗੇ। ਇਹ ਮਿਰਤਕ ਨੂੰ ਦਬਦੇ ਵੀ ਨਹੀਂ ਕਿਉਂਕਿ ਇਸ ਤਰ੍ਹਾਂ ਇਹ ਇਸਾਈਆਂ ਤੇ ਮੁਸਲਮਾਨਾਂ ਵਾਂਗ ਹੀ ਜਾਪਣਗੇ। ਇਹ ਮਿਰਤਕ ਦੇ ਸਰੀਰ ਨੂੰ ਦਰਿਆ ਦੀ ਭੇਟਾ (ਜਲ-ਪ੍ਰਵਾਹ) ਕਰਦੇ ਹਨ।"

ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਤੋਂ ਅਤੇ ਇਸ ਤੋਂ ਪਹਿਲਾਂ ਵੀ ਆਮ ਸਿੱਖ ਸਨਾਤਨ ਮਰਯਾਦਾ ਤੇ ਚਲਦੇ ਸਨ। ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਤੇ ਪੁਜਾਰੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਪੁਜਾਰੀ ਵੀ ਸਨਾਤਨੀ ਵਿਚਾਰਧਾਰਾ ਦੇ ਹੀ ਸਨ। ਈਸਟ ਇੰਡੀਆ ਕੰਪਨੀ ਨੇ ਜਦੋਂ ਪੰਜਾਬ ਦਾ ਰਾਜ ਸਾਂਭਿਆ ਤਾਂ ਉਨ੍ਹਾਂ ਨੇ ਇਸਾਈ ਮਿਸ਼ਨ ਦਾ ਪ੍ਰਚਾਰ; ਜਿਸ ਦੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਮਨਾਹੀ ਸੀ; ਖੁੱਲ੍ਹੇ ਆਮ ਸ਼ੁਰੂ ਕਰ ਦਿੱਤਾ ਤੇ ਕੁਝ ਸਿੱਖਾਂ ਦੇ ਘਰਾਣੇ ਇਸਾਈ ਮੱਤ ਦੇ ਧਾਰਨੀ ਹੋ ਗਏ। ਜਿਨ੍ਹਾਂ ਚੋਂ ਮਹਾਰਾਜਾ ਰਣਜੀਤ ਸਿੰਘ ਜੀ ਦਾ ਸਪੁੱਤਰ ਦਲੀਪ ਸਿੰਘ ਤੇ ਕਪੂਰਥਲੇ ਦੇ ਘਰਾਣੇ ਵਿਚੋਂ ਰਾਜਾ ਸਰ ਹਰਨਾਮ ਸਿੰਘ ਇਸਾਈ ਹੋ ਗਏ। ਇਥੋਂ ਤਕ ਕਿ ਅਪ੍ਰੈਲ, 1905 ਈ. ਨੂੰ ਖ਼ਾਲਸਾ ਐਡਵੋਕੇਟ ਵਿਚ ਇਕ ਖ਼ਬਰ ਛਪੀ ਕਿ ਸ੍ਰੀ ਤਰਨਤਾਰਨ ਸਾਹਿਬ ਦੀਆਂ ਪ੍ਰਕਰਮਾਂ ਦੇ ਬੁੰਗੇ ਵਿਚ ਰਹਿਣ ਵਾਲਾ ਇਕ ਸਿੱਖ ਇਸਾਈ ਬਣ ਗਿਆ ਹੈ ਅਤੇ ਉਸ ਨੇ ਬੁੰਗੇ ਦੀ ਦੀਵਾਰ ਤੇ ਸਲੀਬ ਲਟਕਾ ਕੇ ਬੁੰਗੇ ਨੂੰ ਗਿਰਜੇ ਦੇ ਤੌਰ ਤੇ ਇਸਾਈ ਧਰਮ ਦੇ ਪ੍ਰਚਾਰ ਲਈ ਵਰਤਨਾ ਸ਼ੁਰੂ ਕਰ ਦਿਤਾ ਹੈ।

ਜਦੋਂ ਪਹਿਲਾਂ ਪਹਿਲ ਆਰੀਆ ਸਮਾਜ ਦੇ ਸੰਚਾਲਕ ਸੁਆਮੀ ਦਇਆ ਨੰਦ ਜੀ ਨੇ ਆਰੀਆ ਸਮਾਜ ਦਾ ਪ੍ਰਚਾਰ ਪੰਜਾਬ ਵਿਚ ਸ਼ੁਰੂ ਕੀਤਾ ਤਾਂ ਬਹੁਤ ਸਾਰੇ ਪੜ੍ਹੇ ਲਿਖੇ ਸਿੱਖ ਆਰੀਆ ਸਮਾਜ ਵਿਚ ਸ਼ਾਮਲ ਹੋ ਗਏ। ਇਨ੍ਹਾਂ ਵਿਚੋਂ ਗਿ. ਦਿੱਤ ਸਿੰਘ ਤੇ ਸ੍ਰ. ਜਵਾਹਰ ਸਿੰਘ ਕਪੂਰ ਲਾਹੌਰ ਵਾਲਿਆਂ ਦੇ ਨਾਂ ਵਿਸ਼ੇਸ਼ ਵਰਣਨ ਯੋਗ ਹਨ। ਕਈ ਆਰੀਆ ਸਭਾਵਾਂ ਦੇ ਸਿੱਖ ਪ੍ਰਧਾਨ ਸਨ ਤੇ ਆਰੀਆ ਸਮਾਜ ਦੇ ਦੀਵਾਨਾਂ ਵਿਚ ਆਸਾ ਦੀ ਵਾਰ ਦਾ ਕੀਰਤਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਹੁੰਦਾ ਸੀ।

ਇਹ ਉਹ ਸਮਾਂ ਸੀ ਜਦੋਂ ਕਿ ਸਿੱਖ ਵਿਚਾਰਧਾਰਾ ਦੋ ਹਿੱਸਿਆਂ ਵਿਚ ਵੰਡੀ ਹੋਈ ਸੀ। ਸਨਾਤਨੀ ਸਿੱਖ ਤੇ ਆਰੀਆ ਸਮਾਜੀ ਸਿੱਖ। ਸਨਾਤਨੀ ਸਿੱਖਾਂ ਦੇ ਮਸ਼ਹੂਰ ਰਹਿਬਰ ਤੇ ਮੁਦੱਈ ਸਰ ਬਾਬਾ ਖੇਮ ਸਿੰਘ ਤੇ ਉਨ੍ਹਾਂ ਤੋਂ ਮਗਰੋਂ ਉਨ੍ਹਾਂ ਦੇ ਸਪੁੱਤਰ ਰਾਜਾ ਸਰ ਬਾਬਾ ਗੁਰਬਖ਼ਸ਼ ਸਿੰਘ ਆਪਣੇ ਪਿਤਾ ਦੇ ਪਾਏ ਪੂਰਨਿਆਂ ਤੇ ਚਲਦੇ ਰਹੇ। ਸਰ ਬਾਬਾ ਖੇਮ ਸਿਘ ਸਿੰਘ ਸਭਾ ਲਹਿਰ ਅੰਮ੍ਰਿਤਸਰ ਦੇ ਬਾਨੀਆਂ ਵਿਚੋਂ ਸਨ। ਆਰੀਆ ਸਮਾਜੀਆਂ ਵਿਚ ਮੁੱਖੀ ਬਾਵਾ ਪ੍ਰਦੁੱਮਨ ਸਿੰਘ ਸਨ ਤੇ ਉਨ੍ਹਾਂ ਦੇ ਸਪੁੱਤਰ ਬਾਵਾ ਗੁਰਮੁੱਖ ਸਿੰਘ, ਆਰੀਆ ਸਮਾਜ ਦੇ ਗੁਰੂਕੁਲ ਵਿਭਾਗ ਦੇ ਮੋਢੀਆਂ ਵਿਚੋਂ ਰਹੇ। ਆਰੀਆ ਸਮਾਜ ਵਿਚ ਅੰਗਰੇਜ਼ੀ ਢੰਗ ਰਾਹੀਂ ਪੜ੍ਹੇ ਵਿਦਵਾਨ ਸਿੱਖ ਸ਼ਾਮਲ ਸਨ। ਆਰੀਆ ਸਮਾਜ਼ ਵਿਚ ਹੀ ਸਿੱਖ ਜਜ਼ਬ ਹੋ ਜਾਂਦੇ ਜੇਕਰ ਆਰੀਆ ਸਮਾਜੀਆਂ ਦੇ ਕੁਝ ਕੁ ਪ੍ਰਚਾਰਕ ਸਿੱਖ ਧਰਮ ਤੇ ਸਿੱਧੇ ਤੇ ਅਸਿੱਧੇ ਵਾਰ ਨਾ ਕਰਦੇ। ਇਨ੍ਹਾਂ ਵਿਚੋਂ ਵਿਸ਼ੇਸ਼ ਕਰਕੇ ਸ੍ਰੀ ਗੁਰੂ ਦੱਤ ਤੇ ਕਈ ਹੋਰ ਪ੍ਰਚਾਰਕ ਸਨ ਜਿਹੜੇ ਸਿੱਖਾਂ ਦੇ ਵਿਸ਼ੇਸ਼ ਸਰੂਪ ਉਪਰ ਉਂਟੰਕਣ ਤੇ ਕਿੰਤੂ ਕਰਦੇ ਸਨ। ਸਤਿਆਰਥ ਪ੍ਰਕਾਸ਼ ਦੇ ਇਕ ਭਾਗ ਵਿਚ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਬਾਰੇ ਵੀ ਬੜੇ ਘਟੀਆ ਕਿਸਮ ਦੇ ਵਿਚਾਰ ਪੇਸ਼ ਕੀਤੇ ਗਏ ਅਤੇ ਕਈ ਸਿੱਖਾਂ ਦੇ ਕੇਸਾਂ ਦੀ ਬੇਅਦਬੀ ਇਨ੍ਹਾਂ ਦੇ ਜਲਸਿਆਂ ਵਿਚ ਕੀਤੀ ਗਈ। ਜਿਸ ਦੇ ਫ਼ਲ-ਸਵਰੂਪ ਸਿੱਖਾਂ ਦੀ ਅਣਖ ਨੇ ਉਨ੍ਹਾਂ ਨੂੰ ਵੰਗਾਰਿਆ ਅਤੇ ਉਹ ਆਰੀਆ ਸਮਾਜ ਤੋਂ ਵੱਖਰੇ ਹੋ ਗਏ। ਖ਼ਾਸ ਕਰਕੇ ਗਿ: ਦਿੱਤ ਸਿੰਘ ਤੇ ਭਾਈ ਜਵਾਹਰ ਸਿੰਘ ਆਦਿ।

1873 ਈ. ਨੂੰ ਸਿੰਘ ਸਭਾ ਅੰਮ੍ਰਿਤਸਰ ਦੀ ਸਾਜਨਾ ਹੋਈ। ਇਹ ਪਹਿਲੀ ਸਿੰਘ ਸਭਾ ਅੱਜ ਤੋਂ ਸੌ ਸਾਲ ਤੋਂ ਵੀ ਪਹਿਲਾਂ ਸਿੱਖਾਂ ਦੀ ਧਾਰਮਕ ਰਾਜਧਾਨੀ ਸ੍ਰੀ ਅੰਮ੍ਰਿਤਸਰ ਵਿਚ ਅਕਤੂਬਰ, 1873 ਵਿਚ ਕਾਇਮ ਹੋਈ। ਇਸ ਦੇ ਪਹਿਲੇ ਪ੍ਰਧਾਨ, ਸ੍ਰ. ਠਾਕਰ ਸਿੰਘ ਸੰਧਾਵਾਲੀਏ ਅਤੇ ਪਹਿਲੇ ਸਕੱਤਰ ਗਿ. ਗਿਆਨ ਸਿੰਘ ਜੀ ਸਨ।

ਦੂਸਰੀ ਸਿੰਘ ਸਭਾ, ਲਾਹੌਰ ਵਿਚ ਸੰਨ 1879 ਵਿਚ ਕਾਇਮ ਹੋਈ। ਇਸ ਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਤੇ ਸਕੱਤਰ ਅਸਿਸਟੈਂਟ ਪ੍ਰੋਫੈਸਰ ਗੁਰਮੁੱਖ ਸਿੰਘ ਔਰੀਐਂਟਲ ਕਾਲਜ, ਲਾਹੌਰ ਵਾਲੇ ਸਨ। ਸਿੰਘ ਸਭਾ ਦੇ ਬਣ ਜਾਣ ਪਰ ਅੰਮ੍ਰਿਤਸਰ ਦੀ ਸਿੰਘ ਸਭਾ ਨੂੰ ਕੇਂਦਰੀ ਜਥੇਬੰਦੀ ਦਾ ਨਾਮ ਦਿੱਤਾ ਗਿਆ। ਫਿਰ ਸਿੰਘ ਸਭਾ ਲਾਹੌਰ 6 ਅਪ੍ਰੈਲ, 1870 ਈ. ਨੂੰ ਕੇਂਦਰੀ ਜਥੇਬੰਦੀ ਨਾਲ ਸਬੰਧਤ ਕਰ ਦਿੱਤੀ ਗਈ। ਸਿੰਘ ਸਭਾ ਅੰਮ੍ਰਿਤਸਰ ਨਾਲ ਥਾਂ ਥਾਂ ਦੀਆਂ ਸਿੰਘ ਸਭਾਵਾਂ ਸਬੰਧਤ ਹੋ ਗਈਆਂ। 1883 ਈ. ਵਿਚ ਸਿੰਘ ਸਭਾ ਅੰਮ੍ਰਿਤਸਰ ਦਾ ਨਾਮ ਬਦਲ ਕੇ 'ਖ਼ਾਲਸਾ ਦੀਵਾਨ' ਰੱਖ ਦਿੱਤਾ ਗਿਆ। ਇਸ ਦੇ ਪਹਿਲੇ ਪ੍ਰਧਾਨ ਸਰ ਬਾਬਾ ਖੇਮ ਸਿੰਘ ਬੇਦੀ ਅਤੇ ਚੀਫ਼ ਸਕੱਤਰ ਭਾਈ ਗੁਰਮੁੱਖ ਸਿੰਘ ਜੀ ਚੁਣੇ ਗਏ। ਸੰਨ 1883 ਤੋਂ 1886 ਤਕ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੇ ਮੁੱਖੀ ਇਕ ਮੁੱਠ ਰਹਿ ਕੇ ਕੰਮ ਕਰਦੇ ਰਹੇ। ਥਾਂ ਥਾਂ ਬਣੀਆਂ ਸਿੰਘ ਸਭਾਵਾਂ ਦੀ ਗਿਣਤੀ ਸੌ ਤੱਕ ਪੁੱਜ ਗਈ।

1886 ਈ: ਵਿਚ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੇ ਸੇਵਕਾਂ ਵਿਚ ਸਨਾਤਨੀ ਅਤੇ

ਗੁਰਮਤਿ ਰਹੁ ਰੀਤਾਂ ਬਾਰੇ ਮਤਭੇਦ ਪੈਦਾ ਹੋ ਗਿਆ।

ਇਸ ਤੋਂ ਸਾਬਤ ਹੁੰਦਾ ਹੈ ਕਿ ਸਿੰਘ ਸਭਾ ਲਹਿਰ ਦਾ ਮੁਢਲਾ ਉਦੇਸ਼ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਉਣ ਅਤੇ ਵਿਦਿਅਕ ਜਾਗਰੂਪਤਾ ਪੈਦਾ ਕਰਨ ਤਕ ਹੀ ਸੀਮਤ ਸੀ। ਕਿਉਂਕਿ ਇਸ ਦੇ ਪ੍ਰਧਾਨ ਕਟੜ ਸਨਾਤਨੀ ਸਿੱਖ ਸਰ ਬਾਬਾ ਖੇਮ ਸਿੰਘ ਜੀ ਨੂੰ ਚੁਣਿਆ ਗਿਆ ਸੀ। ਇਨ੍ਹਾਂ ਦੇ ਕਈ ਵਾਰ ਨਿਰੰਕਾਰੀ ਗੁਰਸਿੱਖ ਨਾਲ ਮੁਕੱਦਮੇ ਇਸ ਵਾਸਤੇ ਵੀ ਚਲੇ ਕਿਉਂਕਿ ਉਨ੍ਹਾਂ ਨੇ ਕਲੂਰ ਵਿਚ ਜਾ ਕੇ ਗੁਰਮਤਿ ਰਹੁ-ਰੀਤੀਆਂ ਦਾ ਪ੍ਰਚਾਰ ਕੀਤਾ ਸੀ।*

ਸਿੰਘ ਸਭਾ ਦੇ ਹਾਮੀਂ ਸਿੱਖਾਂ ਵਿਚ ਉਪਰੋਕਤ ਮਤਭੇਦ ਕਰਕੇ ਤੱਤ ਖ਼ਾਲਸਾ ਲਹਿਰ ਦੇ ਹਾਮੀ ਸੇਵਕਾਂ ਨੇ ਵੱਖ ਹੋ ਕੇ 'ਖ਼ਾਲਸਾ ਦੀਵਾਨ ਲਾਹੌਰ' ਬਣਾ ਲਿਆ। ਇਸ ਦੀਵਾਨ ਦੇ ਪ੍ਰਧਾਨ ਉਚ ਕੋਟੀ ਦੇ ਸਕਾਲਰ ਸ੍ਰ: ਅਤਰ ਸਿੰਘ ਰਈਸ ਭਦੌੜ ਅਤੇ ਚੀਫ਼ ਸਕੱਤਰ ਭਾਈ ਗੁਰਮੁਖ ਸਿੰਘ ਸਿੰਘ ਜੀ ਬਣੇ। ਇਸ ਦੀਵਾਨ ਦੇ ਬਨਾਉਣ ਵਿਚ ਬਹੁਤਾ ਉਦਮ ਭਾਈ ਗੁਰਮੁਖ ਸਿੰਘ ਜੀ ਦਾ ਹੀ ਸੀ।

ਇਨ੍ਹਾਂ ਦੋਹਾਂ ਦੀਵਾਨਾਂ ਦੀ ਆਪੋ ਵਿਚ ਖਿਚੋਤਾਣ ਨੇ ਉਨ੍ਹੀਵੀਂ ਸਦੀ ਦੇ ਅਖ਼ੀਰ ਵਿਚ ਇਨ੍ਹਾਂ ਦੋਹਾਂ ਨੂੰ ਹੀ ਨਿਰਬਲ ਕਰ ਦਿੱਤਾ। ਕਈ ਸੇਵਕ ਚਲ ਬਸੇ। ਉਸ ਸਮੇਂ ਦੇ ਸਿੰਘ ਸਭਾ ਲਹਿਰ ਦੇ ਮੁੱਖੀਆਂ ਨੇ ਇਹ ਮਹਿਸੂਸ ਕੀਤਾ ਕਿ ਸਿੰਘਾਂ ਦੀ ਕੇਂਦਰੀ ਜਥੇਬੰਦੀ ਇਕ ਹੀ ਹੋਣੀ ਚਾਹੀਦੀ ਹੈ। ਇਸ ਵਿਚਾਰ ਦੇ ਹਾਮੀ ਮੁੱਖ ਸੇਵਕ 'ਤੱਤ ਖ਼ਾਲਸਾ' ਲਹਿਰ ਦੇ ਸੰਚਾਲਕ ਹੀ ਸਨ। ਅਸਲ ਵਿਚ 'ਤੱਤ ਖ਼ਾਲਸਾ' ਲਹਿਰ ਅਤੇ ਸਿੰਘ ਸਭਾ ਲਹਿਰ ਦਾ ਮੰਤਵ ਇਕੋ ਹੀ ਸੀ। ਇਨ੍ਹਾਂ ਦੇ ਸੇਵਕਾਂ ਨੇ ਆਪੋ ਵਿਚ ਮਿਲ ਕੇ ਫਿਰ 1902 ਨੂੰ ਕੇਂਦਰੀ ਜੱਥੇਬੰਦੀ 'ਚੀਫ਼ ਖ਼ਾਲਸਾ ਦੀਵਾਨ' ਸਾਜਿਆ। ਜਿਸ ਦੇ ਪਹਿਲੇ ਪ੍ਰਧਾਨ ਭਾਈ ਸਾਹਿਬ ਅਰਜਨ ਸਿੰਘ ਬਾਗੜੀਆ ਅਤੇ ਪਹਿਲੇ ਸਕੱਤਰ ਸ੍ਰ: ਸੁੰਦਰ ਸਿੰਘ ਜੀ ਮਜੀਠੀਆ ਚੁਣੇ ਗਏ।

ਗਿ: ਦਿੱਤ ਸਿੰਘ ਅਤੇ ਭਾਈ ਜਵਾਹਰ ਸਿੰਘ ਜੀ ਨੂੰ ਜਦੋਂ ਨਿਰੰਕਾਰੀ ਵਿਚਾਰਧਾਰਾ ਦੀ ਸੂਹ ਮਿਲੀ ਤਾਂ ਇਹ ਰਾਵਲਪਿੰਡੀ ਸ੍ਰੀ ਸਾਹਿਬ ਰੱਤਾ ਜੀ (ਨਿਰੰਕਾਰੀ ਲਹਿਰ ਦੇ ਤੀਜੇ ਸੰਚਾਲਕ) ਦੀ ਹਜ਼ੂਰੀ ਵਿਚ ਪੁਜੇ ਅਤੇ ਨਿਰੋਲ ਗੁਰਮਤਿ ਦੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਇਨ੍ਹਾਂ ਨੇ ਵੀ ਸਿੰਘ ਸਭਾਵਾਂ ਕਾਇਮ ਕਰਕੇ ਨਿਰੰਕਾਰੀ ਰਹੁ-ਰੀਤਾਂ ਨੂੰ ਅਪਣਾ ਲਿਆ। 1898-99 ਈ: ਵਿਚ ਪਹਿਲੀ ਵਾਰ ਲਾਹੌਰ ਵਿਚ ਸ੍ਰ: ਜਵਾਹਰ ਸਿੰਘ ਕਪੂਰ ਦੀ ਲੜਕੀ ਬੀਬੀ ਦੁਰਗਾ ਦਾ ਆਨੰਦ ਕਾਰਜ ਡਾ: ਸੁੰਦਰ ਸਿੰਘ ਜੀ ਪੁਰੀ ਧਮਿਆਲ ਵਾਲਿਆਂ ਨਾਲ ਉਸ ਸਮੇਂ ਦੇ ਮਹਾਨ ਨਿਰੰਕਾਰੀ ਪ੍ਰਚਾਰਕ ਅਤੇ ਉਪਦੇਸ਼ਕ ਭਾਈ ਮੰਨਾ ਸਿੰਘ ਜੀ ਦੀ ਅਗਵਾਈ ਹੇਠ ਹੋਇਆ। ਵੀਹਵੀਂ ਸਦੀ ਦੇ ਸ਼ੁਰੂ ਵਿਚ ਮਹਾਰਾਜਾ ਹੀਰਾ ਸਿੰਘ ਅਤੇ ਮਹਾਰਾਜਾ ਕੁਮਾਰ ਰਿਪਦੁਮਨ ਸਿੰਘ ਤੇ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ

---

*"ਸਿਖੀ ਦਾ ਚਾਨਣ" ਪੰ: 207-210

ਨਿਰੰਕਾਰੀ ਦਰਬਾਰ ਪੁਜੇ ਤੇ ਉੱਥੇ ਆਨੰਦ ਵਿਆਹ ਦੇ ਦ੍ਰਿਸ਼ ਨੂੰ ਵੇਖ ਕੇ ਬਹੁਤ ਪ੍ਰਭਾਵਤ ਹੋਏ ਅਤੇ ਸ੍ਰੀ ਸਾਹਿਬ ਰੱਤਾ ਜੀ ਮਹਾਰਾਜ ਤੇ ਉਨ੍ਹਾਂ ਦੇ ਮੋਢੀ ਗੁਰਸਿੱਖ ਨਾਲ ਵਿਚਾਰ ਵਟਾਂਦਰਾ ਹੋਇਆ। ਸ੍ਰੀ ਸਾਹਿਬ ਰੱਤਾ ਜੀ ਮਹਾਰਾਜ ਦੇ ਸਮੇਂ ਨਿਰੰਕਾਰੀ ਲਹਿਰ ਆਪਣੇ ਅਰੂਜ ਤੇ ਸੀ ਅਤੇ ਸਾਹਿਬ ਰੱਤਾ ਜੀ ਮਹਾਰਾਜ ਨੇ ਨਿਰੰਕਾਰੀ ਕੇਂਦਰ ਦੂਰ ਦੂਰ ਤਕ ਸਥਾਪਤ ਕੀਤੇ ਅਤੇ ਸਾਹਿਬ ਰੱਤਾ ਜੀ ਨੇ ਸੈਂਕੜੇ ਆਨੰਦ ਵਿਆਹ ਸਹਿਜਧਾਰੀ ਅਤੇ ਕੇਸਾਧਾਰੀ ਸਿੱਖਾਂ ਵਿਚ ਕਰਵਾਏ। 1893-94 ਈ: ਵਿਚ ਪਿਸ਼ਾਵਰ ਵਿਖੇ ਪਹਿਲਾ ਆਨੰਦ ਕਾਰਜ ਸ੍ਰੀ ਬ੍ਰਿਜ ਲਾਲ ਕਪੂਰ ਜੀ ਦਾ ਸ੍ਰੀ ਸਾਹਿਬ ਰੱਤਾ ਜੀ ਦੀ ਅਗਵਾਈ ਹੇਠ ਹੋਇਆ ਅਤੇ ਗਿ: ਠਾਕਰ ਸਿੰਘ ਜੀ ਜੋ ਕਿ ਪਿੱਛੋਂ ਸਿੰਘ ਸਭਾ ਦੇ ਮਸ਼ਹੂਰ ਪ੍ਰਚਾਰਕ ਤੇ ਸ੍ਰੀ ਹਰਮੰਦਰ ਸਾਹਿਬ ਸ੍ਰੀ ਅਮ੍ਰਿਤਸਰ ਦੇ ਕਥਾ ਵਾਚਕ ਰਹੇ; ਉਹ ਵੀ ਇਸ ਆਨੰਦ ਕਾਰਜ ਸਮਾਗਮ ਵਿਚ ਸ਼ਾਮਲ ਹੋਏ।

ਨਿਰੰਕਾਰੀ ਸੰਪ੍ਰਦਾਇ ਵਿਚ ਗੁਰਮਤਿ ਵਿਆਹ 1808 ਈ: ਵਿਚ ਸਭ ਤੋਂ ਪਹਿਲਾਂ ਸਾਹਿਬ ਦਇਆਲ ਜੀ ਨੇ ਆਪਣਾ ਕੇਵਲ ਸ਼ਬਦ ਕੀਰਤਨ ਤੇ ਅਰਦਾਸ ਕਰਕੇ ਕੀਤਾ। ਇਸ ਤਰ੍ਹਾਂ ਆਪ ਨੇ ਪ੍ਰਚਲਤ ਸਨਾਤਨ ਰੀਤ ਨੂੰ ਭੰਗ ਕਰਕੇ ਬ੍ਰਾਹਮਣੀ-ਅਗਵਾਈ ਨੂੰ ਬੰਦ ਕਰ ਦਿਤਾ। ਇਸ ਤੋਂ ਮਗਰੋਂ 1855 ਈ: ਵਿਚ, ਚੇਤਰ ਦੀ ਸੰਗਰਾਂਦ ਨੂੰ ਵਿਸ਼ੇਸ਼ ਤਬਦੀਲੀਆਂ ਨਾਲ ਉਨ੍ਹਾਂ ਦੇ ਉਤਰ-ਅਧਿਕਾਰੀ ਅਤੇ ਸਪੁੱਤਰ ਸਾਹਿਬ ਦਰਬਾਰਾ ਸਿੰਘ ਜੀ ਨੇ ਆਨੰਦ ਵਿਆਹ ਦੀ ਲਹਿਰ ਚਲਾ ਦਿਤੀ। ਪਰ ਕਾਨੂੰਨ ਦੀਆਂ ਨਜ਼ਰਾਂ ਵਿਚ ਇਹ ਵਿਆਹ ਪ੍ਰਵਾਣਤ ਨਹੀਂ ਸਨ ਕਿਉਂਕਿ ਸਰਕਾਰੀ ਤੌਰ ਤੇ ਜਿਥੇ ਹਿੰਦੂ ਤੇ ਮੁਸਲਮਾਨ ਵਿਆਹਾਂ ਨੂੰ ਮਹਾਨਤਾ ਦਿੱਤੀ ਹੋਈ ਸੀ; ਉਥੇ ਆਨੰਦ ਵਿਆਹ ਗ਼ੈਰ-ਕਾਨੂੰਨੀ ਸੀ ਅਤੇ ਕਈ ਤਰਕ-ਵਾਦੀ ਆਰੀਆ ਸਮਾਜੀ ਤੇ ਸਨਾਤਨੀ, ਨਿਰੰਕਾਰੀਆਂ ਨੂੰ ਇਸ ਗੱਲ ਦਾ ਤਾਅਨਾ ਦੇਂਦੇ ਸਨ ਕਿ ਨਿਰੰਕਾਰੀ ਬੱਚੇ ਗ਼ੈਰ-ਕਾਨੂੰਨੀ ਵਿਆਹ ਕਰਕੇ ਅਪ੍ਰਵਾਣਤ ਹਨ ਅਤੇ ਕਈ ਕਿਸਮ ਦੇ ਕੋਹਜੇ ਸ਼ਬਦ ਵੀ ਵਰਤਦੇ ਸਨ। ਸੋ ਇਸ ਔਕੜ ਨੂੰ ਨਿਰੰਕਾਰੀ ਸਿੱਖਾਂ ਨੇ ਮਹਾਰਾਜਾ ਹੀਰਾ ਸਿੰਘ ਨਾਭਾ ਤੇ ਮਹਾਰਾਜ ਕੁਮਾਰ ਰਿਪਦੁਮਨ ਸਿੰਘ ਨੂੰ ਵਿਸਥਾਰ ਨਾਲ ਦਸ ਕੇ ਆਨੰਦ ਵਿਆਹ ਨੂੰ ਕਾਨੂੰਨੀ ਮਹਾਨਤਾ ਦਿਵਾਉਣ ਵਾਸਤੇ ਪ੍ਰੇਰਿਆ। ਮਹਾਰਾਜ ਕੁਮਾਰ ਰਿਪਦੁਮਨ ਸਿੰਘ ਨੇ ਇਸ ਕਾਰਜ ਨੂੰ ਆਪਣੇ ਜ਼ਿੰਮੇਂ ਲਿਆ ਅਤੇ ਇਮਪੀਰੀਅਲ ਕੌਂਸਲ (ਲੈਜਿਸਲੇਟਿਵ) ਵਿਚ ਬਿਲ ਪੇਸ਼ ਕੀਤਾ ਜਿਸ ਨੂੰ ਬਾਦ ਵਿਚ ਅਕਤੂਬਰ, 1909 ਵਿਚ ਸਰ ਸੁੰਦਰ ਸਿੰਘ ਜੀ ਮਜੀਠੀਆ ਦੀ ਕੋਸ਼ਸ਼ ਸਦਕਾ 'ਆਨੰਦ ਵਿਆਹ ਕਾਨੂੰਨ' ਦੇ ਤੌਰ ਤੇ ਪ੍ਰਵਾਨਗੀ ਮਿਲੀ।* ਸ੍ਰੀ ਸਾਹਿਬ ਬਾਬਾ ਗੁਰਦਿੱਤ ਸਿੰਘ ਜੀ ਅਤੇ ਸ੍ਰੀ ਸਾਹਿਬ ਬਾਬਾ ਹਰਾ ਸਿੰਘ ਜੀ ਵਲੋਂ ਵਾਇਸਰਾਏ ਨੂੰ ਆਨੰਦ ਵਿਆਹ ਬਿਲ ਦੀ ਪ੍ਰਵਾਨਗੀ ਦੇਣ ਹਿਤ ਦੋ ਪ੍ਰੋੜਤਾ ਪੱਤਰ ਲਿਖੇ ਗਏ ਸਨ।

---

*"The Nirankari Sikhs" by John C. B. Webster, Appendix I Page 103-104, 1979.

ਸ੍ਰੀ ਸਾਹਿਬ ਰੱਤਾ ਜੀ ਅਤੇ ਸ੍ਰੀ ਸਾਹਿਬ ਗੁਰਦਿੱਤ ਸਿੰਘ ਜੀ (ਨਿਰੰਕਾਰੀ ਲਹਿਰ ਦੇ ਤੀਜੇ ਅਤੇ ਚੌਥੇ ਸੰਚਾਲਕ) ਸਿੰਘ ਸਭਾ ਦੇ ਬੜੇ ਸਨੇਹੀਆਂ ਵਿਚੋਂ ਸਨ। ਇਸੇ ਕਾਰਨ ਪੋਠੋਹਾਰ ਵਿਚ ਸਿੰਘ ਸਭਾ ਲਹਿਰ ਬਹੁਤ ਪ੍ਰਚਲਤ ਹੋਈ। ਸਿੰਘ ਸਭਾ ਦੇ ਪ੍ਰਚਾਰਕ ਤੇ ਮੁਖੀ ਇਨ੍ਹਾਂ ਪਾਸ ਅਕਸਰ ਆਉਂਦੇ ਰਹਿੰਦੇ ਸਨ। ਗਿ: ਠਾਕਰ ਸਿੰਘ ਜੀ ਅੰਮ੍ਰਿਤਸਰ ਵਾਲੇ ਵੀ ਸਾਹਿਬ ਰੱਤਾ ਜੀ ਮਹਾਰਾਜ ਦੇ ਨਿਕਟ ਵਰਤੀ ਤੇ ਸ਼ਰਧਾਲੂ ਸਨ ਤੇ ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਅੰਮ੍ਰਿਤਸਰ ਵਿਚ ਆਪ ਨੇ ਨਿਰੰਕਾਰੀ ਰਹੁ-ਰੀਤਾਂ ਨੂੰ ਪ੍ਰਚਾਰਿਆ। ਚੌਧਰੀ ਸੱਜਣ ਸਿੰਘ ਬੰਦੇ ਵਾਲੇ ਜਿਨ੍ਹਾਂ ਦੇ ਸਪੁਤਰ ਭਗਤ ਜਸਵੰਤ ਸਿੰਘ ਜੀ, ਜਿਨ੍ਹਾਂ ਨੇ ਅਕਾਲੀ ਲਹਿਰ ਵਿਚ ਵਿਸ਼ੇਸ਼ ਹਿੱਸਾ ਪਾਇਆ ਸੀ ਸ੍ਰੀ ਸਾਹਿਬ ਗੁਰਦਿੱਤ ਸਿੰਘ ਜੀ ਦੇ ਬੜੇ ਨਿਕਟ-ਵਰਤੀ ਤੇ ਪ੍ਰੇਮੀ ਸਜਣ ਸਨ। ਉਹ ਕਈ ਸਾਲ ਸਿੰਘ ਸਭਾ ਰਾਵਲਪਿੰਡੀ ਦੇ ਪ੍ਰਧਾਨ ਰਹੇ ਪਰ ਫਿਰ ਵੀ ਹਰ ਰੋਜ਼ ਨਿਰੰਕਾਰੀ ਦਰਬਾਰ ਦੀ ਦੋਵੇਂ ਵੇਲੇ ਹਾਜ਼ਰੀ ਭਰਦੇ ਸਨ; ਚੌਧਰੀ ਸੱਜਣ ਸਿੰਘ ਜੀ ਨਿਰੰਕਾਰੀ ਦਰਬਾਰ ਵਿਚ ਵਿਸ਼ੇਸ਼ ਸਲਾਹ ਮਸ਼ਵਰਾ ਦੇਂਦੇ ਸਨ। ਉਨ੍ਹਾਂ ਦੇ ਪੋਤਰੇ ਸ੍ਰ: ਮਹਿਤਾਬ ਸਿੰਘ ਜੀ ਦਿੱਲੀ ਵਾਲੇ ਅੱਜ ਕਲ੍ਹ ਕਾਫ਼ੀ ਸਿੱਖ ਪੰਥ ਦੀ ਸੇਵਾ ਕਰ ਰਹੇ ਹਨ ਅਤੇ ਮਸੂਰੀ ਵਿਚ ਉਨ੍ਹਾਂ ਨੇ ਸਿੱਖ ਬੱਚਿਆਂ ਲਈ ਇਕ ਵਿਸ਼ੇਸ਼ ਸਕੂਲ ਗੁਰੂ ਨਾਨਕ ਸਾਹਿਬ ਜੀ ਦੀ 500ਵੀਂ ਸ਼ਤਾਬਦੀ ਤੋਂ ਅਰੰਭਿਆ ਹੈ।

ਕਈ ਸਿੱਖ ਵਿਦਵਾਨਾਂ ਨੇ ਆਪਣੇ ਲੇਖਾਂ ਵਿਚ ਕੁਝ ਇਸ ਤਰ੍ਹਾਂ ਦਾ ਇਸ਼ਾਰਾ ਦਿੱਤਾ ਹੈ ਕਿ ਨਿਰੰਕਾਰੀ ਲਹਿਰ ਦਾ ਪ੍ਰਭਾਵ ਸਿਰਫ਼ ਪੱਛਮੀ ਪੰਜਾਬ ਤੇ ਵਿਸ਼ੇਸ਼ ਕਰਕੇ ਧਨੀ ਪੋਠੋਹਾਰ ਉਪਰ ਹੀ ਪਿਆ ਪਰ 1891 ਈ: ਦੀ ਮਰਦਮ ਸ਼ੁਮਾਰੀ ਦੀ ਰਿਪੋਰਟ ਦੇ ਅੰਕੜੇ ਦੇਖ ਕੇ ਕੁਝ ਇਸ ਤਰ੍ਹਾਂ ਦੀ ਤਸਵੀਰ ਨਜ਼ਰ ਆਉਂਦੀ ਹੈ। ਇਸ ਰਿਪੋਰਟ ਵਿਚ ਜ਼ਿਲ੍ਹੇਵਾਰ ਨਿਰੰਕਾਰੀ ਸਿੱਖਾਂ ਦੀ ਗਿਣਤੀ ਦਿੱਤੀ ਹੈ : ਲੁਧਿਆਣਾ 11827; ਫ਼ਿਰੋਜ਼ਪੁਰ 7676; ਅੰਬਾਲਾ 1268; ਹਿਸਾਰ 1446; ਅੰਮ੍ਰਿਤਸਰ : 8703; ਗੁਰਦਾਸਪੁਰ : 6105। ਪੰਜਾਬ ਦੀਆਂ ਰਿਆਸਤਾਂ ਵਿਚ ਨਿਰੰਕਾਰੀ ਸਿੱਖਾਂ ਦੀ ਗਿਣਤੀ ਇਸ ਪ੍ਰਕਾਰ ਹੈ :— ਪਟਿਆਲਾ : 2358; ਕਪੂਰਥਲਾ : 1956; ਨਾਭਾ 315 ਅਤੇ ਹੋਰ ਛੋਟੀਆਂ ਰਿਆਸਤਾਂ ਵਿਚ 4077, ਪਹਾੜੀ ਰਿਆਸਤਾਂ ਵਿਚ 840 ਅਤੇ ਦਿੱਲੀ ਵਿਚ 127 ਹੈ। ਸੋ ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਨਿਰੰਕਾਰੀ ਪ੍ਰਚਾਰ ਦਾ ਘੇਰਾ ਸਾਰੇ ਪੰਜਾਬ ਤੇ ਰਿਆਸਤਾਂ ਤਕ ਫੈਲਿਆ ਹੋਇਆ ਸੀ।

ਸ੍ਰੀ ਸਾਹਿਬ ਦਇਆਲ ਜੀ ਅਤੇ ਨਿਰੰਕਾਰੀ ਲਹਿਰ ਦੇ ਬਾਕੀ ਸੰਚਾਲਕਾਂ ਨੇ ਨਿਰੋਲ ਗੁਰਮਤਿ ਦਾ ਪ੍ਰਚਾਰ ਕਰਕੇ ਸਿੰਘ ਸਭਾ ਲਹਿਰ ਲਈ ਰਸਤਾ ਹਮਵਾਰ ਕਰ ਦਿੱਤਾ ਸੀ। ਇਸ ਲਈ ਜੇਕਰ ਨਿਰੰਕਾਰੀ ਲਹਿਰ ਨੂੰ ਸਿੰਘ ਸਭਾ ਲਹਿਰ ਦੀ ਮਾਂ ਆਖਿਆ ਜਾਵੇ ਤਾਂ ਇਸ ਵਿਚ ਕੋਈ ਅਤਿ-ਕਥਨੀ ਨਹੀਂ ਹੋਵੇਗੀ।*

ਨਾਮਧਾਰੀ ਸੰਪ੍ਰਦਾਇ ਦੇ ਮੋਢੀ ਸ੍ਰੀ ਬਾਬਾ ਰਾਮ ਸਿੰਘ, ਬਾਬਾ ਬਾਲਕ ਸਿੰਘ ਜੀ ਹਜ਼ਰੋ ਨੂੰ ਮਿਲਣ ਜਾਂਦੇ ਹੋਏ, ਰਸਤੇ ਵਿਚ ਰਾਵਲਪਿੰਡੀ ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਨੂੰ ਮਿਲੇ।

---

*'ਸਿਖੀ ਦਾ ਚਾਨਣ' ਵਿਚ ਪ੍ਰਿੰਸੀਪਲ ਨਰਿੰਜਨ ਸਿੰਘ ਜੀ ਦੇ ਦੋ ਨਿੱਜੀ ਪਤ੍ਰ, ਪੰ: ਘ, ਙ.

ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਨੇ ਉਨ੍ਹਾਂ ਨੂੰ ਪ੍ਰੇਰਨਾ ਕੀਤੀ ਕਿ ਉਹ ਆਪਣੇ ਨਾਮਧਾਰੀ ਵਿਚ ਗੁਰਮਤਿ ਆਨੰਦ ਵਿਆਹ ਸ਼ੁਰੂ ਕਰਾਉਣ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਲਾਵਾਂ ਪੜ੍ਹਨੀਆਂ ਤਾਂ ਉਹ ਮੰਨ ਗਏ ਪਰ ਫੇਰੇ ਵੇਦੀ ਤੇ ਹਵਨ ਦੇ ਗਿਰਦ ਹੀ ਕਰਨ ਲਈ (ਇਹ ਰੀਤ ਪ੍ਰੇਮ ਸੁਮਾਰਗ ਗ੍ਰੰਥ ਵਿਚ ਵੀ ਅੰਕਿਤ ਕੀਤੀ ਹੋਈ ਹੈ) ਪੁਰਾਣੀ ਪ੍ਰਥਾ ਨੂੰ ਕਾਇਮ ਰਖਿਆ।

ਸ੍ਰੀ ਸਾਹਿਬ ਦਇਆਲ ਜੀ ਤੋਂ ਲੈ ਕੇ ਅਜ ਤਕ ਨਿਰੰਕਾਰੀ ਗੁਰਸਿੱਖਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੜੀ ਮਹਾਨਤਾ ਹੈ। ਆਪਣੇ ਦੀਵਾਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਪ੍ਰਕਾਸ਼ ਕਰਕੇ ਬਾਕੀ ਸਿੱਖਾਂ ਵਾਂਗੂ ਆਪਣਾ ਇਸ਼ਟ ਤੇ ਰਹਿਬਰ ਮੰਨਦੇ ਹਨ। ਹੁਣ ਵੇਖਣ ਵਿਚ ਆਇਆ ਹੈ ਕਿ ਇਸੇ ਨਾਂ ਦੀ ਇਕ ਸੰਪ੍ਰਦਾਇ ਸ੍ਰੀ ਸਾਹਿਬ ਦਇਆਲ ਜੀ ਨਾਲ ਆਪਣਾ ਪਿਛੋਕੜ ਤਾਂ ਜੋੜਦੀ ਹੈ, ਪਰ ਉਨ੍ਹਾਂ ਦੇ ਦੱਸੇ ਗਿਆਨ-ਮਾਰਗ ਤੇ ਅਸੂਲਾਂ ਦੀ ਉਲੰਘਣਾ ਕਰਦੀ ਹੈ। ਸ੍ਰੀ ਸਾਹਿਬ ਦਇਆਲ ਜੀ ਦੇ ਉਤਰ-ਅਧਿਕਾਰੀ ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਨੇ ਜੋ ਅਸੂਲ ਤੇ ਮਰਯਾਦਾਵਾਂ, ਹੁਕਮਨਾਮੇ ਵਿਚ ਅੰਕਤ ਕੀਤੀਆਂ ਹਨ, ਉਹ ਨਿਰੋਲ ਗੁਰਬਾਣੀ ਦੇ ਅਧਾਰ ਤੇ ਹਨ। ਸ੍ਰੀ ਸਾਹਿਬ ਦਇਆਲ ਜੀ ਦਾ ਕ੍ਰਾਂਤੀ-ਕਾਰੀ ਬੋਲਾ ਸੀ :

"ਜਪੋ ਪਿਆਰਿਓ ਧੰਨ ਨਿਰੰਕਾਰ,
ਜੋ ਦੇਹ ਧਾਰੀ ਸਭ ਖੁਆਰ"

ਜਿਸ ਦਾ ਭਾਵ ਹੈ ਕਿ ਇਕ ਨਿਰੰਕਾਰ ਨੂੰ ਹੀ ਮੰਨੋ ਅਤੇ ਹੋਰ ਦੇਹਧਾਰੀਆਂ, ਜੜ੍ਹ-ਪੱਥਰ ਤੱਤਾਂ ਦੀ ਪੂਜਾ ਨਾਂ ਕਰੋ ਇਹ ਨਾਸ਼ਮਾਨ ਹਨ।

ਇਸ ਨਵੇਂ ਟੋਲੇ ਨੇ ਇਬਰਾਨੀਆਂ ਦੇ ਮੁੱਢਲੇ ਆਗੂ, ਆਦਮ ਨੂੰ ਪਹਿਲਾ ਨਿਰੰਕਾਰੀ ਦਰਸਾਇਆ ਹੈ। (24 ਅਕਤੂਬਰ, 1971, ਇਲੱਸਟ੍ਰੇਟਿਡ ਵੀਕਲੀ, ਅੰਗਰੇਜ਼ੀ) ਈਸਾ ਮੂਸਾ ਨੂੰ ਵੀ ਉਹ ਨਿਰੰਕਾਰੀ ਕਹਿੰਦੇ ਹਨ। ਭਾਰਤ ਵਰਸ਼ ਦੇ ਮਹਾਨ ਅਵਤਾਰ ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਮਹਾਰਾਜ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਸ੍ਰੀ ਸਾਹਿਬ ਦਇਆਲ ਜੀ ਸਾਰੇ ਨਵੇਂ ਪੁਰਾਣੇ ਮਹਾਂਪੁਰਸ਼ਾਂ ਦੀ ਆਤਮਕ ਤੇ ਰੂਹਾਨੀ ਸ਼ਕਤੀ ਦਾ ਆਪਣੇ ਸੰਚਾਲਕ ਵਿਚ ਪ੍ਰਵੇਸ਼ ਹੋਣ ਦਾ ਦਾਅਵਾ ਕਰਦੇ ਹਨ; ਜੋ ਕਿ ਬੜੀ ਹਾਸੋ-ਹੀਣੀ ਗੱਲ ਹੈ।

ਨਿਰੰਕਾਰੀ ਗੁਰਸਿੱਖਾਂ ਨੂੰ ਬੜੀ ਖ਼ੁਸ਼ੀ ਹੈ ਕਿ ਸਿੰਘ ਸਭਾ ਦੇ ਅਸੂਲਾਂ ਨੂੰ ਮੁੜ ਸੁਰਜੀਤ ਕਰਨ ਦਾ ਉਪਰਾਲਾ ਹੋ ਰਿਹਾ ਹੈ। ਸਾਨੂੰ ਇਸ ਗੱਲ ਦੀ ਵਿਸ਼ੇਸ਼ ਖ਼ੁਸ਼ੀ ਹੈ ਕਿਉਂਕਿ ਸਿੰਘ ਸਭਾ ਨੇ ਬਹੁਤ ਸਾਰੀਆਂ ਉਹ ਰਹੁ-ਰੀਤੀਆਂ ਨੂੰ ਅਪਨਾਇਆ; ਜਿਨ੍ਹਾਂ ਦਾ ਪ੍ਰਚਾਰ ਸ੍ਰੀ ਸਾਹਿਬ ਦਇਆਲ ਜੀ ਨੇ ਅੱਜ ਤੋਂ ਪੌਣੇ ਦੋ ਸੌ ਸਾਲ ਤੋਂ ਵੀ ਪਹਿਲਾਂ ਆਪਣੇ ਉਪਦੇਸ਼ਾਂ ਦੁਆਰਾ, ਬੜੀਆਂ ਕਠਨਾਈਆਂ ਝਾਗ ਕੇ ਜਨਤਾ ਦੇ ਸਾਹਮਣੇ ਪ੍ਰਗਟ ਕੀਤਾ ਸੀ।

ਜਿਥੇ ਅਸੀਂ ਸਿੰਘ ਸਭਾ ਦੇ ਮੋਢੀ ਗਿ: ਦਿੱਤ ਸਿੰਘ ਜੀ, ਭਾਈ ਜਵਾਹਰ ਸਿੰਘ ਜੀ, ਭਾਈ ਗੁਰਮੁੱਖ ਸਿੰਘ ਤੇ ਪਿੱਛੋਂ ਆ ਕੇ ਭਾਈ ਵੀਰ ਸਿੰਘ ਜੀ ਨੂੰ ਯਾਦਗਾਰੀ ਸ਼ਰਧਾਂਜਲੀਆਂ

ਦੇਣੀਆਂ ਹਨ; ਉਥੇ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਨ੍ਹਾਂ ਸਾਰੀਆਂ ਵਿਅੱਕਤੀਆਂ ਦੇ ਪਿੱਛੋਂ ਹੋਰ ਮਹਾਨ ਵਿਅਕਤੀਆਂ, ਸ੍ਰੀ ਸਾਹਿਬ ਦਇਆਲ ਜੀ, ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਅਤੇ ਸ੍ਰੀ ਸਾਹਿਬ ਰੱਤਾ ਜੀ ਸਨ; ਜਿਨ੍ਹਾਂ ਦੇ ਪਾਏ ਪੂਰਨਿਆਂ ਤੇ ਉਪਦੇਸ਼ਾਂ ਤੇ ਚੱਲ ਕੇ ਹੀ ਸਿੰਘ ਸਭਾ ਲਹਿਰ ਵਿਕਸਿਤ ਹੋਈ ।

ਸਿੱਖ (ਸਤਿ-ਸੰਗਤ) ਖਾਲਸਾ ਅਤੇ ਸਿੰਘ ਪਦ ਦਾ ਨਿਰਣਯ

'ਸਿੱਖ' ਸ਼ਬਦ ਸੰਸਕ੍ਰਿਤ ਦੇ 'ਸ਼ਿਸ਼' ਧਾਤੂ ਤੋਂ ਬਣਿਆ ਹੈ। ਇਸ ਦਾ ਭਾਵ ਹੈ ਸਿਖਿਆ ਪਾਣ ਵਾਲਾ, ਵਿਦਿਆਰਥੀ, ਆਤਮ-ਅਭਿਲਾਸ਼ੀ ਇਤਿਆਦਿ। ਸਿੱਖ ਸਾਡੀ ਸੰਸਕ੍ਰਿਤੀ ਦਾ ਬਹੁਤ ਪੁਰਾਣਾ ਸ਼ਬਦ ਹੈ; ਯਥਾ—'ਸੁਣ ਪ੍ਰਤਾਪ ਕਬੀਰ ਦਾ ਦੂਜਾ ਸਿੱਖ ਹੋਇਆ ਸੈਣ ਨਾਈ'। ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਉਨ੍ਹਾਂ ਦੇ ਉਪਦੇਸ਼ਾਂ ਦੇ ਧਾਰਨੀ ਅਨੇਕਾਂ ਸਿੱਖ ਹੋਏ ਹਨ, ਜਿਨ੍ਹਾਂ ਵਿਚੋਂ ਭਾਈ ਲਹਿਣਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਬਾਬਾ ਬੁੱਢਾ ਜੀ, ਭਾਈ ਮਰਦਾਨਾ ਜੀ, ਭਾਈ ਲਾਲੋ ਜੀ ਤੇ ਹੋਰ ਅਨੇਕ ਸਿਦਕੀ ਸਿੱਖਾਂ ਦੇ ਨਾਂ ਮਿਲਦੇ ਹਨ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਬਹੁਤ ਸਾਰੇ ਉਸ ਸਮੇਂ ਦੇ ਉੱਘੇ ਸਿੱਖਾਂ ਦੇ ਨਾਮ ਦਿਤੇ ਹਨ ਜਿਸ ਤਰ੍ਹਾਂ ਕਿ 11ਵੀਂ ਵਾਰ ਦੀ 14ਵੀਂ ਪਉੜੀ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਦੇ ਅਤੇ ਇਸੇ ਵਾਰ ਦੀ 15ਵੀਂ ਪਉੜੀ ਵਿਚ ਦੂਸਰੀ ਪਾਤਸ਼ਾਹੀ ਦੇ ਸਮੇਂ ਦੇ ਸਿੱਖਾਂ ਦਾ ਵਰਨਣ ਆਉਂਦਾ ਹੈ :—

ੳ. ਮੈਲਸੀਆਂ ਵਿਚ ਆਖੀਐ ਗਜੱਣ ਉਪਲ ਸਤਿਗੁਰ ਭਾਵੈ ॥
ਜਿੱਤਾ ਰੰਧਾਵਾ ਭਲਾ ਬੂੜਾ ਬੁੱਢਾ ਇਕ ਮਨ ਧਿਆਵੈ ॥
ਫਿਰਣਾ ਖਹਿਰਾ ਜੋਧ ਸਿਖ ਜੀਵਾਈ ਗੁਰ ਸੇਵਾ ਕਮਾਵੈ ॥
ਗੁੱਜਰ ਜਾਤ ਲੁਹਾਰ ਹੈ ਗੁਰ ਸਿੱਖੀ ਗੁਰ ਸਿੱਖ ਸੁਨਾਵੈ...

ਅ. ਪਾਰੋ ਜੁਲਕਾ ਪਰਮਹੰਸ ਪੂਰੇ ਸਤਿਗੁਰੂ ਕਿਰਪਾ ਧਾਰੀ।
ਮੱਲੁਸ਼ਾਹੀ ਸੂਰਮਾ ਵੱਡਾ ਭਗਤ ਭਾਈ ਕੇਦਾਰੀ।
ਦੀਪਾ ਦੇਊ ਨਰੈਨ ਦਾਸ ਬੂਲੇ ਦੇ ਜਾਈਏ ਬਲਿਹਾਰੀ।
ਲਾਲ ਸੁ ਲਾਲੂ ਬੁੱਧਿਵਾਨ ਦੁਰਗਾ ਜਿਵੰਦਾ ਪਰਉਪਕਾਰੀ।
ਜੱਗਾ ਪਰਣੀ ਜਾਣੀਐ ਸੰਸਾਰੂ ਨਾਲੇ ਨਿਰੰਕਾਰੀ...

ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਨੇ 'ਗੁਰਸ਼ਬਦ ਰਤਨਾਕਰ ਮਹਾਨਕੋਸ਼' ਵਿਚ 'ਸਿੱਖ' ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ :—

ਸਿੱਖ—

1. ਸ਼ਿਸ਼ਯ-ਜੋ ਸ਼ਾਸ਼ਨ (ਉਪਦੇਸ਼) ਯੋਗ ਹੋਏ, ਚੇਲਾ, ਸ਼ਾਗਿਰਦ।

2. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨੁਗਾਮੀ, ਜਿਸ ਨੇ ਸਤਿਗੁਰੂ ਨਾਨਕ ਦੇਵ ਜੀ ਦਾ ਸਿੱਖ ਧਰਮ ਧਾਰਨ ਕੀਤਾ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦਾ ਹੈ ਅਤੇ ਦਸ ਸਤਿਗੁਰਾਂ ਨੂੰ ਇਕ ਰੂਪ ਜਾਣਦਾ ਹੈ :

ੳ. ਗੁਰ ਸਤਿਗੁਰ ਕਾ ਜੋ ਸਿਖ ਅਖਾਏ...
ਜੋ ਸਾਸ ਗਿਰਾਸ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖ ਗੁਰੂ ਮਨਿ ਭਾਵੈ ॥
(ਵਾਰ ਗਉੜੀ ੧, ਮ: ੩) ੩੦੫

ਅ. ਆਪ ਛਡਿ ਸਦਾ ਰਹੈ ਪਰਣੈ ਗੁਰ ਬਿਨ ਅਵਰੁ ਨ ਜਾਣੈ ਕੋਇ।
ਕਹੈ ਨਾਨਕ ਸੁਣਹੁ ਸੰਤਹੁ, ਸੋ ਸਿਖ ਸਨਮੁਖ ਹੋਇ। (ਆਨੰਦ ਸਾਹਿਬ ੯੧੯)

3. ਸਿਕਸ਼ਾ, ਉਪਦੇਸ਼ :

ੳ. ਜੇ ਇਕ ਗੁਰ ਕੀ ਸਿਖ ਸੁਣੀ (ਜਪੁਜੀ ਸਾਹਿਬ)

ਅ. ਗੁਰ ਤੁਠਾ ਸਿਖ ਦੇਵੈ ਮੇਰੇ ਭਾਈ (ਆਸਾ ਮ: ੪) ੩੬੭

ਗੁਰਬਾਣੀ ਵਿਚ ਗੁਰਸਿੱਖਾਂ ਨੂੰ ਭਾਣੇ ਵਿਚ ਸ਼ਾਕਰ ਰਹਿਣ ਦੀ ਪ੍ਰੇਰਨਾ ਮਿਲਦੀ ਹੈ :

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ (ਸੋਰਠਿ ਮ: ੩) ੬੦੩

ਅਤੇ ਗੁਰਬਾਣੀ ਦੁਆਰਾ ਸਿੱਖ ਅਤੇ ਗੁਰੂ ਦੇ ਪੱਕੇ ਪੀਢੇ ਸਬੰਧ ਕਾਇਮ ਹੁੰਦੇ ਹਨ :

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥
ਹੋਵੈ ਤ ਸਨਮੁਖ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੈ ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
ਆਪ ਛਡਿ ਸਦਾ ਰਹੈ ਪਰਣੈ ਗੁਰ ਬਿਨ ਅਵਰ ਨ ਜਾਣੈ ਕੋਇ ॥
ਕਹੈ ਨਾਨਕ ਸੁਣਹੁ ਸੰਤਹੁ ਸੋ ਸਿਖ ਸਨਮੁਖ ਹੋਇ ॥ (ਰਾਮਕਲੀ ਮ: ੩) ੯੧੯

ਗੁਰੂ ਦੇ ਹੁਕਮ ਵਿਚ ਰਹਿਣ ਵਾਲੇ ਗੁਰਸਿੱਖ ਨੂੰ ਨਿਮਸਕਾਰ ਕਰਨਾ ਉਚਿੱਤ ਹੈ ਪੁਨਾ :—

ਧੰਨ ਧੰਨ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਨੀ ਜਾਇ ਪਇਆ।
ਧੰਨ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮ ਕਹਿਆ।
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ।
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ।
ਤਿਸੁ ਗੁਰਸਿਖੁ ਕਉ ਹਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ।
(ਵਾਰ ਵਡਹੰਸ ਮ: ੪) ੫੯੩

ਇਸ ਤਰ੍ਹਾਂ ਉਸ ਸੱਚੇ ਦਰਬਾਰ ਵਿਚ 'ਗੁਰਸਿਖਾ ਕੇ ਮੁਖ ਉਜਲੇ ਮਨਮੁਖਿ ਥੀਏ

ਪਰਾਲੀਂ ਦੇ ਮਹਾਵਾਕ ਅਨੁਸਾਰ ਗੁਰਸਿੱਖ ਸੁਰਖ਼ਰੂ ਹੋ ਜਾਂਦਾ ਹੈ।

ਜਦੋਂ ਸਿੱਖ ਜੁੜ ਬੈਠਦੇ ਹਨ ਤਾਂ ਉਹ ਸੰਗਤ ਦਾ ਰੂਪ ਧਾਰਨ ਕਰਦੇ ਹਨ। 'ਇਕ ਸਿੱਖ ਦੋਇ ਸਾਧੁ ਸੰਗ ਪੰਜੀ ਪ੍ਰਮੇਸਰ'। ਨਾਮ-ਬਾਣੀ ਦੇ ਅਭਿਆਸ ਵਾਸਤੇ ਸਿੱਖਾਂ ਦੇ ਇਕੱਠ ਦਾ ਨਾਮ ਹੀ ਸੰਗਤ ਹੈ। ਗੁਰਬਾਣੀ ਵਿਚ ਇਸ ਕਥਨ ਦਾ ਨਿਰਨਾ ਇਸ ਤਰ੍ਹਾਂ ਕੀਤਾ ਗਿਆ ਹੈ :—

ੳ. ਸਤ ਸੰਗਤਿ ਕੈਸੀ ਜਾਣੀਐ। ਜਿਥੈ ਏਕੋ ਨਾਮੁ ਵਖਾਣੀਐ।

(ਸਿਰੀ ਰਾਗ ਮ: ੧) ੭੨

ਅ. ਸਤਸੰਗਤਿ ਸਾਈ ਹਰਿ ਤੇਰੀ ਜਿਤੁ ਹਰਿ ਕੀਰਤਿ ਹਰਿ ਸੁਨਣੇ।

(ਭੈਰਉ ਮ: ੫) ੧੧੩੫

ੲ. ਸਾਧ ਸੰਗਿ ਹਰਿ ਕੀਰਤਨ ਗਾਈਐ। ਇਹੁ ਅਸਥਾਨੁ ਗੁਰੂ ਤੇ ਪਾਈਐ।

(ਆਸਾ ਮ: ੫) ੩੮੫

ਸਤਿ-ਸੰਗਤਿ ਗੁਰਸਿਖਾਂ ਦੀ ਅਧਿਆਤਮਕ ਪਾਠਸ਼ਾਲਾ ਹੈ :—

ਪੁਨਾ :—

ਸਤਿ ਸੰਗਤਿ ਸਤਿਗੁਰ ਚਟਸਾਲ ਹੈ ਜਿਤ ਹਰਿ ਗੁਣ ਸਿਖਾ॥

(ਵਾਰ ਕਾਨੜਾ ਮ: ੪) ੧੩੧੬

ਅਤੇ ਸਤਿ-ਸੰਗਤਿ ਵਿਚ ਆ ਕੇ ਵਿਅਕਤੀ ਭਵ-ਸਾਗਰ ਨੂੰ ਪਾਰ ਕਰ ਜਾਂਦਾ ਹੈ :—

ਮੇਰੇ ਮਾਧਉ ਜੀ ਸਤ ਸੰਗਤਿ ਮਿਲੇ ਸੁ ਤਰਿਆ॥ (ਗੁਜਰੀ ਮ: ੫) ੪੫੯

ਸਤਿਸੰਗਤਿ ਵਿਚ ਆ ਕੇ ਦਵੈਤ ਭਾਵ ਮਿਟ ਜਾਂਦਾ ਹੈ। ਹਰ ਪ੍ਰਾਣੀ ਮਾਤਰ ਨਾਲ ਪ੍ਰੇਮ-ਪਿਆਰ ਦਾ ਸਬੰਧ ਬਣਦਾ ਹੈ :—

ਬਿਸਰਿ ਗਈ ਸਭ ਤਾਤ ਪਰਾਈ।
ਜਬ ਤੇ ਸਾਧ ਸੰਗਤਿ ਮੋਹਿ ਪਾਈ॥ ੧॥ ਰਹਾਉ॥
ਨ ਕੋ ਬੈਰੀ ਨਹੀ ਬਿਗਾਨਾ॥
ਸਗਲ ਸੰਗਿ ਹਮ ਕਉ ਬਨਿ ਆਈ॥ (ਕਾਨੜਾ ਮ: ੫) ੧੨੯੯

ਇਸ ਤਰ੍ਹਾਂ ਸੁਤਾ ਹੋਇਆ ਮਨ ਸੰਗਤ ਦੇ ਪ੍ਰਭਾਵ ਨਾਲ ਜਾਗ ਪੈਂਦਾ ਹੈ। ਆਪਣੀਆਂ ਕਮਜ਼ੋਰੀਆਂ ਦਾ ਅਹਿਸਾਸ ਹੁੰਦਾ ਹੈ ਤੇ ਸਤਿ-ਸੰਗਤ ਦੀ ਕ੍ਰਿਪਾ ਨਾਲ ਮਨੁੱਖ ਉਨ੍ਹਾਂ ਕਮਜ਼ੋਰੀਆਂ ਤੇ ਕਾਬੂ ਪਾਉਂਦਾ ਹੈ :—

ਸਾਧ ਸੰਗਿ ਮਨ ਸੋਵਤ ਜਾਗੇ॥ ਤਬ ਪ੍ਰਭ ਨਾਨਕ ਮੀਠੇ ਲਾਗੇ॥

(ਆਸਾ ਮ: ੫) ੩੮੬

'ਖਾਲਸਾ'

ਅਰਬੀ ਦਾ ਸ਼ਬਦ ਹੈ ਜਿਸਦੇ ਅਰਥ ਹਨ :—

1. ਬਿਨਾ ਮਿਲਾਵਟ, ਨਿਰੋਲ ।

2. ਉਹ ਜ਼ਮੀਨ ਜਾਂ ਮੁਲਕ, ਜੋ ਬਾਦਸ਼ਾਹ ਦਾ ਹੈ। ਜਿਸ ਪੁਰ ਕਿਸੇ ਜਗੀਰਦਾਰ ਅਥਵਾ ਜ਼ਿਮੀਂਦਾਰ ਦਾ ਅਧਿਕਾਰ ਨਹੀਂ। ਰਾਵਲਪਿੰਡੀ ਦੇ ਜ਼ਿਲ੍ਹੇ ਵਿਚ ਕਈ ਪਿੰਡਾਂ ਦੇ ਨਾਮ ਇਸ ਤਰ੍ਹਾਂ ਹਨ : 'ਡੇਹਰਾ ਖ਼ਾਲਸਾ', 'ਥੋਹਾ ਖ਼ਾਲਸਾ', 'ਚੋਹਾ ਖ਼ਾਲਸਾ' ਆਦਿ। ਇਨ੍ਹਾਂ ਪਿੰਡਾਂ ਦੇ ਨਾਮ ਇਸੇ ਕਰਕੇ ਖ਼ਾਲਸਾ ਪੈ ਗਏ ਕਿਉਂਕਿ ਰਾਜਿਆਂ ਮਹਾਰਾਜਿਆਂ ਦੇ ਨਿੱਜੀ ਮਲਕੀਅਤ ਦੇ ਪਿੰਡ ਸਨ।

3. ਅਕਾਲੀ ਧਰਮ, 'ਵਾਹਿਗੁਰੂ ਜੀ ਕਾ ਖ਼ਾਲਸਾ', ਸਿੰਘ ਪੰਥ।

4. ਖ਼ਾਲਸਾ ਧਰਮ ਧਾਰੀ ਗੁਰੂ ਨਾਨਕ ਪੰਥੀ।

ਜਾਗਤ ਜੋਤਿ ਜਪੈ ਨਿਸ ਬਾਸਰ ਏਕ ਬਿਨਾ ਮਨ ਨੈਕ ਨ ਆਨੈ।
ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।
ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਨੈਕ ਪਛਾਨੈ।
ਪੂਰਨ ਜੋਤਿ ਜਗੈ ਘਟ ਮੈ ਤਬ ਖ਼ਾਲਸਾ ਤਾਹਿ ਨਖਾਲਸ ਜਾਨੈ। (੩੩ ਸਵੈਯੇ)

ਖ਼ਾਲਸਾ ਪਦ 'ਸੰਤ ਸ਼ਬਦਾਵਲੀ' ਵਿਚ ਚਿਰਾਂ ਤੋਂ ਵਰਤਿਆ ਜਾ ਰਿਹਾ ਸੀ। ਕਬੀਰ ਸਾਹਿਬ ਜੀ ਨੇ ਇਹ ਪਦ ਦੀ ਵਿਆਖਿਆ ਇਉਂ ਕੀਤੀ ਹੈ।

ਕਹੁ ਕਬੀਰ ਜਨ ਭਏ ਖ਼ਾਲਸੇ ਪ੍ਰੇਮ ਭਗਤਿ ਜਿਹ ਜਾਨੀ ॥ (ਸੋਰਠ ਕਬੀਰ) ੬੫੪

ਕਿਉਂਕਿ ਕਬੀਰ ਸਾਹਿਬ ਜੀ ਦਾ ਨਿਰੰਕਾਰ ਸਿਰਜਨਹਾਰ ਨਾਲ ਸਿੱਧਾ ਸੰਪਰਕ ਤੇ ਅਤੁੱਟ ਰਿਸ਼ਤਾ ਬਗੈਰ ਕਿਸੇ ਵਿਚੋਲੇ ਦੇ ਕਾਇਮ ਹੋ ਚੁਕਾ ਸੀ ਅਤੇ ਆਪਣੇ ਗੁਰਦੇਵ ਨਾਲ ਇਕਮਿਕ ਹੋਣ ਦਾ ਸੰਕੇਤ ਵੀ ਦੇਂਦੇ ਹਨ :

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥ (ਰਾਮਕਲੀ ਕਬੀਰ) ੯੬੯

'ਖ਼ਲਾਸ' ਅਰਬੀ ਦਾ ਸ਼ਬਦ ਹੈ ਜਿਸ ਦਾ ਭਾਵ ਬੰਧਨ-ਮੁਕਤ ਜਾਂ ਖ਼ਲਾਸੀ ਹੋਣ ਤੋਂ ਹੈ। ਭਗਤਾਂ ਅਤੇ ਗੁਰੂਆਂ ਨੇ ਇਸ ਸ਼ਬਦ ਦੀ ਵਰਤੋਂ ਇਸੇ ਭਾਵ ਵਿਚ ਕੀਤੀ ਹੈ।

ਕਹਿ ਰਵਿਦਾਸ ਖ਼ਲਾਸ ਚਮਾਰਾ ॥
ਜੋ ਹਮ ਸਹਰੀ ਸੋ ਮੀਤੁ ਹਮਾਰਾ ॥ (ਗਉੜੀ ਰਵਿਦਾਸ ਜੀ-੩੪੫)

'ਖ਼ਲਾਸ' ਸ਼ਬਦ ਦਾ ਭਾਵ ਕਿਸੇ ਦੀ ਅਧੀਨਗੀ ਤੋਂ ਰਹਿਤ ਸਿੱਧਾ ਪ੍ਰਭੂ-ਮਿਲਾਪ ਤੋਂ ਵੀ ਹੈ :

ਜਿਨ ਕੌ ਸਾਧੂ ਭੇਟੀਐ ਸੇ ਦਰਗਹ ਹੋਇ ਖਲਾਸੁ ॥
(ਬਾਰਹ ਮਾਹ-ਮਾਝ ਮ: ੫) ੧੩੪

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਹਿਤ 22 ਮੰਜੀਆਂ ਅਸਥਾਪਨ ਕੀਤੀਆਂ। ਇਹ ਉਹ ਯੋਗ ਸਿੱਖ ਸਨ ਜੋ ਗੁਰ-ਉਪਦੇਸ਼ ਪ੍ਰਗਟਾਂਦੇ ਤੇ ਗੁਰਸਿੱਖਾਂ ਦੇ ਮੋਹਰੀ ਅਥਵਾ ਜਥੇਦਾਰ ਦਾ ਕੰਮ ਨਿਭਾਉਂਦੇ। ਗੁਰੂ ਘਰ ਲਈ ਭੇਟਾ ਇਕੱਤਰ ਕਰਕੇ

ਗੁਰੂ ਸਾਹਿਬ ਤਕ ਪਹੁੰਚਾਂਦੇ। ਜਦੋਂ ਸਿੱਖੀ ਦਾ ਘੇਰਾ ਹੋਰ ਵੱਡਾ ਤੇ ਮੋਕਲਾ ਹੋ ਗਿਆ ਤਾਂ ਕਈ ਮੋਢੀ ਸਿੱਖਾਂ ਨੂੰ 'ਮਸੰਦ' ਕਿਹਾ ਜਾਣ ਲੱਗ ਪਿਆ।

'ਮਸੰਦ' ਉਸ ਸਮੇਂ ਦੇ ਮੋਢੀ ਸਿੱਖ ਸਨ। ਭਾਈ ਗੁਰਦਾਸ਼ ਜੀ ਨੇ ਆਪਣੀ ੧੧ਵੀਂ ਵਾਰ ਦੀ ੨੨ਵੀਂ ਪਉੜੀ ਵਿਚ ਮਸੰਦਾਂ ਨੂੰ ਬਹੁਤ ਮਹਾਨਤਾ ਦਾ ਦਰਜਾ ਦਿਤਾ ਹੈ ਅਤੇ ਇਨ੍ਹਾਂ ਨੂੰ ਵਡਿਆਈ ਵਾਲੇ ਤੇ ਗੁਰਮੁਖ ਮੰਨਿਆਂ ਹੈ :—

...... ਸੰਮਣ ਹੈ ਸ਼ਾਹਬਾਜ਼ ਪੁਰ ਗੁਰ ਸਿੱਖਾਂ ਦੀ ਸਾਰ ਲਹੰਦਾ।
ਜੋਧਾ ਜੱਲੋ ਤੁਲਸਪੁਰ ਮੋਹਣ ਆਲਮ ਗੰਜ ਰਹੰਦਾ।
ਗੁਰਮੁਖ ਵਡਿਆ ਵਡੇ ਮਸੰਦਾ।

ਇਨ੍ਹਾਂ ਦੀ ਸੇਵਾ ਦਾ ਵਿਸ਼ੇਸ਼ ਅੰਗ ਗੁਰਸਿੱਖਾਂ ਦੀ ਸਾਰ ਲੈਣੀ ਅਤੇ ਗੁਰੂ ਤੇ ਸਿੱਖਾਂ ਦਾ ਸੰਪਰਕ ਕਾਇਮ ਰਖਣਾ ਸੀ। ਇਹ ਸਿੱਖਾਂ ਤੋਂ ਦਸਵੰਦ ਅਤੇ ਕਾਰ-ਭੇਟ ਉਗਰਾਉਂਦੇ ਅਤੇ ਸਿੱਖੀ ਦਾ ਪ੍ਰਚਾਰ ਕਰਦੇ ਸਨ। ਚੌਥੇ ਸਤਿਗੁਰਾਂ ਤੋਂ ਲੈ ਕੇ ਸੰਮਤ ੧੭੫੫ ਤੀਕ ਇਹ ਸਿਲਸਲਾ ਚਲਦਾ ਰਿਹਾ।

ਕਈ ਦੂਰ ਥਾਵਾਂ ਤੇ ਜਿਥੇ ਕੋਈ ਮੰਜੀਦਾਰ ਨਾ ਹੁੰਦਾ ਉਥੇ ਦੀ ਸਿੱਖ ਸੰਗਤ ਬਿਨਾ ਵਿਚੋਲੇ ਦੇ ਹੀ ਗੁਰੂ ਸਾਹਿਬ ਨੂੰ ਆਪਣੀ ਕਾਰ ਭੇਟ ਭੇਜ ਦਿੰਦੀ।

ਜੋ ਸਿੱਖ ਮਸੰਦਾਂ ਦੇ ਸਹਿਯੋਗ ਨਾਲ ਤੇ ਉਨ੍ਹਾਂ ਦੇ ਪਰਚਾਰ ਕਾਰਨ ਸਿੱਖੀ ਵਿਚ ਆਏ ਉਨ੍ਹਾਂ ਨੂੰ **'ਸਹਿਲੰਗ'** ਵੀ ਕਿਹਾ ਜਾਂਦਾ ਸੀ। ਸਹਿਲੰਗ ਦੇ ਭਾਵ ਹਨ, ਨਾਲ ਲਗਾ ਹੋਇਆ ਜਾਂ ਜੁੜਿਆ ਹੋਇਆ।

ਸ਼ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਸਿੱਖ-ਸਤਿਗੁਰੂਆਂ ਦੇ ਹੁਕਮਨਾਮਿਆਂ ਤੇ ਅਧਾਰਤ 'ਨੀਸਾਣ ਤੇ ਹੁਕਮਨਾਮੇ' ਪੁਸਤਕ ਪ੍ਰਕਾਸ਼ਤ ਕੀਤੀ ਹੈ। ਉਸ ਵਿਚੋਂ ਗੁਰੂ ਹਰਿ ਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਹੁਕਮਨਾਮਿਆਂ ਤੋਂ ਇਹ ਭਲੀ ਭਾਂਤ ਸਿੱਧ ਹੁੰਦਾ ਹੈ ਕਿ 'ਖ਼ਾਲਸਾ' ਪਦ ਉਨ੍ਹਾਂ ਸਿਖਾਂ ਲਈ ਹੀ ਵਰਤਿਆ ਜਾਂਦਾ ਸੀ ਜਿਨ੍ਹਾਂ ਦਾ ਸਿੱਧਾ ਸਬੰਧ ਗੁਰੂ ਜੀ ਨਾਲ ਸੀ।

ਹੁਕਮਨਾਮਾ ਨੰ: ੯ (ਹੁਕਮਨਾਮਾ ਪਾਤਸ਼ਾਹੀ ੬) **ਸ੍ਰੀ ਗੁਰੂ ਹਰਗੋਬਿੰਦ ਜੀ:**

ਭਾਈ ਜਾਪੂ ਭਾਈ ਗੁਰਦਾਸੁ ਭਾਈ ਮੁਰਾਰਿ ਭਾਈ ਜਾਤੀ ਭਾਈ ਦਿਆਲਾ ਗੁਰੂ ਗੁਰੂ ਜਪਣਾ ਜਨਮੁ ਸਵਰੂ ਸੰਗਤ ਦੀ ਕਾਮਨਾ ਪੂਰੀ ਹੋਗੁ ਸੰਗਤੀ ਦਾ ਰੁਜ਼ਗਾਰ ਹੋਗ ਸੰਗਤੀ ਕੀ ਕਾਰ ਕਰਨੀ ਜੁ ਲੇਹਾਗਾ ਗੁਰੂ ਜੀ ਦੀ ਆਗਿਆ ਹਇ। ਕੀਰਤਨ ਕਰਣਾ ਇਕ ਦਾਸੁ ਭਲੀ ਜੁਗਤਿ ਰਹਣਾ ਮਾਸ ਮਛੀ ਦੇ ਨੇੜੇ ਨਹੀਂ ਆਵਣਾ ਪੂਰਬ ਦੀ ਸੰਗਤਿ ਗੁਰੂ ਦਾ ਖ਼ਾਲਸਾ ਹਇ......

ਹੁਕਮਨਾਮਾ ਨੰ: ੨੩ (ਹੁਕਮਨਾਮਾ ਪਾਤਸ਼ਾਹੀ ੯) **ਸ੍ਰੀ ਗੁਰੂ ਤੇਗ਼ ਬਹਾਦੁਰ ਜੀ।**

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਬਠਾ ਸਰਬਤ ਸੰਗਤਿ ਪਟਣ ਦੀ ਗੁਰੂ ਸੰਗਤਿ ਦੀ ਬਾਹੁੜੀ ਕਰੇਗਾ ਸੰਗਤ ਦਾ ਗੁਰੂ ਰੁਜਗਾਰ ਕਰੇਗਾ ਸਭ ਮਨੋਰਥ ਪੂਰੇ ਹੋਨਗੇ

ਸਰਬਤ ਸੰਗਤਿ ਦੀਵਾਲੀ ਨੋ ਦਰਸਨਿ ਆਵਣਾ ਜੁ ਸਿਖੁ ਦਰਸਨਿ ਆਵਗੁ ਸੋ ਨਿਹਾਲੁ ਹੋਗ ਪਟਣ ਦੀ ਸੰਗਤਿ ਸ੍ਰੀ ਗੁਰੂ ਜੀਉ ਦਾ ਖਾਲਸਾ ਹੈ......

ਆਮ ਇਹ ਭੁਲੇਖਾ ਹੈ ਕਿ 'ਖ਼ਾਲਸਾ ਪਦ' ਦਸਮ ਪਾਤਸ਼ਾਹ ਜੀ ਦੇ ਸਮੇਂ ਤੋਂ ਹੀ ਪ੍ਰਚਲਤ ਹੋਇਆ ਹੈ ਜਦੋਂ ਉਨ੍ਹਾਂ ਨੇ ੧੬੯੯ ਈ: (ਸੰਮਤ ੧੭੫੮) ਵਿਚ ਖੰਡੇ ਦੀ ਪਾਹੁਲ ਸਿੱਖਾਂ ਨੂੰ ਛਕਾਈ ਅਤੇ ਇਹ ਉਨ੍ਹਾਂ ਸਿੱਖਾਂ ਲਈ ਹੀ ਵਰਤਿਆ ਗਿਆ ਹੈ ਜਿਨ੍ਹਾਂ ਖੰਡੇ ਦੀ ਪਾਹੁਲ ਛਕ ਕੇ 'ਸਿੰਘ' ਦੀ ਪਦਵੀ ਹਾਸਲ ਕੀਤੀ। ਪਰ ਇਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਜਦੋਂ ਦਸ਼ਮੇਸ਼ ਜੀ ਨੇ ਮਸੰਦਾਂ ਦੀਆਂ ਬੁਰੀਆਂ ਕਰਤੂਤਾਂ ਵੇਖਕੇ ਇਹ ਪ੍ਰੰਪਰਾ ਖ਼ਤਮ ਕਰ ਦਿਤੀ ਅਤੇ ਅੰਮ੍ਰਿਤ ਛਕਾਉਣ ਸਮੇਂ ਉਪਦੇਸ਼ ਦਿਤਾ ਕਿ 'ਮਸੰਦਾਂ' ਨਾਲ ਨਹੀਂ ਵਰਤਣਾ; ਤਾਂ "ਤਜ ਮਸੰਦ, ਪ੍ਰਭੂ ਏਕ ਜਪ, ਯਹ ਬਿਬੇਕ ਤਹਿ ਕੀਨਾ" (ਗੁਰਸੋਭਾ) ਅਤੇ "ਜੋ ਕਰ ਸੇਵ ਮਸੰਦਨ ਕੀ, ਕਹਿ ਆਨ ਪ੍ਰਸਾਦਿ ਸਭੇ ਮੁਹਿ ਦੀਜੈ" (੩੩ ਸਵਯੈ) ਦਾ ਹੁਕਮ ਦਿਤਾ। ਇਸੇ ਕਾਰਨ ਦਸ਼ਮੇਸ਼ ਜੀ ਦੇ ਸਮੇਂ ਭਾਈ ਗੁਰਦਾਸ (ਦੂਜੇ) ਨੇ ਆਪਣੀ ਰਚਨਾ ਜੋ ਵਾਰ ੪੧ ਗਿਣੀਂ ਜਾਂਦੀ ਹੈ ਵਿਚ ਲਿਖਿਆ ਹੈ:—

"ਗੁਰਸੰਗਤਿ ਕੀਨੀ ਖ਼ਾਲਸਾ ਮਨਮੁਖੀ ਦੁਹੇਲਾ ॥"

ਅਰਥਾਤ : ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀ ਸੰਗਤ ਦਾ ਸਿੱਧਾ ਸਬੰਧ ਆਪਣੇ ਨਾਲ ਜੋੜ ਲਿਆ ਅਤੇ ਮਨਮੁੱਖ (ਮਸੰਦ) ਨੂੰ ਔਕੜਾਂ ਤੇ ਤਕਲੀਫ਼ਾਂ ਦਾ ਸਾਹਮਣਾ ਕਰਨਾ ਪਿਆ। ਕਿਉਂਕਿ ਮਸੰਦ ਆਚਰਣਹੀਣ ਹੋ ਗਏ ਸਨ ਅਤੇ ਗੁਰੂ ਜੀ ਨੇ ਸੰਗਤ ਦਾ ਸੰਪਰਕ ਬਗੈਰ ਵਿਚੋਲੇ ਦੇ ਗੁਰੂ ਨਾਲ ਜੋੜ ਲਿਆ ਅਤੇ ਉਸ ਸਮੇਂ ਤੋਂ ਸਾਰੀ ਸਿੱਖ ਸੰਗਤ ਲਈ 'ਖ਼ਾਲਸਾ' ਪਦ ਵਰਤਿਆ ਜਾਣ ਲਗਾ। ਇਸ ਕਥਨ ਦੀ ਪੁਸ਼ਟੀ ਲਈ ਗੁਰੂ ਦਸਮ ਪਾਤਸ਼ਾਹ ਜੀ ਦੇ ਕੁਝ ਕੁ ਹੁਕਮਨਾਮਿਆਂ ਵਿਚੋਂ ਟੂਕਾਂ ਪੇਸ਼ ਕੀਤੀਆਂ ਜਾਂਦੀਆਂ ਹਨ :—

ਹੁਕਮਨਾਮਾਂ ਨੰ: ੭੪ (ਹੁਕਮਨਾਮਾ ਪਾਤਸ਼ਾਹੀ ੧੦) ਸ੍ਰੀ ਗੁਰੂ ਗੋਬਿੰਦ ਸਿੰਘ ਜੀ,

ੴ ਸਤਿਗੁਰੂ ਜੀ

ਸਿਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਕਲਿਆਣ ਰਾਇ ਸਰਬਤ ਸੰਗਤਿ ਮਾਛੀਵਾੜੇ ਕੀ ਗੁਰੂ ਰਖੇਗਾ ਸੰਗਤਿ ਮੇਰਾ ਖ਼ਾਲਸਾ ਹੈ ਇਕੁ ਤੋਲੈ ਸੁਇਨੇ ਕਾ ਹੁਕਮੁ ਲਿਖਿਆ ਹੈ ਦੇਖਦੇ ਸਿਤਾਬੀ ਹਜੂਰ ਭੇਜਣਾ ਜੋ ਗੁਰੂ ਕੇ ਨਵਿਤ ਕਾ ਹੋਵੇ ਗੋਲਕ ਦਸਵੰਧ ਮੰਨਤ ਸੋ ਹਜ਼ੂਰ ਆਪ ਲੈ ਆਵਣਾ ਮਸੰਦਾ ਨੋ ਮੰਨਣਾ ਨਾਹੀ ਗੁਰੂ ਸੰਗਤਿ ਕੀ ਬਾਹੁੜੀ ਕਰੇਗਾ ਮਨੋਰਥ ਪੂਰੇ ਹੋਵਹਿਗੇ।

ਸੰਮਤ ੧੭੫੫ ॥

(ਇਹ ਹੁਕਮਨਾਮਾ ਖੰਡੇ ਦੀ ਪਾਹੁਲ ਛਕਾਉਣ ਤੋਂ ਇਕ ਸਾਲ ਪਹਿਲਾਂ ਦਾ ਹੈ)

'ਸਿੰਘ' ਪਦ ਨੂੰ ਰਾਜਪੂਤ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਤੋਂ ਪਹਿਲਾਂ ਵੀ

ਆਪਣੇ ਲਈ ਵਰਤਦੇ ਸਨ ਤੇ ਗੁਰੂ ਸਾਹਿਬ ਨੇ ਉਸ ਪਰੰਪਰਾ ਨੂੰ ਜਾਰੀ ਰਖਿਆ ਅਤੇ ਰਾਜਪੂਤਾਂ ਵਿਚ ਜੋ ਕਮੀਆਂ ਆ ਗਈਆਂ ਸਨ ਉਨ੍ਹਾਂ ਨੇ ਖੰਡੇ ਦੀ ਪਾਹੁਲ ਛਕਾ ਸਚ ਮੁੱਚ ਹੀ 'ਸਿੰਘਾਂ' ਨੂੰ 'ਸ਼ੇਰ' ਬਣਾ ਦਿਤਾ :

ਸਵਾ ਲਾਖ ਸੇ ਏਕ ਲੜਾਊਂ ॥ ਤਬੈ ਗੋਬਿੰਦ ਸਿੰਘ ਨਾਮ ਧਰਾਊਂ ॥

'ਖ਼ਾਲਸੇ' ਦਾ 'ਸਿੰਘ' ਹੋਣਾ ਜ਼ਰੂਰੀ ਨਹੀਂ; ਹਾਂ 'ਸਿੰਘ' ਖ਼ਾਲਸਾ ਜ਼ਰੂਰ ਹੈ।

ਕਿਉਂਕਿ ਜਦੋਂ ਅਸੀਂ ਇਸ਼ ਕਥਨ ਨੂੰ ਜ਼ਰਾ ਕੁ ਗਹੁ ਨਾਲ ਵਿਚਾਰਾਂਗੇ ਤਾਂ ਸਭ ਭੁਲੇਖੇ ਦੂਰ ਹੋ ਜਾਣਗੇ ਅਤੇ ਸਿੱਖਾਂ ਵਿਚ ਵੱਡੇ ਛੋਟੇ ਦੀ ਭਾਵਨਾ ਖ਼ਤਮ ਹੋ ਜਾਵੇਗੀ। ਇਸ ਕਥਨ ਦੀ ਪੁਸ਼ਟੀ ਹੋ ਜਾਂਦੀ ਹੈ ਜਦੋਂ ਅਸੀਂ ਭਾਈ ਨੰਦ ਲਾਲ ਜੀ ਗੋਯਾ, ਭਾਈ ਘਨੱਈਆ ਜੀ, ਮਾਮਾ ਕ੍ਰਿਪਾਲ ਜੀ ਮੋਹਰੀ ਸਿਖ ਜਿਨ੍ਹਾਂ ਪਾਹੁਲ ਨਹੀਂ ਲਈ ਅਤੇ ਹੋਰ ਉਨ੍ਹਾਂ ਗੁਰਸਿਖਾਂ ਵਲ ਧਿਆਨ ਮਾਰਦੇ ਹਾਂ, ਜਿਨ੍ਹਾਂ ਵੱਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅੰਮ੍ਰਿਤ ਛਕਾਉਣ ਤੋਂ ਬਾਦ ਹੁਕਮਨਾਮੇ ਜਾਰੀ ਕੀਤੇ ਹਨ ਅਤੇ ਉਨ੍ਹਾਂ ਨੂੰ ਖ਼ਾਲਸਾ 'ਪਦ' ਨਾਲ ਹੀ ਨਿਵਾਜਿਆ ਹੈ।

ਹੁਕਮਨਾਮਾ ਨੰ: ੯੩ (ਹੁਕਮਨਾਮਾ ਪਾਤਸ਼ਾਹੀ ੧੦) ਸ੍ਰੀ ਗੁਰੂ ਗੋਬਿੰਦ ਸਿੰਘ ਜੀ

ੴ ਸਤਿਗੁਰੂ ਜੀਓ।

ਸ਼ਿਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਮਿਹਰ ਚੰਦ ਜੱਟ੍ਰ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਵਰੇਗਾ ਤੂੰ ਮੇਰਾ ਖਾਲਸਾ ਹੈ......

ਇਹ ਹੁਕਮ ਨਾਮਾਂ ਅੰਮ੍ਰਿਤ ਛਕਾਉਣ ਤੋਂ 2 ਸਾਲ ਪਿਛੋਂ ਦਾ ਹੈ। ਇਸ ਹੁਕਮਨਾਮੇਂ ਤੋਂ ਸਿੱਧ ਹੁੰਦਾ ਹੈ ਕਿ ਭਾਈ ਮਿਹਰ ਚੰਦ ਜੱਟ ਨੇ 2 ਸਾਲ ਤਕ ਵੀ ਖੰਡੇ ਦੀ ਪਾਹੁਲ ਨਹੀਂ ਸੀ ਛਕੀ ਅਤੇ 'ਸਿੰਘ' ਨਹੀਂ ਸੀ ਸਜਿਆ ਪਰ ਫਿਰ ਵੀ ਗੁਰੂ ਸਾਹਿਬ 'ਤੂ ਮੇਰਾ ਖਾਲਸਾ ਹੈਂ' ਕਰਕੇ ਨਿਵਾਜਦੇ ਹਨ।

ਬਿਲਕੁਲ ਇਸੇ ਤਰ੍ਹਾਂ ਦੀ ਭਾਵਨਾ ਪ੍ਰਗਟਾਉਣ ਵਾਲਾ ਇਕ ਹੋਰ ਹੁਕਮ ਨਾਮਾਂ ਪੇਸ਼ ਹੈ :—

ਹੁਕਮਨਾਮਾ ਨੰ: ੯੬ (ਹੁਕਮਨਾਮਾ ਪਾਤਸ਼ਾਹੀ ੧੦) ਸ੍ਰੀ ਗੁਰੂ ਗੋਬਿੰਦ ਸਿੰਘ ਜੀ

ੴ ਸਤਿਗੁਰੂ ਜੀ

ਸਿਰੀ ਗੁਰੂ ਜੀ ਦੀ ਆਗਿਆ ਹੈ ਭਾਈ ਮਿਹਰ ਚੰਦੁ ਧਰਮ ਚੰਦੁ ਕਰਮ ਚੰਦੁ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਉਰੇਗਾ ਤੁਸੀਂ ਮੇਰਾ ਖ਼ਾਲਸਾ ਹੋ......ਸੰਮਤ ੧੭੫੯

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵੀ ਜੀ ਦੇ ਹੁਕਮਨਾਮੇਂ ਵਾਚਣ ਤੋਂ ਪ੍ਰਤੀਤ ਹੁੰਦਾ ਹੈ ਕਿ ਅੰਮ੍ਰਿਤ ਛਕਾਉਣ ਤੋਂ ਬਾਦ ਵੀ ਉਨ੍ਹਾਂ ਨੇ, ਸੰਗਤਾਂ ਨੂੰ ਜਿਹੜੇ ਅਜੇ ਤਕ ਅੰਮ੍ਰਿਤ ਛਕ ਕੇ 'ਸਿੰਘ' ਨਹੀਂ ਸਜੇ ਸਨ 'ਖ਼ਾਲਸਾ' ਪਦ ਨਾਲ ਨਿਵਾਜਿਆ ਹੈ।

ਹੁਕਮਨਾਮਾ ਨੰ: ੯੮ (ਹੁਕਮਨਾਮਾ ਮਾਤਾ ਸੁੰਦਰੀ ਜੀ)

੧ਓ ਸਤਿਗੁਰੂ ਜੀ

ਸਿਰੀ ਮਾਤਾ ਜੀ ਦੀ ਆਗਿਆ ਹੈ ਭਾਈ ਨੈਨ ਸੁਖ ਭਾਈ ਫਤੇ ਚੰਦ ਭਾਈ ਕਾਨ੍ਹ ਜੀ ਭਾਈ ਗੁਲ ਮਿਹਰ ਭਾਈ ਦੁਨੀ ਚੰਦ ਭਾਈ ਬਖਸੀ ਮਲ ਭਾਈ ਸਾਹਿਬ ਰਾਇ ਭਾਈ ਕਾਕੂ ਮਲ ਭਾਈ ਜਗਤ ਰਾਇ ਭਾਈ ਰੂਪ ਚੰਦ ਭਾਈ ਕਿਰਪਾ ਰਾਮ ਭਾਈ ਕੌੜਾ ਮਲ ਭਾਈ ਬਾਬੂ ਰਾਇ ਭਾਈ ਛਾਉਨਾ ਮਲ ਭਾਈ ਦਇਆ ਰਾਮ ਭਾਈ ਬਾਘ ਰਾਇ ਭਾਈ ਚਤਰ ਭੁੱਜ ਸਰਬਤਿ ਸੰਗਤਿ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਵਾਸੀ ਪਟਣੇ ਕੀ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਵਾਰਨਾ......

ਹੁਕਮਨਾਮਾ ਨੰ: ੧੦੬ (ਹੁਕਮਨਾਮਾ ਮਾਤਾ ਸਾਹਿਬ ਦੇਵੀ ਜੀ)

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ

ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਸ੍ਰੀ ਮਾਤਾ ਸਾਹਿਬ ਦੇਵੀ ਜੀ ਦੀ ਆਗਿਆ ਹੈ ਭਾਈ ਠਾਕੁਰ ਦਾਸ ਭਾਈ ਸੁਭਾਈ ਮਲ ਚੋਪੜਾ ਭਾਈ ਸਿੰਭੂ ਨਾਥ ਭਾਈ ਸਾਹਿਬ ਰਾਇ ਸਰਬਤਿ ਖਾਲਸਾ ਵਾਸੀ ਬਨਾਰਸ ਗੁਰੁ ਰਖੇ......

ਸੋ ਉਪਰੋਕਤ ਭਾਵ ਨੂੰ ਸਮਝਣ ਨਾਲ ਅਰਦਾਸ ਦੀ ਇਸ ਪੰਗਤੀ ਦੀ ਸਹਿਜੇ ਹੀ ਪੂਰੀ ਤਰ੍ਹਾਂ ਸਮਝ ਪੈ ਜਾਂਦੀ ਹੈ ਜੋ ਅਸੀਂ ਬੜੇ ਉਤਸ਼ਾਹ ਤੇ ਜਜ਼ਬੇ ਨਾਲ ਉਚਾਰਦੇ ਹਾਂ, "ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਪੰਥ ਕੀ ਜੀਤ"। 'ਪੰਥ' ਵਿਚ ਸਮੂਹ ਗੁਰੂ ਨਾਨਕ ਨਾਮ ਲੇਵਾ ਸ਼ਾਮਲ ਹਨ ਤੇ ਉਹ ਸਾਰੇ ਹੀ 'ਖ਼ਾਲਸਾ' ਹਨ। ਖ਼ਾਲਸੇ ਜੀ ਕੇ ਬੋਲ ਬਾਲੇ ਤੋਂ ਵੀ ਸਮੂਹ ਗੁਰੂ ਨਾਨਕ ਪੰਥੀ ਸਿੱਖਾਂ ਦੇ ਬੋਲ ਬਾਲਿਆਂ ਤੋਂ ਹੀ ਭਾਵ ਹੈ।

ਇਸ ਤਰ੍ਹਾਂ ਖ਼ਾਲਸਾ ਪੰਥ ਸਮੂਹ ਸੰਗਤ ਵਾਸਤੇ ਹੈ ਜਿਸ ਵਿਚ ਹਰ ਸਰੂਪ ਦੇ ਨਾਨਕ-ਪੰਥੀ ਸ਼ਾਮਲ ਹਨ। ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਵੇਲੇ ਸੰਗਤਿ ਦੀ ਮਹਿਮਾ ਗਾਈ ਗਈ ਹੈ, 'ਮੇਰੇ ਮਾਧੋ ਜੀ, ਸਤਿ ਸੰਗਤਿ ਮਿਲੇ ਸੋ ਤਰਿਆ' ਇਸ ਤਰ੍ਹਾਂ ਸਮੁਚੇ ਨਾਨਕ ਪੰਥੀ ਦਸਮ ਪਾਤਸ਼ਾਹ ਦੇ ਸਮੇਂ ਅਤੇ ਪਿਛੋਂ ਹੀ ਖ਼ਾਲਸਾ ਸ਼ਬਦ ਨਾਲ ਜਾਣੇ ਗਏ।

ਮਹਾਰਾਜਾ ਰਣਜੀਤ ਸਿੰਘ ਸਮੇਂ 'ਖ਼ਾਲਸਾ' ਸ਼ਬਦ ਸਮੂੰਹ ਸੰਗਤਾਂ ਲਈ ਵਰਤਿਆ ਜਾਂਦਾ ਸੀ ਜਿਵੇਂ ਖ਼ਾਲਸਾ ਰਾਜ, ਖ਼ਾਲਸਾ ਫ਼ੌਜ ਅਰਥਾਤ ਸਿੱਖ ਫ਼ੌਜ ਹੀ ਖ਼ਾਲਸਾ ਫ਼ੌਜ ਸੀ ਅਤੇ ਸਿੱਖ ਰਾਜ ਹੀ ਖ਼ਾਲਸਾ ਰਾਜ ਸੀ।

ਇਸੇ ਲਈ ਸੰਗਤ ਨੂੰ ਦਸਮ ਪਾਤਸ਼ਾਹ ਜੀ ਨੇ ਬੜੇ ਪਿਆਰ ਭਰੇ ਹਿਰਦੇ ਨਾਲ 'ਖ਼ਾਲਸਾ ਮੇਰਾ ਰੂਪ ਹੈ ਖ਼ਾਸ' ਸੰਬੋਧਤ ਕੀਤਾ ਅਤੇ ਪਹਿਲੇ ਗੁਰੂ ਸਾਹਿਬਾਨ ਵਾਂਗ ਸੰਗਤ ਦੀ ਵਡਿਆਈ ਨੂੰ ਕਾਇਮ ਰਖਿਆ ਹੈ। ਸ਼ਬਦਾਵਲੀ ਵਿਚ ਭਾਵੇਂ ਥੋੜੀ ਜਹੀ ਭਿੰਨਤਾ ਪ੍ਰਤੀਤ ਹੁੰਦੀ ਹੈ ਪਰ ਵਿਚਾਰਾਂ ਦੀ ਮੂਲ-ਧਾਰਾ ਇਕੋ ਹੀ ਹੈ।

ਗੁਰਮਤਿ ਵਿਚ ਸਹਿਜਧਾਰੀ ਸਿੱਖਾਂ ਦੀ ਮਹੱਤਤਾ

ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਜਿਤਨੇ ਪੁਰਸ਼ ਗੁਰੂ ਸਾਹਿਬ ਦੇ ਉਪਦੇਸ ਧਾਰਨੀ ਬਣੇ, ਉਨ੍ਹਾਂ ਦੀ ਸੰਗਿਆ ਸਿੱਖ, ਸ਼ਿਸ਼, ਵਿਦਿਆਰਥੀ, ਅਥਵਾ ਜਗਿਆਸੂ ਪੈ ਗਈ। ਕਈ ਵਿਦੇਸ਼ੀ ਇਤਿਹਾਸਕਾਰਾਂ ਤੇ ਦੂਜੇ ਮਤ-ਮਤਾਂਤਰਾਂ ਦੇ ਮੰਨਣ ਵਾਲਿਆਂ ਨੇ ਸਿੱਖਾਂ ਨੂੰ ਨਾਨਕ-ਪੰਥੀ ਕਰਕੇ ਸੰਬੋਧਨ ਕੀਤਾ ਹੈ। 'ਸਿੰਘ' ਪਰੰਪਰਾ 1699 ਈ: ਦੀ ਵਿਸਾਖੀ ਵਾਲੇ ਦਿਨ, ਖੰਡੇ ਦੀ ਪਾਹੁਲ ਛਕਣ ਤੋਂ ਮਗਰੋਂ ਪ੍ਰਾਰੰਭ ਹੋਈ। ਭਾਰਤੀ ਸੰਸਕ੍ਰਿਤੀ ਵਿਚ ਇਸਤੋਂ ਪਹਿਲਾਂ 'ਸਿੰਘ' ਲਕੁਬ ਰਾਜਪੂਤ ਆਪਣੇ ਨਾਂ ਨਾਲ ਵਰਤਦੇ ਸਨ ਤੇ ਹਨ। ਇਹ ਲਕੁਬ ਵਸ਼ੇਸ਼ ਕਰਕੇ ਜੰਗੀ ਯੋਧਿਆਂ ਤੇ ਰਾਜਪੂਤ ਦਾ ਉਪਨਾਮ ਹੈ। ਦਸਮ ਪਾਤਸ਼ਹ ਨੇ 'ਸਿੰਘ' ਲਕੁਬ ਨੂੰ ਉਨ੍ਹਾਂ ਸਿਖਾਂ ਲਈ ਵਰਤਿਆ ਜਿਨ੍ਹਾਂ ਨੇ ਖੰਡੇ ਦੀ ਪਾਹੁਲ ਛਕੀ।

'ਬੰਸਾਵਲੀਨਾਮਾਂ ਦਸਾਂ ਪਾਤਸ਼ਾਹੀਆਂ ਕਾ' ਦਾ ਕਰਤਾ ਕੇਸਰ ਸਿੰਘ ਛਿੱਬਰ ਸਿੱਖਾਂ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਦਾ ਹੈ .*

ਬਚਨ ਕੀਤਾ **ਦੀਦਾਰੀ** ਸੋ ਜੋ ਰਹਿਨ ਅਸਾਡੇ ਨਾਲ।
ਇਹ ਇਥੇ ਉਥੇ ਸੰਗ ਅਸਾਡੇ ਜਪਨ ਜਾਪ।
ਮੁਕਤੇ ਸੋ ਜੋ ਅਸਾਡੇ ਪਿਛੇ ਰਹਿਸਨਿ ਸਿਖ।
ਤੁਰਕਾ ਕਰਨੀ ਹੈ ਪੰਥ ਨਾਲਿ ਖਹੇੜ ਜਾਗਾ ਜਾਗਾ ਪਰਵਾਨੇ ਲਿਖ।
ਤਿਨਾ ਵਿਚੋਂ ਰਖਨਗੇ ਜੋ ਸਿਖੀ ਸੋਈ **ਮੁਕਤੇ**।
ਰਖਨਗੇ ਧਰਮ ਸਿਖੀ ਦਾ ਕਰ ਅਨੇਕ ਜਤਨ।
ਇਨ੍ਹਾਂ ਦੁਹਾਂ ਦੇ ਤਪ ਕਰਕੇ ਆਵੇਗਾ ਰਾਜੁ।
ਰਾਜੇ ਹੋਸੀ ਨਰਕ ਪਾਪ ਸਮਾਜੁ।
ਜੋ ਰਾਜੇ ਸਿਖ **ਮਾਇਕੀ** ਭਏ।
ਤੀਜਾ ਭਾਗ ਸਿਖੀ ਦਾ ਏਹ ਗਿਣੇ ਲਏ।
ਚਉਥਾ ਹਿਸਾ **ਮੁਰੀਦ** ਕਰੁ ਦੇਖੁ।
ਜੋ ਮਾਇਆ ਹੋਦੀ ਰਾਜੁ ਵਿਚਿ ਰਹੇ ਨਿਰਲੇਪ। (੧੦/੧੩੮/੭੪)

---

*"ਪਰਖ" Pb. University Chandigarh Vol. 11—1972 (ਙ) (ਚ)

1. **ਦੀਦਾਰੀ ਸਿਖ : ਦੀਦਾਰੀ** ਸੁੰਦਰ ਸਰੂਪ, ਸਰੀਰਕ ਤੌਰ ਤੇ ਅਰੋਗ, ਕਦ ਕਾਠ ਦੇ ਸੁਡੌਲ ਅਤੇ ਸਤਿਗੁਰਾਂ ਦੇ ਅੰਗ-ਰਖਸ਼ਕ (ਬਾਡੀਗਾਰਡ) 2. **ਮੁਕਤੇ ਸਿਖ** ਤੇਗ ਦੇ ਧਨੀ, ਸੰਤ ਸਿਪਾਹੀ, ਖੰਡੇ ਦੀ ਪਾਹੁਲ ਦੇ ਧਾਰਨੀ, ਸ਼ਸ਼ਤਰਧਾਰੀ, ਹਰ ਸਮੇਂ ਧਰਮ ਦੀ ਰਖਿਆ ਲਈ ਮਰਨ ਮਾਰਨ ਲਈ ਤਿਆਰ-ਬਰ-ਤਿਆਰ; ਜਿਨ੍ਹਾਂ ਨੇ ਸਤਿਗੁਰਾਂ ਨੂੰ ਸਿਰ ਸੌਂਪਿਆ ਹੋਇਆ ਸੀ ਦੀਦਾਰੀ ਅਤੇ ਮੁਕਤੇ ਸਿਖ ਜਾਣੇ ਗਏ। ਇਨ੍ਹਾਂ ਦੇ ਨਾਂ ਨਾਲ 'ਸਿੰਘ' ਲਕਬ ਵਰਤਿਆ ਗਿਆ।

3. **ਮਾਇਕੀ ਸਿਖ** : ਰਾਜ ਸਤਾ ਆਉਣ ਕਰਕੇ ਇਨ੍ਹਾਂ ਸਿੱਖਾਂ ਵਿਚ ਰਾਜਸੀ ਅਤੇ ਧਾਰਮਕ ਪੱਧਰ ਤੇ ਕੁਰੀਤੀਆਂ ਆ ਗਈਆਂ ਅਤੇ ਜਿਹੜੇ ਆਪਣੇ ਅਸਲ ਟੀਚੇ ਤੋਂ ਵੀ ਉਖੜ ਗਏ। (ਇਹ ਪੁਸਤਕ ਭਾਈ ਕੇਸਰ ਸਿੰਘ ਛਿੱਬਰ ਨੇ 1769 ਈ: ਵਿਚ ਲਿਖੀ ਜਦੋਂ ਸਿੱਖ ਮਿਸਲਾਂ ਵਿਚ ਵੰਡੇ ਹੋਣ ਕਰਕੇ, ਰਾਜਸੀ ਤਰੁਟੀਆਂ ਦਾ ਸ਼ਿਕਾਰ ਹੋਏ ਸਨ।)

4. **ਮੁਰੀਦ ਸਿਖ** : ਇਹ ਉਹ ਗੁਰਮੁੱਖ ਸਹਿਜਧਾਰੀ ਸਿੱਖ ਸਨ, ਜਿਹੜੇ ਮਾਇਆ ਵਿਚ ਨਿਰਲੇਪ ਅਤੇ ਨਿਰਵਿਕਾਰੀ ਰਹਿੰਦੇ ਸਨ। ਜਿਨ੍ਹਾਂ ਨੂੰ ਸਹਿਜ ਅਵਸਥਾ ਪ੍ਰਾਪਤ ਸੀ।

'**ਸਹਿਜਧਾਰੀ**' ਸ਼ਬਦ 'ਸਹਿਜ' ਅਤੇ 'ਧਾਰੀ' ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਇਹ ਦੋਵੇਂ ਸ਼ਬਦ ਗੁਰਬਾਣੀ ਵਿਚ ਬਹੁਤ ਥਾਂਈ ਵਰਤੇ ਗਏ ਹਨ :

ਸਹਿਜ, ਸਹਜੁ—ਵਿਚਾਰ, ਵਿਵੇਕ: "ਸਹਜੇ ਗਾਵਿਆ ਥਾਇ ਪਵੈ" (ਸ੍ਰੀ ਅ. ਮ. ੩)

—ਗਯਾਨ "ਕਰਮੀ ਸਹਜ ਨ ਊਪਜੈ ਵਿਣੁ ਸਹਜੈ ਸਹਸਾ ਨਾ ਜਾਇ" (ਅਨੰਦ)

—ਆਨੰਦ, ਸ਼ੋਕ ਦਾ ਅਭਾਵ "ਚਉਥੇ ਪਦ ਮਹਿ ਸਹਜ ਹੈ ਗੁਰਮੁਖਿ ਪਲੈ ਪਾਇ" (ਸ੍ਰੀ ਅ.ਮ.੩)

—ਨਿਰਯਤਨ "ਸਤਿਗੁਰੁ ਤ ਪਾਇਆ ਸਹਜ ਸੇਤੀ" (ਅਨੰਦੁ)

—ਸਵਭਾਵਿਕ "ਜੋ ਕਿਛੁ ਹੋਇ ਸੁ ਸਹਜੇ ਹੋਇ" (ਵਾਰ ਬਿਲਾ. ਮ: ੩)

"ਸਹਜੇ ਜਾਗੈ ਸਹਜੇ ਸੋਵੈ" (ਵਾਰ ਸੋਰਠ ਮ: ੩)

—ਅਸਾਨੀ ਨਾਲ "ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ" (ਸ. ਕਬੀਰ)

ਧਾਰੀ—ਧਾਰਣ ਕੀਤਾ, ਕੀਤੀ: "ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ" (ਸੁਖਮਨੀ)

—ਅੰਗੀਕਾਰ ਕੀਤੀ : "ਸਾਈ ਸੁਹਾਗਣਿ ਠਾਕੁਰ ਧਾਰੀ" (ਓਅੰਕਾਰ)

ਡਾ: ਕ੍ਰਿਸ਼ਨ ਲਾਲ ਜੀ ਸ਼ਰਮਾ ਗੁਰਬਾਣੀ ਵਿਚ "ਧਰਮ ਦਾ ਸੰਕਲਪ' ਦੇ ਸਿਰਲੇਖ ਹੇਠਾਂ 'ਸਹਿਜ' ਬਾਰੇ ਲਿਖਦੇ ਹਨ :

"ਸਹਜ-ਸੁਭਾਵਕ, ਨਿਰਵਾਣ, ਮੁਕਤੀ, ਤੁਰੀਆ ਅਵਸਥਾ ਹੈ। ਗੁਰੂ ਨਾਨਕ ਦੇਵ ਜੀ ਨੇ ਸਹਜ ਸ਼ਬਦ ਦੀ ਵਰਤੋਂ ਸੁਭਾਵਕ ਧਰਮ ਦੇ ਅਰਥਾਂ ਵਿਚ ਕੀਤੀ ਹੈ ਅਤੇ ਇਸ ਦੇ ਨਾਲ ਧਰਮ ਦੇ ਤੱਤ ਸੰਤੋਖ ਆਦਿ ਦਾ ਵੀ ਉਲੇਖ ਕੀਤਾ ਹੈ :

— ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ। (ਮ: ੧ ਸਿਰੀ ਰਾਗ)

— ਜਿਸ ਨਰਿ ਰਾਮ ਰਿਦੈ ਹਰਿ ਰਾਸਿ ॥
ਸਹਿਜ ਸੁਭਾਇ ਮੇਰਾ ਸਹੁ ਮਿਲੈ ਸਬਾਸਿ ॥ (ਗਉੜੀ ਮ: ੧)

— ਸਹਜਿ ਸੁਭਾਇ ਆਪਣਾ ਪਿਰ ਜਾਣਿਆ ॥ (ਮ: ੧)

— ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨੁ ਰੂਪ ਅਪਾਰ ॥ (ਗਉੜੀ ਮ: ੧)

— ਪੂਰਾ ਸਤਿਗੁਰੁ ਸਹਜਿ ਸਮਾਵੈ ॥ (ਪ੍ਰਭਾਤੀ, ਅਸ਼ਟਪਦੀਆਂ)

— ਸਹਜੇ ਸਹਜੁ ਸੁਖੁ ਪਾਈਐ ਦਰਗਹ ਪੈਧਾ ਜਾਏ ॥ (ਮ: ੧)

— ਸਹਜੇ ਮਿਲਿ ਰਹੇ ਅਮਰਾ ਪਦੁ ਪਾਵੈ ॥ (ਤਿਲੰਗ ਮ: ੧)

ਉਤੇ ਹਠ ਯੋਗ ਦੀ ਸਰੀਰਕ ਔਕੜਾਂ ਦੇਣ ਵਾਲੇ ਨਾਥ ਆਦਿ ਧਰਮ ਦੀ ਥਾਂ ਸਹਜ ਅਤੇ ਸੁਭਾਵਿਕ ਧਰਮ ਵਲ ਪ੍ਰੇਰਿਆ ਗਿਆ ਹੈ। ਅਸਲ ਵਿਚ ਸਹਜ ਤੇ ਸੁਭਾਵਿਕ ਅਵਸਥਾ ਵਿਚ ਹੀ ਮਨੁਖ ਆਪਣੇ ਮੁਕਤ ਸਰੂਪ ਆਤਮਾ ਵਿਚ ਥਿਰ ਹੋ ਜਾਂਦਾ ਹੈ। ਸਹਿਜ ਅਤੇ ਸੁਭਾਵਿਕ ਰੂਪ ਵਿਚ ਥਿਰ ਮਨੁਖ ਹੀ ਆਪਣੀ ਕਰਨੀ ਕਥਨੀ ਦਾ ਪ੍ਰਗਟਾਅ ਸਹੀ ਰੂਪ ਵਿਚ ਕਰਦਾ ਹੈ।

— ਸਹਜ ਸਮਾਧਿ ਸਦਾ ਲਿਵ ਹਰਿ ਸਿਉ ॥ (ਮ: ੧, ਰਾਗ ਸਾਰੰਗ)

ਹਉਮੈ, ਕਾਮ, ਕ੍ਰੋਧ, ਮੋਹ, ਲੋਭ ਆਦਿ ਵਿਸ਼ੇ ਵਿਕਾਰ ਤੋਂ ਰਹਿਤ ਨਿਰਮਲ ਮਨ ਹੀ ਸਹਜ ਅਤੇ ਸੁਭਾਵਿਕ ਧਰਮ ਵਿਚ ਲਗ ਸਕਦਾ ਹੈ। ਇਸ ਲਈ ਇਨ੍ਹਾਂ ਦਾ ਬਹਿਸ਼ਕਾਰ ਅਤਿਅੰਤ ਆਵਸ਼ਕ ਹੈ। ਹਉਮੈ ਵਿਚ ਕੀਤੇ ਗਏ ਕਰਮ ਧਰਮ ਵੀ ਬੰਧਨ ਹੋ ਜਾਂਦੇ ਹਨ, ਅਹੰਕਾਰ ਦੂਰ ਹੋਣ ਉਤੇ ਹੀ ਆਤਮਾ ਪਰਮਾਤਮਾ ਵਿਚ ਸਮਾ ਸਕਦੀ ਹੈ।"

'ਸਹਿਜ' ਸ਼ਬਦ ਬੁਧ ਧਰਮ ਸਮੇਂ ਵੀ ਪ੍ਰਚਲਤ ਸੀ। ਉਨ੍ਹਾਂ ਦੇ ਇਕ ਫ਼ਿਰਕੇ ਦਾ ਨਾਂ 'ਸਹਿਜਯਾਨੀ' ਸੀ। ਇਸੇ ਸ਼ਬਦ ਦਾ ਪ੍ਰਯੋਗ ਯੋਗੀਆਂ ਅਤੇ ਤਾਂਤ੍ਰਿਕ ਮੱਤ ਵਾਲਿਆਂ ਨੇ ਵੀ ਕੀਤਾ। ਪਰ ਗੁਰੂ ਨਾਨਕ ਸਾਹਿਬ ਨੇ ਆਪਣੇ ਦ੍ਰਿਸ਼ਟੀਕੋਣ ਤੋਂ 'ਸਹਿਜ' ਸ਼ਬਦ ਨੂੰ ਤੁਰੀਆ ਪੱਦ (ਚਉਥੇ ਪੱਦ) ਦੇ ਭਾਵ ਵਿਚ ਵਰਤਿਆ ਹੈ। ਤ੍ਰੈਗੁਣਾਂ ਤੋਂ ਉਪਰ ਉਠ ਕੇ ਹੀ ਇਹ ਅਵਸਥਾ ਪ੍ਰਾਪਤ ਹੁੰਦੀ ਹੈ।

'ਸਹਜਧਾਰੀ' ਸ਼ਬਦ ਦੇ ਸਮੁੱਖੇ ਅਰਥ ਹਨ—ਸਹਜ [ਗਯਾਨ] ਧਾਰਣ ਵਾਲਾ, ਵਿਚਾਰਵਾਨ, ਸੁਖਾਲੀ ਧਾਰਨਾ ਵਾਲਾ, ਸੌਖੀ ਰੀਤਿ ਅੰਗੀਕਾਰ ਕਰਨ ਵਾਲਾ, ਸਿੱਖਾਂ ਦਾ ਇਕ ਅੰਗ, ਜੋ ਖੰਡੇ ਦਾ ਅੰਮ੍ਰਿਤ ਪਾਨ ਨਹੀਂ ਕਰਦਾ ਅਤੇ ਕੱਛ ਕ੍ਰਿਪਾਨ ਦੀ ਰਹਿਤ ਨਹੀਂ ਰਖਦਾ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਨਾਂ ਆਪਣੀ ਹੋਰ ਧਰਮ-ਪੁਸਤਕ ਨਹੀਂ ਮੰਨਦਾ। ਪੰਜਾਬ ਅਤੇ ਸਿੰਧ ਵਿਚ ਸਹਜਧਾਰੀ ਬਹੁਤ ਗਿਣਤੀ ਵਿਚ ਹਨ। ਖ਼ਾਸ ਕਰਕੇ ਸਿੰਧ ਦੇ ਸਹਜਧਾਰੀ ਵੱਡੇ ਪ੍ਰੇਮੀ ਅਤੇ ਸ਼ਰਧਾਵਾਨ ਹਨ। ਜੋ ਸਿੰਘ, ਸਹਿਜਧਾਰੀਆਂ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਦੇ ਹਨ, ਉਹ ਸਿੱਖ ਧਰਮ ਤੋਂ ਅਣਜਾਣ ਹਨ।

[ਮਹਾਨਕੋਸ਼, ਪੰਨਾ ੧੦੩]

ਗੁਰਮਤਿ ਮਾਰਤੰਡ ਵਿਚ, ਸਹਿਜਧਾਰੀ ਪ੍ਰਾਕਰਣ ਹੇਠਾਂ, ਭਾਈ ਕਾਨ੍ਹ ਸਿੰਘ ਨਾਭਾ, ਲਿਖਦੇ ਹਨ, "ਖੰਡੇ ਦਾ ਅੰਮ੍ਰਿਤ ਛਕਣ ਵਾਲੇ ਸਿੰਘਾਂ ਦੇ ਮੁਕਾਬਲੇ, 'ਸਹਜਧਾਰੀ' ਸ਼ਬਦ ਉਨ੍ਹਾਂ ਸਿੱਖਾਂ ਲਈ ਵਰਤਿਆ ਗਿਆ, ਜੋ ਕੇਸ, ਕ੍ਰਿਪਾਨ, ਕੱਛ ਦੀ ਪੂਰੀ ਰਹਤ ਨਹੀਂ ਰਖਦੇ ਸਨ, ਅਰ ਬਾਕੀ ਸਾਰੇ ਨਿਯਮ ਸਿੱਖ ਧਰਮ ਦੇ ਦ੍ਰਿੜ ਧਾਰਨ ਕਰਦੇ ਸਨ। ਸਿੰਘਾਂ ਤੋਂ ਛੁੱਟ, ਸਹਿਜਧਾਰੀ ਸੰਗਿਆ ਅੰਦਰ ਸਾਰੇ ਗੁਰੂ ਨਾਨਕ ਪੰਥੀ ਆ ਜਾਂਦੇ ਹਨ, ਜੋ ਅਸਾਡੇ ਅੰਗ ਰੂਪ ਅਤੇ ਪਿਆਰੇ ਗੁਰੂ ਭਾਈ ਹਨ"।

ਗੁਰਮਤਿ ਮਾਰਤੰਡ ਵਿਚ ਵੀ ਜ਼ਿਕਰ ਆਉਂਦਾ ਹੈ ਕਿ ਭਾਈ ਮਨੀ ਸਿੰਘ ਜੀ ਦੀ ਲਿਖੀ ਭਗਤਾਵਲੀ ਵਿਚ, ਸਹਿਜਧਾਰੀ ਪਦ ਉਨ੍ਹਾਂ ਸਿੱਖਾਂ ਲਈ ਵਰਤਿਆ ਗਿਆ ਹੈ, ਜੋ ਖੰਡੇ ਦੀ ਪਾਹੁਲ ਅਤੇ ਕਕਾਰਾਂ ਦੇ ਦ੍ਰਿੜ ਧਾਰਨੀ ਨਹੀਂ ਸਨ।

ਇਤਿਹਾਸ ਵਾਚਣ ਤੋਂ ਇਸ ਪ੍ਰਸ਼ਨ ਦਾ ਉਤਰ ਨਹੀਂ ਮਿਲਦਾ ਕਿ ਸਹਜਧਾਰੀ ਸੰਗਿਆ, ਉਨ੍ਹਾਂ ਸਿੱਖਾਂ ਲਈ, ਜੋ ਖੰਡੇ ਦਾ ਅਮ੍ਰਿਤ ਪਾਨ ਕਰਕੇ, ਪੰਜ ਕਕਾਰਾਂ ਦੇ ਪੂਰੇ ਧਾਰਨੀ ਨਹੀਂ ਸਨ ਹੁੰਦੇ, ਕਦੋਂ ਪਈ। ਪਰ ਜੇਕਰ ਭਾਈ ਮਨੀ ਸਿੰਘ ਜੀ ਦੀ ਭਗਤਾਵਲੀ ਅਨੁਸਾਰ ਵਾਚਿਆ ਜਾਵੇ ਤਾਂ ਇਹ ਸੰਗਿਆ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਜਾਂ ਉਸ ਤੋਂ ਥੋੜੇ ਚਿਰ ਮਗਰੋਂ ਹੀ ਪਈ ਪ੍ਰਤੀਤ ਹੁੰਦੀ ਹੈ।

ਪ੍ਰਸਿੱਧ ਸਹਿਜਧਾਰੀ ਸਿੱਖ ਅਤੇ ਸੰਪ੍ਰਦਾਵਾਂ

1. ਭਾਈ ਨੰਦ ਲਾਲ ਜੀ—ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅਨਿਨ ਸਿੱਖ ਅਤੇ ਦਰਬਾਰੀ ਕਵੀ ਸਨ; ਜਿਨ੍ਹਾਂ ਨੇ ਫ਼ਾਰਸੀ ਵਿਚ 'ਬੰਦਗੀਨਾਮਾ' ਅਤੇ ਗਜ਼ਲਾਂ ਲਿਖੀਆਂ ਜੋ ਕਿ ਉਚ ਕੋਟੀ ਦੀ ਕਾਵਿ-ਕਲਾ ਦੇ ਗ੍ਰੰਥ ਹਨ।

ਭਾਈ ਨੰਦ ਲਾਲ ਜੀ ਦੇ ਛੋਟੇ ਸਪੁਤਰ ਭਾਈ ਲੀਲਾ ਰਾਮ ਦੀ ਵੰਸ਼ ਚਲੀ, ਜੋ ਵੰਡ ਤੋਂ ਪਹਿਲੇ ਬਹਾਵਲਪੁਰ ਅਤੇ ਮੁਲਤਾਨ ਆਦਿ ਵਿਚ ਨਿਵਾਸ ਕਰਦੀ ਸੀ, ਜਿਸ ਵਿਚ ਸਹਿਜਧਾਰੀ ਅਤੇ ਅੰਮ੍ਰਿਤਧਾਰੀ ਗੁਰਮੁੱਖ ਸਜਣ ਪੰਥ ਦੇ ਰਤਨ ਹਨ ਅਤੇ 'ਭਾਈ' ਲਕੁਬ ਨਾਲ ਸੰਬੋਧਨ ਕੀਤੇ ਜਾਂਦੇ ਹਨ।

2. ਭਾਈ ਘਨੱਈਆ ਜੀ :—ਜ਼ਿਲ੍ਹਾ ਗੁਜਰਾਂਵਾਲਾ ਦੇ ਸੋਦਰਾ ਪਿੰਡ ਦੇ ਵਸਨੀਕ, ਧੰਨਤ ਗੋਤ ਦੇ ਖੱਤ੍ਰੀ ਘੱਨਯਾ (ਘਨਈਆ) ਰਾਮ, ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ ਸਿੱਖ ਹੋਏ। ਇਹ ਲੰਗਰ ਲਈ ਜਲ ਢੋਣ ਦੀ ਸੇਵਾ ਕਰਦੇ ਸਨ। ਦਸਵੇਂ ਪਾਤਸ਼ਾਹ ਵੇਲੇ ਇਨ੍ਹਾਂ ਨੇ ਸ੍ਰੀ ਆਨੰਦਪੁਰ ਦੇ ਜੰਗਾਂ ਵਿਚ ਜਖ਼ਮੀ ਸਿੱਖਾਂ ਅਤੇ ਮੁਸਲਮਾਨਾਂ ਨੂੰ ਸਮਭਾਵ ਨਾਲ ਜਲ ਪਿਆ ਕੇ ਅਤੇ ਮਰਹੱਮ ਪੱਟੀ ਕਰਕੇ ਸਤਿਗੁਰੂ ਦੀ ਪ੍ਰਸੰਨਤਾ ਪ੍ਰਾਪਤ ਕੀਤੀ। ਦਸਮ ਪਾਤਸ਼ਾਹ ਨੇ ਘੱਨਯਾਰਾਮ ਜੀ ਨੂੰ ਆਪਣਾ ਦਸਤੀ ਰੁਮਾਲ ਬਖ਼ਸ਼ ਕੇ ਮਹੰਤ ਥਾਪਿਆ।

ਭਾਈ ਘਨੱਈਆ ਜੀ ਤੋਂ ਬਾਦ, ਇਨ੍ਹਾਂ ਦੇ ਜਾ-ਨਸ਼ੀਨਾਂ ਦੀ ਲੰਮੀ ਸਹਿਜਧਾਰੀ ਸਿੱਖ ਪ੍ਰਣਾਲੀ ਚਲੀ, ਜਿਨ੍ਹਾਂ ਵਿਚੋਂ ਵਿਸ਼ੇਸ਼ ਭਾਈ ਸੇਵਾ ਰਾਮ ਜੀ ਹੋਏ ਹਨ, ਜਿਨ੍ਹਾਂ ਤੋਂ

ਇਸ ਪ੍ਰਣਾਲੀ ਦੀ ਸੰਗਿਆ **ਸੇਵਾ-ਪੰਥੀ** ਪਈ। ਉਨ੍ਹਾਂ ਦੇ ਜਾਨਸ਼ੀਨ, ਭਾਈ ਅੱਡਣਸ਼ਾਹ ਦੇ ਨਾਂ ਤੋਂ **ਅਡਣਸ਼ਾਹੀ** ਸੰਪ੍ਰਦਾਇ ਚਲ ਪਈ। ਇਨ੍ਹਾਂ ਵਿਚੋਂ ਕੁਝ ਵਿਸ਼ੇਸ਼ ਨਾਮ, ਸਹਿਜਧਾਰੀ ਗੁਰਮੁੱਖ ਸੰਤਾਂ ਦੇ ਇਹ ਹਨ : ਭਾਈ ਭੱਲਾ ਰਾਮ ਜੀ, ਭਾਈ ਵਸਤੀ ਰਾਮ ਜੀ, ਭਾਈ ਜਗਤਾ ਜੀ, ਭਾਈ ਰਾਮ ਕਿਸ਼ਨ ਸਾਹਿਬ, ਭਾਈ ਹਜ਼ਾਰੀ ਸਾਹਿਬ, ਭਾਈ ਲੌੜੀਂਦਾ ਰਾਮ ਜੀ, ਭਾਈ ਸਹਾਈ ਰਾਮ ਜੀ, ਭਾਈ ਸ਼ੰਕਰ ਦਾਸ ਜੀ, ਭਾਈ ਰੱਲਾ ਰਾਮ ਜੀ ਅਤੇ ਭਾਈਂ ਲਖਮੀ ਦਾਸ ਜੀ।

ਅਡਣਸ਼ਾਹੀ ਸਹਿਜਧਾਰੀ ਸਿੱਖ (ਸਾਧੂ) ਧਰਮ ਦੀ ਕਿਰਤ ਕਰਕੇ ਨਿਰਬਾਹ ਕਰਦੇ ਹਨ। ਪੁਰਾਣੇ ਲਿਖਾਰੀ ਅਡਣਸ਼ਾਹੀਆਂ ਦੀ ਬਣਾਈ ਸਿਆਹੀ (ਰੌਸਨਾਈ) ਵਰਤਿਆ ਕਰਦੇ ਸਨ ਅਤੇ ਇਸ ਦਾ ਨਾਉਂ 'ਅਡਣਸ਼ਾਹੀ ਸਿਆਹੀ' ਪ੍ਰਸਿਧ ਹੋਇਆ ਸੀ।

ਇਨ੍ਹਾਂ ਦੀ ਪ੍ਰਣਾਲੀ ਨੇ ਸਿੱਖ ਧਰਮ ਦਾ ਬੇਹੱਦ ਪ੍ਰਚਾਰ ਕੀਤਾ ਅਤੇ ਕਈ ਧਰਮ-ਕੇਂਦਰ ਨਵੇਂ ਖੋਲ੍ਹੇ ਅਤੇ ਸਹਿਜਧਾਰੀ ਸਿੱਖਾਂ ਦੀ ਸੰਖਿਆ ਵਿਚ ਵਿਸ਼ੇਸ਼ ਵਾਧਾ ਕੀਤਾ। ਇਨ੍ਹਾਂ ਦੇ ਜਾਂ-ਨਸ਼ੀਨਾਂ ਵਿਚੋਂ ਹੀ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ, ਅੰਮ੍ਰਿਤਸਰ ਨਿਵਾਸੀ, ਬਾਬਾ ਝੰਡਾ ਸਿੰਘ ਜੀ ਅਤੇ ਅਜ ਕਲ੍ਹ ਸ੍ਰੀ ਗੁਰੂ ਰਾਮ ਦਾਸ ਜੀ ਦੇ ਲੰਗਰ ਦੀ ਸੇਵਾ ਵਿਚ ਲੀਨ, ਸੰਤ ਬਾਬਾ ਖੜਕ ਸਿੰਘ ਜੀ, ਬੀੜ ਸਾਹਿਬ ਵਾਲੇ ਹਨ।

3. ਬਾਬਾ ਕਲਾਧਾਰੀ ਜੀ—ਆਪ ਗੁਰੂ ਨਾਨਕ ਸਾਹਿਬ ਜੀ ਦੀ ਸੰਤਾਨ ਵਿਚੋਂ ਗੁਰਮੁੱਖ ਗੁਰਸਿੱਖ, ਦਸਮ ਪਾਤਸ਼ਾਹ ਦੇ ਸਮਕਾਲੀ ਸਨ। ਗੁਰੂ ਅੰਸ਼ ਹੋਣ ਕਰਕੇ, ਦਸਮ ਪਾਤਸ਼ਾਹ ਦੇ ਦਰਬਾਰ ਵਿਚ ਸਤਿਕਾਰੇ ਜਾਂਦੇ ਸਨ। ਦਸਮ ਪਾਤਸ਼ਾਹ ਦੀਆਂ ਇਨ੍ਹਾਂ ਤੇ ਵਿਸ਼ੇਸ਼ ਬਖਸ਼ਸ਼ਾਂ ਸਨ। ਜਿਸ ਦੇ ਸਦਕੇ ਇਨ੍ਹਾਂ ਦੇ ਪੋਤਰੇ ਬਾਬਾ ਸਾਹਿਬ ਸਿੰਘ ਜੀ ਬੇਦੀ, ਸਿੱਖ ਰਾਜ ਦੇ ਬਾਨੀਆਂ ਵਿਚੋਂ ਹੋਏ। ਮਹਾਰਾਜਾ ਰਣਜੀਤ ਸਿੰਘ ਜੀ ਨੂੰ ਰਾਜ ਤਿਲਕ ਇਨ੍ਹਾਂ ਨੇ ਆਪਣੇ ਹੱਥੀਂ ਦਿਤਾ।

4. ਸ੍ਰੀ ਗੁਰਬਖਸ਼ ਜੀ, ਉਦਾਸੀ-ਮਹਾਦੇਵ ਉਦਾਸੀ ਸਾਧੂ ਦਾ ਚੇਲਾ ਮਹਾਤਮਾ ਗੁਰਬਖਸ਼ ਦਾਸ, ਜਿਸ ਨੂੰ ਦਸ਼ਮੇਸ਼ ਪਿਤਾ ਨੇ ਸ੍ਰੀ ਆਨੰਦਪੁਰ ਤਿਆਗਣ ਸਮੇਂ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ ਚੇਹਰੇ ਤਥਾ ਗੁਰ-ਅਸਥਾਨਾਂ ਦਾ ਸੇਵਾਦਾਰ ਥਾਪਿਆ :

"ਇਕਿ ਗੁਰਬਖ਼ਸ਼ ਸਾਧੂ ਢਿਗ ਖਰਯੋ। ਤਿਸੈ ਵਿਲੋਕਤ ਵਾਕ ਉਚਰਯੋ॥
ਬਸੋ ਇਹਾਂ ਤੁਮ ਸੇਵਾ ਕਰੋ। ਕਰ ਸੇਵਾ ਨਿਜ ਜਨਮ ਸੁਧਰੋ॥"

(ਗੁਰ ਪ੍ਰਕਾਸ਼ ਸੂਰਜ)

5. ਕੌੜਾ ਮਲ-ਇਹ ਲਾਹੌਰ ਦੇ ਸੂਬੇਦਾਰ ਮੀਰਮੰਨੂ ਦਾ ਦੀਵਾਨ ਸੀ। ਗੁਰੂ ਦਾ ਭਗਤ ਅਤੇ ਸਿੱਖਾਂ ਦਾ ਸਹਾਇਕ ਹੋਣ ਕਰਕੇ ਖਾਲਸਾ ਪੰਥ ਵਿਚ ਇਸ ਦਾ ਨਾਉਂ 'ਮਿੱਠਾ ਮੱਲ' ਪ੍ਰਸਿਧ ਹੈ। ਇਸ ਦਾ ਦਿਹਾਂਤ ਦੁਰਾਨੀਆਂ ਦੀ ਫ਼ੌਜ ਦਾ ਟਾਕਰਾ ਕਰਦੇ ਹੋਏ ਸੰਨ 1752 (ਸੰਮਤ 1810) ਵਿਚ ਲਾਹੌਰ ਵਿਖੇ ਹੋਇਆ।

6. ਹਕੀਕਤ ਰਾਇ--ਸਿਆਲਕੋਟ ਨਿਵਾਸੀ ਬਾਘ ਮੱਲ (ਬਾਗ ਮੱਲ) ਪੁਰੀ ਖੱਤ੍ਰੀ

ਦੇ ਘਰ, ਸਿੱਖ ਪੁਤਰੀ ਕੌਰਾਂ ਦੇ ਉਦਰ ਤੋਂ ਸੰਮਤ 1781 ਵਿਚ ਹਕੀਕਤ ਰਾਇ ਦਾ ਜਨਮ ਹੋਇਆ। ਵਟਾਲਾ ਨਿਵਾਸੀ ਸਹਿਜਧਾਰੀ ਸਿੱਖ ਕਿਸ਼ਨ ਚੰਦ ਉਪਲ ਖਤ੍ਰੀ ਦੀ ਸਪੁਤ੍ਰੀ ਦੁਰਗਾ ਦੇਵੀ ਨਾਲ ਵਿਆਹ ਹੋਇਆ ਅਤੇ ਭਾਈ ਬੁਧ ਸਿੰਘ ਵਟਾਲੀਏ ਦੀ ਸੰਗਤਿ ਤੋਂ ਸਿੱਖ ਧਰਮ ਦੇ ਨਿਯਮਾਂ ਦਾ ਵਿਸ਼ਵਾਸੀ ਬਣਿਆ। ਮੁਸਲਮਾਨ ਹਾਕਮਾਂ ਨੇ ਇਸ ਨੂੰ ਇਸਲਾਮ ਕਬੂਲਣ ਲਈ ਕਿਹਾ ਪਰ ਹਕੀਕਤ ਰਾਇ ਨੇ ਇਨਕਾਰ ਕੀਤਾ। ਇਸ ਪੁਰ ਬਾਲਕ ਹਕੀਕਤ, ਮਾਘ ਸੁਦੀ 5, ਸੰਮਤ 1798 (੧੭੪੧ ਈ.) ਨੂੰ ਖ਼ਾਨ ਬਹਾਦੁਰ ਜ਼ਕਰੀਆਖ਼ਾਨ ਗਵਰਨਰ ਦੇ ਹੁਕਮ ਨਾਲ ਕਤਲ ਕੀਤਾ ਗਿਆ। ਸੰਯੁਕਤ ਪੰਜਾਬ ਵੇਲੇ, ਬਸੰਤ ਪੰਚਮੀ ਦੇ ਸਮੇਂ; ਲਾਹੌਰ ਵਿਖੇ ਇਸ ਦੀ ਸਮਾਧ ਤੇ ਮੇਲਾ ਲਗਦਾ ਹੁੰਦਾ ਸੀ।

7. ਭਾਈ ਦੇਸ ਰਾਜ ਜੀ—ਆਪ ਇਕ ਮਹਾਨ ਸਹਿਜਧਾਰੀ ਗੁਰਸਿੱਖ ਹੋਏ ਹਨ। ਅਬਦਾਲੀ ਵਲੋਂ ਕੀਤੀ ਸ੍ਰੀ ਅੰਮ੍ਰਿਤਸਰ ਦੀ ਬੇਅਦਬੀ ਪਿਛੋਂ ਇਸ ਗੁਰਸਿੱਖ ਨੇ ਨਿਰਮਾਣ ਹੋ ਕੇ ਅਤੇ ਪ੍ਰੇਮ ਸਹਿਤ ਸ੍ਰੀ ਹਰਿਮੰਦਰ ਸਾਹਿਬ ਦੀ ਆਪਣੇ ਤਨੋਂ, ਮਨੋਂ ਅਤੇ ਧਨੋਂ ਰਜ ਕੇ ਸੇਵਾ ਕੀਤੀ। ਇਹ ਸੁਤ ਸਿੰਘ ਅੰਮ੍ਰਿਤਸਰ ਦੇ ਵਸਨੀਕ ਗੁਰਸਿੱਖ ਸਨ। ਸੰਮਤ 1825 ਨੂੰ ਖ਼ਾਲਸੇ ਨੇ ਅਠ ਲੱਖ ਰੁਪਿਆ ਇਨ੍ਹਾਂ ਦੇ ਸਪੁਰਦ ਕੀਤਾ ਤਾਂ ਜੋ ਢਾਹੇ ਹੋਏ ਹਰਿਮੰਦਰ ਸਾਹਿਬ ਦੀ ਉਸਾਰੀ ਦੀ ਸੇਵਾ ਇਹ ਕਰਾਉਣ। ਆਪ ਬਾਰੇ, ਸੰਤ ਸ਼ਾਮ ਸਿੰਘ ਜੀ ਦਸਦੇ ਸਨ ਕਿ ਭਗਤ ਦੇਸ ਰਾਜ ਜੀ ਨੇ ਆਪਣੇ ਪਾਸੋਂ ਬਹੁਤ ਧਨ ਖ਼ਰਚ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਕਰਾਈ। ਇਨ੍ਹਾਂ ਨੇ ਆਪਣੀ ਪਤਨੀ ਨੂੰ ਪ੍ਰੇਰ ਕੇ ਆਪਣਾ ਤਨ, ਮਨ ਅਤੇ ਧੰਨ ਸਫ਼ਲ ਕਰਨ ਹਿੱਤ, ਇਕ ਲੱਖ ਰੁਪਿਆ ਇਕੱਤਰ ਕੀਤਾ। ਆਪਣਾ ਜੋ ਮਕਾਨ, ਭੂਖਨ, ਬਸਤਰ ਆਦਿ ਸਨ, ਸਭ ਕੁਝ ਵੇਚ ਕੇ, ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾਂ ਅਤੇ ਹੋਰ ਸੇਵਾ ਤੇ ਖ਼ਰਚ ਕੀਤਾ। ਇਨ੍ਹਾਂ ਦੀ ਸੁਪੱਤਨੀ ਨੇ ਵੀ ਇਸ ਵਿਚ ਪੂਰਾ ਯੋਗਦਾਨ ਦਿਤਾ। ਇਨ੍ਹਾਂ ਦੀ ਇਸਤਰੀ ਰਾਜ ਮਜਦੂਰਾਂ ਵਾਸਤੇ ਉਤਮ ਭੋਜਨ ਬਣਾ ਕੇ ਲੰਗਰ ਤਿਆਰ ਕਰਦੀ। ਜਿਸ ਨੂੰ ਬਸਤਰ ਦੀ ਲੋੜ ਹੁੰਦੀ ਉਨ੍ਹਾਂ ਨੂੰ ਬਸਤਰ ਦਿੱਤੇ ਜਾਂਦੇ। ਸੰਤ ਬਾਬਾ ਸ਼ਾਮ ਸਿੰਘ ਜੀ ਲਿਖਦੇ ਹਨ "ਕਿ ਐਸੀ ਸਹਿਜ ਅਵਸਥਾ ਵਾਲੇ ਸ੍ਰੀ ਦੇਸ ਰਾਜ ਜੀ ਕੋ ਮੈਨੇ ਭਗਤ ਰਾਜ ਸੰਬੋਧਨ ਕੀਆ ਹੈ ਤਬ ਗੁਰੂ ਪੂਰਨ ਕੀ ਕ੍ਰਿਪਾ ਸੇ ਬੜੀ ਪ੍ਰਕਰਮਾਂ ਕੀ ਸੇਵਾ ਪਰਮ ਸੁੰਦਰ ਚੂਨੇ ਗਚ ਪੂਰਨ ਭਈ"। ਇਥੇ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਭਾਈ ਦੇਸ ਰਾਜ ਜੀ ਦੀ ਸਹਿਜ ਅਵਸਥਾ ਦਾ ਜ਼ਿਕਰ ਕੀਤਾ ਹੈ।

8. ਮਹਾਤਮਾ ਪ੍ਰੀਤਮ ਦਾਸ ਜੀ—ਇਕ ਉਦਾਸੀ ਸਾਧੂ ਮਹਾਤਮਾ ਪ੍ਰੀਤਮ ਦਾਸ ਜੀ ਹੋਏ ਹਨ, ਜਿਨ੍ਹਾਂ ਨੇ ਸੰਮਤ 1836 ਵਿਚ ਪੰਚਾਇਤੀ ਅਖਾੜਾ ਕਾਇਮ ਕੀਤਾ। ਸੰਮਤ 1838 ਵਿਚ ਰਾਵੀ ਤੋਂ ਨਹਿਰ (ਹੰਸਲੀ) ਲਿਆ ਕੇ ਸ੍ਰੀ ਅੰਮ੍ਰਿਤ ਸਰੋਵਰ ਵਿਚ ਜਲ ਪਾਉਣ ਦੀ ਸੇਵਾ ਮਹਾਤਮਾ ਪ੍ਰੀਤਮ ਦਾਸ ਅਤੇ ਸੰਤੋਖ ਦਾਸ ਜੀ ਨੇ ਪਰਮ ਉਦਮ ਨਾਲ ਕੀਤੀ।

ਧਰਮ ਪ੍ਰਚਾਰ ਕਰਦੇ ਹੋਏ ਆਪ ਜਦ ਹੈਦਰਾਬਾਦ (ਦੱਖਣ) ਪੁਜੇ ਤਾਂ ਦੀਵਾਨ ਚੰਦੂ

ਲਾਲ ਦਾ ਚਾਚਾ ਨਾਨਕ ਚੰਦ ਇਸ ਦਾ ਸੇਵਕ ਬਣਿਆ। ਮਹਾਤਮਾਂ ਪ੍ਰੀਤਮ ਦਾਸ ਜੀ ਨੇ ਇਛਾ ਪ੍ਰਗਟ ਕੀਤੀ ਕਿ ਤੀਰਥਾਂ ਪੁਰ ਗੁਰੂ ਨਾਨਕ ਪੰਥੀ ਸਾਧੂਆਂ ਦੇ ਖਾਨ ਪਾਨ ਦਾ ਯੋਗ ਪ੍ਰਬੰਧ ਹੋਣਾ ਚਾਹੀਦਾ ਹੈ। ਇਸ ਪੁਰ ਨਾਨਕ ਚੰਦ ਨੇ ਬਹੁਤ ਰੁਪਿਆ ਦਿਤਾ, ਜਿਸ ਨੂੰ ਪਰਉਪਕਾਰੀ ਮਹਾਤਮਾ ਨੇ ਪ੍ਰਯਾਗ ਵਿਚ ਲਿਆ ਕੇ ਭੇਖ ਦੇ ਸਪੁਰਦ ਕੀਤਾ ਅਰ ਸੰਮਤ 1836 ਵਿਖੇ ਪੰਚਾਇਤੀ ਅਖਾੜਾ ਕਾਇਮ ਕੀਤਾ।

9. ਸ੍ਰੀ ਸਾਹਿਬ ਦਿਆਲ ਜੀ ਨਿਰੰਕਾਰੀ:—ਆਪ ਨਿਰੰਕਾਰੀ ਲਹਿਰ ਦੇ ਬਾਨੀ ਹੋਏ ਹਨ। ਆਪ ਦਾ ਜਨਮ 17 ਮਈ, 1783 ਈ: ਪਿਸ਼ਾਵਰ ਸ਼ਹਿਰ ਵਿਖੇ ਹੋਇਆ। ਆਪ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਸਨ। ਆਪ ਸਹਿਜਧਾਰੀ ਸਿੱਖਾਂ ਵਿਚ ਇਕ ਮਹਾਨ ਹਸਤੀ ਹੋਏ ਹਨ। ਸਿੱਖ ਇਤਿਹਾਸ ਨੂੰ ਆਪ ਦੀ ਸਦੀਵੀ ਦੇਣ ਹੈ।

ਸਿੱਖ ਰਹੁ-ਰੀਤੀਆਂ ਨੂੰ, ਗੁਰਮਤਿ ਅਨੁਸਾਰ, ਢਾਲ ਨਿਖਾਰ ਕੇ ਆਪ ਨੇ ਸਿੱਖ ਵਿਚਾਰਧਾਰਾ ਨੂੰ ਇਕ ਨਵੇਂ ਮੋੜ ਤੇ ਲਿਆ ਖੜਾ ਕੀਤਾ। ਸਹੀ ਅਰਥਾਂ ਵਿਚ ਆਪ ਨੇ ਆਨੰਦ-ਵਿਆਹ ਮਰਯਾਦਾ ਦੀ ਬੁਨਿਆਦ ਰਖੀ। ਸਿੱਖ ਧਰਮ ਵਿਚੋਂ ਬ੍ਰਾਹਮਣਵਾਦ ਖ਼ਤਮ ਕਰਨ ਲਈ ਆਪ ਨੇ ਭਰਪੂਰ ਯਤਨ ਕੀਤਾ।

ਇਨ੍ਹਾਂ ਨੇ ਦੇਵੀ ਦੇਵਤਿਆਂ, ਪੱਥਰ-ਮੂਰਤੀ, ਜੜ੍ਹ ਪੂਜਾ ਵਿਰੁੱਧ ਇਕ ਤਕੜਾ ਜਹਾਦ ਕੀਤਾ। ਆਪ ਸੂਤਕ ਪਾਤਕ, ਸ਼ਰਾਧ ਅਤੇ ਹੋਰ ਹਰ ਤਰ੍ਹਾਂ ਦੀ ਕਰਮ-ਕਾਂਡ ਦੇ ਵਿਰੁੱਧ ਸਨ। ਆਪ ਨੂੰ ਹਿੰਦੂ-ਸਿੱਖ ਭਾਈਚਾਰੇ ਵਲੋਂ, ਘੋਰ ਕਠਨਾਈਆਂ ਦਾ ਮੁਕਾਬਲਾ ਕਰਨਾ ਪਿਆ। ਆਪ ਨੂੰ ਹਿੰਦੂ-ਸਿੱਖ ਬਰਾਦਰੀ ਵਿਚੋਂ ਖ਼ਾਰਜ ਕਰ ਦਿਤਾ ਗਿਆ।

ਆਪ ਉਪਦੇਸ਼ ਕਰਦੇ ਸਨ ਕਿ, "ਸਾਡਾ ਰਹਿਬਰ ਗੁਰੂ ਨਾਨਕ ਨਿਰੰਕਾਰੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ"। ਇਕ ਨਿਰੰਕਾਰ ਦੇ ਭਜਨ, ਮਾਤਾ ਪਿਤਾ ਦੀ ਸੇਵਾ, ਧਰਮ ਦੀ ਕਿਰਤ, ਵਿਕਾਰਾਂ ਦਾ ਤਿਆਗ ਅਤੇ ਸੱਚੀ ਅਤੇ ਸਵੱਛ ਜ਼ਿੰਦਗੀ ਦੇ ਨਿਯਮਾਂ ਤੇ ਚਲਣਾ ਆਪ ਦੇ ਮੁੱਖ ਉਦੇਸ਼ ਸਨ।

ਆਪ ਨੇ 40 ਸਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੱਥਾ ਦੁਆਰਾ ਲੋਕਾਂ ਨੂੰ ਨਾਮ-ਬਾਣੀ ਵਲ ਪ੍ਰੇਰਿਆ। 31 ਜਨਵਰੀ, 1855 ਈ: ਨੂੰ ਆਪ ਦੇ ਮਿਰਤਕ ਸਰੀਰ ਨੂੰ, ਆਪ ਦੇ ਹੁਕਮ ਅਨੁਸਾਰ, ਸਾਰੇ ਕਰਮਕਾਂਡ ਤਿਆਗ ਕੇ, **ਲਈ** ਨਦੀ ਦੇ ਛੰਬ ਵਿਚ ਜਲ ਪ੍ਰਵਾਹ ਕੀਤਾ ਗਿਆ। ਛੰਬ ਕਿਨਾਰੇ ਹੀ ਅਰਦਾਸਾ ਸੋਧ ਕੇ, ਸੰਗਤਾਂ ਨੂੰ, ਲੁਚੀ-ਕੜ੍ਹਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਗਈ। ਇਹ ਸਮਾਂ ਉਨ੍ਹਾਂ ਦੇ ਅਕਾਲ ਪੁਰਖ ਨਾਲ ਅਭੇਦ ਹੋਣ ਕਰਕੇ ਮੰਗਲਾਚਾਰ ਦਾ ਸਮਾ ਮੰਨਿਆ ਗਿਆ।

10. ਸਾਹਿਬ ਰੱਤਾ ਜੀ ਨਿਰੰਕਾਰੀ—(ਬਾਬਾ ਰਤਨ ਚੰਦ ਜੀ)—ਸ੍ਰੀ ਸਾਹਿਬ ਦਿਆਲ ਜੀ ਨਿਰੰਕਾਰੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਦਾ ਜਨਮ, 25 ਮਾਰਚ, 1830 ਨੂੰ ਰਾਵਲਪਿੰਡੀ ਵਿਖੇ ਹੋਇਆ। ਆਪ ਜੀ ਨੇ ਆਪਣੇ ਪਿਤਾ ਦੇ ਪਾਏ ਪੂਰਨਿਆਂ ਤੇ ਚਲ ਕੇ ਧਨੀ, ਪੋਠੋਹਾਰ, ਕਸ਼ਮੀਰ ਅਤੇ ਫ਼ਰੰਟੀਅਰ ਦੇ ਇਲਾਕੇ ਵਿਚ,

ਗੁਰਮਤਿ ਦਾ ਪ੍ਰਚਾਰ ਕੀਤਾ। ਨਵੇਂ ਨਿਰੰਕਾਰੀ ਕੇਂਦਰ (ਬੀੜੇ) ਥਾਂ ਥਾਂ ਕਾਇਮ ਕੀਤੇ। ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਆਪ ਤੋਂ ਹੀ ਪ੍ਰਭਾਵਤ ਹੋ ਕੇ ਗੁਰਮਤਿ ਰਹੁ-ਰੀਤ ਨੂੰ ਅਪਨਾਇਆ। ਭਾਈ ਜਵਾਹਰ ਸਿੰਘ ਕਪੂਰ ਲਾਹੌਰ ਵਾਲੇ ਦੀ ਸਪੁੱਤਰੀ ਬੀਬੀ ਦੁਰਗਾ ਦਾ ਗੁਰਮਤਿ ਅਨੁਸਾਰ ਆਨੰਦ-ਕਾਰਜ ਨਿਰੰਕਾਰੀ ਪ੍ਰਚਾਰਕਾਂ ਨੂੰ ਭੇਜ ਕੇ ਪਹਿਲੀ ਵੇਰ, ਸਿੰਘ ਸਭਾ ਦੀ ਸਟੇਜ ਤੇ ਲਾਹੌਰ ਵਿਖੇ, ਕਰਵਾਇਆ।

ਹਿੰਦੂ ਅਤੇ ਮੁਸਲਮਾਨ ਵਿਆਹ ਮਰਯਾਦਾ ਕਾਨੂੰਨੀ ਤੌਰ ਤੇ ਪ੍ਰਵਾਨਤ ਸਨ। ਆਨੰਦ ਵਿਆਹ ਦੀ ਪ੍ਰਪਾਟੀ, ਜੋ ਆਪ ਜੀ ਦੇ ਸਤਿਕਾਰ ਯੋਗ ਪਿਤਾ ਸ੍ਰੀ ਸਾਹਿਬ ਦਇਆਲ ਜੀ ਅਤੇ ਆਪ ਜੀ ਦੇ ਵੱਡੇ ਭਰਾਤਾ ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਨੇ ਅਨੰਤ ਕਠਨਾਈਆਂ ਝਾਗ ਕੇ ਚਲਾਈ ਸੀ; ਉਹ ਕਾਨੂੰਨੀ ਪੱਖੋਂ, ਊਣੀ ਸੀ। ਇਸ ਘਾਟ ਨੂੰ ਮਹਿਸੂਸ ਕਰਕੇ, ਜਦੋਂ ਮਹਾਰਾਜਾ ਹੀਰਾ ਸਿੰਘ ਨਾਭਾ ਅਤੇ ਉਨ੍ਹਾਂ ਦੇ ਸਪੁੱਤਰ ਟਿੱਕਾ ਰਿਪਦੁਮਨ ਸਿੰਘ ਰਾਵਲਪਿੰਡੀ ਸਾਹਿਬ ਰੱਤਾ ਜੀ ਮਹਾਰਾਜ ਦੇ ਦਰਸ਼ਨਾਂ ਨੂੰ ਨਿਰੰਕਾਰੀ ਦਰਬਾਰ ਆਏ ਤਾਂ ਉਨ੍ਹਾਂ ਨੂੰ ਸਾਹਿਬਾਂ ਨੇ ਪ੍ਰੇਰਨਾ ਦਿਤੀ ਕਿ ਉਹ ਉਦਮ ਕਰਕੇ ਆਨੰਦ ਵਿਆਹ ਪ੍ਰਣਾਲੀ ਨੂੰ ਕਾਨੂੰਨੀ ਹੈਸੀਅਤ ਦਿਵਾਉਣ। ਅਨੰਦ ਵਿਵਾਹ ਨਿਰੰਕਾਰੀ ਸਿਖਾਂ ਵਿਚ ਪ੍ਰਚਲਤ ਹੋਣ ਦਾ ਜ਼ਿਕਰ, ਆਨੰਦ ਵਿਆਹ ਦੇ ਬਿਲ ਤੇ ਬੋਲਦਿਆਂ ਸ: ਸੁੰਦਰ ਸਿੰਘ ਮਜੀਠੀਆ ਜੀ ਨੇ ਵੀ ਕੀਤਾ।* ਆਨੰਦ ਵਿਆਹ ਦੇ ਬਿਲ ਤੇ ਬੋਲਦਿਆਂ, 8 ਅਕਤੂਬਰ, 1909 ਈ: ਨੂੰ ਲੈਫਟੀਨੈਂਟ ਗਵਰਨਰ, ਪੰਜਾਬ ਨੇ 'ਸਿੱਖ' ਦੀ ਵਿਆਖਿਆ ਕਰਦਿਆਂ ਆਪਣੇ ਭਾਸ਼ਨ ਵਿਚ ਕਿਹਾ, 'ਸਿੱਖ' ਉਹ ਹੈ ਜੋ ਗੁਰੂ ਗ੍ਰੰਥ ਸਾਹਿਬ ਤੇ ਨਿਸਚਾ ਰਖਦਾ ਹੋਵੇ ਅਤੇ ਆਪਣੇ ਧਾਰਮਕ ਅਸੂਲ ਗੁਰੂ ਗ੍ਰੰਥ ਸਾਹਿਬ ਅਨੁਸਾਰ ਮੰਨੇ। ਟਿੱਕਾ ਰਿਪਦੁਮਨ ਸਿੰਘ ਦੇ ਬਹੁਤ ਸਾਰੇ ਹਮਾਇਤੀ ਜੋ ਇਸ ਬਿਲ ਦੀ ਪ੍ਰੋੜ੍ਹਤਾ ਕਰਦੇ ਹਨ, ਉਹ ਜਾਂ ਤਾਂ ਸਹਿਜਧਾਰੀ ਹਨ ਜਾਂ ਉਹ ਹਨ ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ ਅਤੇ ਸਿੰਘ ਨਹੀਂ ਸਜੇ ਅਤੇ ਉਨ੍ਹਾਂ ਵਿਚੋਂ ਬੜੀਆਂ ਮਸ਼ਹੂਰ ਹਸਤੀਆਂ ਨੇ ਆਪਣੇ ਵਿਆਹ 'ਆਨੰਦ-ਕਾਰਜ' ਦੇ ਤਰੀਕੇ ਨਾਲ ਕਰਾਏ ਹਨ। ਟਿੱਕਾ ਸਾਹਿਬ ਦੇ ਸਹਿਜਧਾਰੀ ਹਮਾਇਤੀਆਂ ਦਾ ਜੋ ਜ਼ਿਕਰ ਲੈਫਟੀਨੈਂਟ ਗਵਰਨਰ ਨੇ ਕੀਤਾ ਹੈ, ਉਹ ਸਾਹਿਬ ਰੱਤਾ ਜੀ ਅਤੇ ਉਨ੍ਹਾਂ ਦੇ ਸੇਵਕ ਸਨ।

ਸਾਹਿਬ ਰੱਤਾ ਜੀ ਨੇ ਸੰਮਤ 1930 (ਸੰਨ 1873) ਨੂੰ, ਸਭਿ ਸਿੱਖਾਂ ਪ੍ਰਤਿ ਪ੍ਰਵਾਨਾ ਜਾਰੀ ਕੀਤਾ। ਜਿਸ ਵਿਚ ਆਪ ਨੇ ਹੁਕਮ ਕੀਤਾ ਕਿ ਆਪ ਸਾਹਿਬ ਦਰਬਾਰਾ ਸਿੰਘ ਜੀ ਦੇ ਲਿਖੇ ਨਿਰੰਕਾਰੀ ਚਲਣ ਦੇ ਚਿੱਠੇ ਤੇ (ਜਿਸ ਵਿਚ ਸਾਰੇ ਕਾਰਜ ਗੁਰਮਤਿ ਅਨੁਸਾਰ ਕਰਨ ਦਾ ਵੇਰਵਾ ਹੈ; ਇਹ ਚਿਠਾ ਸੰ: 1856 ਵਿਚ ਜਾਰੀ ਹੋਇਆ ਸੀ) ਦ੍ਰਿੜ ਰਹੋ। ਸੰਗਤਾਂ ਦੇ

---

*Gurdwara Gazette, (English Section) June 1975. Proceeding laws and regulations Vol. XLVIII, 1909-1910.

ਬੀੜੇਦਾਰਾਂ ਨੂੰ ਪ੍ਰਵਾਨੇ ਤੇ ਦਸਖ਼ਤ ਕਰਨ ਲਈ ਹੁਕਮ ਕੀਤਾ ਕਿ ਉਹ ਆਪਣੇ ਇਸ ਫ਼ਰਜ਼ ਨੂੰ ਪੂਰਾ ਕਰਨਗੇ ਦੀ ਪ੍ਰਸ਼ਟੀ ਵਜੋਂ ਹਸ਼ਤਾਖ਼ਸ਼ਰ ਕਰਨ ।

ਉਪਰ ਦਸੇ ਗਏ ਸਹਿਜਧਾਰੀ ਪੁਰਸ਼ਾਂ ਦੇ ਜੀਵਨ ਤੋਂ ਸਪਸ਼ਟ ਹੁੰਦਾ ਹੈ, ਇਹ ਸਹਿਜ ਅਵਸਥਾ ਧਾਰਨੀ-ਗੁਰਮੁਖ ਬੜੇ ਮਹਾਨ ਤਿਆਗੀ ਹੋਏ ਹਨ । ਸਹਿਜਧਾਰੀ ਸਿੱਖ ਗੁਰ-ਚਰਨਾਂ ਦੇ ਭੌਰੇ ਅਤੇ ਆਪਣਾ ਤਨ, ਮਨ, ਧਨ ਸਭ ਕੁਝ ਗੁਰੂ ਅਰਪਨ ਕਰਨ ਵਿਚ ਆਪਣੇ ਧੰਨ ਭਾਗ ਸਮਝਦੇ ਸਨ । ਇਨ੍ਹਾਂ ਬਾਰੇ ਇਹ ਗੱਲ ਪ੍ਰਚਲਤ ਕਰਨੀ ਕਿ ਇਹ ਸਹਿਜੇ ਸਹਿਜੇ ਸਿੰਘ ਸਜਣਗੇ ਅਤੇ ਗੁਰੂ ਦਾ ਹੁਕਮ ਸਹਿਜੇ ਸਹਿਜੇ ਅਪਨਾਉਣਗੇ, ਇਹ ਬੜੀ ਹਾਸੋਹੀਣੀ ਦਲੀਲ ਹੈ । ਇਸ ਤਰ੍ਹਾਂ ਦੇ ਵਿਚਾਰ ਦੁਆਰਾ ਅਸੀਂ ਸਹਿਜਧਾਰੀ ਸਿੱਖਾਂ ਨਾਲ ਪੂਰਾ ਇਨਸਾਫ਼ ਨਹੀਂ ਕਰਦੇ ।

ਸਹਿਜਧਾਰੀ ਸਿੱਖ ਸੰਪ੍ਰਦਾਵਾਂ

ਉਦਾਸੀ : ਸਿੱਖ ਸੰਪ੍ਰਦਾਵਾਂ ਵਿਚੋਂ ਸਭ ਤੋਂ ਪੁਰਾਣੀ, ਸਹਿਜਧਾਰੀ ਸੰਪ੍ਰਦਾਇ, ਉਦਾਸੀਆਂ ਦੀ ਹੈ । ਉਦਾਸੀਆਂ ਨੇ ਵਿਅਕਤੀਗਤ ਅਤੇ ਸੰਪ੍ਰਦਾਇਕ ਤੌਰ ਤੇ ਸਿੱਖ ਪੰਥ ਦੀ ਮਹਾਨ ਸੇਵਾ ਕੀਤੀ ਹੈ । ਇਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਨਾਂ ਦਾ ਪਰਚਮ ਭਾਰਤ ਦੇ ਕੋਨੇ ਕੋਨੇ ਤੇ ਬੁਲੰਦ ਕੀਤਾ । ਸਿੰਧ ਵਿਚ ਸਾਧ ਬੇਲਾ ਕੇਂਦਰ ਦੁਆਰਾ ਸਿੰਧੀਆਂ ਨੂੰ ਗੁਰਬਾਣੀ ਦੇ ਲੜ ਲਾਇਆ । ਇਸ ਸੰਪ੍ਰਦਾਇ ਵਿਚ ਮਹਾਨ ਵਿਦਵਾਨ, ਲਿਖਾਰੀ ਅਤੇ ਤਿਆਗੀ ਸੰਤ ਹੋਏ ਹਨ । ਇਨ੍ਹਾਂ ਦੀ ਸੰਪ੍ਰਦਾਇ ਨੂੰ ਸਿੱਖ-ਧਰਮ ਦੀ ਸੰਪ੍ਰਦਾਇ ਨਾ ਸਮਝਣਾ ਇਕ ਭਾਰੀ ਭੁਲ ਹੈ । ਕੁਝ ਸਮੇਂ ਤੋਂ ਗੁਰਦਵਾਰਿਆਂ ਦੇ ਪ੍ਰਬੰਧ ਵਜੋਂ ਅਕਾਲੀ ਸਿੰਘਾਂ ਅਤੇ ਉਦਾਸੀ ਸਿੱਖਾਂ ਵਿਚ ਕੁਝ ਮਤ-ਭੇਦ ਪੈਦਾ ਹੋ ਗਏ ਹਨ । ਪਰ ਸਮੇਂ ਦੀ ਵੰਗਾਰ ਹੈ ਕਿ ਆਪਸ ਵਿਚੋਂ ਭਰਮ-ਭੁਲੇਖੇ ਮਿਲ ਬੈਠ ਕੇ ਦੂਰ ਕੀਤੇ ਜਾਣ ।

ਸੇਵਾ ਪੰਥੀ : ਅੱਜ ਕਲ੍ਹ ਸੇਵਾ ਪੰਥੀ ਸੰਪ੍ਰਦਾਇ ਦੇ ਬਹੁਤ ਸਾਰੇ ਸੰਚਾਲਕ ਸਿੰਘ ਸਜ ਗਏ ਹਨ ਪਰ ਉਨ੍ਹਾਂ ਨੂੰ ਮੰਨਣ ਵਾਲੇ ਸਹਿਜਧਾਰੀਆਂ ਦੀ ਗਿਣਤੀ ਹਜ਼ਾਰਾਂ ਵਿਚ ਹੈ । ਸੰਤ ਪੰਡਤ ਨਿਸਚਲ ਸਿੰਘ ਜੀ ਜਗਾਧਰੀ ਵਾਲੇ ਬੜੇ ਮਹਾਨ ਤਪੱਸਵੀ ਅਤੇ ਸੰਗਤਾਂ ਵਿਚ ਇਕ ਮੰਨੇ ਪ੍ਰਮੰਨੇ ਵਿਦਵਾਨ ਅਤੇ ਸੇਵਾ ਦੇ ਪੁੰਜ ਸਨ । ਇਨ੍ਹਾਂ ਦਾ ਅਕਾਲ ਚਲਾਣਾ 1978 ਵਿਚ ਹੋਇਆ—ਲਿਖਾਰੀ ਨਾਲ ਆਪ ਦੇ ਨਿਘੇ ਸੰਬੰਧ ਸਨ, ਅਤੇ ਅੰਮ੍ਰਿਤਸਰ ਜਦੋਂ ਪਧਰਾਦੇ ਦਰਸ਼ਨ ਦੇਂਦੇ ਸਨ ।

ਬੰਦਈ : ਬਾਬਾ ਬੰਦਾ ਬਹਾਦੁਰ ਦੀ ਬੰਦਈ ਸੰਪ੍ਰਦਾਇ ਵਿਚ ਸ਼ਾਮਲ ਹੋਣ ਵਾਲੇ ਕੇਸਾਧਾਰੀ ਅਤੇ ਸਹਿਜਧਾਰੀ ਸਿਖ ਬਹੁਤ ਗਿਣਤੀ ਵਿਚ ਹਨ ।

ਨਿਰਮਲੇ : ਇਸ ਸੰਪ੍ਰਦਾਇ ਵਿਚ ਵੀ ਸਹਿਜਧਾਰੀ ਸਿੱਖ ਕਾਫ਼ੀ ਗਿਣਤੀ ਵਿਚ ਸ਼ਾਮਲ ਹਨ ।

ਜਗਿਆਸੀ-ਅਭਿਆਸੀ ਸੰਪ੍ਰਦਾਇ : ਇਹ ਸੰਪ੍ਰਦਾਇ ਬਹੁਤ ਹੱਦ ਤਕ

ਸਹਿਜਧਾਰੀ ਸਿੱਖਾਂ ਦੀ ਹੈ। ਇਨ੍ਹਾਂ ਵਿਚ ਮਹਾਨ ਵਿਅਕਤੀਆਂ ਭਗਤ ਜਵਾਹਰ ਜੀ, ਬਾਬਾ ਸੰਗਤਾ ਜੀ, ਬਾਬਾ ਸਾਧੂ ਰਾਮ ਜੀ ਤੇ ਬਾਬਾ ਭਗਵਾਨ ਦਾਸ ਜੀ ਕੈਮਲਪੁਰ ਵਾਲੇ ਵਿਸ਼ੇਸ਼ ਸਤਿਕਾਰ ਦੇ ਪਾਤਰ ਹੋਏ ਹਨ।

ਨਿਰੰਕਾਰੀ : ਨਿਰੰਕਾਰੀ ਸਿੱਖ ਸੰਪ੍ਰਦਾਇ ਦੇ ਆਗੂ ਸਹਿਜਧਾਰੀ ਅਤੇ ਕੇਸਾਧਾਰੀ ਚਲੇ ਆਉਂਦੇ ਹਨ। ਇਸੇ ਲਈ ਇਸ ਸੰਪ੍ਰਦਾਇ ਵਿਚ ਵੀ ਸ਼ਾਮਲ ਹੋਣ ਵਾਲੇ ਗੁਰਮੁਖ ਸਹਿਜਧਾਰੀ ਗੁਰਸਿੱਖ ਮੌਜੂਦ ਹਨ। ਜੋ ਬਿਨਾਂ ਵਿਤਕਰੇ ਦੇ ਅਖੰਡ ਪਾਠਾਂ ਵਿਚ ਸ਼ਾਮਲ ਹੁੰਦੇ ਹਨ। ਅਰਦਾਸੇ ਸੋਧਦੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤਰ ਹੁਕਮ ਲੈਂਦੇ ਹਨ।

ਗੁਰੂ ਨਾਨਕ ਸਾਹਿਬ ਨੇ ਸਿੱਖੀ ਦੇ ਮਹਿਲ ਦੀ ਅਧਿਆਤਮਕ ਤੇ ਦਾਰਸ਼ਨਿਕ ਪੱਖੋਂ ਰੂਪ ਰੇਖਾ ਅਤੇ ਸਿਰਜਨਾ ਆਪਣੀ ਆਯੂ ਵਿਚ ਹੀ ਮੁਕੰਮਲ ਕਰ ਲਈ ਸੀ। ਵਹਿਮਾਂ, ਭਰਮਾਂ, ਪਾਖੰਡ ਅਤੇ ਫੋਕਟ ਕਰਮ ਕਾਂਡ ਦੇ ਪ੍ਰਹਾਰ ਲਈ ਦੇਸ਼ ਬਦੇਸ਼ ਰਟਨ ਕੀਤਾ; ਵਿਚਾਰ ਗੋਸ਼ਟੀਆਂ ਦੁਆਰਾ ਆਪਣੇ ਦ੍ਰਿਸ਼ਟੀਕੋਣ ਦਾ ਸਦੀਵੀ ਪ੍ਰਭਾਵ ਛਡਿਆ। ਜ਼ੁਲਮੀਂ ਜਰਵਾਣਿਆਂ, ਰਾਜਿਆਂ, ਸਮਰਾਟਾਂ, ਸਤਾ-ਪ੍ਰਭੂਆਂ ਦੇ ਕੀਤੇ ਅਜੋਗ ਕੰਮਾਂ ਨੂੰ ਆੜੇ ਹੱਥੀਂ ਲਿਆ। ਜੰਗਾਂ, ਯੁਧਾਂ ਵਿਚ ਹੋਏ ਜ਼ੁਲਮੀਂ-ਕਾਰਿਆਂ ਵਿਰੁੱਧ ਸ਼ਾਂਤਮਈ ਖੜਗ ਉਠਾਈ—ਸਿੱਖਾਂ ਨੂੰ ਸਹਿਜ-ਮਾਰਗ ਤੇ ਚਲਣ ਦੀ ਪ੍ਰੇਰਨਾ ਦਿਤੀ। ਭਾਈ ਸੰਤੋਖ ਸਿੰਘ ਜੀ 'ਨਾਨਕ ਪ੍ਰਕਾਸ' ਵਿਚ ਅਧਿਆਤਮਕ ਫ਼ੌਜ ਦਾ ਇਉਂ ਵਰਨਣ ਕਰਦੇ ਹਨ :

> ਦਿਗ ਬਿਜੈ ਹੇਤ ਸਾਜ ਬੇਦੀ ਕੁੱਲ ਕੇਤ,
> ਦਲ ਚਲੈ ਦੰਭ ਦਲਬੇ ਕਉ ਦਲਨ ਬਿਦਾਰਿਆ ॥
> ਭਗਤੀ ਕੇ ਕੇਤ ਪਟ ਪ੍ਰੇਮ ਕੇ ਸੁਮੇਤ ਕਰ,
> ਕੀਰਤ ਨਿਸ਼ਾਨ ਘਿਹਰਾਨੋ ਘਨਿਹਾਰਿਆ ॥
> ਗਿਆਨ ਕਉ ਖੜਗ ਧਰ ਜੁਗਤਿ ਕਮਾਨ ਕਰ,
> ਨਾਨਾ ਦ੍ਰਿਸ਼ਟਾਂਤ ਕੀਨੀ ਸਿਲੀ ਮੁੱਖ ਧਾਰਿਆ ॥

ਸਹਿਜ-ਮਾਰਗ ਤੇ ਚਲਣ ਵਾਲੇ ਗੁਰਮੁਖਾਂ ਦਾ ਕਾਫ਼ਲਾ ਗੁਰੂ ਨਾਨਕ ਸਾਹਿਬ ਸਮੇਂ ਹੀ ਆਪਣੇ ਪੰਧ ਤੇ ਤੁਰ ਪਿਆ ਅਤੇ ਖੰਡੇ ਦੀ ਪਾਹੁਲ ਛਕਣ ਵਾਲੇ ਸਿੰਘਾਂ ਤੋਂ ਇਲਾਵਾ, ਇਸ ਪੰਧ ਦੇ ਰਾਹੀਆਂ ਨੂੰ ਸਿੱਖੀ-ਪਰੰਪਰਾ ਵਿਚ 'ਸਹਿਜਧਾਰੀ' ਲਕਬ ਨਾਲ ਯਾਦ ਕੀਤਾ ਜਾਂਦਾ ਹੈ। ਜਿਵੇਂ ਕੇਸ ਧਾਰਨ ਕਰਨ ਵਾਲਾ ਕੇਸਾਧਾਰੀ, ਨਾਮ ਧਾਰਨ ਕਰਨ ਵਾਲਾ ਨਾਮਧਾਰੀ (ਭਾਵੇਂ ਹੋਰ ਲੋਕ ਵੀ ਨਾਮ ਧਾਰਨੀ ਹਨ, ਪਰ ਇਕ ਵਿਸ਼ੇਸ਼ ਸੰਪ੍ਰਦਾਇ ਲਈ ਇਹ ਸ਼ਬਦ ਸੰਗਿਆ ਬਣ ਗਿਆ ਹੈ) ਕ੍ਰਿਪਾਨ ਧਾਰਨ ਕਰਨ ਵਾਲਾ ਕ੍ਰਿਪਾਨਧਾਰੀ ਅਥਵਾ ਖੜਗਧਾਰੀ, ਮਾਇਆ ਦਾ ਪੁਜਾਰੀ ਮਾਇਆਧਾਰੀ ਅਤੇ ਇਸੇ ਤਰ੍ਹਾਂ ਹੀ ਜਿਸ ਪੁਰਸ਼ ਨੇ ਸਹਿਜ ਅਵਸਥਾ ਨੂੰ ਧਾਰਨ ਕੀਤਾ ਹੋਵੇ, ਉਹ ਸਹਿਜਧਾਰੀ ਹੈ। ਸਹਿਜ (ਅਵਸਥਾ) ਨਿਰੰਕਾਰ ਨਾਲ ਇਕ ਮਿੱਕ ਹੋਣ ਦੀ ਹੈ ਪਰ ਇਸ ਅਵਸਥਾ ਤੇ ਪਹੁੰਚਣ

ਲਈ ਬੜੀ ਸਾਧਨਾ ਅਤੇ ਘਾਲਣਾ ਦੀ ਜ਼ਰੂਰਤ ਹੈ।

ਸਿੱਖੀ ਮਾਰਗ ਦੇ ਕਾਰਜ-ਖੇਤਰ ਦਾ ਪ੍ਰਵਾਨਾ MANIFESTO ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਦਿ ਸ੍ਰੀ ਜਪੁਜੀ, ਆਸਾ ਦੀ ਵਾਰ ਸਿਧ ਗੋਸਟਿ ਦਖਣੀ ਓਅੰਕਾਰ ਆਦਿ ਬਾਣੀਆਂ ਰਚ ਕੇ ਜਾਰੀ ਕੀਤਾ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹੁਕਮ-ਨਾਮਿਆਂ ਨੂੰ ਵਾਚਣ ਤੋਂ ਪਤਾ ਲਗਦਾ ਹੈ ਕਿ ਖੰਡੇ ਦੀ ਪਾਹੁਲ ਛਕਾਉਣ ਤੋਂ ਪਹਿਲਾਂ ਵੀ ਖ਼ਾਲਸਾ ਪਦ ਸਿੱਖਾਂ ਲਈ ਵਰਤਿਆ ਜਾਂਦਾ ਸੀ। ਪਰ ਸਮੁੱਚੇ ਪੰਥ ਨੂੰ ਖ਼ਾਲਸਾ ਸਦਵਾਉਣ ਦਾ ਮਾਣ ਗੁਰੂ ਗੋਬਿੰਦ ਸਿੰਘ ਜੀ ਨੇ 'ਮਸੰਦ' ਪ੍ਰਥਾ ਖ਼ਤਮ ਕਰਕੇ ਬਖ਼ਸ਼ਿਆ। ਇਹ ਘਟਨਾ ਖੰਡੇ ਦੀ ਪਾਹੁਲ (ਅੰਮ੍ਰਿਤ) ਛਕਾਉਣ ਤੋਂ ਇਕ ਸਾਲ ਪਹਿਲਾਂ ਦੀ ਹੈ। ਭਾਈ ਗੁਰਦਾਸ ਦੂਜੇ ਨੇ ਆਪਣੀ ਵਾਰ ਵਿਚ ਇਕ ਥਾਂ ਇਸ ਦਾ ਸੰਕੇਤ ਇਉਂ ਦਿੱਤਾ :

ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ।

ਸੰਗਤ ਵਿਚ ਸਮੂਹ ਨਾਨਕ ਪੰਥੀ ਸ਼ਾਮਲ ਸਨ ਜਿਨ੍ਹਾਂ ਵਿਚ ਅਣਗਿਣਤ ਉਹ ਸਿੱਖ ਸਨ, ਜਿਨ੍ਹਾਂ ਖੰਡੇ ਦੀ ਪਹੁਲ ਨਹੀਂ ਸੀ ਛਕੀ। 'ਖ਼ਾਲਸਾ' ਪਦ ਨਿਰਣਯ ਇਕ ਲੰਮੇਰਾ ਪ੍ਰਸਤਾਵ ਹੈ; ਜੋ ਆਪਣੇ ਆਪ ਵਿਚ ਵਿਸਥਾਰ ਮੰਗਦਾ ਹੈ ਅਤੇ ਇਸ ਪੁਸਤਕ ਵਿਚ ਪੰਨਾ 74—81 ਤੇ ਅੰਕਤ ਹੈ।

'ਸਿੰਘ' ਪਰੰਪਰਾ ਦੀ ਸਾਜਨਾ ਵੱਡੀ ਮਹੱਤਵਪੂਰਨ ਕ੍ਰਾਂਤੀ ਸੀ। 'ਸਿੰਘ' ਸੰਸਥਾ ਜੰਗਾਂ ਵਿਚ ਜੂਝਣ ਤੇ ਸਿਰ ਤਲੀ ਤੇ ਰੱਖ ਕੇ ਮੁਗ਼ਲਈ ਸਾਮਰਾਜ ਨਾਲ ਟੱਕਰ ਲੈਣ ਲਈ ਕਾਇਮ ਕੀਤੀ ਗਈ। ਹੁਣ ਤਕ ਨਿਹੰਗ ਸਿੰਘ ਜੋ ਪੂਰੇ ਪੰਜ ਸ਼ਸ਼ਤਰ ਅਸਤਰ ਧਾਰੀ ਹਨ ਆਪਣੇ ਆਪ ਨੂੰ 'ਗੁਰੂ ਦੀਆਂ ਲਾਡਲੀਆਂ ਫ਼ੌਜਾਂ' ਦੀ ਉਪਾਧੀ ਨਾਲ ਜਾਣੂ ਕਰਾਉਂਦੇ ਹਨ।

ਇਹ ਇਤਿਹਾਸਕ ਸਚਾਈ ਹੈ ਕਿ ਜਦੋਂ ਸਿੰਘਾਂ ਦੇ ਸਿਰਾਂ ਦਾ ਮੁੱਲ ਪੈ ਰਿਹਾ ਸੀ, ਇਹ ਸਹਿਜਧਾਰੀ ਹੀ ਸਨ, ਜਿਨ੍ਹਾਂ ਦੇ ਡੇਰਿਆਂ ਵਿਚ ਸਿੰਘ ਚੁਪ-ਚਪਾਤੇ, ਉਨ੍ਹਾਂ ਪਾਸ ਨਿਵਾਸ ਕਰਨ ਲਈ ਜਾਂਦੇ ਅਤੇ ਸਮੇਂ ਦੀ ਸਰਕਾਰ ਨੂੰ ਪਤਾ ਵੀ ਨਹੀਂ ਸੀ ਲੱਗਣ ਦੇਂਦੇ। ਸਹਿਜਧਾਰੀ ਸਿੱਖ, ਸ਼ਸ਼ਤਰਧਾਰੀ ਸਿੰਘਾਂ ਲਈ ਯੁਧਾਂ ਜੰਗਾਂ ਵਿਚ ਲੰਗਰ, ਮਰਹੱਮ-ਪੱਟੀ ਅਥਵਾ ਹੋਰ ਸੇਵਾਵਾਂ ਦਾ ਯਥਾ-ਸ਼ਕਤ ਪ੍ਰਬੰਧ ਕਰਦੇ ਸਨ। ਇਸ ਦੇ ਨਾਲ ਨਾਲ ਹੀ ਇਨ੍ਹਾਂ ਸਹਿਜਧਾਰੀ ਸਿੱਖਾਂ ਨੇ ਗੁਰਮਤਿ ਦਾ ਪ੍ਰਚਾਰ ਹਿਮਾਲੀਆ ਦੀਆਂ ਖੁੰਦਰਾਂ ਤੋਂ ਲੈ ਰਾਜਸਥਾਨ ਅਤੇ ਸਿੰਧ ਦੇ ਮਾਰੂਥਲਾਂ ਤੀਕਰ ਕਰਕੇ ਸਿੱਖ ਧਰਮ ਦੇ ਪ੍ਰਚਮ ਨੂੰ ਉੱਚਾ ਝੁਲਾਈ ਰਖਿਆ। ਇਨ੍ਹਾਂ ਦੇ ਯਤਨਾਂ ਸਦਕਾ, ਗੁਰੂ ਨਾਨਕ ਨਾਮ ਲੇਵਾ ਸਿੱਖਾਂ ਦੀ ਗਿਣਤੀ ਭਾਰਤ ਅਤੇ ਬਾਹਰਲੇ ਦੇਸਾਂ ਵਿਚ ਲੱਖਾਂ ਤੋਂ ਉਪਰ ਟੱਪ ਗਈ।

ਵਿਦੇਸ਼ਾਂ ਨੂੰ ਛੱਡ ਕੇ ਲਾਹਸਾ, ਲਦਾਖ, ਤਿੱਬਤ ਦੀਆਂ ਪਹਾੜੀਆਂ ਤੋਂ ਲੈ ਕੇ, ਬੰਬਈ, ਕਲਕੱਤਾ ਦੇ ਵਿਚਕਾਰ ਭੀਲਾ ਦੇ ਦੇਸ਼ ਅਤੇ ਕੰਨਿਆਂ ਕੁਮਾਰੀ ਤਕ ਕਰੋੜਾਂ ਦੀ ਗਿਣਤੀ ਵਿਚ ਗੁਰੂ ਨਾਨਕ ਨਾਮ ਲੇਵਾ ਵਸਦੇ ਹਨ। ਪ੍ਰਚਾਰ ਵਲੋਂ ਅਵੇਸਲੇ ਹੋਣ ਕਰਕੇ, ਭਾਵੇਂ

ਇਨ੍ਹਾਂ ਲੋਕਾਂ ਨੂੰ ਗੁਰਮਤਿ ਦੀ ਪੂਰੀ ਜਾਣਕਾਰੀ ਨਹੀਂ ਰਹੀ ਪਰੰਤੂ ਹੁਣ ਵੀ ਗੁਰੂ ਨਾਨਕ ਨੂੰ ਮੰਨਦੇ ਹਨ, ਜਾਣਦੇ ਹਨ ਅਤੇ ਸਿਮਰਦੇ ਹਨ । ਸਤਿਨਾਮ, ਵਾਹਿਗੁਰੂ, ਧੰਨ ਗੁਰੂ ਨਾਨਕ ਦੇਵ ਕਹਿੰਦੇ ਅਤੇ ਗੁਰੂ ਘਰ ਨਾਲ ਪਿਆਰ ਜਤਾਉਂਦੇ ਹਨ ।

ਦਸਮ ਪਾਤਸ਼ਾਹ ਨੇ ਖੰਡੇ ਦੀ ਪਾਹੁਲ ਨਾਲ ਸਿੰਘ ਸਜਾਏ ਅਤੇ ਸੰਤ ਸਿਪਾਹੀਆਂ ਦੀ ਪ੍ਰਪਾਟੀ ਦਾ ਸ਼ੁਰੂਆਦਿ ਕੀਤਾ । ਸੰਤ-ਸਿਪਾਹੀ ਦੀ ਅਵਸਥਾ ਬੜੀ ਉਚੀ ਤੇ ਸੁੱਚੀ ਘਾਲਣਾ ਨਾਲ ਪ੍ਰਾਪਤ ਹੁੰਦੀ ਹੈ । ਇਸੇ ਸਮੇਂ ਹੀ ਸਹਿਜਧਾਰੀ ਪਦ ਉਨ੍ਹਾਂ ਸਿੱਖਾਂ ਲਈ ਵਰਤਿਆ ਜਾਣ ਲਗ ਪਿਆ ਜਿਨ੍ਹਾਂ ਨੇ ਖੰਡੇ ਦੀ ਪਾਹੁਲ ਨਹੀਂ ਸੀ ਛਕੀ ਪਰ ਗੁਰਮਤਿ ਦੇ ਧਾਰਨੀ ਸਨ । 'ਸਿੰਘ' ਜਥੇਬੰਦੀ ਦੀ ਧਾਰਮਕ ਤੇ ਭਾਈਚਾਰਕ ਦ੍ਰਿਸ਼ਟੀਕੋਣ ਤੋਂ ਮਹਾਨਤਾ ਨੂੰ ਛੁਟਿਆਇਆ ਨਹੀਂ ਜਾ ਸਕਦਾ ਪਰ 'ਸਿੰਘ' ਦਾ ਵਿਸ਼ੇਸ਼ ਪ੍ਰਯੋਜਨ ਰਾਜਸੀ ਤੇ ਫ਼ੌਜੀ ਹੀ ਸੀ । ਸਾਡੇ ਸਮੁੱਚੇ ਜੀਵਨ ਦੀ ਚੂਲ ਧਰਮ ਹੈ ਜਿਸਦੇ ਆਸਰੇ ਸਾਰੀਆਂ ਸਿੱਖ ਵਿਚਾਰਧਾਰਾਵਾਂ ਦੀ ਲਹਿਰ ਵਿਚ ਰਵਾਨਗੀ ਆਉਂਦੀ ਹੈ । 'ਸਹਿਜਧਾਰੀ' ਪ੍ਰਣਾਲੀ ਧਾਰਮਕ ਕਦਰਾਂ ਕੀਮਤਾ ਦੇ ਪਖੋਂ ਤਾਂ ਪੂਰੇ ਸਿੱਖ ਸਨ ਤੇ ਹਨ ਪਰ ਜੰਗਾਂ ਯੁਧਾਂ ਵਿਚ ਇਨ੍ਹਾਂ ਵਿਚੋਂ ਬਹੁਤਿਆਂ ਦਾ ਰੋਲ ਸਾਵਾਂ ਪੱਧਰਾ ਸੀ ਪਰ ਸਿੰਘਾਂ ਵਾਂਗ ਕਰਾਰਾ ਨਹੀਂ ਸੀ । ਜਿਵੇਂ ਘਰ ਵਿਚ ਮਾਤਾ-ਪਿਤਾ ਦੇ ਕਰਤਵਾਂ ਦੀ ਸਹਿਜੇ ਹੀ ਵੰਡ ਕੀਤੀ ਜਾ ਸਕਦੀ ਹੈ ਪਰ ਸਮੁੱਚੇ ਪ੍ਰਵਾਰ ਲਈ ਦੋਵੇਂ ਜੀਅ ਸਹਿਯੋਗੀ ਹੁੰਦੇ ਹਨ । ਇਸੇ ਤਰ੍ਹਾਂ ਹੀ 'ਸਿੰਘ' ਤੇ 'ਸਹਿਜਧਾਰੀ' ਗੁਰਸਿੱਖਾਂ ਦਾ ਆਪਸੀ ਰਿਸ਼ਤਾ ਨਹੁੰ ਤੇ ਮਾਸ ਦਾ ਹੈ ਤੇ ਇਕ ਦੂਜੇ ਤੋਂ ਇਨ੍ਹਾਂ ਦਾ ਵਿਖੇਵਾ ਅਸੰਭਵ ਹੈ ।

ਅਧੁਨਿਕ ਵਿਦਵਾਨ ਲਿਖਾਰੀ ਖੋਜ ਪਖੋਂ ਸਹਿਜਧਾਰੀ ਸਿੱਖਾਂ ਨਾਲ ਇਨਸਾਫ਼ ਨਹੀਂ ਕਰਦੇ । ਕਈ ਤਾਂ ਇਨ੍ਹਾਂ ਦੀ ਹੋਂਦ ਤੋਂ ਹੀ ਇਨਕਾਰੀ ਹਨ । ਕਈ ਅਟਕਲਪਚੂ ਘਾੜਤਾਂ ਘੜਕੇ ਸਹਿਜਧਾਰੀ ਦੀ ਪ੍ਰੀਭਾਸ਼ਾ 'ਸਹਿਜੇ ਸਹਿਜੇ ਸਿੱਖੀ ਧਾਰਨ' ਕਰਨੀ ਦਸਦੇ ਹਨ । ਸਾਡੇ ਇਕ ਵਿਦਵਾਨ ਮਿੱਤਰ ਨੇ ਆਪਣੇ ਪੱਤਰ ਦੁਆਰਾ ਸਹਿਜਧਾਰੀ ਸਿੱਖਾਂ ਦਾ ਰੋਲ ਕੇਵਲ ਸਮਾਜਕ ਮੰਨਿਆ ਹੈ । ਉਹ ਕਿਸੇ ਉਸ ਵਿਅਕਤੀ ਨੂੰ ਸਿੱਖ ਨਹੀਂ ਮੰਨਦੇ, ਜੋ ਕੇਸਾਧਾਰੀ ਨਾ ਹੋਵੇ । ਇਤਿਹਾਸਕ ਤੱਥਾਂ ਦੇ ਅਧਾਰ ਤੇ ਸਪਸ਼ਟ ਹੋਇਆ ਹੈ, ਵਿਪੱਖੀ ਵਿਦਵਾਨਾਂ ਦੇ ਵਿਚਾਰ ਸਿੱਖ ਪਰੰਪਰਾ ਦੇ ਅਨੁਕੂਲ ਨਹੀਂ । ਸਹਿਜਧਾਰੀ ਸਿੱਖਾਂ ਵਿਚ ਵਿਦਵਾਨ, ਗਿਆਨੀ (ਪੰਡਿਤ) ਸੰਤ, ਲਿਖਾਰੀ ਅਤੇ ਸ਼ਹੀਦ ਗੁਰਮੁੱਖ ਸਿੱਖ ਹੋਏ ਹਨ । ਸਿੱਖ ਧਰਮ ਵਿਚ ਇਨ੍ਹਾਂ ਦੀ ਦੇਣ ਕਿਸੇ ਪੱਖੋਂ ਘੱਟ ਨਹੀਂ ।

ਸਿੱਖ ਭਾਵੇਂ 'ਅੰਮ੍ਰਿਤਧਾਰੀ ਸਿੰਘ' ਹੈ ਤੇ ਭਾਵੇਂ 'ਸਹਿਜਧਾਰੀ' ਇਨ੍ਹਾਂ ਨੂੰ ਦਰਜੇ ਦੇ ਕੇ ਵੰਡਣਾ ਭੁਲ ਹੈ । ਇਕ ਨੂੰ ਵੱਡਾ ਤੇ ਦੂਜੇ ਨੂੰ ਛੋਟਾ ਸਮਝਣਾ ਗੁਰਆਸ਼ੇ ਦੇ ਵਿਰੁੱਧ ਅਤੇ ਸਮੁੱਚੇ ਪੰਥ ਲਈ ਹਾਨੀਕਾਰਕ ਹੈ । ਦਸਮ ਪਾਤਸ਼ਾਹ ਨੇ ਫ਼ੌਜੀ ਜਥੇਬੰਦੀ ਦਾ ਨਵ-ਨਿਰਮਾਣ ਕੀਤਾ ਤੇ 'ਸਿੰਘਾਂ' ਲਈ ਕਕਾਰਾਂ ਦੀ ਧਾਰਨਾਂ ਨੂੰ ਦ੍ਰਿੜਤਾ ਨਾਲ ਨਿਭਾਉਣ ਦਾ ਆਦੇਸ਼ ਦਿਤਾ । ਜੋ ਸਿੰਘ ਖੰਡੇ ਦੀ ਪਾਹੁਲ ਛਕ ਕੇ ਰਹਿਤ ਤੋਂ ਮੂੰਹ ਫੇਰ ਲੈਣ ਉਨ੍ਹਾਂ ਨੂੰ 'ਪਤਿਤ' ਹੋਇਆ ਮੰਨਿਆਂ ਜਾਂਦਾ ਹੈ ਪਰ ਜਿਨ੍ਹਾਂ ਨੇ ਖੰਡੇ ਦੀ ਪਾਹੁਲ ਨਹੀਂ ਛਕੀ ਅਤੇ ਨਾ ਹੀ ਪ੍ਰਣ

ਧਾਰਨ ਕੀਤਾ ਹੈ, ਉਹ ਕਕਾਰ ਨਾ ਰਖਦੇ ਹੋਏ ਵੀ ਸਿੱਖ ਸਨ ਤੇ ਹਨ । ਸ਼ਰਤ ਇਕੋ ਹੈ ਜੋ ਸਭ ਲਈ ਹੈ ਕਿ ਗੁਰੂ ਗ੍ਰੰਥ ਸਾਹਿਬ ਤੇ ਭਰੋਸਾ ਰਖਦੇ ਹੋਏ, ਗੁਰਮਤਿ ਧਾਰਨੀ ਹੋਣ । ਗੁਰਦੁਵਾਰਾ ਚੋਣਾਂ ਲਈ ਇਹੋ ਹੀ ਪ੍ਰੀਭਾਸ਼ਾ ਦਿਤੀ ਗਈ ਸੀ ਜਿਸਨੂੰ ਦਿੱਲੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਵਲੋਂ ਬਦਲ ਕੇ ਸਹਿਜਧਾਰੀ ਸਿੱਖਾਂ ਨੂੰ ਵੋਟ ਦੇ ਹੱਕ ਤੋਂ ਮਹਿਰੂਮ ਕਰਕੇ ਸਿੱਖੀ ਦੇ ਕਾਰਜ-ਖੇਤਰ ਨੂੰ ਸੀਮਤ ਕਰ ਦਿਤਾ ਹੈ । ਬੇਸ਼ਕ ਇਸ ਤਰ੍ਹਾਂ ਸਿੰਘਾਂ ਨੇ ਗੁਰੂ ਘਰ ਦੀ ਵਿਰਾਸਤ ਗੁਰਦੁਵਾਰੇ ਤਾਂ ਆਪਣੇ ਕਬਜ਼ੇ ਵਿਚ ਲੈ ਲਏ ਪਰ ਗੁਰੂ ਘਰ ਦੀ ਪੁਰਾਤਨ ਪ੍ਰਚਾਰ ਪ੍ਰਣਾਲੀ ਵਲ ਉਕਾ ਹੀ ਧਿਆਨ ਨਹੀਂ ਦਿਤਾ । ਜਿਸ ਦਾ ਨਤੀਜਾ ਇਹ ਹੋਇਆ ਕਿ ਗੁਰੂ ਨਾਨਕ ਦੇਵ ਜੀ ਦਾ ਚਲਾਇਆ ਹੋਇਆ ਨਿਰਮਲ ਪੰਥ, ਜਿਸ ਦਾ ਦਾਅਵਾ ਸੀ ਕਿ "ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ" ਦਾ ਪੱਤਨ ਹੋਣ ਲੱਗ ਪਿਆ । ਸਹਿਜਧਾਰੀ ਆਪਣੇ ਗੁਰਦੁਵਾਰੇ ਵੱਖਰੇ ਬਨਾਉਣ ਲਈ ਮਜਬੂਰ ਹੋ ਗਏ ਅਤੇ ਕੁਝ ਬਣਾ ਵੀ ਰਹੇ ਹਨ। ਵਿਸ਼ੇਸ਼ ਕਰਕੇ ਦਾਦਾ ਚੇਲਾ ਰਾਮ ਜੀ ਦੀ ਸੰਸਥਾ ਦੇ ਸਿੱਧੀ ਸਿੱਖ ਇਸ ਕਾਰਜ ਖੇਤਰ ਦੀ ਮਿਸਾਲ ਕਹੇ ਜਾ ਸਕਦੇ ਹਨ ।

ਸਾਨੂੰ ਠੰਢੇ ਦਿਲ ਨਾਲ ਵਿਚਾਰਨਾ ਚਾਹੀਦਾ ਹੈ ਅਤੇ ਸਹਿਜਧਾਰੀਆਂ ਨੂੰ ਦੂਜੇ ਦਰਜੇ ਦੇ ਸਿੱਖ ਦਾ ਦਰਜਾ ਦੇਣ ਦੀ ਭੁਲ ਨਹੀਂ ਕਰਨੀ ਚਾਹੀਦੀ । ਸਾਨੂੰ ਰਾਜਸੀ ਭਿੰਨ ਭੇਤ ਮਿਟਾ ਕੇ, ਸਹਿਜਧਾਰੀਆਂ ਨੂੰ ਧਾਰਮਕ ਖੇਤਰ ਵਿਚ ਬਰਾਬਰ ਦਾ ਦਰਜਾ ਦੇਣਾ ਉਚਿਤ ਹੈ ਨਹੀਂ ਤਾਂ ਅਸੀਂ ਦਸਾਂ ਪਾਤਸ਼ਾਹੀਆਂ ਦੇ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਸ਼ੇ ਤੋਂ ਦੂਰ ਹੋ ਜਾਵਾਂਗੇ ਅਤੇ ਇਸ਼ ਦਾ ਪਸਚਾਤਾਪ ਸਾਨੂੰ ਦੂਰ-ਭਵਿਖ ਵਿਚ ਕਰਨਾ ਪਵੇਗਾ ਪਰ ਉਦੋਂ ਸਮਾਂ ਲੰਘ ਚੁਕਾ ਹੋਵੇਗਾ । ਇਸ ਵਿਚਾਰ ਨੂੰ ਵਧੇਰੇ ਸਪਸ਼ਟ ਕਰਨ ਲਈ ਅਸੀਂ ਰਹਿਤਨਾਮਿਆਂ ਵਿਚੋਂ ਕੁਝ ਕੁ ਤਥ ਸਪਸ਼ਟ ਕਰਦੇ ਹਾਂ ਜਿਨ੍ਹਾਂ ਦੁਆਰਾ ਤਿੰਨ ਪ੍ਰਕਾਰ ਦੇ ਸਿਖਾਂ ਦਾ ਪ੍ਰਕਰਣ ਮਿਲਦਾ ਹੈ । ਇਹ ਰਹਿਤਨਾਮੇ ਕਈ ਸਜਣ ਦਸਮ ਪਾਤਸ਼ਾਹ ਵਲੋਂ ਪ੍ਰਵਾਣਤ ਮੰਨਦੇ ਹਨ ।

"ਤੀਨ ਪ੍ਰਕਾਰ ਮਮ ਸਿਖ ਹੈਂ, ਸਹਜੀ, ਚਰਣੀਂ, ਖੰਡ" । ਇਸਤੋਂ ਸਿਧ ਹੁੰਦਾ ਹੈ ਕਿ ਦਸਮ ਪਾਤਸ਼ਾਹ ਦੇ ਸਮੇਂ ਸਹਿਜ-ਧਾਰੀ, ਚਰਣ-ਧਾਰੀ, ਖੰਡ-ਧਾਰੀ (ਪਹੁਲ ਛਕਣ ਵਾਲੇ) ਸਿਖ ਮੰਨੇ ਗਏ । ਅੰਦਰਲੀ ਰਹਿਤ ਬਾਰੇ ਪਿਆਰਾ ਸਿੰਘ ਪਦਮ ਲਿਖਦੇ ਹਨ :*

"ਗੁਰੂ ਸਾਹਿਬ ਨੇ ਗੁਰਬਾਣੀ ਵਿਚ ਸਾਰੀ ਰਹਿਣੀ ਬਹਿਣੀ ਲਈ ਬੁਨਿਆਦੀ ਗੁਰ (Formulas) ਲਿਖ ਦਿਤੇ ਹਨ ਤਾਂ ਕਿ ਸਿਖ ਆਪਣੇ ਧਰਮ ਕਰਮ ਤੋਂ ਲੈ ਕੇ ਬੋਲ ਚਾਲ, ਵਰਤੋਂ ਵਿਹਾਰ, ਖਾਣ ਪੀਣ, ਪਹਿਨਣ ਤੇ ਬਾਕੀ ਸੁਚੱਜਾ ਜੀਵਨ ਜੀਉਣ ਲਈ ਲੋੜੀਂਦੀ ਸਿਖਿਆ ਹਾਸਲ ਕਰਦਾ ਰਹੇ"

ਗੁਰਬਾਣੀ ਵਿਚ ਵਰਤੋਂ ਵਿਹਾਰ, ਬੋਲਚਾਲ, ਖਾਣ ਪੀਣ ਪਹਿਨਣ ਸਭੋ ਕੁਝ

---

*ਰਹਿਤਨਾਮੇ ਪਿਆਰਾ ਸਿੰਘ ਪਦਮ ਪੰਨਾ 2,19 ਸੰਨ 1974

ਸ਼ਾਮਲ ਹੈ ਜੋ ਨਿਰੀ ਅੰਦਰਲੀ ਰਹਿਤ ਨਹੀਂ ਸਗੋਂ ਸਮੁੱਚਾ ਜੀਵਨ ਜਾਚ ਦਾ ਖਰੜਾ ਹੈ। ਇਸ ਲਈ ਖੰਡੇ ਦੀ ਪਾਹੁਲ ਛੱਕਕੇ ਜੋ ਸਿਖਾਂ ਦੀ ਫੌਜੀ ਜਥੇਬੰਦੀ ਕਾਇਮ ਕੀਤੀ ਗਈ ਤੇ ਜਥੇਬੰਦੀ ਧਰਮ ਦੇ ਅਧੀਨ ਹੋਣ ਕਾਰਨ ਇਸ ਜਥੇਬੰਦੀ ਦੀ ਵਸ਼ੇਸ਼ ਬਾਹਰਲੀ ਰਹਿਤ ਵੀ ਧਰਮ ਅਨੁਕੂਲ ਮੁਕਰਰ ਕੀਤੀ ਗਈ ਜੋ ਖੰਡੇ ਦੀ ਪਾਹੁਲ ਛਕ ਕੇ ਪ੍ਰਣ ਲੈ ਕੇ ਰਹਿਤ ਰਖਕੇ ਮੂੰਹ ਫੇਰ ਲਵੇ ਉਸਨੂੰ ਪਤਿਤ, ਕੁਰੇਹਤੀਆਂ ਗਰਦਾਨਿਆ ਜਾਂਦਾ ਹੈ। ਪਤਿਤ ਲਈ ਤਾਂ ਮੁੜ ਅਮਰਿਤ ਛਕਣਾ ਅਵਸ਼ ਹੈ — **ਪਤਿਤ ਦਾ ਅਰਥ ਭਾਵ ਹੈ :—**

ਪਤਿਤ : ਵਿ: 1. ਡਿਗਿਆ ਹੋਇਆ, 2. ਧਰਮ ਕਰਮ ਤੋਂ ਡਿਗਿਆ-ਪਾਪੀ "ਪਤਿਤ ਪਵਿਤ੍ਰ ਲੀਏ ਕਰ ਅਪੁਨੇ (ਗੂਜਰੀ ਮ: ੫) ਜਾਤਿ ਤੋਂ ਡਿਗਿਆ 2. ਸਮਾਜੋਂ ਖਾਰਜ (ਕਢਿਆ) "ਪਤਿਤ-ਜ਼ਾਤਿ ਉਤਮ ਭਇਆਂ (ਸੂਹੀ ਮ: ੪) (ਮਹਾਂ ਕੋਸ਼ ਪੰਨਾ ੫੫੩, ੧੯੭੦)

ਚਾਰ ਬਜਰ ਕੁਹਰਹਿਤਾ ਇਹ ਹਨ

1. ਤਮਾਕੂ ਸੇਵਨ
2. ਕੁਠਾ ਖਾਣਾ
3. ਮੁਸਲੀ ਦੀ ਕੁਸੰਗਤ
4. ਕੇਸਾਂ ਦੀ ਬੇਅਦਬੀ

1. ਤਮਾਕੂ, ਕੁਠਾ ਤੇ ਤੁਰਕਣੀ ਦਾ ਸੰਗ ਤਾਂ ਹਰ ਸਿਖ ਲਈ ਵਿਵਰਜਤ ਹੈ। 2. ਤਮਾਕੂ ਨਸ਼ਿਆਂ ਦਾ ਪ੍ਰਤੀਕ ਹੈ ਸਭੋ ਨਸ਼ੇ ਗੁਰੂ ਘਰ ਵਿਚ ਵਿਵਰਜਤ ਹਨ। ਮਨ ਦੀ ਆਰਜੀ ਖੁਸ਼ੀ ਤੇ ਉਤੇਜਤਾ ਲਈ ਵਰਤੋਂ ਵਿਚ ਲਿਆਂਦੇ ਸਭੋ ਨਸ਼ੇ ਮਾੜੇ ਹਨ। 3. ਤੁਰਕਣੀ ਪ੍ਰਤੀਕ ਹੈ ਵਿਭਚਾਰਕ ਜੀਵਣ ਦੀ। ਵਿਭਚਾਰੀ ਪੁਰਸ਼ ਸਿਖ ਅਖਵਾਉਣ ਦਾ ਅਧਕਾਰੀ ਨਹੀਂ।

ਪ੍ਰਦੇਸ਼ਾਂ ਵਿਚ ਵਸਦੇ ਸਿਖ ਜੋ ਅਮਰਿਤਧਾਰੀ ਨਹੀਂ ਤੇ ਕੇਸਾਂ ਦੀ ਰਹਿਤ ਨਹੀਂ ਰਖਦੇ ਉਨ੍ਹਾਂ ਨੂੰ ਪਤਿਤ ਆਖ ਕੇ ਭੰਡਣਾਂ ਤੇ ਫਿਟਕਾਰ ਕੇ ਸਿਖੀ ਤੋਂ ਦੂਰ ਰਖਣ ਦਾ ਬੀੜਾ ਕਈ ਪੁਰਸ਼ਾਂ ਨੇ ਆਪਣੇ ਜ਼ਿਮੇਂ ਲਿਆ ਹੋਇਆ ਹੈ ਪਰ ਉਨ੍ਹਾਂ ਪੁਰਸ਼ਾਂ ਦੇ ਆਪਣੇ ਆਚਰਨ ਦੀ ਪੜਚੋਲ ਕਰਨ ਤੇ ਪਤਾ ਲਗਦਾ ਹੈ ਕਿ ਉਨ੍ਹਾਂ ਭਦਰ ਪੁਰਸ਼ਾਂ ਨੇ ਅੰਦਰਲੀ ਰਹਿਤ ਨੂੰ ਤਾਂ ਤਲਾਂਜਲੀ ਦਿਤੀ ਹੋਈ ਹੈ — ਤੇ ਆਪਣੇ ਅਵਗੁਣ ਤੇ ਪ੍ਰਦਾ ਪੋਸ਼ੀ ਲਈ ਉਹ ਦੂਜਿਆਂ ਦੇ ਛਿਦਰ ਕਢਦੇ ਹਨ ਤੇ ਜਦੋਂ ਕਿਸੇ ਭਲੇ ਪੁਰਸ਼ ਨੇ ਬਾਹਰਲੀ ਰਹਿਤ ਵੀ ਰਖੀ ਹੋਵੇ ਭਦਰ ਪੁਰਸ਼ ਦਾ ਸਾਥੀ ਜਾਂ ਉਸਦੀ ਸੰਸਥਾ ਦੀਆਂ ਉਕਾਈਆਂ ਨੂੰ ਸੋਧਣ ਲਈ ਆਖੇ ਤਾਂ ਇਨ੍ਹਾਂ ਪੁਰਸ਼ਾਂ ਨੇ ਸੁਧਾਈ ਤਾਂ ਕੀ ਕਰਨੀ ਹੈ ਉਲਟਾ ਸੁਝਾ ਦੇਣ ਵਾਲੇ ਪੁਰਸ਼ ਨੂੰ ਮਾਨਸਕ ਪਤਿਤ (Mentaly Patit) ਆਖ ਕੇ ਭੰਡਦੇ ਹਨ। ਇਹੋ ਜਹੇ ਸਜਣਾਂ ਦੀ ਜ਼ਿੰਦਗੀ ਗੁਰਸਿੱਖੀ ਮਾਰਗ ਤੋਂ ਸੱਖਣੀ ਹੈ ਤੇ ਬਾਹਰਲੇ ਦੰਭ ਦਾ ਆਸਰਾ ਇਨ੍ਹਾਂ ਦਾ ਸਹਾਰਾ ਹੈ। ਗੁਰਸਿਖੀ ਪ੍ਰੇਮ ਦਾ ਮਾਰਗ ਹੈ। ਫਿਕੇ ਬੋਲ ਕਬੋਲ ਦੀ ਗੁਰੂ ਘਰ ਵਿਚ

ਮਨਾਹੀ ਹੈ।

ਸਿਖ ਧਰਮ ਦੇ ਮਹਾਨ ਵਿਦਵਾਨ ਤੇ ਚਿੰਤਕ ਪ੍ਰੋ: ਨਰੈਣ ਸਿੰਘ ਜੀ ਨਾਲ 16 ਮਾਰਚ 1981 ਨੂੰ ਇਸ ਵਿਸ਼ੇ ਬਾਰੇ ਵਿਚਾਰ ਹੋਈ ਤਾਂ ਉਨ੍ਹਾਂ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਸਿਖ ਬੱਚਾ ਬੱਚੀ ਜਦੋਂ ਤਕ ਅਮ੍ਰਿਤਪਾਨ ਨਹੀਂ ਕਰਦੇ ਤਦੋਂ ਤਕ ਉਨ੍ਹਾਂ ਲਈ ਪੰਜਾਂ ਕਕਾਰਾਂ ਦੀ ਰਹਿਤ ਰਖਣੀ ਲਾਜ਼ਮੀ ਨਹੀਂ ਕਹੀ ਜਾ ਸਕਦੀ ਤੇ ਨਾਂ ਹੀ ਉਹਨਾਂ ਨੂੰ ਪਤਿਤ ਕਿਹਾ ਜਾ ਸਕਦਾ ਹੈ।

ਉਪਰਲੀ ਵਿਚਾਰ ਤੋਂ ਅਸੀਂ ਹੇਠ ਲਿਖੇ ਤੱਥਾਂ ਤੇ ਅਪੜਦੇ ਹਾਂ :

ੳ. ਸਹਿਜਧਾਰੀ ਸਿੱਖ ਸਹਿਜ-ਅਵਸਥਾ ਦੇ ਧਾਰਨੀ ਅਤੇ ਪੂਰਨ ਗੁਰਸਿੱਖ ਹਨ, ਭਾਵੇਂ ਇਨ੍ਹਾਂ ਨੇ ਖੰਡੇ ਦਾ ਅੰਮ੍ਰਿਤ ਪਾਨ ਨਹੀਂ ਕੀਤਾ। ਇਹ ਖੁਲ੍ਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਇਨ੍ਹਾਂ ਗੁਰਮੁੱਖ ਗੁਰਸਿੱਖਾਂ ਨੂੰ ਮਿਲੀ ਸੀ; ਜੋ ਇਨ੍ਹਾਂ ਦੇ ਵਿਰਸੇ ਵਿਚ ਚਲਦੀ ਆ ਰਹੀ ਹੈ।

ਅ. ਸਹਿਜਧਾਰੀ ਸਿੱਖਾਂ ਨੂੰ ਦੂਜੇ ਦਰਜੇ ਦੇ ਸਿੱਖ ਸਮਝਣਾ ਜਾਂ ਇਨ੍ਹਾਂ ਦੀ ਹੋਂਦ ਤੋਂ ਮੁਨਕਰ ਹੋਣਾ; ਇਨ੍ਹਾਂ ਦੇ ਸਹਿਜੇ ਸਹਿਜੇ ਸਿੰਘ ਸਜਣ ਜਾਂ ਇਨ੍ਹਾਂ ਨੂੰ ਸਿੰਘਾਂ ਦਾ ਕੇਵਲ ਸਮਾਜਕ ਭਾਗ ਮੰਨਣਾ ਆਦਿ ਦਲੀਲਾਂ ਪ੍ਰਚਲਤ ਕਰਨਾ, ਵੱਡੀ ਭੁਲ ਹੈ।

ੲ. ਸਹਿਜਧਾਰੀ ਸਿੱਖਾਂ ਦੀ ਗੁਰਦੁਵਾਰਿਆਂ ਵਿਚੋਂ ਪ੍ਰਤੀਨਿਧਤਾ ਨੂੰ ਖ਼ਾਰਜ ਕਰਨਾ; ਕਿਸੇ ਤਰ੍ਹਾਂ ਉਚਿੱਤ ਨਹੀਂ। ਇਸ ਤਰ੍ਹਾਂ ਅਸੀਂ ਸਿੱਖਾਂ ਦੇ ਇਕ ਤਕੜੇ ਵਰਗ ਨੂੰ ਸਿੱਖੀ ਤੋਂ ਦੂਰ ਕਰਨ ਦੇ ਅਪਰਾਧ ਤੋਂ ਕਿਸ ਤਰ੍ਹਾਂ ਸੁਰਖ਼ਰੂ ਹੋ ਸਕਦੇ ਹਾਂ ?

'ਭਗਤੀ ਤੇ ਸ਼ਕਤੀ' ਦੇ ਸੁਮੇਲ ਤੇ ਵਿਚਾਰ

ਕਿਸੇ ਸ਼ਬਦ ਨੂੰ ਵਰਤਣ ਤੋਂ ਪਹਿਲਾਂ, ਉਸ ਦੇ ਪਿਛੋਕੜ ਤੇ ਮੂਲ ਤੱਥ ਨੂੰ ਜਾਣਨਾ ਬਹੁਤ ਜ਼ਰੂਰੀ ਹੁੰਦਾ ਹੈ। ਜਿਵੇਂ ਮਨੁੱਖਾਂ ਦੇ ਸੁਭਾਅ ਵੱਖੋ ਵੱਖਰੇ ਹੁੰਦੇ ਹਨ ਅਤੇ ਉਨ੍ਹਾਂ ਦਾ ਸਬੰਧ ਦੇਸ਼, ਕਾਲ ਅਤੇ ਕੁੱਲ ਨਾਲ ਹੁੰਦਾ ਹੈ, ਇਸੇ ਤਰ੍ਹਾਂ ਸ਼ਬਦਾਂ ਦਾ ਸਬੰਧ ਵੀ ਆਪਣੇ ਪਿਛੋਕੜ ਨਾਲ ਜੁੜਿਆ ਹੁੰਦਾ ਹੈ। ਇਸ ਲਈ ਸਾਨੂੰ ਸ਼ਬਦ ਚੋਣ ਕਰਨ ਲਗਿਆਂ, ਸ਼ਬਦ ਦਾ ਹਰ ਪੱਖੋਂ ਨਿਰੀਖਣ ਕਰਨਾ ਲੋੜੀਂਦਾ ਹੈ ਕਿ ਜੋ ਸ਼ਬਦ ਵਰਤਿਆ ਜਾ ਰਿਹਾ ਹੈ ਉਸ ਵਿਚ ਕੋਈ ਊਣਤਾਈ ਤਾਂ ਨਹੀਂ ? ਅਥਵਾ ਸ਼ਬਦ ਆਪਣੇ ਭਿੰਨ ਭਿੰਨ ਅਰਥਾਂ ਲਈ ਠੀਕ ਥਾਂ ਤੇ ਆਇਆ ਹੈ ? ਦੋ ਸ਼ਬਦਾਂ ਦਾ ਸੁਮੇਲ ਕਰਨ ਲਗਿਆਂ, ਸਾਨੂੰ ਸ਼ਬਦ ਦੇ ਬੁਨਿਆਦੀ ਅਰਥਾਂ ਵਿਚ ਪੈਦਾ ਹੋ ਸਕਦੇ ਅੰਤਰ ਅਤੇ ਟਕਰਾਓ ਦੀ ਸੰਭਾਵਨਾ ਨੂੰ ਸਮਝਣਾ ਜ਼ਰੂਰੀ ਹੈ। ਕਿਉਂਕਿ ਹਰੇਕ ਸ਼ਬਦ ਆਪਣੇ ਪਿਛਲੇ ਤਾਣੇ-ਪੇਟੇ ਨਾਲ ਉਲਝਿਆ ਹੁੰਦਾ ਹੈ ਤੇ ਸ਼ਬਦ ਨੂੰ ਉਸ ਉਲਝਣ ਵਿਚੋਂ ਨਿਖੇੜਨਾ ਇਕ ਕਠਨ ਸਮਸਿਆ ਹੁੰਦੀ ਹੈ।

ਕੁਝ ਸਮੇਂ ਤੋਂ ਵਿਦਵਾਨਾਂ ਦੁਆਰਾ ਸਿੱਖ ਸ਼ਬਦਾਵਲੀ ਵਿਚ 'ਭਗਤੀ ਅਤੇ ਸ਼ਕਤੀ'* ਦੇ ਸੁਮੇਲ ਦਾ ਚਰਚਾ ਛਿੜਿਆ ਹੋਇਆ ਹੈ। ਇਹ ਵਿਦਵਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ 'ਭਗਤੀ ਤੇ ਸ਼ਕਤੀ' ਦੇ ਸੰਗਠਨ ਦਾ ਮੋਢੀ ਦਸਦੇ ਹਨ। ਪਰ ਇਥੇ ਸਪਸ਼ਟ ਤੌਰ ਤੇ ਦਸਣਾ ਜ਼ਰੂਰੀ ਹੈ ਕਿ ਸ਼ਬਦ 'ਸ਼ਕਤੀ' ਦੀ ਵਰਤੋਂ ਨੇ ਕਈ ਭੁਲੇਖਿਆਂ ਨੂੰ ਜਨਮ ਦਿਤਾ ਹੈ ਅਤੇ ਇਸ ਤਰ੍ਹਾਂ ਅਨਮਤੀ ਲਿਖਾਰੀਆਂ ਲਈ ਗੁਰੂ ਸਾਹਿਬਾਨ ਨੂੰ ਸ਼ਕਤੀ ਦਾ ਪੁਜਾਰੀ ਦਰਸਾਉਣ ਦਾ ਇਕ ਸੌਖਾ ਪੱਜ ਬਣ ਗਿਆ ਹੈ। ਸਾਡੇ ਇਸ ਕਥਨ ਦੀ ਪੁਸ਼ਟੀ, ਆਲ ਇੰਡੀਆ ਸਿੱਖ ਯੂਥ ਫ਼ੈਡਰੇਸ਼ਨ (ਹੈੱਡ ਆਫ਼ਿਸ, ਅੰਮ੍ਰਿਤਸਰ)

---

*ਖਾਲਸਾ ਕਾਲਜ ਅੰਮ੍ਰਿਤਸਰ ਵਿਚ ਕੁਝ ਸਮਾਂ ਪਹਿਲਾਂ ਹੋਈ ਗੋਸ਼ਟੀ ਜਿਸ ਦੀ ਪ੍ਰਧਾਨਗੀ ਡਾ. ਤਾਰਨ ਸਿੰਘ ਜੀ (ਸਚਖੰਡ ਵਾਸੀ) ਨੇ ਕੀਤੀ। ਡਾਕਟਰ ਅਤਰ ਸਿੰਘ, ਡਾਕਟਰ ਦੀਵਾਨ ਸਿੰਘ ਤੇ ਹੋਰ ਵਿਦਵਾਨਾਂ ਨੇ ਪੇਪਰ ਰਖੇ—ਡਾ. ਤਾਰਨ ਸਿੰਘ ਜੀ ਨੇ ਪ੍ਰਧਾਨਗੀ ਭਾਸ਼ਨ ਵਿਚ ਮੇਰੇ ਦਿਤੇ ਵਿਚਾਰਾਂ ਦੀ ਪ੍ਰਸੰਸਾ ਕਰਦੇ ਹੋਇ ਮੁੜ ਦੀਰਘ ਵਿਚਾਰ ਕਰਨ ਦਾ ਭਰੋਸਾ ਦਵਾਇਆ।

ਵਲੋਂ ਪ੍ਰਕਾਸ਼ਤ, 'ਗੁਰੂ ਗੋਬਿੰਦ ਸਿੰਘ ਸਮਰਪਣ ਗ੍ਰੰਥ ਦੇ ਭਾਗ 2 (ਅੰਗਰੇਜ਼ੀ) ਵਿਚ ਪ੍ਰਕਾਸ਼ਤ ਸ੍ਰੀ ਜਤਿੰਦਰ ਮੋਹਨ ਚੈਟਰਜੀ ਦੇ ਲੇਖ "Guru Gobind Singh and the Sakti Cult" ਦੇ ਪੰਨਾ 71 ਤੇ ਇਸ ਤਰ੍ਹਾਂ ਮਿਲਦੀ ਹੈ :

"Cakarpati Gobind Singh turned this harmonising spirit of the Tantra cult to good account, and his Akal Panth is beautiful synthesis of the Hindu and Parsi religions. ਅਗੇ ਚਲ ਕੇ, ਉਸ ਪੰਨੇ ਤੇ ਲਿਖਦੇ ਹਨ : 'Gobind Singh's interpretation of Tantric philosophy, teaches man a new way of obtaining salvation through war' thus he may be considered to be the typical Prophet of the Sakti cult,"

'ਭਗਤੀ ਤੇ ਸ਼ਕਤੀ' ਸ਼ਬਦਾਂ ਦਾ ਸੁਮੇਲ ਸਿੱਖ ਧਰਮ ਦੇ ਕਿਸੇ ਪੁਰਾਤਨ ਗ੍ਰੰਥ ਅਥਵਾ ਪੁਸਤਕ ਵਿਚੋਂ ਸੁਲੱਭ ਨਹੀਂ ਹੈ। ਹਾਂ, ਗੁਰਬਾਣੀ ਵਿਚ ਸ਼ਕਤੀ ਦੀ ਵਰਤੋਂ :

ੳ. ਮਾਇਆ : ਸਕਤੀ ਘਰਿ ਜਗਤ ਸੂਤਾ ਨਾਚੇ ਟਾਪੇ ਗੁਜਰੀ ਮ: ੩.

ਅ. ਇਸਤਰੀ : ਤਉ ਆਨਿ ਸਕਤਿ ਗਲਿ ਬਾਂਧਿਆ ਸ੍ਰੀ ਬੇਣੀ ਜੀ.

ਆਦਿ ਦੇ ਭਾਵਾਂ ਵਿਚ ਸਾਕਤ-ਮਤਿ ਵਾਲਿਆਂ ਪ੍ਰਥਾਇ ਕੀਤੀ ਗਈ ਹੈ। ਸਾਕਤ (ਤਾਂਤ੍ਰਿਕ) ਮਤ ਵਿਚ ਸ਼ਕਤੀ ਸ਼ਬਦ ਉਤੇ ਬਹੁਤ ਬਲ ਦਿਤਾ ਗਿਆ ਹੈ। ਜਦੋਂ ਉਹ ਸਕਤੀ-ਸੰਗਮ ਸ਼ਬਦ ਵਰਤਦੇ ਹਨ ਤਾਂ ਉਨ੍ਹਾਂ ਦਾ ਭਾਵ ਭੋਗ ਕਰਨ ਤੋਂ ਹੁੰਦਾ ਹੈ। ਇਸ ਸ਼ਬਦ ਨਾਲ ਅਸ਼ਲੀਲਤਾ ਦੀ ਧੂੜ ਦੇ ਧੁਧੰਕਾਰ ਦਾ ਮਾਹੌਲ ਸਬੰਧਤ ਹੈ ਅਤੇ ਇਸੇ ਕਰਕੇ ਗੁਰਬਾਣੀ ਵਿਚ ਸਾਕਤ ਦੇ ਨੇੜੇ ਵੀ ਜਾਣ ਤੋਂ ਮਨ੍ਹਾਂ ਕਰ ਦਿਤਾ ਗਿਆ ਹੈ :

ੳ. ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥
ਬਾਸਨ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ (ਸਲੋਕ ਕਬੀਰ, ੧੩੭੧)

ਅ. ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ ॥
ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨ ॥ (ਸਲੋਕ ਕਬੀਰ, ੧੩੬੫)

ੲ. ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥
ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ॥ (ਬਿਲਾਵਲ ਮ: ੫, ੬੧੧)

ਸਿੱਖ ਇਤਿਹਾਸ ਵਿਚ 'ਮੀਰੀ ਅਤੇ ਪੀਰੀ' ਨੂੰ ਵੀ ਇਕੱਠੇ ਵਰਤਿਆਂ ਮਿਲ ਜਾਂਦਾ ਹੈ। ਗੁਰੂ ਦੀ ਮੀਰੀ ਤੇ ਪੀਰੀ ਅਧਿਆਤਮਕਤਾ (Spirtuality) ਦੀ ਲਖਾਇਕ ਹੈ। ਇਸੇ ਲਈ ਗੁਰੂਆਂ ਨੂੰ ਸੱਚੇ-ਪਾਤਸ਼ਾਹ ਸ਼ਬਦ ਨਾਲ ਸੰਬੋਧਨ ਕੀਤਾ ਜਾਂਦਾ ਹੈ।

ਦੁਨੀਆਵਾ ਪਾਤਿਸਾਹੁ ਹੋਇ ਦੇਇ ਮਰੈ ਪੁਤੈ ਪਾਤਿਸਾਹੀ।
ਦੋਹੀ ਫੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ ॥...
ਬਾਬਾਣੇ ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ।

(ਦੁਨੀਆਂ ਦਾ ਪਾਤਸ਼ਾਹ ਆਪਣੇ ਪੁਤਰ ਨੂੰ ਪਾਤਸ਼ਾਹੀ ਦੇ ਕੇ ਮਰ ਜਾਂਦਾ ਹੈ। ਉਹ ਆਪਣੀ ਦੁਹਾਈ ਫੇਰਦਾ ਹੈ, ਸਾਰੇ ਸਿਪਾਹੀਆਂ ਨੂੰ ਆਪਣੇ ਹੁਕਮ ਦੇ ਤਾਬੇਦਾਰ ਕਰਦਾ ਹੈ। ਪਰ ਬਾਬਾਣੇ (ਬਾਬੇ ਨਾਨਕ ਦੇ) ਘਰ ਇਹ ਰੀਤਿ ਨਹੀਂ, ਇਥੇ ਰੀਤ ਇਹ ਹੈ ਕਿ

ਇਕ ਦੋਹੀ ਟਕਸਾਲ ਇਕ ਕੁਤਬਾ ਤਖ਼ਤੁ ਸਚਾ ਦਰਗਾਹੀ ॥...

(ਭਾਈ ਗੁਰਦਾਸ ਵਾਰ ੨੬, ਪਉੜੀ ੩੧)

ਗੁਰਮੁਖ ਹੋ ਕੇ 'ਗਾਡੀ ਰਾਹ' ਨਿਬਾਹੇ। ਭਾਵ ਜੋ ਰਸਤਾ ਪਿਛਲੇ ਗੁਰੂ ਦਾ ਹੈ, ਸੋਈ ਚਲੇ। ਨਿਰੋਲ ਵਾਹਿਗੁਰੂ ਦਾ ਗਿਆਨ ਦਿਤਾ ਜਾਵੇ। ਇਕੋ ਅਕਾਲ ਪੁਰਖ ਦੇ ਨਾਮ ਦੀ ਦੋਹੀ, ਇਕੋ ਟਕਸਾਲ (ਸਾਧ ਸੰਗਤ) ਕੁਤਬਾ (ਗੁਰੂ ਬਾਣੀ ਦੇ ਗ੍ਰੰਥ ਜਾਂ ਬਾਣੀ ਹੇਠਾਂ) ਇਕ (ਨਾਮ, ਨਾਨਕ) ਇਕੋ ਤਖ਼ਤ ਸੱਚੀ ਦਰਗਾਹ ਅਰਥਾਤ ਸੱਚੀ ਨਯਾਇ ਸਭਾ ਹੈ, ਹੋਰ ਝੂਠੀਆਂ ਪਾਤਸ਼ਾਹੀਆਂ ਵਿਖੇ ਅਨੇਕਾਂ ਝਗੜੇ ਅਤੇ ਸੰਸੇ ਰਹਿੰਦੇ ਹਨ। ਸਾਧ ਸੰਗਤ ਦੀ ਪਾਤਸ਼ਾਹੀ ਸਦਾ ਅਟੱਲ, ਸੁਲਭ ਸਾਰੇ ਦੇਸ਼ਾਂ ਅਤੇ ਸਾਰੇ ਦਿਨਾਂ ਵਿਖੇ ਇਕ ਰਸ ਰਹਿਣ ਵਾਲੀ ਹੈ :

ਕਾਇਮੁ ਦਾਇਮ ਸਦਾ ਪਤਿਸਾਹੀ ।
ਦੋਮ ਨ ਸੇਮ ਏਕ ਸੋ ਆਹੀ ॥ (ਭਗਤ ਰਵਿਦਾਸ ਜੀ)

'ਮੀਰੀ ਅਤੇ ਪੀਰੀ' ਦਾ ਰਾਜਸੀ ਭਾਵ ਲੈਣਾ ਬਿਲਕੁਲ ਨਿਰਮੂਲ ਹੈ। ਇਹ ਪਾਤਸ਼ਾਹੀ ਧਰਤੀ ਦੇ ਕਿਸੇ ਵਿਸ਼ੇਸ਼ ਖ਼ਿਤੇ ਦੀ ਨਹੀਂ ਸਗੋਂ ਸ੍ਰਿਸ਼ਟੀ ਦੀ ਹੈ। ਇਸ ਪੱਧਰ ਦੀ ਪਹੁੰਚ ਦੀ ਆਤਮਕਤਾ ਧਰਤੀ ਤੇ ਸਵਰਗ ਦਾ ਸੰਦੇਸ਼ ਲੈ ਕੇ ਆਉਂਦੀ ਹੈ ਅਤੇ ਕਲਿਯੁਗ ਵਿਚ ਸਤਿਜੁਗ ਸਥਾਪਤ ਕਰਦੀ ਹੈ। ਪਰਮਾਤਮਾ ਦੀ ਸ਼ਹਿਨਸ਼ਾਹੀਅਤ ਦੀ ਇਸ ਧਰਤੀ ਤੇ ਹੋਂਦ (Kindom of God on earth) ਦਾ ਸੁਨੇਹਾ ਲੈ ਕੇ ਆਉਂਦੀ ਹੈ।

ਸਿੱਖੀ ਵਿਚਾਰਧਾਰਾ ਨੂੰ ਪ੍ਰਗਟ ਕਰਨ ਵਾਸਤੇ ਸਾਨੂੰ ਸਵੱਛ ਤੇ ਨਿਰਮਲ ਸ਼ਬਦਾਂ ਦੀ ਵਰਤੋਂ ਕਰਨੀ ਅਤੀ ਜ਼ਰੂਰੀ ਹੈ। ਗੁਰਮਤਿ ਸ਼ਬਦਾਵਲੀ ਵਿਚ ਸਾਨੂੰ ਉਹੀ ਸ਼ਬਦ ਚੁਣਨੇ ਚਾਹੀਦੇ ਹਨ, ਜਿਨ੍ਹਾਂ ਦਾ ਪਿਛੋਕੜ ਬੇਦਾਗ ਹੋਵੇ ਅਤੇ ਜਿਸ ਸ਼ਬਦ ਵਿਚੋਂ ਮਿੱਠੀ ਤੇ ਸਵੱਛ ਸੁਗੰਧੀ ਆਉਂਦੀ ਹੋਵੇ। ਰਹੀ ਗਲ ਸੁਮੇਲ ਦੀ, ਸੁਮੇਲ ਕੇਵਲ ਉਨ੍ਹਾਂ ਸ਼ਬਦਾਂ ਦਾ ਹੀ ਹੋ ਸਕਦਾ ਹੈ, ਜਿਨ੍ਹਾਂ ਵਿਚ ਕੋਈ ਅਜੋੜਤਾ ਨਾ ਹੋਵੇ ਜਿਵੇਂ ਗੰਗਾ-ਜਮਨਾ। ਦੋਵੇਂ ਪਵਿੱਤਰ ਅਤੇ ਮਹਾਨ ਨਦੀਆਂ ਹਨ। ਭਗਤੀ ਦਾ ਸੰਕਲਪ ਅਤੇ ਚਿੰਤਨ ਬੜਾ ਉਚਾ ਤੇ ਸੁੱਚਾ ਹੈ ਅਤੇ ਗੁਰੂ ਸਾਹਿਬਾਨ ਨੇ ਨਾਮ ਦੀ ਮਹਿਮਾ ਗਾਈ ਹੈ। ਨਾਮ ਵਿਚ ਆਪਣਾ ਹੀ ਰਸ ਹੈ। ਨਾਮ ਵਿਚੋਂ ਹੀ ਬਲ ਪੈਦਾ ਹੁੰਦਾ ਹੈ। ਇਸੇ ਸੱਚ ਨੂੰ ਧਰਮ ਅਤੇ ਨਿਆਂ ਲਈ ਵਰਤਿਆ ਜਾਂਦਾ ਹੈ ਕਿਉਂਕਿ ਇਸ ਬਲ ਦਾ ਸੋਮਾਂ ਨਾਮ ਹੀ ਹੈ, ਜੋ ਸਵੱਛਤਾ ਦਾ ਪ੍ਰਤੀਕ ਹੈ :

ਪ੍ਰਮਾ : ੳ. ਨਾਮ ਕੇ ਧਾਰੇ ਸਗਲੇ ਜੰਤ । (ਗਉੜੀ ਸੁਖਮਨੀ ਮ: ੫)
ਅ. ਨਾਉ ਤੇਰਾ ਨਿਰੰਕਾਰ ਹੈ ਨਾਇ ਲਇਐ ਨਰਕਿ ਨ ਜਾਈਐ ।
(ਵਾਰ ਆਸਾ ਮ. ੧)

ੲ. ਸਰਬ ਰੋਗ ਕਾ ਅਉਖਦੁ ਨਾਮ। ਕਲਿਆਣ ਰੂਪ ਮੰਗਲ ਗੁਣ ਗਾਮ।

(ਗਉੜੀ ਸੁਖਮਨੀ ਮ: ੫)

ਪਰ ਜਦੋਂ ਅਸੀਂ ਸ਼ਕਤੀ ਦੀ ਗਲ ਕਰਦੇ ਹਾਂ ਤਾਂ ਅਵੱਸ਼ ਹੀ ਸਾਡਾ ਧਿਆਨ ਉਨ੍ਹਾਂ ਰਾਜਸੀ ਸਖ਼ਸ਼ੀਅਤਾਂ ਦੇ ਬਹੁ-ਸ਼ਕਤੀ ਦੇ ਬਲ ਵਲ ਚਲਾ ਜਾਂਦਾ ਹੈ; ਜਿਨ੍ਹਾਂ ਨੇ ਸਮੇਂ ਸਮੇਂ ਇਸ ਬਲ ਨਾਲ ਭਾਰਤੀ ਜਨਤਾ ਨੂੰ ਆਪਣੇ ਪੈਰਾਂ ਨਾਲ ਲਿਤਾੜਿਆ। ਉਨ੍ਹਾਂ ਦਾ ਇਤਿਹਾਸਕ ਚਿੱਤਰ ਸਾਡੇ ਸਾਹਮਣੇ ਹੈ ਪਰ ਗੁਰੂ ਸਾਹਿਬ ਨੇ ਉਚਾਰਿਆ ਹੇ :

ਜੇ ਸਕਤਾ ਸਕਤੇ ਕਉ ਮਾਰੇ ਤਾ ਮਨ ਰੋਸੁ ਨ ਹੋਈ ॥

(ਆਸਾ ਮ: ੧)

ਸਿੱਖੀ ਦਾ ਬਲ ਅਤੇ ਤੇਜ ਭਗਤੀ ਤੋਂ ਹੀ ਉਪਜਦਾ ਹੈ ਅਤੇ ਇਸ ਦੇ ਗੁਣ ਵੀ ਭਗਤ-ਜਨਾਂ ਵਰਗੇ ਹੀ ਹਨ। ਸਿੱਖੀ ਦਾ ਆਤਮਕ ਬਲ ਹੀ ਸਾਡੀ ਸ਼ਕਤੀ (ਤਾਕਤ) ਹੈ ਅਤੇ ਸਾਨੂੰ ਹੋਰ ਕਿਸੇ ਸ਼ਕਤੀ ਨੂੰ ਭਗਤੀ ਨਾਲ ਸੁਮੇਲ ਕਰਨ ਦੀ ਵਿਸ਼ੇਸ਼ ਲੋੜ ਨਹੀਂ। ਕੀ ਸ੍ਰੀ ਗੁਰੂ ਨਾਨਕ ਸਾਹਿਬ ਘਟ ਬਲੀ ਸਨ; ਜਿਨ੍ਹਾਂ ਨੇ ਭਗਤੀ ਦੀ ਸ਼ਾਂਤ-ਮਈ ਖੜਗ ਪਕੜ ਕੇ ਲੋਕਾਈ ਨੂੰ ਸੋਧਿਆ ?

......ਬਾਬਾ ਦੇਖੇ ਧਯਾਨ ਧਰਿ, ਜਲਤੀ ਸਭਿ ਪ੍ਰਿਥਮੀ ਦਿਸ ਆਈ।
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣ ਧਰਤਿ ਲੁਕਾਈ (ਵਾਰ ਪਹਿਲੀ, ਪਉੜੀ ੨੪ ਵਿਚੋਂ)

ਸਿਖੀ ਭਗਤੀ ਦਾ ਮਾਰਗ ਹੈ ਇਸ ਦਾ ਤਾਂਤਰਕ ਮਤਿ ਨਾਲ ਕੋਈ ਮੇਲ ਨਹੀਂ।

ਸ਼ਕਤੀ ਕਿਨੈ ਨਾ ਪਾਇਓ, ਫਿਰਿ ਜਨਮਿ ਬਿਨਾਸਾ। (੧੦੯੦)

ਸਿਖ ਵਿਦਵਾਨ ਚਿੰਤਕਾਂ ਅਗੇ ਮੇਰੀ ਪ੍ਰਾਥਨਾ ਹੈ ਕਿ ਕਾਮ ਅਤੇ ਭ੍ਰਿਸ਼ਟਾਚਾਰ ਨਾਲ ਲਿਬੜੇ ਹੋਏ ਸ਼ਬਦ 'ਸ਼ਕਤੀ' ਨੂੰ 'ਭਗਤੀ' ਜਹੇ ਪਵਿੱਤਰ ਅਤੇ ਸੁੱਚੇ ਸਬਦ ਨਾਲ ਜੋੜ ਕੇ ਪ੍ਰਯੋਗ ਨਾ ਕਰਨ ਕਿਉਂਕਿ ਇਸ ਨਾਲ ਕਈ ਭੁਲੇਖੇ ਉਤਪੰਨ ਹੁੰਦੇ ਹਨ ਜੋ ਵਾਦ-ਵਿਵਾਦ ਦਾ ਕਾਰਨ ਬਣਦੇ ਹਨ। ਇਨ੍ਹਾਂ ਸ਼ਬਦਾਂ ਦੀ ਨਿਖੇੜਤਾ ਸਾਨੂੰ ਅਜਿਹੇ ਵਿਵਾਦਾਂ ਤੋਂ ਛੁਟਕਾਰਾ ਦਿਵਾ ਸਕਦੀ ਹੈ।

ਨਸ਼ੇ ਅਤੇ ਸਿੱਖ*

ਭਾਰਤ ਨੂੰ ਧਾਰਮਕ ਦੇਸ਼ ਹੋਣ ਦਾ ਮਾਣ ਪ੍ਰਾਪਤ ਹੈ । ਇਥੋਂ ਦੀਆਂ ਸਵੈ-ਸੰਜਮ, ਸਵੱਛ ਅਤੇ ਸਦਾਚਾਰੀ ਜੀਵਨ ਦੀਆਂ ਗਾਥਾਵਾਂ, ਸੰਸਾਰ ਵਿਚ ਫੈਲੀਆਂ ਹੋਈਆਂ ਸਨ । ਸਮੇਂ ਸਮੇਂ ਇਸ ਦੇਸ਼ ਦੇ ਮਹਾਨ ਚਿੰਤਕ, ਰਿਸ਼ੀ, ਸੰਤ-ਮਹਾਤਮਾਂ ਆਪਣੇ ਦੈਵੀ ਕਰਤਵਾਂ ਦਾ ਪ੍ਰਭਾਵ, ਭਾਰਤੀ ਸੰਸਕ੍ਰਿਤੀ ਵਿਚ ਸੰਮਿਲਤ ਕਰਦੇ ਰਹੇ । ਅਸਾਡੇ ਦੇਸ਼ ਦੇ ਬਹੁਤੇ ਧਰਮਾਂ ਨੇ, ਮਨ ਤੇ ਕਾਬੂ ਪਾਉਣ ਅਤੇ ਸਦਾਚਾਰਕ ਗੁਣਾਂ ਨੂੰ ਗ੍ਰਹਿਣ ਕਰਨ ਦਾ ਆਦਰਸ਼ ਦਿੱਤਾ । ਭਗਤੀ ਲਹਿਰ ਦੇ ਸੰਤਾਂ ਨੇ ਆਪਣੇ ਸਮੇਂ ਵਿਚ ਸੁਚੱਜਾ ਯੋਗਦਾਨ ਪਾਇਆ ।

ਪੰਜਾਬ ਗੁਰੂਆਂ ਦੀ ਧਰਤੀ ਹੈ । ਗੁਰੂਆਂ ਦੀ ਚਰਨ ਛੋਹ ਸਦਕਾ ਪੰਜਾਬੀਆਂ ਨੇ ਜਰਵਾਣਿਆਂ ਦੇ ਮੂੰਹ ਭੰਨ ਦਿਤੇ । ਇਸ ਧਰਤੀ ਤੇ ਗੁਰੂਆਂ ਦੇ ਪਵਿੱਤਰ ਨਾਮ ਦਾ ਸਿੱਕਾ ਚਲਦਾ ਹੈ ਅਤੇ ਉਨ੍ਹਾਂ ਦੇ ਉਚਰੇ ਸ਼ਬਦਾਂ ਦੀ ਸੁਗੰਧੀ ਸਭ ਦਿਸ਼ਾਵਾਂ ਵਿਚ ਫੈਲੀ ਹੋਈ ਹੈ । ਪਰ ਹੁਣ ਅਸੀਂ ਵੇਖ ਰਹੇ ਹਾਂ ਕਿ ਇਸ ਸੁਗੰਧੀ ਵਿਚ ਨਸ਼ਿਆਂ ਰੂਪੀ ਜ਼ਹਿਰ ਘੁਲ ਰਿਹਾ ਹੈ । ਇਸ ਜ਼ਹਿਰ ਦੇ ਮਾਰੂ ਅਸਰ ਨੂੰ ਸਮਝਦੇ ਹੋਏ ਵੀ, ਜੇਕਰ ਅਸੀਂ ਇਸ ਦੀ ਰੋਕਥਾਮ ਨਾ ਕਰ ਸਕੇ ਤਾਂ ਉਹ ਸਮਾਂ ਦੂਰ ਨਹੀਂ ਜਦੋਂ ਅਸੀਂ ਅਗੇ ਨਾਲੋਂ ਵੀ ਵਧੇਰੇ ਗ਼ਰੀਬੀ, ਬੀਮਾਰੀ ਦੀ ਜਿਲ੍ਹਣ ਵਿਚ ਲੱਕ ਲੱਕ ਧਸ ਜਾਵਾਂਗੇ । ਆਉਣ ਵਾਲੀਆਂ ਨਸਲਾਂ ਦਾ ਭਵਿੱਖ ਉਜਲਾ ਨਹੀਂ ਹੋਏਗਾ; ਜਿਸ ਦਾ ਸਿੱਧਾ ਅਸਰ ਸਾਡੀ ਸਮਾਜਕ, ਧਾਰਮਕ, ਵਿਦਿਅਕ ਅਤੇ ਆਰਥਕ ਜ਼ਿੰਦਗੀ ਤੇ ਪਏਗਾ ਅਤੇ ਹੁਣ ਵੀ ਪੈ ਰਿਹਾ ਹੈ ।

ਨਸ਼ਿਆਂ ਦੀ ਸਮੱਸਿਆ ਮਨੁੱਖ ਦੇ ਇਤਿਹਾਸ ਜਿੰਨੀ ਪੁਰਾਣੀ ਹੈ । ਸਾਰੇ ਭਾਰਤ ਵਿਚੋਂ ਪੰਜਾਬ ਸ਼ਰਾਬ ਦੀ ਖ਼ਪਤ ਵਿਚ ਸਭ ਤੋਂ ਅੱਗੇ ਹੈ ਅਤੇ ਇਸ ਦਾ ਬਠਿੰਡਾ ਜ਼ਿਲ੍ਹਾ, ਸ਼ਰਾਬ ਦੀ ਖਪਤ ਵਿਚ, ਏਸ਼ੀਆ ਵਿਚ ਪਹਿਲੇ ਨੰਬਰ ਤੇ ਹੈ । ਬਠਿੰਡੇ ਦਾ ਇਕੋ ਜ਼ਿਲ੍ਹਾ ਸਾਰੇ ਉਤਰ ਪ੍ਰਦੇਸ਼ ਦੀ ਸ਼ਰਾਬ ਦੀ ਖ਼ਪਤ ਨੂੰ ਵੀ ਮਾਤ ਪਾਉਂਦਾ ਦਿਸ ਰਿਹਾ ਹੈ । ਇਹ ਹੈਰਾਨੀਜਨਕ ਅੰਕੜੇ ਸਾਨੂੰ ਸੁਚੇਤ ਕਰਨ ਲਈ ਝੰਜੋੜ ਰਹੇ ਹਨ । ਹਰ ਬੀਮਾਰੀ ਦੀ ਜੜ੍ਹ ਹੁੰਦੀ ਹੈ ਅਤੇ ਬਹੁਤੇ ਰੋਗਾਂ ਦਾ ਇਲਾਜ ਵੀ ਹੈ । ਭਾਰਤ ਵਿਚ ਨਸ਼ਿਆਂ ਦੇ ਰੋਗ ਦਾ ਵੀ ਜ਼ਰੂਰ ਕੋਈ ਕਾਰਨ ਹੋਵੇਗਾ । ਸਾਡੀ ਰਾਇ ਵਿਚ ਇਸ ਗਿਰਾਵਟ ਦਾ ਮੂਲ ਕਾਰਨ ਸਾਡੀ ਧਾਰਮਕ

*ਇਹ ਲੇਖ ਕੇਂਦਰੀ ਸਿੰਘ ਸਭਾ ਦੇ ਸੁਲਤਾਨਪੁਰ ਸਮਾਗਮ ਵਿਚ ਪੜ੍ਹਿਆ ਗਿਆ ।

ਬਿਰਤੀ ਤੋਂ ਬੇਮੁੱਖਤਾ ਹੈ। ਧਾਰਮਕ ਗਿਰਾਵਟ ਕਰਕੇ ਆਚਰਣ ਨੀਵੇਂ ਪੱਧਰ ਤੇ ਜਾ ਰਿਹਾ ਹੈ ਅਤੇ ਸਮਾਜਕ ਢਾਂਚੇ ਵਿਚ ਉਲਝਣਾਂ ਪੈਦਾ ਹੋ ਗਈਆਂ ਹਨ।

ਪੰਜਾਬ ਸਰਕਾਰ ਦੇ, ਕੁਝ ਸਮਾਂ ਪਹਿਲਾਂ ਦੇ ਆਬਕਾਰੀ ਵਿਭਾਗ ਦੇ ਕਰ-ਅੰਕੜੇ ਹੈਰਾਨ ਕਰਨ ਵਾਲੇ ਸਨ। ਕੁਝ ਸਮੇਂ ਵਿਚ ਆਬਕਾਰੀ ਕਰ 29 ਕਰੋੜ ਸਾਲਾਨਾ ਤੋਂ ਵੱਧ ਕੇ 50 ਕਰੋੜ ਤੋਂ ਉਪਰ ਹੋ ਗਏ ਹਨ। ਗੰਭੀਰਤਾ ਨਾਲ ਸੋਚਿਆ ਜਾਵੇ ਤਾਂ ਇਹ ਵਧ ਰਹੇ ਆਮਦਨ-ਅੰਕੜੇ, ਨੁਕਸਾਨ-ਵੰਦ ਸਾਬਤ ਹੋ ਰਹੇ ਹਨ। ਜਿਵੇਂ ਕਿਸੇ ਅਯੋਗ ਧੰਦੇ ਦੀ ਆਮਦਨ ਵਿਚ ਦਿਨੋਂ ਦਿਨ ਵਾਧੇ ਕਾਰਨ ਧੰਦਾ ਕਰਨ ਵਾਲਾ ਫੁਲਿਆ ਨਹੀਂ ਸਮਾਂਦਾ; ਇਵੇਂ ਹੀ ਸਰਕਾਰਾਂ ਨੂੰ ਇਹ ਵਾਧਾ ਭੁਲੇਖਾ ਪਾਊ ਹੈ। ਕਾਲਾ ਧੰਦਾ ਕਰਨ ਵਾਲਾ ਇਹ ਨਹੀਂ ਸਮਝਦਾ ਕਿ ਇਸ ਦਾ ਪ੍ਰਤੀਕਰਮ ਉਸ ਦੇ ਸਬੰਧੀਆਂ ਅਤੇ ਬੱਚਿਆਂ ਤੇ ਮਾਰੂ ਹੁੰਦਾ ਹੈ। ਬੱਚੇ ਭ੍ਰਿਸ਼ਟਾਚਾਰੀ ਹੋ ਜਾਂਦੇ ਹਨ ਅਤੇ ਨਸ਼ੇ ਅਤੇ ਆਚਰਣਹੀਨ ਕੰਮ ਕਰਕੇ ਆਪਣੇ ਖ਼ਾਨਦਾਨ ਦੀ ਪੁਰਾਣੀ ਸਾਖ਼ ਨੂੰ ਧੱਕਾ ਮਾਰਦੇ ਹਨ। ਜਦੋਂ ਉਹ ਮਨੁੱਖ ਕਾਨੂੰਨ ਦੇ ਅੜਿਕੇ ਚੜ੍ਹ ਜਾਏ ਤਾਂ ਰੁਸਵਾਈ ਤੋਂ ਬਿਨਾਂ ਕੁਝ ਪਲੇ ਨਹੀਂ ਪੈਂਦਾ। ਸਮਾਜਕ ਵਿਗਿਆਨੀਆਂ ਦਾ ਅਨੁਮਾਨ ਹੈ ਕਿ ਜੋ ਰਕਮ ਸ਼ਰਾਬ ਕਾਰਨ ਸਰਕਾਰ ਦੇ ਖਜ਼ਾਨੇ ਵਿਚ ਅਪੜਦੀ ਹੈ; ਇਸ ਤੋਂ ਲਾਭ ਘੱਟ ਅਤੇ ਹਾਨੀ ਵਧੇਰੇ ਹੁੰਦੀ ਹੈ। ਦੰਗੇ ਫ਼ਸਾਦ ਵੱਧ ਜਾਂਦੇ ਹਨ। ਜਬਰਜਨਾਹ (ਬਲਾਤਕਾਰ) (ਜਬਰੀ-ਲਿੰਗ-ਸੰਜੋਗ) ਚੋਰੀਆਂ, ਡਾਕੇ ਦੀਆਂ ਵਾਰਦਾਤਾਂ ਵਿਚ ਭਾਰੀ ਵਾਧਾ ਹੁੰਦਾ ਹੈ। ਸਕੂਟਰ, ਕਾਰਾਂ, ਬੱਸਾਂ ਤੇ ਟਰੱਕਾਂ ਦੇ ਹਾਦਸਿਆਂ ਵਿਚ ਕਈ ਕੀਮਤੀ ਜਾਨਾਂ ਨਸ਼ਟ ਹੋ ਜਾਂਦੀਆਂ ਹਨ। ਕਰੋੜਾਂ ਰੁਪਏ ਦੀ ਆਮਦਨ ਇਕ ਕੀਮਤੀ ਜਾਨ ਦੇ ਤੁਲ ਨਹੀਂ ਅਤੇ ਇਉਂ ਜੋ ਖ਼ਸਾਰਾ (ਹਾਨੀ) ਹੁੰਦਾ ਹੈ, ਉਹ ਕਿਸੇ ਕੀਮਤ ਤੇ ਪੂਰਾ ਨਹੀਂ ਹੋ ਸਕਦਾ। ਹਸਪਤਾਲਾਂ ਵਿਚ ਫਟੜਾਂ ਦਾ ਦਾਖ਼ਲਾ ਵੱਧ ਹੋਣ ਕਾਰਨ, ਖ਼ਰਚ ਵਧੇਰੇ ਕਰਨਾ ਪੈਂਦਾ ਹੈ। ਪੁਲਿਸ-ਭਰਤੀ ਵਧ ਜਾਂਦੀ ਹੈ ਤਾਂ ਜੋ ਚੋਰੀਆਂ ਅਤੇ ਰਾਹਜ਼ਨੀਆਂ (ਲੁਟਮਾਰ) ਆਦਿ ਜੁਰਮਾਂ ਦੀ ਰੋਕ ਕੀਤੀ ਜਾ ਸਕੇ। ਸ਼ਰਾਬ ਦੇ ਅਸਰ ਹੇਠਾਂ ਸਮਗਲਿੰਗ ਦੇ ਧੰਦੇ ਨੂੰ ਬੜਾਵਾ ਮਿਲਦਾ ਹੈ, ਇਸ ਕਾਰਨ, ਕੌਮ ਦਾ ਜੋ ਨੁਕਸਾਨ ਹੁੰਦਾ ਹੈ, ਉਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ।

ਨਸ਼ਿਆਂ ਵਿਚੋਂ ਸ਼ਰਾਬ ਦਾ ਨਸ਼ਾ ਪ੍ਰਧਾਨ ਹੈ। ਸ਼ਰਾਬ ਸਾਡੀਆਂ ਮਿਥਿਹਾਸਕ ਗਾਥਾਵਾਂ ਵਿਚ, ਚੌਦਾਂ ਰਤਨਾਂ ਵਿਚੋਂ ਇਕ ਮੰਨੀ ਗਈ ਹੈ। ਸ਼ਾਕਤ (ਤਾਂਤ੍ਰਿਕ) ਮਤ ਅਨੁਸਾਰ ਸ਼ਰਾਬ, ਪੰਜ ਮੱਕਾਰਾਂ ਵਿਚੋਂ ਪ੍ਰਧਾਨ ਮੱਕਾਰ ਹੈ। ਸ਼ਾਕਤ ਮਤ ਵਾਲੇ ਇਸ ਦੀ ਵਰਤੋਂ ਧਾਰਮਕ ਅੰਗ ਸਮਝ ਕੇ ਕਰਦੇ ਹਨ। ਪੁਰਾਤਨ ਗਾਥਾ ਅਨੁਸਾਰ ਜਦੋਂ ਸਮੁੰਦਰ ਰਿੜਕਿਆ ਗਿਆ ਤਾਂ ਦੇਵਤਿਆਂ ਨੇ ਬੜੀ ਹੁਸ਼ਿਆਰੀ ਨਾਲ ਸ਼ਰਾਬ ਦੈਂਤਾਂ ਵਿਚ ਵੰਡਣ ਦਾ ਯਤਨ ਕੀਤਾ। ਰਤਨਾਂ ਵਿਚੋਂ ਨਿਕਲਿਆ ਹੋਇਆ ਅੰਮ੍ਰਿਤ ਦੇਵਤਿਆਂ ਨੇ ਆਪਣੇ ਲਈ ਰਾਖਵਾਂ ਰਖਣ ਦਾ ਉਪਰਾਲਾ ਕੀਤਾ। ਗੁਰਬਾਣੀ ਵਿਚ ਸੱਤੇ ਬਲਵੰਡ ਨੇ ਅਲੰਕਾਰਕ ਰੂਪ ਵਿਚ ਇਸ ਮਿਥਿਹਾਸ ਦੀ ਸਾਖ਼ ਭਰੀ ਹੈ:

ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ ॥

ਚਉਦਹ ਰਤਨ ਨਿਕਾਲਿਅਨੁ ਕਰਿ ਆਵਾਗਉਣੁ ਚਿਲਕਿਓਨੁ ॥ (੯੬੭)

ਮਨੁਖ ਜਾਤੀ ਵਿਚ ਸ਼ਰਾਬ ਦੀ ਵਰਤੋਂ ਮਨੁਖ ਦੇ ਇਸ ਸੰਸਾਰ ਵਿਚ ਆਉਣ ਤੋਂ ਹੀ ਮੰਨੀ ਗਈ ਹੈ। ਕਈ ਵਿਚਾਰਵਾਨਾਂ ਦਾ ਵਿਚਾਰ ਹੈ ਕਿ ਸ਼ਰਾਬ ਦਾ ਪ੍ਰਯੋਗ ਲਖਾਂ ਸਾਲਾਂ ਤੋਂ ਹੋ ਰਿਹਾ ਹੈ। ਡਾਕਟਰ ਮੰਨਦੇ ਹਨ ਕਿ ਸ਼ਰਾਬ ਦਾ ਮਾਰੂ ਪ੍ਰਭਾਵ ਸਰੀਰ ਤੇ ਦਿਮਾਗ਼ ਤੇ ਪੈਂਦਾ ਹੈ।

ਸ਼ਰਾਬ ਦੋ ਮੁੱਖ ਸ਼ਰੇਣੀਆਂ ਵਿਚ ਵੰਡੀ ਜਾ ਸਕਦੀ ਹੈ :

ੳ. **ਮਿਥਾਈਲ ਅਲਕੋਹਲ** : ਇਹ ਲਕੜ ਨੂੰ ਕਸ਼ੀਦ ਕੇ ਬਣਾਈ ਜਾਂਦੀ ਹੈ ਅਤੇ ਆਮ ਉਦਯੋਗਿਕ ਧੰਦਿਆਂ ਵਿਚ ਵਰਤੀ ਜਾਂਦੀ ਹੈ। ਬਜ਼ਾਰ ਵਿਚ ਜੋ ਮੈਥੀਲੇਟਿਡ ਸਪਿਰਟ ਮਿਲਦੀ ਹੈ; ਉਸ ਵਿਚ ਦਸ ਪ੍ਰਤੀਸ਼ਤ ਵੁਡ ਸਪਿਰਟ ਤੇ ਪੈਰਾਫ਼ੀਨ ਦਾ ਤੇਲ ਹੁੰਦਾ ਹੈ। ਇਸ ਕਾਰਨ ਇਹ ਪੀਣੀ ਬਹੁਤ ਹੀ ਹਾਨੀਕਾਰਕ ਹੁੰਦੀ ਹੈ।

ਅ. **ਈਥਲ ਅਲਕੋਹਲ** : ਜਦੋਂ ਇਹਦੇ ਵਿਚੋਂ ਪਾਣੀ ਨੂੰ ਪੂਰੇ ਤੌਰ ਤੇ ਖ਼ਾਰਜ ਕੀਤਾ ਜਾਂਦਾ ਹੈ ਅਤੇ ਇਹ ਸਭ ਮਿਲਾਵਟ ਤੋਂ ਪਾਕ ਹੁੰਦੀ ਹੈ ਤਾਂ ਇਸ ਨੂੰ **ਐਬਸੋਲਿਊਟ ਅਲਕੋਹਲ** ਕਿਹਾ ਜਾਂਦਾ ਹੈ ਅਤੇ ਇਹ ਖੋਜ-ਲਿਬ੍ਰਾਟਰੀਆਂ ਵਿਚ ਵਰਤੀ ਜਾਂਦੀ ਹੈ। **ਈਥਲ ਅਲਕੋਹਲ** ਹੀ ਆਮ ਤੌਰ ਤੇ ਪੀਣ ਦੇ ਕੰਮ ਆਉਂਦੀ ਹੈ। ਇਸ ਦੀਆਂ ਵੀ ਅਗੋਂ ਦੋ ਸ਼ਰੇਣੀਆਂ ਹੁੰਦੀਆਂ ਹਨ। ਇਕ ਉਹ ਜਿਨ੍ਹਾਂ ਨੂੰ ਭੱਠੀ ਚਾੜ੍ਹਕੇ ਅਰਕ (ਸਪਿਰਟ) ਕਢਿਆ ਹੁੰਦਾ ਹੈ। ਇਹਦੇ ਵਿਚ ਅਲਕੋਹਲ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਸ ਸ਼ਰੇਣੀ ਵਿਚ ਰੱਮ, ਬ੍ਰਾਂਡੀ ਵਿਸਕੀ ਅਤੇ ਦੇਸੀ ਸ਼ਰਾਬ ਆਉਂਦੀ ਹੈ। ਵਿਸਕੀ ਮਾਲਟ (ਜੌਂ ਦੇ ਅੰਕੁਰ) ਤੋਂ ਬਣਦੀ ਹੈ। ਦੂਜੀ ਸ਼ਰੇਣੀ ਵਿਚਲੀ ਸ਼ਰਾਬ, ਜਿਸ ਨੂੰ **ਵਾਈਨ** ਆਖਦੇ ਹਨ, ਨੂੰ ਭੱਠੀ ਨਹੀਂ ਚਾਹੜਿਆ ਜਾਂਦਾ। ਇਨ੍ਹਾਂ ਵਿਚ ਅਲਕੋਹਲ ਦੀ ਮਾਤਰਾ ਘਟ ਹੁੰਦੀ ਹੈ। ਅੰਗਰੇਜ਼ੀ **ਵਾਈਨ ਅਤੇ ਬੀਅਰ** ਇਸੇ ਪ੍ਰਵਾਰ ਵਿਚੋਂ ਹਨ। ਵਾਈਨ ਵਿਚ ਅੱਠ ਤੋਂ ਸਤਾਰਾਂ ਪ੍ਰਤੀਸ਼ਦ ਅਤੇ ਬੀਅਰ ਵਿਚ ਤਿੰਨ ਤੋਂ ਸੱਤ ਪ੍ਰਤੀਸ਼ਦ ਅਲਕੋਹਲ ਦੀ ਮਾਤਰਾ ਹੁੰਦੀ ਹੈ।

ਪਿਛਲੇ ਕੁਝ ਸਾਲਾਂ ਤੋਂ ਸਿਹਤ-ਵਿਗਿਆਨੀਆਂ ਨੇ ਪ੍ਰਯੋਗਸ਼ਾਲਾਵਾਂ ਵਿਚ ਤਜਰਬੇ ਕਰਕੇ ਮਨੁੱਖੀ ਸਰੀਰ ਉਪਰ ਸ਼ਰਾਬ ਦੇ ਅਸਰਾਂ ਦੀ ਜਾਂਚ ਪੜਤਾਲ ਕੀਤੀ ਹੈ। ਜਿਸ ਦੇ ਸਿੱਟੇ ਵਜੋਂ ਕਈ ਤੱਥ ਸਪਸ਼ਟ ਹੁੰਦੇ ਹਨ।

ਸ਼ਰਾਬ ਪੀਣ ਪਿਛੋਂ ਮਿਹਦੇ ਤੇ ਆਂਦਰਾਂ ਵਿਚੋਂ, ਲਹੂ ਵਿਚ ਪੰਜਾਂ ਮਿੰਟਾਂ ਦੇ ਅੰਦਰ ਹੀ ਰਚ ਜਾਂਦੀ ਹੈ। ਜਲਦੀ ਹੀ ਪੂਰੇ ਜੋਬਨ ਵਿਚ ਆਕੇ ਆਪਣਾ ਅਸਰ ਵਿਖਾਉਂਦੀ ਹੈ। ਇਹ ਸਰੀਰ ਵਿਚੋਂ ਪਿਸ਼ਾਬ ਅਤੇ ਸਾਹ ਰਸਤੇ ਖ਼ਾਰਜ ਹੁੰਦੀ ਰਹਿੰਦੀ ਹੈ। ਵਿਦੇਸ਼ਾਂ ਵਿਚ ਇਕ ਅਜਿਹਾ ਯੰਤਰ ਮਨੁਖੀ ਸਾਹ ਦੇ ਸਾਹਮਣੇ ਰਖਿਆ ਜਾਂਦਾ ਹੈ; ਜਿਸ ਨਾਲ ਅਲਕੋਹਲ ਦੀ ਲਹੂ ਵਿਚ ਰਚਨ-ਮਾਤਰਾ ਦਾ ਅਨੁਮਾਨ ਹੋ ਜਾਂਦਾ ਹੈ। ਸ਼ਰਾਬ, ਸਰੀਰ ਦੇ ਸੂਝਕ-ਪ੍ਰਬੰਧ ਦੀ ਸੁਚੇਤਤਾ ਨੂੰ ਘਟਾਉਂਦੀ ਹੈ। ਇਸ ਕਾਰਨ ਮਨੁੱਖ ਆਪਣੇ ਆਪ ਨੂੰ ਖੁਲ੍ਹਾ ਡੁਲ੍ਹਾ ਮਹਿਸੂਸ ਕਰਦਾ ਹੈ ਅਤੇ ਕੁਝ ਸਮੇਂ ਲਈ ਘੁਟਿਆ ਘੁਟਿਆ ਨਹੀਂ ਰਹਿੰਦਾ।

ਦਿਲ ਦੀ ਚਾਲ ਤਿੱਖੀ ਹੋ ਜਾਂਦੀ ਹੈ; ਲਹੂ ਦੀਆਂ ਨਾੜਾਂ ਖੁਲ੍ਹ ਜਾਂਦੀਆਂ ਹਨ; ਇਸ ਤਰ੍ਹਾਂ ਸਰੀਰ ਵਿਚ ਨਿੱਘ ਆ ਜਾਂਦੀ ਹੈ। ਜਿਗਰ ਤੇ ਇਸ ਦਾ ਬਹੁਤ ਮਾਰੂ ਅਸਰ ਹੁੰਦਾ ਹੈ। ਇਹਦੀ ਨਿਤ-ਵਰਤੋਂ ਕਾਰਨ ਤੀਖਣ ਸੋਚ ਘਟ ਜਾਂਦੀ ਹੈ। ਪੁਰਸ਼ ਪੀਣ ਤੋਂ ਕੁਝ ਚਿਰ ਤਕ ਚੰਗਾ ਚੰਗਾ ਅਤੇ ਖੁਲ੍ਹਾ ਖੁਲਾਸਾ ਮਹਿਸੂਸ ਕਰਦਾ ਹੈ ਪਰ ਸੂਝ ਬੂਝ ਵਿਚ ਫ਼ਰਕ ਆ ਜਾਂਦਾ ਹੈ। ਪੱਠਿਆਂ ਦੀ ਕੋਮਲ ਅਤੇ ਉਚਤਮ ਹਰਕਤ ਵਿਚ ਪਹਿਲਾਂ ਪਹਿਲ ਕੁਝ ਵਿਗਾੜ ਪੈਂਦਾ ਹੈ ਅਤੇ ਫਿਰ ਪੱਠਿਆਂ ਦੇ ਨਿਤ ਕੰਮ ਦੀ ਸ਼ਕਤੀ ਢਿਲੀ ਹੋ ਜਾਂਦੀ ਹੈ। ਅੰਤ ਵਿਚ ਸ਼ਰਾਬੀ ਨੀਮ ਬੇਹੋਸ਼ੀ ਜਾਂ ਬੇਹੋਸ਼ੀ ਦੀ ਦਿਸ਼ਾ ਵਲ ਢਿਲਕ ਜਾਂਦਾ ਹੈ।

ਇਕ ਖੋਜੀ ਸੰਸਥਾ ਇਸ ਸਿੱਟੇ ਤੇ ਪੁਜੀ ਹੈ ਕਿ ਸ਼ਰਾਬ ਦੀ ਥੋੜੀ ਵਰਤੋਂ (ਕੇਵਲ ਇਕ ਪੈੱਗ) ਵੀ ਕਾਰ ਸਕੂਟਰ, ਬੱਸ ਦੇ ਚਾਲਕ ਦੀ ਯੋਗਤਾ ਵਿਚ ਫ਼ਰਕ ਪਾ ਦੇਂਦੀ ਹੈ। ਜੇਕਰ ਸ਼ਰਾਬ ਵਧੇਰੇ ਪੀਤੀ ਹੋਵੇ ਤਾਂ ਇਹ ਯੋਗਤਾ ਬਿਲਕੁਲ ਨਸ਼ਟ ਹੋ ਜਾਂਦੀ ਹੈ।

ਸ਼ਰਾਬੀ ਖਾਣ ਪੀਣ ਵਿਚ ਸਾਵਧਾਨੀ ਨਹੀਂ ਵਰਤਦਾ। ਚੋਖੀ ਸ਼ਰਾਬ ਪੀਣ ਵਾਲੇ ਵਿਅਕਤੀ ਦੇ ਸਰੀਰ ਉਪਰ ਸਮਾਂ ਪਾ ਕੇ, ਸ਼ਰਾਬ ਦਾ ਹਾਨੀਕਾਰਕ ਪ੍ਰਭਾਵ ਹੁੰਦਾ ਹੈ।

ਦਿਲ ਤੇ ਪ੍ਰਭਾਵ : ਦਿਲ ਦੀਆਂ ਲਹੂ ਨਾੜਾਂ (ਕਾਰੋਨਰੀ) ਤੇ ਸ਼ਰਾਬ ਦਾ ਬਹੁਤ ਮਾਰੂ ਅਸਰ ਪੈਂਦਾ ਹੈ। ਲਹੂ ਵਿਚ ਵਿਸ਼ੇਸ਼ ਭਾਂਤ ਦੀ ਚਰਬੀ ਵੱਧ ਜਾਂਦੀ ਹੈ। ਦਿਲ ਦੇ ਪੱਠੇ ਕਮਜ਼ੋਰ ਹੋ ਜਾਂਦੇ ਹਨ। ਕੈਲਸ਼ੀਅਮ ਸਾਲਟ ਦੇ ਉਤਰਾਅ ਚੜ੍ਹਾਅ ਵਿਚ ਬੇ-ਤਰਤੀਬੀ ਹੋ ਜਾਂਦੀ ਹੈ। ਦਿਲ ਦੇ ਪੱਠੇ ਕਮਜ਼ੋਰ ਹੋ ਜਾਂਦੇ ਹਨ। ਇਸ ਤਰ੍ਹਾਂ ਕੀਮੀਆਈ ਸ਼ਕਤੀ ਵਿਗੜਨ ਕਾਰਨ ਦਿਲ ਦੇ ਪੱਠਿਆਂ ਦੇ ਸੈਲ ਮਾੜੇ ਅਸਰ ਹੇਠ ਆ ਜਾਂਦੇ ਹਨ ਕੁਝ ਵਿਅਕਤੀਆਂ ਨੇ ਤਜ਼ਰਬਾ ਕਰਨ ਲਈ ਆਪਣੇ ਆਪ ਨੂੰ ਸਮਰਪਤ ਕੀਤਾ। ਉਨ੍ਹਾਂ ਦੇ ਖਾਣ ਲਈ ਚੰਗੇ ਚੋਖੇ ਭੋਜਨ ਦਾ ਪ੍ਰਬੰਧ ਕੀਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਲਈ ਹਦਾਇਤ ਸੀ ਕਿ ਇਕ ਲਿਟਰ ਤੋਂ ਕੁਝ ਘੱਟ ਰੋਜ਼ਾਨਾ ਵਿਸਕੀ ਪੀਣ। ਚਾਰ ਹਫ਼ਤਿਆਂ ਪਿਛੋਂ ਦਿਲ ਦੇ ਪੱਠਿਆਂ ਦੀ ਜਾਂਚ ਕਰਨ ਤੇ ਪੱਠੇ ਨਿਰਬਲ ਪਾਏ ਗਏ ਅਤੇ ਇਹ ਅਸਰ ਛੇ ਮਹੀਨੇ ਤਕ ਰਿਹਾ।

ਦਿਮਾਗ਼ ਤੇ ਪ੍ਰਭਾਵ : ਸੂਖ਼ਮ-ਕੋਮਲ, ਦਿਮਾਗ਼ ਦੀ ਪ੍ਰਤੀਯੋਗਤਾ ਖ਼ਤਮ ਹੋ ਜਾਂਦੀ ਹੈ। ਯਾਦਾਸ਼ਤ ਅਤੇ ਸਿਖਣ-ਸ਼ਕਤੀ ਤੇ ਮਾੜਾ ਅਸਰ ਪੈਂਦਾ ਹੈ। ਪੁਰਸ਼ ਦੀ ਸਾਵਧਾਨੀ ਨਾਲ ਸਹੀ ਸਿੱਟੇ ਤੇ ਪੁਜਣ ਸ਼ਕਤੀ ਵੀ ਨਸ਼ਟ ਹੋ ਜਾਂਦੀ ਹੈ। ਨਤੀਜੇ ਵਜੋਂ ਜ਼ਿੰਦਗੀ ਚਲਾਉਣ ਵਾਲੇ ਤੱਤਾਂ ਦੀ ਘਾਟ ਉਤਪੰਨ ਹੋ ਜਾਂਦੀ ਹੈ। ਜਿਨ੍ਹਾਂ ਸ਼ਰਾਬੀਆਂ ਨੂੰ ਸੰਤੁਲਤ ਭੋਜਨ ਦੀ ਵੀ ਘਾਟ ਹੋਵੇ; ਉਨ੍ਹਾਂ ਤੇ ਅਜਿਹੇ ਅਸਰ ਵਧੇਰੇ ਪ੍ਰਗਟ ਹੁੰਦੇ ਹਨ।

ਇਸ ਤੋਂ ਇਲਾਵਾ ਸ਼ਰਾਬ ਦੇ ਪ੍ਰਤੀਕਰਮ ਵਜੋਂ ਕਮਕੋਸੀ (ਅਰਥਾਤ ਦਲਿੱਦਰ—ਲਗਾਤਾਰ ਅਤੇ ਪੂਰਾ ਕੰਮ ਨਾ ਕਰ ਸਕਣਾ) ਪੈਦਾ ਹੁੰਦੀ ਹੈ। ਇਸ ਤਰ੍ਹਾਂ ਸਰਕਾਰ ਦੇ ਖ਼ਜ਼ਾਨੇ ਤੇ ਵਾਧੂ ਬੋਝ ਪੈਂਦਾ ਹੈ। ਇਨ੍ਹਾਂ ਖਰਚਾਂ ਦੀ ਪੂਰਤੀ ਆਮ ਤੌਰ ਤੇ ਜਨਤਾ ਨੂੰ ਹਰ ਸਾਲ ਕਰਾਂ ਦੇ ਵਾਧੇ ਰਾਹੀਂ ਭੁਗਤਣੀ ਪੈਂਦੀ ਹੈ। ਨਸ਼ਿਆਂ ਦੀ ਵਰਤੋਂ ਆਚਰਣ ਅਤੇ

ਸਿਹਤ ਦੋਹਾਂ ਦਾ ਨਾਸ ਕਰਦੀ ਹੈ ਅਤੇ ਵਿਅਕਤੀ ਦੇ ਕੰਮ ਕਰਨ ਦੀ ਸ਼ਕਤੀ ਬਹੁਤ ਹੱਦ ਤਕ ਘੱਟ ਜਾਂਦੀ ਹੈ। ਮੇਰਾ ਅਨੁਮਾਨ ਹੈ ਕਿ ਸ਼ਰਾਬ ਤੋਂ ਕਮਾਇਆ ਹੋਇਆ ਇਕ ਰੁਪਿਆ, ਇਸ ਤੋਂ ਪੈਦਾ ਹੋਏ ਪ੍ਰਤੀ-ਕਰਮਾਂ ਉਪਰ ਚਾਰ ਪੰਜ ਰੁਪਏ ਤੋਂ ਵੱਧ ਹੀ ਖਰਚ ਕਰਵਾਉਂਦਾ ਹੈ। ਹਰ ਤਰ੍ਹਾਂ ਦੇ ਜੁਰਮ ਸ਼ਰਾਬ ਦੇ ਪ੍ਰਭਾਵ ਹੇਠਾਂ ਹੀ ਹੁੰਦੇ ਹਨ। ਜਸਟਿਸ ਟੇਕ ਚੰਦ ਨੇ ਆਪਣੀ ਰਿਪੋਰਟ ਵਿਚ ਦਸਿਆ ਹੈ ਕਿ ਸ਼ਰਾਬ ਪੀਣ ਕਾਰਨ ਕਈ ਤਰ੍ਹਾਂ ਦੇ ਦੰਗੇ-ਫ਼ਸਾਦ, ਦੁਰ-ਘਟਨਾਵਾਂ, ਬੀਮਾਰੀਆਂ, ਤਲਾਕ ਅਤੇ ਦੁਰਾਚਾਰ ਦੇ ਕੇਸ ਅਦਾਲਤਾਂ ਵਿਚ ਪੁਜਦੇ ਹਨ। ਇਹ ਘਟਨਾਵਾਂ ਬਹੁਤ ਸ਼ਰਾਬ ਦੀ ਵਰਤੋਂ ਕਰਕੇ, ਵਧੇਰੇ ਹੁੰਦੀਆਂ ਹਨ।

ਸ਼ਰਾਬ ਪੀ ਕੇ ਕੀਤੇ ਜਾਣ ਵਾਲੇ ਜੁਰਮਾਂ ਦੇ ਕੁਝ ਕੁ ਅਕੜੇ, ਜੋ ਪੁਲੀਸ ਪਾਸ ਦਰਜ ਹਨ ਪੇਸ਼ ਕੀਤੇ ਜਾਂਦੇ ਹਨ :

ੳ. ਦੁਰਘਟਨਾਵਾਂ : 71 ਪ੍ਰਤੀਸ਼ਤ ਸ਼ਰਾਬੀਆਂ ਦੁਆਰਾ ਹੁੰਦੀਆਂ ਹਨ।
ਅ. ਵਿਭਚਾਰ ਕਰਨ ਵਾਲਿਆਂ ਵਿਚ 60 ਪ੍ਰਤੀਸ਼ਤ ਸ਼ਰਾਬੀ ਹੁੰਦੇ ਹਨ।
ੲ. 65 ਪ੍ਰਤੀਸ਼ਤ ਚੋਰੀ ਦੇ ਕੇਸ।
ਸ. 69 ਪ੍ਰਤੀਸ਼ਤ ਜਬਰ ਜਨਾਹ (ਅਣ-ਇਛਤ ਜਬਰੀ ਸੰਭੋਗ) ਬਲਾਤਕਾਰ।
ਹ. 74 ਪ੍ਰਤੀਸ਼ਤ ਡਾਕੇ
ਕ. 70 ਪ੍ਰਤੀਸ਼ਤ ਸੰਨ੍ਹਾਂ ਲਾਉਣ ਦੇ ਕੇਸ
ਖ. 83 ਪ੍ਰਤੀਸ਼ਤ ਦੰਗੇ-ਫ਼ਸਾਦ ਵਿਚ ਫੱਟੜ ਹੋਣ ਵਾਲੇ
ਗ. 85 ਪ੍ਰਤੀਸ਼ਤ ਬੰਦੂਕ ਤੇ ਪਿਸਤੌਲ ਦੀ ਵਰਤੋਂ ਕਾਰਨ ਹਾਦਸੇ।
ਘ. 95 ਪ੍ਰਤੀਸ਼ਤ ਤੇਜ਼ ਧਾਰ ਹਥਿਆਰਾਂ ਦੀ ਵਰਤੋਂ ਦੁਆਰਾ ਫੱਟੜ।
ਙ. 90 ਪ੍ਰਤੀਸ਼ਤ ਸ਼ਰਾਬੀ ਮਾਤਾ ਪਿਤਾ ਆਪਣੇ ਬੱਚਿਆਂ ਵਲੋਂ ਅਣਗਹਿਲੀ ਕਰਕੇ ਚੰਗੀ ਪਾਲ-ਪੋਸ ਨਹੀਂ ਕਰਦੇ।

ਇਨ੍ਹਾਂ ਅੰਕੜਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਸਮਾਜਕ ਬੁਰਾਈਆਂ ਤੇ ਜੁਰਮ ਸ਼ਰਾਬੀ ਨਿਝੱਕ ਹੋ ਕੇ ਕਰਦਾ ਹੈ।

ਮਾੜੀ ਸ਼ਰਾਬ ਪੀ ਕੇ ਹਾਦਸਿਆਂ ਅਤੇ ਮੌਤਾਂ ਦੀਆਂ ਖ਼ਬਰਾਂ ਨਿੱਤ ਅਖ਼ਬਾਰਾਂ ਵਿਚ ਛਪਦੀਆਂ ਰਹਿੰਦੀਆਂ ਹਨ। ਜੁਲਾਈ, 1976 ਦੇ ਪਹਿਲੇ ਹਫ਼ਤੇ ਵਿਚ ਇਸੇ ਤਰ੍ਹਾਂ ਦੀ ਇਕ ਖ਼ਬਰ, ਮਦਰਾਸ ਵਿਚ ਸ਼ਰਾਬ ਪੀ ਕੇ ਮਰਨ ਵਾਲਿਆਂ ਬਾਰੇ ਛਪੀ ਸੀ। ਲਗਪਗ 110 ਸ਼ਰਾਬੀ, ਮਿਲਾਵਟੀ ਸ਼ਰਾਬ ਪੀ ਕੇ ਮਰ ਗਏ ਅਤੇ ਕੋਈ 100 ਤੋਂ ਉਪਰ ਵਿਅਕਤੀ ਮਦਰਾਸ ਦੇ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਗੰਭੀਰ ਹਾਲਤ ਅਧੀਨ ਦਾਖ਼ਲ ਕੀਤੇ ਗਏ। ਸ਼ਹਿਰ ਦੇ ਹੋਰ ਹਸਪਤਾਲਾਂ ਅਤੇ ਐਮਰਜੈਂਸੀ ਵਾਰਡਾਂ ਵਿਚ ਵੀ ਜ਼ਹਿਰੀਲੀ ਸ਼ਰਾਬ ਪੀ ਕੇ ਬੇਹੋਸ਼ ਹੋਣ ਵਾਲਿਆਂ ਦਾ ਦਾਖ਼ਲਾ ਵਧਦਾ ਗਿਆ।

ਕੁਝ ਕੁ ਸਾਲ ਪਹਿਲਾਂ ਤਰਨ ਤਾਰਨ, ਅੰਮ੍ਰਿਤਸਰ ਵਾਲੀ ਸੜਕ ਤੇ ਇਕ ਸ਼ਰਾਬੀ

ਜੰਞ ਦੀ ਟਰਾਲੀ ਦੇ ਦੁਰਘਟਨਾ ਗ੍ਰਹਿਸਤ ਹੋਣ ਦੀ ਖ਼ਬਰ ਵੀ ਅਖ਼ਬਾਰਾਂ ਵਿਚ ਪੜ੍ਹੀ ਗਈ ਸੀ। ਇਹ ਬਹੁਤ ਹੀ ਦੁਖਦਾਈ ਘਟਨਾ ਸੀ। ਪੰਜਾਬ ਸਰਕਾਰ ਅਤੇ ਰੈੱਡ ਕਰਾਸ ਸੰਸਥਾ ਨੇ ਸਬੰਧਤ ਆਸਰਿਤ ਪ੍ਰਵਾਰਾਂ ਦੀ ਮਾਇਕ ਸਹਾਇਤਾ ਵੀ ਕੀਤੀ।

ਨੇਤਰ ਰੋਗ ਮਾਹਰ ਹੋਣ ਕਰਕੇ, ਮੇਰੇ ਪਾਸ ਕਈ ਅਜਿਹੇ ਰੋਗੀ ਆਉਂਦੇ ਹਨ, ਜਿਹੜੇ ਸ਼ਰਾਬ ਦੀ ਵਰਤੋਂ ਕਾਰਨ ਜਾਂ ਤਾਂ ਆਪਣੀ ਨਜ਼ਰ ਬਹੁਤ ਹੱਦ ਤਕ ਘਟਾ ਚੁਕਦੇ ਹਨ ਜਾਂ ਹਮੇਸ਼ਾ ਲਈ ਅੱਖਾਂ ਦੀ ਜੋਤ ਗੁਆ ਬੈਠਦੇ ਹਨ।

ਕੁਝ ਕੁ ਮਹੀਨੇ ਪਹਿਲਾਂ ਇਕ ਪੁਰਸ਼ ਨੂੰ ਜੋ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਅੰਮ੍ਰਿਤਸਰ ਦੇ ਬਾਹਰ ਚਾਹ ਦੀ ਦੁਕਾਨ ਕਰਦਾ ਸੀ, ਮੇਰੇ ਪਾਸ, ਸ਼ਰਾਬ ਪੀਣ ਤੋਂ ਅੱਠ ਦਸ ਘੰਟੇ ਬਾਅਦ ਲਿਆਂਦਾ ਗਿਆ। ਸ਼ਰਾਬ ਉਸ ਦੇ ਸਰੀਰ ਤੇ ਬੜੀ ਜਲਦੀ ਅਸਰ ਕਰ ਚੁਕੀ ਸੀ ਅਤੇ ਅੱਖਾਂ ਵੀ ਇਸ ਦੇ ਅਸਰ ਹੇਠ ਬੱਚ ਨਾ ਸਕੀਆਂ। ਉਹ ਇਕਦਮ ਅੰਨ੍ਹਾਂ ਹੋ ਗਿਆ ਸੀ। ਉਸ ਨੂੰ ਹਸਪਤਾਲ ਦਾਖ਼ਲ ਕਰਾ ਦੇਣ ਦੀ ਸਲਾਹ ਦਿਤੀ। ਪਰ ਬਦਕਿਸਮਤੀ ਨਾਲ ਉਹ ਅਤੇ ਉਸ ਦਾ ਇਕ ਹੋਰ ਸਾਥੀ, ਜੋ ਇਸੇ ਹਸਪਤਾਲ ਦਾ ਕਰਮਚਾਰੀ ਸੀ, ਉਸ ਦਿਨ ਹੀ ਕਾਲ-ਵੱਸ ਹੋ ਗਏ।

ਸ਼ਰਾਬ ਪੀ ਕੇ ਇਸ ਤਰ੍ਹਾਂ ਦੇ ਜ਼ਾਤੀ ਅਤੇ ਸਮਾਜਕ ਨੁਕਸਾਨਾਂ ਦਾ ਜ਼ਿਕਰ ਨਿਤ-ਦਿਨ ਵਧਦਾ ਹੀ ਜਾ ਰਿਹਾ ਹੈ।

ਸ਼ਰਾਬ ਦਾ ਪ੍ਰਯੋਗ ਰਾਜਸੀ ਆਗੂਆਂ ਅਤੇ ਰਜਵਾੜਿਆਂ ਵਿਚ ਸਥਾਈ ਤੌਰ ਤੇ ਰਿਹਾ ਹੈ। ਇਤਿਹਾਸ ਦੇ ਪੰਨੇ ਉਨ੍ਹਾਂ ਰਾਜਿਆਂ ਮਹਾਰਾਜਿਆਂ ਦੇ ਕਾਰਨਾਮਿਆਂ ਨਾਲ ਭਰੇ ਪਏ ਹਨ, ਜਿਨ੍ਹਾਂ ਨੂੰ ਸ਼ਰਾਬ ਲੈ ਡੁਬੀ। ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦੀ ਯਾਦਵ-ਕੁਲ ਦਾ ਨਾਸ ਹੋਣ ਦਾ ਵੱਡਾ ਕਾਰਨ ਸ਼ਰਾਬ ਦਾ ਹੱਦੋਂ ਵੱਧ ਪ੍ਰਯੋਗ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਆਪਣੀ ਬਾਣੀ ਵਿਚ ਲਿਖਦੇ ਹਨ :

ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ ॥

ਧਨਾਸਰੀ ਭਗਤ ਨਾਮਦੇਵ ਜੀ (੬੯੩)

ਯਾਦਵ ਕੁਲ ਦੇ ਨਾਸ ਹੋਣ ਦਾ ਪਿਛੋਕੜ ਬਿਆਨ ਕੀਤਾ ਹੈ।

ਮੁਗ਼ਲਾਂ ਵਿਚੋਂ ਬਾਬਰ ਸ਼ਰਾਬ ਦਾ ਬਹੁਤ ਮਤਵਾਲਾ ਸੀ। ਜਹਾਂਗੀਰ ਸ਼ਰਾਬ ਪੀ ਕੇ ਮੱਧਹੋਸ਼ ਹੋ ਜਾਂਦਾ ਸੀ ਅਤੇ ਰਾਜ ਕਾਜ ਦਾ ਬਹੁਤਾ ਧੰਦਾ ਨੂਰ ਜਹਾਂ ਹੀ ਚਲਾਉਂਦੀ ਸੀ। ਜਹਾਂਗੀਰ ਨੂੰ ਸ਼ਰਾਬ ਦੀ ਇਤਨੀ ਤ੍ਰਿਸ਼ਨਾ ਸੀ ਕਿ ਅੰਤ ਸਮੇਂ ਤੋਂ ਇਕ ਦਿਨ ਪਹਿਲਾਂ ਵੀ ਸ਼ਰਾਬ ਦਾ ਪਿਆਲਾ ਮੰਗਵਾ ਭੇਜਿਆ ਭਾਵੇਂ ਕਿ ਉਸ ਦੇ ਹੱਥਾਂ ਵਿਚ ਇਤਨਾ ਬਲ ਨਹੀਂ ਸੀ ਕਿ ਪਿਆਲਾ ਵੀ ਫੜ ਸਕਦਾ। ਉਹ ਇਤਨਾ ਨਿਰਬਲ ਹੋ ਗਿਆ ਸੀ ਕਿ ਸ਼ਰਾਬ ਨੂੰ ਸੰਘੋਂ ਹੇਠਾਂ ਉਤਾਰਨ ਤੋਂ ਵੀ ਅਸਮਰੱਥ ਹੋ ਗਿਆ ਸੀ। ਦੂਜੇ ਦਿਨ ਉਹ ਕਾਲ ਵੱਸ ਹੋ ਗਿਆ।

ਇਹ ਜਾਣਕਾਰੀ ਹੈਰਾਨ ਕਰਨ ਵਾਲੀ ਹੋਵੇਗੀ ਕਿ ਮਹਾਰਜਾ ਰਣਜੀਤ ਸਿੰਘ ਦੇ ਸ਼ਾਮ ਸਮੇਂ ਦੇ ਮਨੋਰੰਜਨ ਇਕੱਠ ਵਿਚ ਸ਼ਰਾਬ ਦੇ ਦੌਰ ਚਲਦੇ ਰਹਿੰਦੇ ਸਨ। ਹੋ ਸਕਦਾ ਹੈ ਕਿ ਮਹਾਰਾਜੇ ਦੇ ਛੇਤੀ ਅਕਾਲ ਚਲਾਣੇ ਦਾ ਇਕ ਕਾਰਨ ਸ਼ਰਾਬ ਦੀ ਵਧੇਰੇ ਵਰਤੋਂ ਹੀ ਹੋਵੇ। ਇਹ ਸਮਝ ਨਹੀਂ ਆਉਂਦੀ ਕਿ ਮਹਾਰਾਜੇ ਵਰਗਾ ਗੁਰਸਿੱਖ, ਜੋ ਗੁਰੂ ਗ੍ਰੰਥ ਸਾਹਿਬ ਦਾ ਪਾਠ ਰੋਜ਼ਾਨਾ ਸ੍ਰਵਣ ਕਰਦਾ ਸੀ ਸਾਹਿਬ ਸ੍ਰੀ ਗੁਰੂ ਅਮਰ ਦਾਸ ਜੀ ਦੇ ਇਸ ਸ਼ਬਦ ਨੂੰ ਸੁਣਨ ਤੋਂ ਵਾਂਝਿਆ ਰਿਹਾ ਹੋਵੇ :

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰ ਵਸਾਇ ॥

(੫੫੪) ਸਲੋਕ ਮ: ੩

ਨੌਜਵਾਨ ਪੀੜ੍ਹੀ ਸੁਭਾਵਕ ਪ੍ਰਸ਼ਨ ਪੁਛਦੀ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਤਮਾਕੂ ਨੂੰ ਹੀ ਕੁਰਹਿਤ ਮੰਨ ਕੇ ਵਿਵਰਜਤ ਕਿਉਂ ਕੀਤਾ ਅਤੇ ਸ਼ਰਾਬ ਲਈ ਕੋਈ ਹੁਕਮ ਸਾਦਰ ਕਿਉਂ ਨਹੀਂ ਕੀਤਾ ?

ਸਾਨੂੰ ਅਜੋਕੀ ਪਨੀਰੀ ਦੀ ਇਹ ਸ਼ੰਕਾ ਨਵਿਰਤ ਕਰਨੀ ਚਾਹੀਦੀ ਹੈ। ਸਾਡੀ ਪੜ੍ਹਨੀ ਅਤੇ ਸੋਚਣੀ ਦੀ ਭੁਲ ਇਹ ਹੈ ਕਿ ਅਸੀਂ ਪਹਿਲੇ ਗੁਰੂ ਸਾਹਿਬਾਨ ਦੀ ਸਿੱਖਿਆ ਨੂੰ ਕੇਵਲ ਇਸ ਲਈ ਭੁਲ ਜਾਈਏ ਕਿਉਂਕਿ ਉਨ੍ਹਾਂ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਸੀਆਂ ਕੁਰਹਿਤਾਂ ਵਿਚ ਜ਼ਿਕਰ ਨਹੀਂ ਆਇਆ। ਜਦ ਕੋਈ ਨਵਾਂ ਨਿਯਮ ਬਣਦਾ ਹੈ ਤਾਂ ਇਸ ਦਾ ਭਾਵ ਇਹ ਨਹੀਂ ਹੁੰਦਾ ਕਿ ਪਹਿਲੇ ਨਿਯਮਾਂ ਉਪਰ ਲੀਕ ਫਿਰ ਜਾਂਦੀ ਹੈ। ਸਗੋਂ ਸਮੇਂ ਦੀ ਲੋੜ ਅਨੁਸਾਰ, ਪਹਿਲੇ ਨਿਯਮ ਵਿਚ ਵਾਧਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦਸਮ ਪਾਤਸ਼ਾਹ ਤੋਂ ਪਹਿਲਾਂ ਗੁਰੂ ਸਾਹਿਬਾਨ ਜਿਹੜੇ ਹੁਕਮ ਦੇ ਗਏ ਸਨ, ਉਹ ਤਾਂ ਸਿੱਖਾਂ ਲਈ ਮੰਨਣੇ ਜ਼ਰੂਰੀ ਹੈ ਹੀ ਸਨ ਪਰ ਕਿਉਂਕਿ ਤਮਾਕੂ ਦੀ ਇੱਲਤ, ਅੰਮ੍ਰਿਤ ਛਕਾਉਣ ਤੋਂ ਕੇਵਲ ਸੱਤਰ ਅੱਸੀ ਸਾਲ ਪਹਿਲਾਂ ਹੀ ਭਾਰਤ ਵਿਚ ਆਈ, ਇਸ ਲਈ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਇਸ ਦੇ ਔਗਣਾਂ ਨੂੰ ਭਾਂਪ ਕੇ, ਸਿੱਖਾਂ ਲਈ ਇਸ ਦੀ ਵਰਤੋਂ ਵੀ ਵਿਵਰਜਤ ਕਰਾਰ ਦੇ ਦਿੱਤੀ।

ਕਈ ਵਾਰੀ ਮਨ ਵਿਚ ਇਹ ਸ਼ੰਕਾ ਉਤਪੰਨ ਹੁੰਦਾ ਹੈ ਕਿ ਜਿਨ੍ਹਾਂ ਰਹਿਤਨਾਮਿਆਂ ਵਿਚੋਂ ਕੁਰਹਿਤਾਂ ਦਾ ਪ੍ਰਾਕਰਣ ਲਿਆ ਜਾਂਦਾ ਹੈ, ਇਹ ਗੁਰੂ ਸਾਹਿਬ ਦੇ ਹੁਕਮ ਦੀ ਪੂਰੀ ਪੂਰੀ ਤਰਜਮਾਨੀ ਨਹੀਂ ਕਰਦੇ। ਇਨ੍ਹਾਂ ਦੇ ਲਿਖਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੂਰਵ ਗਿਆਤ ਕੁਰਹਿਤਾਂ ਬਾਰੇ ਤਾਂ ਚੁਪ ਹਨ ਪਰ ਨਾ-ਮਾਤਰ ਸੀਮਤ ਕੁਰਹਿਤਾਂ ਦਾ ਹੀ ਜ਼ਿਕਰ ਕਰਦੇ ਹਨ। ਇਨ੍ਹਾਂ ਦੀ ਬੋਲੀ, ਸ਼ੈਲੀ ਅਤੇ ਵਾਰਤਾਲਾਪ ਵੀ ਅਜਿਹੀ ਹੈ ਜਿਹੜੀ ਦਸਮ ਪਾਤਸ਼ਾਹ ਦੀ ਬੋਲੀ ਨਹੀਂ ਮੰਨੀ ਜਾ ਸਕਦੀ। ਲਿਖਾਰੀਆਂ ਨੇ ਆਪਣੇ ਆਪਣੇ

ਢੰਗ ਨਾਲ ਰਹਿਤਨਾਮੇ ਲਿਖੇ ਹਨ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਵਾਂਗ ਕੇਂਦਰੀ ਸੰਕਲਿਨ ਨਾ ਹੋਣ ਕਰਕੇ, ਇਨ੍ਹਾਂ ਦੇ ਵਿਸ਼ੇ-ਵਸਤੂ ਅਤੇ ਸਬੰਧਤ ਪੱਖਾਂ ਤੇ ਖੋਜ ਦੀ ਲੋੜ ਹੈ। ਨਹੀਂ ਤਾਂ ਕਈ ਤਰ੍ਹਾਂ ਦੇ ਭੁਲੇਖੇ ਪੈਣ ਦਾ ਡਰ ਹੈ। ਸ਼ਾਇਦ ਇਸੇ ਕਰਕੇ ਜਦੋਂ ਅਸੀਂ ਨੌਜਵਾਨਾਂ ਨੂੰ ਸਿਗਰਟ ਪੀਣ ਤੋਂ ਹੋੜਦੇ ਹਾਂ ਤਾਂ ਉਹ ਪ੍ਰਸ਼ਨ ਪੁਛਦੇ ਹਨ ਕਿ ਜੇਕਰ ਸ਼ਰਾਬ ਪੀਣ ਨਾਲ ਸਿੱਖ ਪਤਿਤ ਨਹੀਂ ਹੁੰਦਾ ਤਾਂ ਕੇਵਲ ਸਿਗਰਟ ਪੀਣ ਨਾਲ ਕਿਉਂ ? ਇਹ ਗੰਭੀਰ ਪ੍ਰਸ਼ਨ ਹੈ, ਜਿਸ ਦਾ ਉੱਤਰ ਬਹੁਤੇ ਪ੍ਰਚਾਰਕਾਂ ਨੂੰ ਨਹੀਂ ਔੜਦਾ ਕਿਉਂਕਿ ਉਹ ਕੇਵਲ ਰਹਿਤਨਾਮਿਆਂ ਦੀ ਸੀਮਤ ਹੱਦ ਤਕ ਹੀ ਪ੍ਰਚਾਰ ਕਰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਦਿਤੀ ਰਹਿਤ ਮਰਯਾਦਾ ਨੂੰ ਭੁਲ ਜਾਂਦੇ ਹਨ।

ਨਾਥ ਪੰਥੀ, ਯੋਗੀ ਤਾੜੀ ਲਾਉਣ ਅਤੇ ਸਮਾਧੀ ਦੀ ਅਵੱਸਥਾ ਵਿਚ ਪਹੁੰਚਣ ਲਈ ਸ਼ਰਾਬ ਦੇ ਉਪਯੋਗ ਨੂੰ ਸਹਾਇਕ-ਸਾਧਨ ਮੰਨਦੇ ਹਨ—ਗੁਰੂ ਨਾਨਕ ਦੇਵ ਜੀ ਉਨ੍ਹਾਂ ਨੂੰ ਅੰਮ੍ਰਿਤ ਮਈ ਬਾਣੀ ਦੁਆਰਾ ਇਉਂ ਉਪਦੇਸ਼ ਦੇਂਦੇ ਹਨ :—

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥ ੧ ॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧॥ ਰਹਾਉ॥
ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥ ੨ ॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥ ੩ ॥
ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥ ੪ ॥

(੩੬੦) ਆਸਾ ਮ: ੧

ਜਦੋਂ ਨਸ਼ਿਆਂ ਦੇ ਪ੍ਰਯੋਗ ਦੀ ਗੁਰੂ ਘਰ ਵਿਚ ਮਨਾਹੀ ਹੈ ਤਾਂ ਇਸ ਤੋਂ ਇਹ ਭਾਵ ਕਿਵੇਂ ਕਢਿਆ ਜਾਂਦਾ ਹੈ ਕਿ ਕੇਵਲ ਇਕੋ ਨਸ਼ਾ ਹੀ (ਤਮਾਕੂ) ਵਿਵਰਜਤ ਹੈ। ਸਭ ਨਸ਼ੇ ਆਪਣੀ ਆਪਣੀ ਥਾਂ ਮਾੜੇ ਹਨ। ਸਿੱਖ ਧਰਮ ਸੰਤੁਲਤ ਜੀਵਨ, ਸਹਿਜ-ਮਾਰਗ, ਸਾਵੇਂ ਤੋਲ ਜ਼ਿੰਦਗੀ ਵਿਚਰਨ ਦੇ ਸਾਧਨ ਦਸਦਾ ਹੈ। ਇਸ ਲਈ ਸਿੱਖਾਂ ਵਿਚ ਹਰ ਭਾਂਤ ਦੇ ਨਸ਼ੇ ਵਿਵਰਜਿਤ ਹਨ।

ਕਈ ਨਸ਼ੀਲੀਆਂ ਵਸਤੂਆਂ ਗੁਰੂ ਕਾਲ ਤੋਂ ਪਿਛੋਂ ਲੱਭਤ ਵਿਚ ਆਈਆਂ ਹਨ। ਗੁਰੂ ਸਾਹਿਬਾਨ ਨੇ ਸੇਧਾਂ ਦਿਤੀਆਂ ਹਨ ਪਰ ਉਨ੍ਹਾਂ ਉਪਰ ਚਲਣਾ ਸਾਡਾ ਆਪਣਾ ਕਰਤੱਵ ਬਣਦਾ ਹੈ। ਭੁਲੇਖੇ ਪਾ ਕੇ ਆਪਣੇ ਆਪ ਨੂੰ ਧੋਖਾ ਨਾ ਦੇਈਏ ਸਗੋਂ ਪਵਿਤਰ ਜੀਵਨ ਬਿਤਾਉਂਦਿਆਂ ਹੋਇਆਂ ਨੌਜਵਾਨਾਂ ਨੂੰ ਪਵਿਤਰ ਜੀਵਨ ਲਈ ਉਤਸਾਹਤ ਕਰੀਏ।

ਤਮਾਕੂ

ਤਮਾਕੂ ਦੀ ਸਭ ਤੋਂ ਵਧੇਰੇ ਉਪਜ, ਉੱਤਰੀ ਅਮਰੀਕਾ ਵਿਚ ਸੰਸਾਰ ਦੀ ਉਪਜ ਦਾ ਚੌਥਾ ਹਿੱਸਾ, ਭਾਰਤ-ਪਾਕਿਸਤਾਨ ਵਿਚ 11 ਪ੍ਰਤੀਸ਼ਤ, ਚੀਨ ਵਿਚ 10 ਪ੍ਰਤੀਸ਼ਤ, ਪੱਛਮੀ ਅਮਰੀਕਾ ਅਤੇ ਬ੍ਰਾਜ਼ੀਲ ਵਿਚ 10 ਪ੍ਰਤੀਸ਼ਤ, ਯੂਰਪ ਰੂਸ ਸਮੇਤ 10 ਪ੍ਰਤੀਸ਼ਤ ਅਤੇ ਰਹਿੰਦੀ ਉਪਜ ਹੋਰ ਦੇਸ਼ਾਂ ਵਿਚ ਹੁੰਦੀ ਹੈ।

ਤਮਾਕੂ ਦੀਆਂ ਵਿਸ਼ੇਸ਼ ਤਿੰਨ ਮਸ਼ਹੂਰ ਕਿਸਮਾਂ ਹਨ। ਇਕ ਚਿੱਟੇ ਰੰਗ ਦੇ ਫੁੱਲਾਂ ਵਾਲਾ, ਦੂਜਾ ਗੁਲਾਬੀ ਅਤੇ ਤੀਜਾ ਉਨਾਬੀ। ਇਨ੍ਹਾਂ ਦੇ ਪੱਤਿਆਂ ਨੂੰ ਸੁਕਾ ਕੇ ਸਿਗਰਟ ਤੇ ਚੁਰਟ (ਸਿਗਾਰ) ਬਨਾਉਣ ਲਈ ਵਰਤਿਆ ਜਾਂਦਾ ਹੈ। ਨਸਵਾਰ ਬਨਾਉਣ ਤੋਂ ਪਹਿਲਾਂ ਤਮਾਕੂ ਦੇ ਪੱਤਿਆਂ ਦਾ ਖ਼ਮੀਰ ਉਠਾ ਕੇ ਵਰਤੋਂ ਵਿਚ ਲਿਆਇਆ ਜਾਂਦਾ ਹੈ। ਤਮਾਕੂ ਦਾ ਪੌਦਾ ਆਲੂਆਂ ਦੇ ਪ੍ਰਵਾਰ ਵਿਚੋਂ ਹੈ। ਆਲੂਆਂ ਵਾਂਗ ਇਹਦੀ ਪੈਦਾਇਸ਼ੀ ਧਰਤੀ ਅਮਰੀਕਾ ਹੈ। ਇਥੋਂ ਹੀ ਇਹ ਬਾਕੀ ਦੇਸ਼ਾਂ ਵਿਚ ਫੈਲਿਆ ਹੈ। ਕੋਲੰਬਸ ਜਿਸ ਨੇ ਅਮਰੀਕਾ ਢੂੰਡਿਆ ਸੀ—ਨੇ ਆਪਣੀ ਦੂਸਰੀ ਯਾਤਰਾ ਦੀ ਵਾਪਸੀ ਸਮੇਂ, 1493 ਈ: ਵਿਚ, ਤਮਾਕੂ ਦੀ ਸੂਚਨਾ ਯੌਰਪ ਦੇ ਦੇਸ਼ਾਂ ਵਿਚ ਦਿਤੀ। ਯੌਰਪ ਵਿਚ ਤਮਾਕੂ ਦਾ ਪੌਦਾ ਪਹਿਲੀ ਵਾਰ 1559 ਈ: ਵਿਚ ਲਿਆਂਦਾ ਗਿਆ। ਉਸ ਸਮੇਂ ਇਹ ਖ਼ਿਆਲ ਪ੍ਰਚੱਲਤ ਸੀ ਕਿ ਤਮਾਕੂ ਸਿਹਤ ਲਈ ਬੜਾ ਗੁਣਕਾਰੀ ਹੈ। ਮਿਸਟਰ ਜ਼ੀਨ ਨਿਕਾਟ, ਜੋ ਪੁਰਤਗਾਲ ਵਿਚ ਫ਼ਰਾਂਸ ਦਾ ਰਾਜਦੂਤ ਸੀ, ਨੇ 1560 ਈ: ਵਿਚ ਤਮਾਕੂ ਦੇ ਬੀਜ ਫ਼ਰਾਂਸ ਵਿਚ ਭੇਜੇ। ਉਸ ਸਮੇਂ ਫ਼ਰਾਂਸ ਦੀ ਮਹਾਰਾਣੀ ਕੈਥੇਰੀਨ ਡੀ ਮੈਡੀਸੀਜ਼ ਨੇ ਫ਼ਰਾਂਸ ਵਿਚ ਨਸਵਾਰ ਦਾ ਰਿਵਾਜ ਵੀ ਜਾਰੀ ਕੀਤਾ। ਇੰਗਲੈਂਡ ਵਿਚ ਤਮਾਕੂ ਪੀਣ ਦਾ ਰਿਵਾਜ ਸਰ ਵਾਰਟਰ ਰੈਲੇ ਨੇ 1586 ਈ: ਵਿਚ ਸ਼ੁਰੂ ਕੀਤਾ। ਇਕ ਦਿਨ ਰੈਲੇ ਜਦੋਂ ਪਹਿਲੀ ਵਾਰ ਆਪਣੇ ਘਰ ਦੇ ਵਿਹੜੇ ਵਿਚ ਤਮਾਕੂ ਦਾ ਪਾਈਪ ਜਲਾ ਕੇ ਸੂਟਾ ਲਾ ਰਿਹਾ ਸੀ ਤਾਂ ਉਸ ਦੇ ਜ਼ਾਤੀ ਨੌਕਰ ਨੂੰ ਇਉਂ ਲੱਗਾ ਕਿ ਜਿਵੇਂ ਸਰ ਵਾਰਟਰ ਰੈਲੇ ਨੂੰ ਅੱਗ ਲੱਗ ਗਈ ਹੈ। ਨੌਕਰ ਨੇ ਛੇਤੀ ਨਾਲ ਆਪਣੇ ਮਾਲਕ ਉਪਰ ਪਾਣੀ ਦੀ ਬਾਲਟੀ ਲਿਆ ਕੇ ਸੁਟ ਦਿਤੀ। ਯੂਰਪ ਅਤੇ ਇਰਾਨ ਵਿਚ ਇਸ ਦਾ ਰਿਵਾਜ ਪਿਛੋਂ ਜਲਦੀ ਹੀ ਫ਼ੈਲ ਗਿਆ। ਹਾਲੈਂਡ ਵਾਲਿਆਂ ਨੇ ਇਸ ਦੀ ਉਪਜ ਇੰਡੋਨੇਸ਼ੀਆ, ਭਾਰਤ, ਦੱਖਣੀ ਅਫ਼ਰੀਕਾ, ਰੋਡੇਸ਼ੀਆ ਅਤੇ ਜਪਾਨ ਵਿਚ ਫੈਲਾਅ ਦਿਤੀ।

ਹਿੰਦ ਵਿਚ ਸਰ ਥਾਮਸ ਰੋ 1615 ਈ: ਵਿਚ ਕਿੰਗ ਜੇਮਜ਼ ਪਹਿਲੇ ਦਾ ਰਾਜਦੂਤ ਬਣ ਕੇ ਜਹਾਂਗੀਰ ਦੇ ਦਰਬਾਰ ਵਿਚ ਆਇਆ। ਉਸ ਦੀ ਰੀਸੋ ਰੀਸੀ ਤਮਾਕੂ ਦਾ ਪ੍ਰਯੋਗ ਜਹਾਂਗੀਰ ਦੇ ਦਰਬਾਰ ਵਿਚ ਪ੍ਰਚਲਤ ਹੋ ਗਿਆ। ਕੁਝ ਇਤਿਹਾਸਕਾਰਾਂ ਨੇ ਅਕਬਰ ਦੇ ਰਾਜ ਦੇ ਆਖ਼ਰੀ ਦਿਨਾਂ ਵਿਚ, ਅਰਥਾਤ 1600 ਈ: ਦੇ ਲਗਪਗ ਤਮਾਕੂ ਦਾ ਪ੍ਰਯੋਗ ਮੰਨਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ 1606 ਈ: ਵਿਚ ਸੰਕਲਿਤ ਹੋ ਚੁਕੀ ਸੀ

ਅਤੇ ਤਮਾਕੂ ਬਾਅਦ ਵਿਚ ਮਕਬੂਲ ਹੋਇਆ, ਇਸ ਲਈ ਇਸ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਆ ਸਕਿਆ।

ਤਮਾਕੂ ਵਿਚ ਸਭ ਤੋਂ ਜ਼ਹਿਰੀਲੀ ਚੀਜ਼ ਨਿਕੋਟੀਨ ਹੈ। ਸ਼ੁਧ ਨਿਕੋਟੀਨ ਦਾ ਇਕ ਕਤਰਾ ਖ਼ਰਗੋਸ਼ ਨੂੰ ਦਿਤਾ ਜਾਏ ਤਾਂ ਉਹ ਬੇਹੋਸ਼ ਹੋ ਜਾਂਦਾ ਹੈ। ਤਿੰਨ ਸਿਗਰਟਾਂ ਵਿਚੋਂ ਨਿਕੋਟੀਨ ਕੱਢ ਕੇ ਜੇ ਇਨਸਾਨ ਦੇ ਲਹੂ ਵਿਚ ਟੀਕਾ ਲਾਇਆ ਜਾਵੇ ਤਾਂ ਉਹ ਮਰ ਜਾਂਦਾ ਹੈ। ਸਿਗਰਟ ਪੀਣ ਨਾਲ ਤੁਰਤ ਹਾਨੀਕਾਰਕ ਅਸਰ ਕਿਉਂ ਨਹੀਂ ਹੁੰਦਾ? ਕਿਉਂਕਿ ਨਿਕੋਟੀਨ ਬਹੁਤੀ ਧੂਏਂ ਦੇ ਰੂਪ ਵਿਚ ਹੀ ਉਡ ਜਾਂਦੀ ਹੈ ਅਤੇ ਸੀਮਤ ਮਾਤਰਾ ਵਿਚ ਹੀ ਮਨੁੱਖ ਦੇ ਜਿਸਮ ਵਿਚ ਰਚਦੀ ਹੈ। ਜਿਸ ਦਾ ਮਾਰੂ ਅਸਰ ਕਾਫ਼ੀ ਸਮੇਂ ਮਗਰੋਂ ਦਿਲ, ਦਿਮਾਗ਼, ਅਤੇ ਲਹੂ-ਨਾੜੀਆਂ ਤੇ ਪ੍ਰਤੱਖ ਰੂਪ ਵਿਚ ਪ੍ਰਗਟ ਹੁੰਦਾ ਹੈ। ਕੈਂਸਰ ਵਰਗੀ ਖ਼ਤਰਨਾਕ ਬਿਮਾਰੀ, ਫੇਫੜਿਆਂ ਤੇ ਹਮਲਾ ਕਰਦੀ ਹੈ। ਇਸ ਦਾ ਪੂਰਨ ਸਬੂਤ ਚਕਿਤਸਾ-ਵਿਗਿਆਨੀਆਂ ਨੇ ਤਜਰਬੇ ਕਰਕੇ ਸਿੱਧ ਕਰ ਦਿਤਾ ਹੈ। ਤਮਾਕੂ ਦੇ ਪ੍ਰਯੋਗ ਨਾਲ ਪੀਣ ਵਾਲੇ ਦੀ ਲਾਲਸਾ ਦਿਨੋ-ਦਿਨ ਵਧਦੀ ਰਹਿੰਦੀ ਹੈ ਅਤੇ ਮੁੜ ਇਸ ਤੋਂ ਛੁਟਕਾਰਾ ਪਾਉਣ ਤੋਂ ਮਨੁੱਖ ਅਸਮੱਰਥ ਹੋ ਜਾਂਦਾ ਹੈ। ਜਿਹੜਾ ਸੂਟਾ ਸ਼ੁਗਲ-ਮੇਲੇ ਲਈ ਲਾਉਣਾ ਆਰੰਭ ਕੀਤਾ ਜਾਂਦਾ ਹੈ, ਉਹ ਮਨੁੱਖ ਤੇ ਸਵਾਰ ਹੋ ਜਾਂਦਾ ਹੈ।

ਨਿਕੋਟੀਨ ਫ਼ੇਫ਼ੜਿਆਂ ਦੇ ਕੈਂਸਰ ਰੋਗ ਹੋਣ ਦਾ ਕਾਰਨ ਬਣਦੀ ਹੈ। ਦੀਰਘ ਖਾਂਸੀ ਲੱਗ ਜਾਂਦੀ ਹੈ, ਜੋ ਬਾਦ ਵਿਚ ਦਮੇਂ ਦਾ ਰੂਪ ਧਾਰ ਲੈਂਦੀ ਹੈ। ਦਿਲ ਉਪਰ ਵੀ ਮਾੜਾ ਅਸਰ ਕਰਦੀ ਹੈ। ਨਿਕੋਟੀਨ ਸੂਜਕ ਨਾੜਾਂ ਅਤੇ ਦਿਮਾਗੀ ਉਤੇਜਤਾ ਨੂੰ ਘਟਾਉਂਦੀ ਹੈ। ਅੱਖਾਂ ਦੀ ਦ੍ਰਿਸ਼ਟੀ-ਨਾੜ ਉਪਰ ਵੀ ਇਸ ਦਾ ਮਾਰੂ ਅਸਰ ਪੈਂਦਾ ਹੈ ਅਤੇ ਇਸੇ ਭਾਂਤ ਬਾਕੀ ਸੂਝਕ ਨਾੜਾਂ ਵਿਚ ਸੋਜ਼ਸ਼ ਪੈਦਾ ਕਰਦੀ ਹੈ। ਲਹੂ-ਨਾੜਾਂ ਕਰੜੀਆਂ ਹੋ ਜਾਂਦੀਆਂ ਹਨ ਅਤੇ ਉਨ੍ਹਾਂ ਦੀ ਲਚਕ ਵਿਚ ਫ਼ਰਕ ਪੈ ਜਾਂਦਾ ਹੈ। ਲਹੂ ਦੇ ਗੇੜ ਦੀ ਚਾਲ ਸੁਸਤ ਹੋ ਜਾਂਦੀ ਹੈ। ਦਿਲ ਦੀਆਂ ਲਹੂ ਨਾੜਾਂ ਅਤੇ ਪੱਠਿਆਂ ਨੂੰ ਕਮਜ਼ੋਰ ਕਰਦੀ ਹੈ। ਲੱਤਾਂ ਅਤੇ ਬਾਹਵਾਂ ਦੀਆਂ ਲਹੂ-ਨਾੜਾਂ ਤੇ ਅਸਰ ਪੈਣ ਕਾਰਨ, ਇਨ੍ਹਾਂ ਅੰਗਾਂ ਵਿਚ ਲਹੂ ਦੀ ਘਾਟ ਉਤਪੰਨ ਹੋ ਜਾਂਦੀ ਹੈ, ਜਿਸ ਕਰਕੇ ਕੜਵੱਲ ਪੈਣ ਲੱਗ ਪੈਂਦੇ ਹਨ। ਕਈ ਵਾਰੀ ਲਹੂ ਨਾੜ ਬਿਲਕੁਲ ਬੰਦ ਹੋ ਜਾਂਦੀ ਹੈ ਅਤੇ ਪੈਰਾਂ ਦੀਆਂ ਉਂਗਲਾਂ ਗਲ ਕੇ ਝੜ ਜਾਂਦੀਆਂ ਹਨ।

ਪੰਜਾਬ ਅਤੇ ਵਿਸ਼ੇਸ਼ ਕਰਕੇ ਮਾਲਵੇ ਦੇ ਇਲਾਕੇ ਵਿਚ, ਅੱਜ ਕਲ੍ਹ ਲੋਕ ਤਮਾਕੂ ਅਤੇ ਚੂਨੇ ਦਾ ਬੀੜਾ ਬਣਾ ਕੇ ਮੂੰਹ ਵਿਚ ਰਖਦੇ ਹਨ। ਜਿਸ ਨਾਲ ਜ਼ਬਾਨ ਦੇ ਕੈਂਸਰ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਹੋ ਜਹੇ ਪਾਨ ਵੀ ਮਿਲਦੇ ਹਨ ਜਿਨ੍ਹਾਂ ਵਿਚ ਤਮਾਕੂ ਪਿਆ ਹੁੰਦਾ ਹੈ। ਫਿਰੋਜ਼ਪੁਰ ਦੇ ਇਲਾਕੇ ਵਿਚ ਅਤੇ ਮਾਲਵੇ ਦੇ ਵਸਨੀਕ 50 ਪ੍ਰਤੀਸ਼ਤ ਜ਼ਰਦਾ ਖਾਂਦੇ ਸੁਣੀਂਦੇ ਹਨ। ਤਮਾਕੂ ਕਈ ਬੀਮਾਰੀਆਂ ਦੀ ਜੜ੍ਹ ਹੈ।

ਸਿਗਰੇਟ ਦੀ ਵਰਤੋਂ ਕਾਰਨ ਹੋਰ ਵੀ ਕਈ ਦੁਖਦਾਈ ਘਟਨਾਵਾਂ, ਜਿਸ ਤਰ੍ਹਾਂ

ਕਿ ਦੁਕਾਨਾਂ ਅਤੇ ਗੁਦਾਮਾਂ ਵਿਚ ਅੱਗ ਦਾ ਲੱਗ ਜਾਣਾ ਅਤੇ ਇਸ ਕਾਰਨ ਲੱਖਾਂ ਰੁਪਏ ਦੀ ਸਮੱਗਰੀ ਦਾ ਨਸ਼ਟ ਹੋ ਜਾਣਾ ਵੀ ਵੇਖਣ ਵਿਚ ਆਇਆ ਹੈ।

ਇਕ ਬੜੇ ਵੱਡੇ ਸਰਕਾਰੀ ਅਧਿਕਾਰੀ ਦੇ ਹੋਣਹਾਰ ਬੱਚੇ ਦੀ ਮਿਰਤੂ ਵੀ ਇਸ ਕਾਰਨ ਹੋਈ ਸੁਣੀ ਹੈ। ਰਾਤ ਨੂੰ ਬਿਸਤਰੇ ਵਿਚ ਸਿਗਰੇਟ ਪੀਂਦਿਆਂ ਪੀਂਦਿਆਂ ਉਸ ਨੂੰ ਊਂਘ ਆ ਗਈ, ਜਿਸ ਕਾਰਨ ਬਿਸਤਰੇ ਨੂੰ ਅੱਗ ਲੱਗਣ ਕਾਰਨ ਉਸ ਦਾ ਸਾਰਾ ਜਿਸਮ ਬੁਰੀ ਤਰ੍ਹਾਂ ਝੁਲਸ ਗਿਆ। ਬਾਵਜੂਦ ਫ਼ੌਰੀ ਡਾਕਟਰੀ ਸਹਾਇਤਾ ਦੇ ਵੀ, ਕੁਝ ਦਿਨਾਂ ਪਿਛੋਂ ਉਸ ਹੋਣਹਾਰ ਬੱਚੇ ਦੀ ਮਿਰਤੂ ਹੋ ਗਈ।

ਸਿੱਖਾਂ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਇਲਤ ਤੋਂ ਬਚਾ ਕੇ ਰਖਿਆ ਹੈ ਪਰ ਹੁਣ ਇਹ ਵੀ ਇਸ ਇੱਲਤ ਦਾ ਸ਼ਿਕਾਰ ਹੋ ਰਹੇ ਹਨ। ਕਈ ਤਾਂ ਨਿਝੱਕ ਹੋ ਕੇ ਤਮਾਕੂ ਦੀ ਵਰਤੋਂ ਕਰਦੇ ਹਨ। ਇਥੇ ਹੀ ਬਸ ਨਹੀਂ, ਬਹੁਤ ਸਾਰੇ ਦਿਹਾਤੀ ਲੋਕ ਅਫ਼ੀਮ, ਭੰਗ, ਪੋਸਤ, ਗਾਂਜਾ, ਵਿਸ਼ੇਸ਼ ਕਰਕੇ ਨੌਜਵਾਨ ਮੈਂਡਰਿਕਸ, ਪੈਥੇਡੀਨ ਦੇ ਟੀਕੇ, ਕਈ ਤਰ੍ਹਾਂ ਦੇ ਕੈਪਸੂਲ ਆਦਿ ਨਸ਼ਿਆਂ ਵਿਚ ਗਲਤਾਨ ਹਨ। ਨਸ਼ਿਆਂ ਦੀ ਬੀਮਾਰੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਟੀ ਦੇ ਮੁੰਡੇ ਕੁੜੀਆਂ ਵਿਚ ਕੌੜੀ ਵੇਲ ਵਾਂਗ ਵਧਦੀ ਜਾ ਰਹੀ ਹੈ, ਜਿਸ ਦਾ ਭਵਿੱਖ ਤੇ ਬਹੁਤ ਮਾਰੂ ਅਸਰ ਪੈ ਸਕਦਾ ਹੈ। ਨਸ਼ਿਆਂ ਦੇ ਪ੍ਰਾਕਰਣ ਵਿਚ ਕੁਝ ਕੁ ਨਸ਼ਿਆਂ ਦੀ ਜਾਣਕਾਰੀ ਦੇਣੀ ਜ਼ਰੂਰੀ ਹੋਵੇਗੀ।

ਅਫ਼ੀਮ

ਅਫ਼ੀਮ ਦਾ ਪ੍ਰਯੋਗ ਕਾਫ਼ੀ ਸਮੇਂ ਤੋਂ ਹੋ ਰਿਹਾ ਹੈ। ਮਿਹਨਤੀ ਲੋਕ ਆਪਣੇ ਸਰੀਰ ਨੂੰ ਚੁਸਤ ਬਨਾਉਣ ਲਈ ਨਾਗਣੀ (ਅਫ਼ੀਮ) ਛਕਦੇ ਹਨ। ਜਦੋਂ ਪੋਸਤ ਦਾ ਡੋਡਾ ਅਜੇ ਹਰਾ ਹੀ ਹੁੰਦਾ ਹੈ ਤਾਂ ਉਸ ਨੂੰ ਪੱਛ ਲਾਇਆਂ, ਜਿਹੜਾ ਲੇਸਦਾਰ ਮਾਦਾ ਨਿਕਲਦਾ ਹੈ, ਉਸ ਨੂੰ ਸੁਕਾ ਕੇ ਅਫ਼ੀਮ ਤਿਆਰ ਕੀਤੀ ਜਾਂਦੀ ਹੈ। ਭਾਰਤ ਵਰਸ਼ ਵਿਚ ਅਫ਼ੀਮ ਖਾਣਾ ਆਮ ਪ੍ਰਚੱਲਤ ਹੈ। ਪੰਜਾਬ ਤੋਂ ਬਾਹਰ, ਅਤੇ ਕੁਝ ਹੱਦ ਤਕ ਪੰਜਾਬ ਵਿਚ ਵੀ, ਲੋਕ ਅਫ਼ੀਮ ਨੂੰ ਸਿਗਰੇਟ ਦੀ ਤਰ੍ਹਾਂ ਵੀ ਪੀਂਦੇ ਹਨ, ਜਿਸ ਨੂੰ ਚੰਡੂ ਕਿਹਾ ਜਾਂਦਾ ਹੈ। ਬਹੁਤ ਸਾਰੇ ਦੇਸ਼ਾਂ ਵਿਚ ਅਫ਼ੀਮ ਦੇ ਚੰਡੂ ਵਿਰੁਧ ਕਾਨੂੰਨ ਬਣੇ ਹੋਏ ਹਨ। ਅਫ਼ੀਮ ਖਾਣ ਨਾਲ ਵਿਅਕਤੀ ਆਪਣੇ ਆਪ ਨੂੰ ਨਿਡੱਰ ਸਮਝਣ ਲੱਗ ਪੈਂਦਾ ਹੈ। ਸ਼ਾਇਦ ਇਸੇ ਕਰਕੇ ਰਾਜਪੂਤ ਯੁਧਾਂ ਸਮੇਂ ਅਫ਼ੀਮ ਦਾ ਪ੍ਰਯੋਗ ਕਰਦੇ ਸਨ। ਕੰਮ ਕਰਨ ਵਾਲੀਆਂ ਗ੍ਰਹਿਣੀਆਂ, ਬੱਚਿਆਂ ਨੂੰ ਟਿਕਾ ਕੇ ਸੁਆਉਣ ਵਾਸਤੇ ਅਫ਼ੀਮ ਦੇ ਦੇਂਦੀਆਂ ਹਨ। ਇਹ ਦਰਦਾਂ ਅਤੇ ਜ਼ੁਕਾਮ ਨੂੰ ਹਟਾਉਂਦੀ ਹੈ। ਸ਼ਰਾਬੀ ਵਾਂਗ ਅਫ਼ੀਮੀ ਵੀ ਆਪਣੇ ਨਸ਼ੇ ਦਾ ਵਰਨਣ ਬੜੇ ਫ਼ਖ਼ਰ ਨਾਲ ਕਰਦੇ ਹਨ। ਪਰ ਜੇਕਰ ਇਕ ਵਾਰ ਅਫ਼ੀਮ ਖਾਣ ਦੀ ਆਦਤ ਪੈ ਜਾਏ ਤਾਂ ਇਸ ਤੋਂ ਛੁਟਕਾਰਾ ਪਾਣਾ ਔਖਾ ਹੋ ਜਾਂਦਾ ਨੂੰ। ਇਸ ਦੀ ਲਾਲਸਾ ਅਤੇ ਮਾਤਰਾ ਦਿਨੋ ਦਿਨ ਵਧਦੀ ਜਾਂਦੀ ਹੈ। ਅਫ਼ੀਮੀ ਨੂੰ ਮਿੱਠੀਆਂ ਚੀਜ਼ਾਂ ਚੰਗੀਆਂ ਲੱਗਦੀਆਂ ਹਨ, ਇਨ੍ਹਾਂ ਦੀ ਪ੍ਰਾਪਤੀ ਲਈ ਅਫ਼ੀਮੀ ਹਰ ਤਰ੍ਹਾਂ ਦਾ ਖੇਖਣ ਕਰਦਾ ਹੈ।

ਕਈ ਪੁਰਸ਼ ਅਫ਼ੀਮ ਨੂੰ ਆਤਮਘਾਤ ਕਰਨ ਵਾਸਤੇ ਵੀ ਵਰਤਦੇ ਹਨ। ਜਦੋਂ ਇਹ ਲਹੂ ਵਿਚ ਰਚ ਮਿਚ ਜਾਂਦੀ ਹੈ ਤਾਂ ਪੁਰਸ਼ ਬੇਹੋਸ਼ ਹੋ ਜਾਂਦਾ ਹੈ ਅਤੇ ਅਖੀਰ ਸਾਹ ਵਿਚ ਵਿਘਨ ਪੈਣ ਨਾਲ ਉਸ ਦਾ ਅੰਤ ਹੋ ਜਾਂਦਾ ਹੈ। ਮੁਰਦੇ ਸਰੀਰ ਦਾ ਰੰਗ ਨੀਲੀ ਭਾਅ ਮਾਰਦਾ ਹੈ। ਅਫ਼ੀਮ ਕਾਮ ਤ੍ਰਿਸ਼ਨਾ ਨੂੰ ਉਤੇਜਤ ਕਰਦੀ ਹੈ।

ਡਾਕਟਰੀ ਪ੍ਰਯੋਗਸ਼ਾਲਾ ਵਿਚ ਅਫ਼ੀਮ ਵਿਚੋਂ ਕਈ ਤਰ੍ਹਾਂ ਦੇ ਐਲਕਲਾਇਡ ਤਿਆਰ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚੋਂ ਮਾਰਫ਼ੀਨ (ਮਾਰਫ਼ੀਆ) ਜੋ ਦਰਦਾਂ ਹਟਾਉਣ ਲਈ ਅਤੇ ਕੋਡੀਨ ਜੋ ਕਿ ਖੰਘ ਰੋਕਣ ਵਾਸਤੇ ਗੁਣਕਾਰੀ ਹੈ, ਤਿਆਰ ਕੀਤੇ ਜਾਂਦੇ ਹਨ।

ਜਦੋਂ ਅਸੀਂ ਸਿੱਖ ਇਤਿਹਾਸ ਨੂੰ ਵਾਚਦੇ ਹਾਂ ਤਾਂ ਇਸ ਵਿਚ ਕਈ ਤਰ੍ਹਾਂ ਦੇ ਸ਼ੰਕੇ ਉਤਪੰਨ ਹੁੰਦੇ ਹਨ। ਸਿੱਖ ਇਤਿਹਾਸ ਨੂੰ ਖੋਜਣ ਦੀ ਲੋੜ ਹੈ। 'ਸੂਰਜ ਪ੍ਰਕਾਸ਼', 'ਪੰਥ ਪ੍ਰਕਾਸ਼' ਵਰਗੇ ਗ੍ਰੰਥਾਂ ਵਿਚ ਕਈ ਇਹੋ ਜਹੀਆਂ ਘਟਨਾਵਾਂ ਅਤੇ ਪ੍ਰਕਰਣ ਮਿਲਦੇ ਹਨ; ਜੋ ਗੁਰਬਾਣੀ ਦੇ ਅਨੁਕੂਲ ਨਹੀਂ ਅਤੇ ਜੇਕਰ ਉਨ੍ਹਾਂ ਨੂੰ ਸਚਮੁਚ ਹੀ ਮੰਨਣ ਲਗ ਪਈਏ ਤਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸਿੱਖਿਆ ਦੇ ਵਿਰੁੱਧ ਚਲਣ ਦੇ ਭਾਗੀ ਹੋਵਾਂਗੇ। ਖੋਜ ਕਰਨ ਲਗਿਆਂ ਸਾਨੂੰ ਧਿਆਨ ਰਖਣਾ ਚਾਹੀਦਾ ਹੈ ਕਿ ਇਤਿਹਾਸ (ਮੱਗ, ਕੱਚਾ ਰਸਤਾ, ਪਹਿਆ) ਹੈ ਅਤੇ ਗੁਰਬਾਣੀ ਸਹੀ ਰਸਤਾ (ਪੰਥ, ਪੱਕਾ ਰਸਤਾ) ਹੈ, ਜਿਸ ਤੇ ਚਲ ਕੇ ਸਾਡਾ ਪਾਰ-ਉਤਾਰਾ ਹੋ ਸਕਦਾ ਹੈ। ਲਿਖਾਰੀਆਂ ਨੇ ਆਪਣੇ ਸਮੇਂ ਦੇ ਪ੍ਰਚਲਤ ਰਸਮਾਂ-ਰਿਵਾਜਾਂ ਦੀ ਹੀ ਵਧੇਰੇ ਪ੍ਰੋੜ੍ਹਤਾ ਕੀਤੀ ਜਾਪਦੀ ਹੈ। ਜੇਕਰ ਉਸ ਸਮੇਂ ਦੇ ਰਾਜਸੀ ਆਗੂ ਨਸ਼ੇ ਕਰਦੇ ਸਨ ਤਾਂ ਗੁਰੂ ਸਾਹਿਬਾਨ ਨੂੰ ਵੀ ਇਸੇ ਤਰ੍ਹਾਂ ਦਰਸਾਇਆ ਹੈ ਅਤੇ ਮਿਲਦੀਆਂ ਜੁਲਦੀਆਂ ਮਨੋ-ਕਲਪਤ ਸਾਖੀਆਂ ਘੜ ਕੇ, ਆਪਣੀਆਂ ਤਰੁਟੀਆਂ ਨੂੰ ਗੁਰੂ ਸਾਹਿਬ ਨਾਲ ਜੋੜ ਕੇ ਮਨਾਂ ਨੂੰ ਧਰਵਾਸ ਦੇ ਲਿਆ। ਉਦਾਹਰਣ ਲਈ ਵੇਖੋ :

ਭਾਈ ਸੁੱਖਾ ਸਿੰਘ ਜੀ 10ਵੇਂ ਗੁਰੂ ਬਿਲਾਸ ਦੇ 10ਵੇਂ ਅਧਿਆਇ ਵਿਚ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ :

ਬਿਜਿਆ *ਧਰਛਤ ਅਮਰ ਮੰਗਾਵੈ ॥
ਆਪ ਛਕੈ ਪੁਨਿ ਅਵਰ ਦਿਆਵੈ ॥

ਇਸੇ ਤਰ੍ਹਾਂ ਗੁਰੂ ਪ੍ਰਤਾਪ ਸੂਰਯ ਦੀ ਰੁੱਤ 3 ਅਧਿਆਇ 4 ਵਿਚ ਪੜ੍ਹਦੇ ਹਾਂ :

ਯੁਤ ਛਤ੍ਰਧਾਰ ਸਤਿਗੁਰੂ ਛਕਾਇ ॥ (੮)

ਅਜਿਹਾ ਪ੍ਰਤੀਤ ਹੁੰਦਾ ਹੈ ਕਿ ਇਤਿਹਾਸਕਾਰਾਂ ਦੇ ਸਮੇਂ ਦੇ ਮੋਢੀ ਰਾਜਸੀ ਸਿੱਖਾਂ ਦੇ ਵਰਤੋਂ ਵਿਹਾਰ ਮੁਤਾਬਕ ਹੀ ਇਤਿਹਾਸ ਉਲੀਕਿਆ ਗਿਆ ਹੋਵੇ। ਇਤਿਹਾਸਕਾਰਾਂ ਨੇ ਆਗੂ ਸਿੱਖਾਂ ਦੀ ਰਹਿਣੀ ਬਹਿਣੀ ਤੋਂ ਹੀ ਇਹ ਸਮਝ ਲਿਆ ਹੋਵੇ ਕਿ ਅਜਿਹੀਆਂ ਗੱਲਾਂ ਗੁਰੂ ਸਹਿਬਾਨ ਦੇ ਸਮੇਂ ਤੋਂ ਹੀ ਚਲੀਆਂ ਆ ਰਹੀਆਂ ਹਨ। ਇਸੇ ਕਰਕੇ ਖ਼ਾਲਸਾ ਰਾਜ ਸਮੇਂ ਅਫ਼ੀਮ ਦਾ ਪ੍ਰਯੋਗ ਵੀ ਬਾਕੀ ਨਸ਼ਿਆਂ ਵਾਂਗ ਆਮ ਹੋ ਗਿਆ ਸੀ।

---

*ਛਤ੍ਰਧਾਰ, ਅਫ਼ੀਮ।

ਗੁਰਬਾਣੀ ਵਿਚ ਨਸ਼ਿਆਂ ਦੇ ਸੇਵਨ ਦਾ ਖੰਡਨ ਕੀਤਾ ਗਿਆ ਹੈ ਪਰ ਸਾਖੀਕਾਰਾਂ ਨੇ ਗੁਰੂ ਸਾਹਿਬਾਨ ਨਾਲ ਆਪਣੀ ਨਸ਼ਿਆਂ ਰੂਪੀ ਬਿਰਤੀ ਨੂੰ ਜੋੜਨ ਤੋਂ ਵੀ ਗੁਰੇਜ਼ ਨਹੀਂ ਕੀਤਾ। ਉਨ੍ਹਾਂ ਉਸ ਸਮੇਂ ਇਹ ਨਹੀਂ ਸੋਚਿਆ ਕਿ ਇਨ੍ਹਾਂ ਸਾਖੀਆਂ ਦਾ ਆਉਣ ਵਾਲੀਆਂ ਪੀੜ੍ਹੀਆਂ ਤੇ ਕੀ ਪ੍ਰਭਾਵ ਪਏਗਾ। ਸਾਨੂੰ ਅਜਿਹੇ ਇਤਿਹਾਸ ਨੂੰ ਵਾਚ ਕੇ ਨੌਜਵਾਨਾਂ ਨੂੰ ਸਹੀ ਸੇਧ ਦੇਣੀ ਚਾਹੀਦੀ ਹੈ।

ਭੰਗ

ਭੰਗ ਦਾ ਪ੍ਰਯੋਗ ਸ਼ਿਵ ਮਹਾਰਾਜ ਨਾਲ ਜੋੜਿਆ ਜਾਂਦਾ ਹੈ। ਸ਼ਿਵ ਮਹਾਰਾਜ ਦੇ ਉਪਾਸ਼ਕ ਖ਼ਾਸ ਕਰਕੇ, ਜੰਗਮ, ਇਸ ਦਾ ਵਧੇਰੇ ਪ੍ਰਯੋਗ ਕਰਦੇ ਸਨ। ਸਾਡੇ ਇਨ੍ਹਾਂ ਹੀ ਇਤਿਹਾਸਕਾਰਾਂ ਨੇ ਭੰਗ ਦਾ ਸਬੰਧ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਵਰਗੀਆਂ ਮਹਾਨ ਹਸਤੀਆਂ ਨਾਲ ਵੀ ਜੋੜਨ ਤੋਂ ਸੰਕੋਚ ਨਹੀਂ ਕੀਤਾ।

ਛੇਵੀਂ ਪਾਤਸ਼ਾਹੀ ਦੇ ਗੁਰਬਿਲਾਸ ਦੇ ਅਧਿਆਏ 18 ਵਿਚ ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਭੰਗ ਪੀਣਾ ਲਿਖਿਆ ਹੈ:

ਜਬੈ ਜਾਮ ਦਿਨ ਅਨਿ ਰਹਾਯੋ ॥ ਸ੍ਰੀ ਗੁਰੂ ਵਿਜਿਆ ਪਾਨ ਕਰਾਯੋ ॥

ਛੇਵੀਂ ਪਾਤਸ਼ਾਹੀ ਦੇ ਗੁਰੂ ਬਿਲਾਸ ਦੇ ਸਤਵੇਂ ਅਧਿਆਏ ਵਿਚ ਕਥਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ 'ਤਿਮਰ' ਗਡਰੀਏ ਨੂੰ ਆਖਿਆ:

ਕਛੂ ਭਾਂਗ ਹਮ ਕੋ ਲਯਾ ਦੇਯੋ ॥
ਪਾਛੇ ਜੋ ਮਾਂਗੋ ਸੋ ਲੇਵੋ ॥ 111 ॥
ਐਸੇ ਮੁਸਟਾ ਭਾਂਗ ਕੀ ਤਿਮਰ ਸਾਤ ਜਬ ਪਾਇ ॥
ਸਤ ਪਾਤਸ਼ਾਹੀ ਸਾਥ ਹੀ ਸ੍ਰੀ ਗੁਰੂ ਮੋਖੇ ਅਲਾਇ[1] ॥
ਤੈਸੋ ਸਾਤ ਸੀਸ ਨਿਜ ਦੇਵੋ ॥
ਤੇ ਪਤਸ਼ਾਹੀ ਇਨ ਤੇ ਲੇਵੋ[2]।

ਗੁਰ ਪ੍ਰਤਾਪ ਸੂਰਜ ਦੀ ਰੁੱਤ 3 ਦੇ ਅਧਿਐਨ 21 ਵਿਚ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਦਸ਼ਮੇਸ਼ ਪਿਤਾ ਨੇ:

ਤਾਂਤੇ ਸ੍ਰੀ ਮੁਖਵਾਕ ਉਚਾਰਾ ॥ ਹੋਇ ਸੁਖੇ ਕੀ ਦੇਗ ਤਿਆਰਾ ॥
ਸਿੰਘ ਹੋਇ ਜਬ ਆਲੁਧ ਧਾਰੀ ॥ ਮਾਦਕ ਚਹੀਏ ਅਨਦ ਮਝਾਰੀ ॥ ੩੯ ॥
ਸਭ ਮਾਦਕ ਤੇ ਬਿਜਿਆ ਆਛੀ ॥ ਕਯੋਂਕਿ ਮਹੇਸ਼ ਆਦਿ ਇਹ ਬਾਛੀ ॥

(ਭੰਗ ਦੇ ਉੱਤਮ ਹੋਣ ਦੀ ਦਲੀਲ ਇਹ ਦਿੱਤੀ ਕਿ ਇਹ ਸ਼ਿਵ ਨੇ ਪਸੰਦ ਕੀਤੀ ਹੈ)

---

1. ਜਨਮ ਸਾਖੀ ਵਾਲਿਆਂ ਨੇ ਇਹ ਕਥਾ ਬਾਬਰ ਦੇ ਨਾਮ ਨਾਲ ਘੜ ਲਈ ਹੈ, ਜੋ ਤੈਮੂਰ ਤੋਂ ਛੇਵੀਂ ਪੀੜ੍ਹੀ ਸੀ।

2. ਕੇਹੀ ਦਾਨਾਈ ਤੇ ਦੂਰਅੰਦੇਸ਼ੀ ਹੈ, ਪਹਿਲਾਂ ਭੰਗ ਦੇ ਭਾੜੇ ਬਾਦਸ਼ਾਹੀ ਦੇਣੀ, ਫਿਰ ਸੱਤ ਸੀਸ ਦੇ ਕੇ ਵਾਪਸ ਲੈਣੀ।

'ਵਿਮਲ ਬਿਬੇਕ ਵਾਰਧਿ' ਵਿਚ ਭਗਵਾਨ ਸਿੰਘ ਰਹਿਤਨਾਮੀਆਂ, ਚੈਨਪੁਰ ਭਭੂਆ ਤੇ ਖੱਤਰੀ ਸਿੰਘਾਂ ਦੇ ਘਰੋਂ ਪ੍ਰਾਪਤ ਹੋਏ ਰਹਿਤਨਾਮੇ ਦੇ ਵਾਕ ਲਿਖਦਾ ਹੈ :

ਅਚੀਐ ਸੁੱਖਾ ਛੱਤਰ ਧਾਰ ॥ ਰਨ ਮੈਂ ਜੂਝੇ ਅਪਰ ਅਪਾਰ ॥

ਫੇਰ ਭਾਈ ਮਨੀ ਸਿੰਘ ਜੀ ਦਾ ਹਵਾਲਾ ਦੇ ਕੇ ਲਿਖਿਆ ਹੈ :

"ਗੁਰੂ ਜੀ ਸਭ ਸੰਗਤ ਕੋ ਅੰਮ੍ਰਿਤ ਛਕਾ ਕਰ ਸਸਤ੍ਰ ਪਕੜਾ ਕਰ ਸਿੰਘ ਸਜਾ ਕਰ ਵਿਦਾ ਕਰ, ਤਾਂ ਸਿੱਖਾਂ ਨੂੰ ਕਹਿਆ ਜੋ ਤੁਸੀਂ ਕੁੱਝ ਅਮਲ ਛਕਿਆ ਕਰੋ, ਤਾਂ ਸਿੱਖ ਅਮਲ ਖਾਨੇ ਲੱਗੇ, ਤਾਂ ਕਿਤਨਿਆਂ ਦੀਆਂ ਬਿਰਤੀਆਂ ਠਹਿਰ ਗਈਆਂ"[1]

ਇਥੇ ਹੀ ਬੱਸ ਨਹੀਂ । ਗੁਰ ਬਿਲਾਸ ਦੇ 16ਵੇਂ ਅਧਿਆਏ ਵਿਚ ਗੁਰੂ ਹਰਿਗੋਬਿੰਦ ਸਾਹਿਬ ਦਾ ਨਵਰਾਤ੍ਰ ਅੰਸੂ ਪੂਜਨ ਪ੍ਰਸੰਗ ਵਿਚ ਲਿਖਿਆ ਹੈ :

ਮਦਿਰਾ ਬਿਜਿਯਾ ਖਾਂਡ ਮਿਲਾਈ ॥ ਚਰਨਾਮ੍ਰਿਤ ਮਿਲ ਗਾਗਰ ਪਾਈ[2] ॥
ਲੈ ਨਿਜ ਭੇਟ ਕਾਲਿਕਾ ਦੀਨੇ ॥ ਜੈ ਭਵਾਨੀ ਕੀ ਉਚਰ ਪ੍ਰਬੀਨੇ ॥

ਜ਼ਰਾ ਸੋਚੋ ! ਕੀ ਇਹੋ ਜਿਹਾ ਇਤਿਹਾਸ ਪੜ੍ਹ ਕੇ ਨੌਜਵਾਨਾਂ ਦਾ ਆਚਰਣ ਗਿਰਾਵਟ ਵਲ ਨਹੀਂ ਜਾਏਗਾ ? ਅਤੇ ਕੀ ਅਜਿਹੇ ਇਤਿਹਾਸ ਪੰਥ ਦੀ ਮਹਾਨ ਸੇਵਾ ਨਿਭਾਅ ਰਹੇ ਹਨ ? ਸਮੇਂ ਦੀ ਲੋੜ ਹੈ ਕਿ ਅਜਿਹੇ ਇਤਿਹਾਸਾਂ ਨੂੰ ਅਸੀਂ ਵਾਚ ਕੇ ਗੁਰੂ ਸਾਹਿਬਾਨ ਦੀ ਅਧਿਆਤਮਕ ਸ਼ਖ਼ਸੀਅਤ ਨੂੰ ਪ੍ਰਚਾਰੀਏ ਨਾ ਕਿ ਉੱਪਰ ਦੱਸੀ ਗਈ ਨੂੰ। ਇਕ ਮਿਸਲ ਦੇ ਆਗੂ ਭੰਗ ਬਹੁਤ ਪੀਂਦੇ ਸਨ ਤੇ ਉਸ ਮਿਸਲ ਦਾ ਨਾਮ ਹੀ ਮਿਸਲ ਭੰਗੀਆਂ ਪੈ ਗਿਆ ।

ਭੰਗ ਭਾਰਤ ਵਰਸ਼ ਵਿਚ ਹਰ ਜਗ੍ਹਾ ਪੈਦਾ ਹੁੰਦੀ ਹੈ । ਇਹਦੇ ਵਿਚੋਂ ਇਕ ਰੰਗ ਰਹਿਤ ਗੋਂਦ ਜਹੀ ਨਿਕਲਦੀ ਹੈ । ਭੰਗ ਨੂੰ ਸਿੱਧੀ ਅਤੇ ਸਬਜ਼ੀ ਵੀ ਕਿਹਾ ਜਾਂਦਾ ਹੈ । ਭੰਗ ਦੇ ਸੁੱਕੇ ਪੱਤੇ ਅਤੇ ਟਾਹਣੀਆਂ ਅਥਵਾ ਬੀਜ ਵੀ ਵਰਤੋਂ ਵਿਚ ਆ ਜਾਂਦੇ ਹਨ । ਆਮ ਕਰਕੇ ਲੋਕ ਇਸ ਨੂੰ ਦੌਰੀ ਡੰਡੇ ਨਾਲ ਘੋਟ ਕੇ ਸ਼ਰਦਾਈ ਦੇ ਤੌਰ ਤੇ ਪੀਂਦੇ ਹਨ। ਕਈ ਇਸ ਘੋਟੇ ਦਾ ਸਖ਼ਤ ਜਿਹਾ ਗੋਲਾ ਵੀ ਵੱਟ ਕੇ ਖਾ ਲੈਂਦੇ ਹਨ। ਭੰਗ ਦੇ ਪਾਪੜ ਅਤੇ ਪਕੌੜੇ ਵੀ ਆਮ ਤੌਰ ਤੇ ਨਸ਼ੇ ਵਾਸਤੇ ਵਰਤੇ ਜਾਂਦੇ ਹਨ । ਕਈ ਵਾਰ ਵਿਆਹ ਸ਼ਾਦੀਆਂ ਵਿਚ ਮਖ਼ੌਲ ਕਰਨ ਲਈ ਜਾਂਜੀਆਂ ਨੂੰ ਭੰਗ ਦੇ ਪਾਪੜ ਪਕੌੜੇ ਵੀ ਖ਼ੁਆ ਦਿਤੇ ਜਾਂਦੇ ਹਨ। ਭੰਗ ਦੇ ਨਸ਼ੇ ਨਾਲ ਪੁਰਸ਼ ਬੜੀ ਖ਼ੁਸ਼ੀ ਮਹਿਸੂਸ ਕਰਦਾ ਹੈ । ਆਪਣੇ ਆਪ ਨੂੰ ਅਕਾਸ਼ੀ ਉਡਿਆ ਪ੍ਰਤੀਤ ਕਰਦਾ ਹੈ। ਕਦੇ ਗਾਣ ਲੱਗ ਪੈਂਦਾ ਹੈ, ਨੱਚਣ ਲੱਗ ਪੈਂਦਾ ਹੈ ਅਤੇ

1. ਬ੍ਰਿਤਿ ਠਹਿਰਾਉਣ ਦਾ ਕੇਹਾ ਸੁੰਦਰ ਉਪਾਉ ਦੱਸਿਆ ਹੈ ? ਸਿੱਖਾਂ ਦੀ ਬ੍ਰਿਤੀ ਸੇਵਾ, ਗੁਰਬਾਣੀ-ਅਭਿਆਸ, ਪਰਉਪਕਾਰ ਨਾਲ ਠਹਿਰਦੀ ਹੈ, ਨਾ ਕਿ ਨਸ਼ੇ ਵਿਚ ਗੜੂੰਦ ਹੋ ਕੇ ਉੱਲੂ ਬਣਨ ਨਾਲ ।

2. ਸ਼ਰਾਬ ਮਿਲੀ ਭੰਗ ਦਾ ਕੇਹਾ ਸੁੰਦਰ ਚਰਨਾਮ੍ਰਿਤ ਸੁੱਖਾ ਸਿੰਘ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਵਲੋਂ ਤਿਆਰ ਕਰਨਾ ਲਿਖਿਆ ਹੈ ?

ਕਾਮ-ਭੁੱਖ ਵਧਦੀ ਹੈ। ਇਸ ਦਾ ਅਸਰ ਤਿੰਨ ਘੰਟੇ ਤਕ ਖੂਬ ਰਹਿੰਦਾ ਹੈ। ਖਾਣ ਨੂੰ ਬਹੁਤ ਕੁੱਝ ਮੰਗਦਾ ਹੈ। ਨਸ਼ਾ ਉਤਰਨ ਤੋਂ ਬਾਦ ਨੀਂਦਰ ਚੋਖੀ ਆਉਂਦੀ ਹੈ।

ਗਾਂਜਾ

ਭੰਗ ਦੇ ਫੁੱਲ ਤੇ ਬੀਜ ਅਥਵਾ ਗੂੰਦ ਰਲਾ ਕੇ ਅਤੇ ਥੋੜ੍ਹਾ ਜਿਹਾ ਵਿਚ ਤਮਾਕੂ ਪਾ ਕੇ, ਚਿਲਮ ਵਿਚ ਵਰਤਿਆ ਜਾਂਦਾ ਹੈ। ਆਮ ਸਾਧੂ, ਫ਼ਕੀਰ ਅਤੇ ਸ਼ਿਵ-ਸ਼ੰਕਰ ਦੇ ਪੁਜਾਰੀ ਅਜਿਹੀ ਚਿਲਮ ਵਰਤਦੇ ਹਨ।

ਚਰਸ ਜਾਂ ਅਸ਼ੀਸ਼

ਇਹ ਵੀ ਭੰਗ ਦੀ ਗੋਂਦ ਤੋਂ ਹੀ ਬਣਦੀ ਹੈ। ਇਹ ਪਹਾੜੀ ਭੰਗ ਵਿਚੋਂ ਨਿਕਲਦੀ ਹੈ ਅਤੇ ਇਸ ਨੂੰ ਹੁੱਕੇ ਦੇ ਪਾਈਪ ਵਿਚ ਪਾ ਕੇ ਵਰਤਿਆ ਜਾਂਦਾ ਹੈ।

ਭੰਗ ਦਾ ਪ੍ਰਯੋਗ ਸਿੱਖਾਂ ਦੇ ਖ਼ਾਸ ਫ਼ਿਰਕਿਆਂ ਵਿਚ ਆਮ ਹੈ। ਪਹਿਲੇ ਪਹਿਲ ਤਖ਼ਤ ਸਾਹਿਬਾਨ ਤੇ ਵੀ ਇਸ ਦਾ ਭੋਗ ਲਾਇਆ ਜਾਂਦਾ ਸੀ। ਅਜੇ ਤਕ ਸ੍ਰੀ ਹਜ਼ੂਰ ਸਾਹਿਬ ਵਿਖੇ ਭੰਗ ਦਾ ਭੋਗ ਲਾਇਆ ਜਾਂਦਾ ਹੈ।

ਅੱਜ ਕਲ੍ਹ ਦੀ ਨੌਜਵਾਨ ਪੀੜ੍ਹੀ ਮੈਂਡ੍ਰਿਕਸ, ਪੈਥੇਡੀਨ ਦੇ ਟੀਕੇ ਅਤੇ ਕੈਪਸੂਲ ਆਦਿ ਦਾ ਪ੍ਰਯੋਗ ਕਰਦੀ ਹੈ। ਮੈਡੀਕਲ ਕਾਲਜ, ਅੰਮ੍ਰਿਤਸਰ ਵਿਚ ਹੀ 20 ਤੋਂ 25 ਪ੍ਰਤੀਸ਼ਤ ਵਿਦਿਆਰਥੀ ਆਮ ਇਨ੍ਹਾਂ ਦਵਾਈਆਂ ਦਾ ਪ੍ਰਯੋਗ ਕਰਦੇ ਹਨ। ਇਮਤਿਹਾਨਾਂ ਦੇ ਨੇੜੇ ਤਾਂ ਇਹ ਨਫ਼ਰੀ ਵੱਧ ਕੇ 50 ਤੋਂ 60 ਪ੍ਰਤੀਸ਼ਤ ਹੋ ਜਾਂਦੀ ਹੈ। ਜਿਹੜੇ ਮੈਂਡ੍ਰਿਕਸ ਨਹੀਂ ਵਰਤਦੇ ਉਹ ਜ਼ਰੂਰਤ ਪੈਣ ਤੇ ਕਾਮਪੋਜ਼ ਲੈ ਲੈਂਦੇ ਹਨ। ਹੋਰ ਕਾਲਜਾਂ, ਯੂਨੀਵਰਸਟੀ ਦੇ ਵਿਦਿਆ-ਰਥੀਆਂ ਦੁਆਰਾ ਮੈਂਡ੍ਰਿਕਸ ਦੀ ਵਰਤੋਂ ਮੈਡੀਕਲ ਕਾਲਜਾਂ ਦੀ ਨਿਸਬਤ ਜ਼ਿਆਦਾ ਹੀ ਹੋਵੇਗੀ ਕਿਉਂਕਿ ਮੈਡੀਕਲ ਕਾਲਜਾਂ ਦੇ ਵਿਦਿਆਰਥੀ ਇਸ ਦੇ ਗੁਣਾਂ, ਔਗੁਣਾਂ ਤੋਂ ਕੁਝ ਵਧੇਰੇ ਜਾਣੂ ਹੋਣ ਕਰਕੇ, ਸ਼ਾਇਦ ਘੱਟ ਵਰਤਦੇ ਹੋਣ।

ਯੂਰਪ ਅਤੇ ਅਮਰੀਕਾ ਵਿਚ ਐਲ. ਐਸ. ਡੀ. (ਲਾਈ ਸਰਜਿਕ ਐਸਿੱਡ ਡਾਈ ਥੈਲਾਮਾਈਡ) ਦੇ ਕੈਪਸੂਲ ਆਮ ਵਰਤੇ ਜਾਂਦੇ ਹਨ। ਇਸ ਦੇ ਸੇਵਨ ਨਾਲ ਮਨੁੱਖ ਨੂੰ ਕਈ ਭਾਂਤ ਦੇ ਦ੍ਰਿਸ਼ ਅਤੇ ਚਮਤਕਾਰ ਦਿਸਦੇ ਹਨ। ਪੁਰਸ਼ ਕਿਸੇ ਅਨੋਖੇ ਸੰਸਾਰ ਵਿਚ ਆਪਣੇ ਆਪ ਨੂੰ ਪ੍ਰਤੀਤ ਕਰਦਾ ਹੈ। ਲੋਕ ਲਾਜ, ਘਰ ਪ੍ਰਵਾਰ, ਬੁਰੇ ਭਲੇ ਦਾ ਕੋਈ ਭੇਦ-ਭਾਵ ਨਹੀਂ ਮਹਿਸੂਸ ਕਰਦਾ। ਹਿੱਪੀ ਮੁੰਡਿਆਂ ਕੁੜੀਆਂ ਵਿਚ ਇਨ੍ਹਾਂ ਦੀ ਵਰਤੋਂ ਆਮ ਹੈ। ਇਹ ਕਈ ਵੇਰ ਆਪਣੇ ਨਾਲ ਅਜਿਹੀ ਨਸ਼ੀਲੀ ਵਸਤੂ ਭਾਰਤ ਵਿਚ ਲੈ ਆਉਂਦੇ ਹਨ; ਜੋ ਨੌਜਵਾਨਾਂ ਵਿਚ ਵੰਡ ਕੇ ਸਾਡੇ ਗਭਰੂਆਂ ਨੂੰ ਪ੍ਰਭਾਵਤ ਕਰਦੇ ਹਨ। ਇਸ ਦੀ ਵਰਤੋਂ ਕਰਨ ਵਾਲਾ ਪੁਰਸ਼ ਕਾਮ ਵਿਚ ਗ਼ਲਤਾਨ ਰਹਿੰਦਾ ਹੈ। ਉਸ ਦੀ ਸਰੀਰਕ ਦਿਖ ਖੇਰੂ ਖੇਰੂ ਹੋ ਜਾਂਦੀ ਹੈ ਅਤੇ ਰਹੁ ਨਿਕਲੇ ਗੰਨੇ ਵਾਂਗ ਫ਼ੋਕਾ ਹੋ ਜਾਂਦਾ ਹੈ। ਇਸ ਦੇ ਨਸ਼ਈ ਨੂੰ ਜਿਥੇ ਵੀ ਸੂਹ ਮਿਲੇ, ਇਹ ਕੈਪਸੂਲ ਪ੍ਰਾਪਤ ਕਰਨ ਲਈ ਪੁਜ ਜਾਂਦਾ ਹੈ।

ਕੁਝ ਸਮਾਂ ਪਹਿਲਾਂ ਹਿੱਪੀ ਲੋਕ ਨਿਪਾਲ (ਕਠਮੰਡੂ) ਵਿਚ ਚਲੇ ਗਏ ਸਨ ਪਰ ਹੁਣ

ਉਥੋਂ ਦੀ ਸਰਕਾਰ ਨੇ ਇਨ੍ਹਾਂ ਦੀ ਆਮਦ ਤੇ ਪਾਬੰਦੀ ਲਾ ਦਿਤੀ ਹੈ। ਕਿਉਂਕਿ ਉਥੇ ਇਹ ਨਸ਼ਾ ਆਮ ਮਿਲ ਜਾਂਦਾ ਸੀ। ਇਹ ਲੋਕ ਬਹੁਤ ਗੰਦੇ ਰਹਿੰਦੇ ਹਨ। ਸਰੀਰ ਤੋਂ ਬਹੁਤ ਬੇਪ੍ਰਵਾਹ ਅਤੇ ਗੰਦੇ ਤੋਂ ਗੰਦੇ ਮਾਹੌਲ ਵਿਚ ਵੀ ਗੁਜ਼ਰਾਨ ਕਰ ਲੈਂਦੇ ਹਨ।

ਰਾਸ਼ਟਰ ਪਿਤਾ ਮਹਾਤਮਾਂ ਗਾਂਧੀ ਜੀ ਨੇ ਇਨਕਲਾਬੀ ਪ੍ਰੋਗਰਾਮ ਦਿਤਾ ਅਤੇ ਸਤਿਆ-ਗ੍ਰਹਿ ਤੇ ਨਾ-ਮਿਲਵਰਤਣ ਦੀ ਲਹਿਰ ਚਲਾਈ; ਜਿਸ ਦੇ ਫ਼ਲ-ਸਵਰੂਪ ਭਾਰਤ ਵਿਚੋਂ ਅੰਗਰੇਜ਼ੀ ਰਾਜ-ਸੱਤਾ ਖ਼ਤਮ ਹੋਈ। ਅੱਜ ਅਸੀਂ ਹਿੰਦੁਸਤਾਨੀ, ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਦਾ ਮਾਣ ਪ੍ਰਾਪਤ ਕਰ ਚੁਕੇ ਹਾਂ। ਮਹਾਤਮਾ ਜੀ ਸਦਾਚਾਰ, ਸੱਚ, ਸਵੈ-ਸੰਜਮ ਅਤੇ ਆਚਰਣ ਨੂੰ ਪੱਕਾ ਕਰਨ ਤੇ ਵਿਸ਼ੇਸ਼ ਜ਼ੋਰ ਦਿਆ ਕਰਦੇ ਸਨ।

ਉਨ੍ਹਾਂ ਦਿਨਾਂ ਵਿਚ ਵੱਡੇ ਵੱਡੇ ਸ਼ਹਿਰਾਂ ਵਿਚ ਅੰਗਰੇਜ਼ੀ ਅਤੇ ਦੇਸੀ ਸ਼ਰਾਬ ਦੇ ਠੇਕੇ ਟਾਵੇਂ ਟਾਵੇਂ ਹੀ ਹੁੰਦੇ ਸਨ ਪਰ ਮਹਾਤਮਾਂ ਜੀ ਦੇ ਵਿਸ਼ੇਸ਼ ਪ੍ਰੋਗਰਾਮਾਂ ਵਿਚ ਠੇਕਿਆਂ ਦੇ ਅਗੇ ਸਤਿਆਗ੍ਰਹਿ ਕਰਨ ਦਾ ਪ੍ਰੋਗਰਾਮ ਬਣਾਇਆ ਜਾਂਦਾ ਸੀ ਤਾਂ ਕਿ ਠੇਕੇ ਅੰਦਰ ਜਾ ਕੇ ਕੋਈ ਵਿਅਕਤੀ ਸ਼ਰਾਬ ਨਾ ਲੈ ਸਕੇ ਅਤੇ ਉਹ ਹੱਥ ਜੋੜ ਕੇ ਲੋਕਾਂ ਨੂੰ ਬੇਨਤੀ ਕਰਦੇ ਸਨ ਕਿ ਲੋਕ ਸ਼ਰਾਬ ਨਾ ਖ਼ਰੀਦਣ ਤੇ ਪੀਣ। ਪੁਲਿਸ ਇਨ੍ਹਾਂ ਸਤਿਆਗ੍ਰਹੀਆਂ ਨੂੰ ਪਕੜ ਲੈਂਦੀ ਸੀ ਅਤੇ ਜੁਰਮਾਨੇ ਤੇ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਕਾਂਗਰਸ ਦੇ ਪ੍ਰੋਗਰਾਮ ਵਿਚ ਸ਼ਰਾਬ ਤੇ ਪਾਬੰਦੀ ਲਗਵਾਉਣ ਲਈ ਪ੍ਰਯਤਨ ਕੀਤੇ ਜਾਂਦੇ ਸਨ। ਸ਼ੁਰੂ ਸ਼ੁਰੂ ਵਿਚ, ਕਾਂਗਰਸ ਦੇ ਹੱਥ ਰਾਜ-ਸੱਤਾ ਆਉਣ ਸਮੇਂ ਕਈ ਰਾਜਾਂ ਵਿਚ ਸ਼ਰਾਬ ਉਤੇ ਪਾਬੰਦੀ ਲਾ ਦਿੱਤੀ ਗਈ। ਪਰ ਇਹ ਬੜੇ ਖੇਦ ਨਾਲ ਅੰਕਿਤ ਕਰਨਾ ਪੈਂਦਾ ਹੈ ਕਿ ਓਹੀ ਕਾਂਗਰਸ ਜਿਸ ਦੀ ਰੇਖ-ਦੇਖ ਵਿਚ ਸ਼ਰਾਬ-ਬੰਦੀ ਦਾ ਪ੍ਰੋਗਰਾਮ ਵਿਸ਼ੇਸ਼ ਤੌਰ ਤੇ ਉਲੀਕਿਆ ਗਿਆ ਸੀ, ਕੁਝ ਸਮਾਂ ਪਾ ਕੇ ਮਹਾਤਮਾ ਜੀ ਦੇ ਇਨ੍ਹਾਂ ਪ੍ਰੋਗਰਾਮਾਂ ਨੂੰ ਕਾਂਗਰਸ ਨੇ ਆਪ ਹੀ ਬਦਲ ਦਿੱਤਾ। ਅੰਗਰੇਜ਼ ਦੇ ਰਾਜ ਵਿਚ ਸ਼ਰਾਬ ਦੀ ਖ਼ਪਤ ਇਤਨੀ ਆਮ ਨਹੀਂ ਸੀ ਜਿਤਨੀ ਸਵਰਾਜ ਤੋਂ ਬਾਦ ਹੋਈ ਹੈ।

ਨਸ਼ਿਆਂ ਦੇ ਵਧ ਰਹੇ ਪ੍ਰਯੋਗ ਅਤੇ ਇਸ ਤੋਂ ਹੋਣ ਵਾਲੇ ਨੁਕਸਾਨ ਨੂੰ ਧਿਆਨ ਵਿਚ ਰਖਦੇ ਹੋਏ, ਇਸ ਦੀ ਰੋਕ-ਥਾਮ ਵਾਸਤੇ, ਅਸੀਂ ਵੀ ਆਪਣਾ ਕੁਝ ਯੋਗਦਾਨ ਪਾਉਣ ਦਾ ਉਪਰਾਲਾ ਕੀਤਾ ਹੋਇਆ ਹੈ, ਜਿਸ ਦਾ ਵੇਰਵਾ ਇਸ ਤਰ੍ਹਾਂ ਹੈ :

20 ਫਰਵਰੀ, 1972 ਨੂੰ ਮੇਰੇ ਨਿਵਾਸ ਤੇ ਸ਼ਹਿਰ ਦੇ ਕੁਝ ਪਤਵੰਤੇ ਸੱਜਣਾਂ ਦੀ ਬੈਠਕ ਕੀਤੀ ਗਈ। ਇਸ ਵਿਚ ਨਸ਼ਿਆਂ ਦੀ ਸਮੱਸਿਆ ਪ੍ਰਤੀ ਸਰਕਾਰ ਅਤੇ ਲੋਕਾਂ ਨੂੰ ਬੇਦਾਰ ਕਰਨ ਲਈ ਪ੍ਰੋਗਰਾਮ ਬਣਾਇਆ ਗਿਆ। ਉਸ ਸਮੇਂ ਪੰਜਾਬ ਦੇ ਮੁਖ ਮੰਤਰੀ ਅਤੇ ਪੰਜਾਬ ਸਰਕਾਰ ਨਾਲ ਸੰਬੰਧਤ ਇਸ ਸਭਾ ਦੇ ਪ੍ਰਤੀਨਿਧ ਵਜੋਂ ਇਹ ਕੰਮ ਮੇਰੇ ਵਲੋਂ ਹੀ ਸ਼ੁਰੂ ਹੋਇਆ। ਮੈਂ ਕੁਝ ਸੁਝਾਅ ਪੰਜਾਬ ਸਰਕਾਰ ਨੂੰ ਭੇਜੇ, ਜਿਨ੍ਹਾਂ ਨੂੰ ਉਨ੍ਹਾਂ ਨੇ ਪ੍ਰਵਾਨ ਕਰਕੇ ਲਾਗੂ ਕਰ ਦਿਤਾ। ਇਸ ਲਈ ਮੈਂ ਆਪਣੀ ਸਭਾ ਵਲੋਂ ਸਰਕਾਰ ਦਾ ਧੰਨਵਾਦੀ ਹਾਂ। ਉਨ੍ਹਾਂ ਸੁਝਾਵਾਂ ਵਿਚ, ਸਿਗਰੇਟ ਅਤੇ ਸ਼ਰਾਬ ਦੀ ਇਸ਼ਤਿਹਾਰਬਾਜ਼ੀ

ਨਾਲ, ਡਾਕਟਰੀ ਤਾੜਨਾ ਲਿਖਣ ਲਈ ਕਿਹਾ ਗਿਆ ਸੀ, ਜੋ ਕਿ ਲਾਗੂ ਹੋ ਗਈ ।

ਪੰਜਾਬ ਦੀ ਅਕਾਲੀ-ਜਨਤਾ ਸਰਕਾਰ ਨੇ ਵੀ ਸ਼ਰਾਬ ਦੇ ਠੇਕਿਆਂ ਦੇ ਦਿਨ ਨੀਅਤ ਕਰਕੇ ਉਤਸ਼ਾਹ ਵਿਖਾਇਆ ਸੀ ਅਤੇ ਆਸ ਹੈ ਕਿ ਛੇਤੀ ਹੀ ਆਸ਼ਾ ਦੀਆਂ ਕਿਰਨਾਂ ਉਦੈ ਹੋਣਗੀਆਂ । ਪਰ ਫਿਰ ਵੀ ਡਰ ਹੈ ਕਿ ਕੇਵਲ ਇਤਨਾ ਹੀ ਕਾਫੀ ਨਹੀਂ ਹੋਵੇਗਾ ਕਿਉਂਕਿ ਜਦ ਤਕ ਆਉਣ ਵਾਲੀਆਂ ਨਸਲਾਂ ਨੂੰ ਆਚਰਣਕ ਤੌਰ ਤੇ ਸ਼ਰਾਬ ਦੀਆਂ ਬੁਰਾਈਆਂ ਦਾ ਗਿਆਨ ਨਹੀਂ ਕਰਾਇਆ ਜਾਵੇਗਾ ਲੋਕਾਂ ਦੀ ਸ਼ਰਾਬ ਪੀਣ ਦੀ ਮਾੜੀ ਆਦਤ ਨਹੀਂ ਛੁਟ ਸਕੇਗੀ ਅਤੇ ਇਸ ਤਰ੍ਹਾਂ ਨਜਾਇਜ਼ ਸ਼ਰਾਬ ਦਾ ਇਕ ਨਵਾਂ ਧੰਦਾ ਪੈਦਾ ਹੋਣ ਦਾ ਖਤਰਾ ਬਣਿਆ ਰਹੇਗਾ । ਇਸ ਲਈ ਜੇਕਰ ਕੁਝ ਬੁਨਿਆਦੀ ਸੁਝਾਅ ਸਰਕਾਰ ਧਾਰਮਕ ਜਥੇਬੰਦੀਆਂ ਅਤੇ ਸਮਾਜਕ ਅਤੇ ਆਮ ਲੋਕਾਂ ਦੇ ਪ੍ਰਤੀਨਿਧ ਆਪਣੇ ਆਪਣੇ ਤੌਰ ਤੇ ਲਾਗੂ ਕਰਨ ਤਾਂ ਇਹ ਸੁਝਾਅ ਬੜੇ ਉਪਯੋਗੀ ਸਿਧ ਹੋਣਗੇ ।

1. ਸ਼ਰਾਬ ਦੇ ਠੇਕਿਆਂ ਦੀ ਗਿਣਤੀ ਸੀਮਤ ਕਰਨ ਲਈ, 20 ਹਜ਼ਾਰ ਦੀ ਅਬਾਦੀ ਪਿਛੇ ਕੇਵਲ ਇਕ ਠੇਕਾ ਹੀ ਹੋਣਾ ਚਾਹੀਦਾ ਹੈ। ਸਕੂਲਾਂ, ਕਾਲਜਾਂ ਅਤੇ ਵਿਦਿਅਕ ਅਦਾਰਿਆਂ ਦੇ ਨਜ਼ਦੀਕ ਠੇਕੇ ਨਹੀਂ ਹੋਣੇ ਚਾਹੀਦੇ ।

2. ਸਕੂਲਾਂ-ਕਾਲਜਾਂ ਦੀਆਂ ਪਾਠ ਪੁਸਤਕਾਂ ਵਿਚ ਨਸ਼ਿਆਂ ਤੋਂ ਉਤਪੰਨ ਬੁਰਾਈਆਂ ਅਤੇ ਇਸ ਸਮੱਸਿਆ ਦੇ ਸਮਾਧਾਨ ਬਾਰੇ ਵਿਸ਼ੇਸ਼ ਤੌਰ ਤੇ ਜਾਣਕਾਰੀ ਇਕ ਵਿਸ਼ੇ ਵਜੋਂ ਹੋਣੀ ਚਾਹੀਦੀ ਹੈ ।

3. ਸਰਕਾਰ ਵਲੋਂ ਸ਼ਰਾਬ ਦੀਆਂ ਬੁਰਾਈਆਂ ਦੇ ਸਬੰਧ ਵਿਚ ਸਾਲ ਵਿਚ ਘਟੋ ਘੱਟ ਚਾਰ ਵਾਰੀ ਅਖ਼ਬਾਰਾਂ ਵਿਚ ਵਿਸ਼ੇਸ਼ ਸਪਲੀਮੈਂਟ, ਲੋਕ ਸੰਪਰਕ ਵਿਭਾਗ ਵਲੋਂ ਸਿਨਮਾ ਸਲਾਈਡਾਂ, ਦਸਤਾਵੇਜ਼ੀ ਫ਼ਿਲਮਾਂ ਅਤੇ ਸਭਿਆਚਾਰਕ ਪ੍ਰੋਗਰਾਮਾਂ ਦੁਆਰਾ ਇਸ ਵਿਸ਼ੇ ਤੇ ਵਿਗਿਆਨਕ ਸੇਧਾਂ ਦਿਤੀਆਂ ਜਾਣੀਆਂ ਚਾਹੀਦੀਆਂ ਹਨ । ਰੇਡੀਓ ਅਤੇ ਦੂਰ ਦਰਸ਼ਨ ਲਈ ਇਸ ਵਿਸ਼ੇ ਦਾ ਸਮਾਂ ਵਧੇਰੇ ਹੋਣਾ ਚਾਹੀਦਾ ਹੈ ।

4. ਸਰਕਾਰ ਕੇਵਲ ਕਾਗਜ਼ੀ ਕਾਰਵਾਈ ਨਾਲੋਂ, ਅਮਲੀ ਕਦਮ ਚੁੱਕਣ ਲਈ ਸਰਕਾਰੀ ਅਮਲੇ ਨੂੰ ਸਖਤੀ ਨਾਲ ਤਾੜਨਾ ਕਰੇ ਕਿ ਕੋਈ ਮੰਤਰੀ, ਅਧਿਕਾਰੀ ਅਤੇ ਕਰਮਚਾਰੀ ਉਨ੍ਹਾਂ ਵਿਆਹ-ਸ਼ਾਦੀਆਂ ਅਤੇ ਪਾਰਟੀਆਂ ਵਿਚ ਸ਼ਾਮਲ ਨਾ ਹੋਣ ਜਿਥੇ ਸ਼ਰਾਬ ਦੀ ਖੁਲ੍ਹੇ ਤੌਰ ਤੇ ਵਰਤੋਂ ਹੋਵੇ ।

5. ਬੁਧੀਮਾਨ ਸ਼ਰੇਣੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਇਲਾਕੇ ਵਿਚ ਇਹੋ ਜਹੀਆਂ ਸੰਸਥਾਵਾਂ ਕਾਇਮ ਕਰਨ ਜੋ ਸ਼ਰਾਬ ਅਤੇ ਸਿਗਰੇਟ ਦੀ ਕੁਵਰਤੋਂ ਵਿਰੁਧ ਆਮ ਜਨਤਾ ਨੂੰ ਸੁਚੇਤ ਕਰਨ ਅਤੇ ਸਰਕਾਰ ਨਾਲ ਸੰਪਰਕ ਪੈਦਾ ਕਰਕੇ ਉਪਰੋਕਤ

ਸੁਝਾਵਾਂ ਨੂੰ ਪ੍ਰੌੜਤਾ ਸਹਿਤ ਲਾਗੂ ਕਰਾਉਣ ਲਈ ਪ੍ਰੇਰਨਾ ਦੇਣ।

ਜੇਕਰ ਨਸ਼ਿਆਂ ਦੀ ਸਮੱਸਿਆ ਦਾ ਬਾਨ੍ਹਣੂ ਬੰਨਣ ਵਿਚ ਅਸੀਂ ਅਸਫਲ ਰਹੇ ਤਾਂ ਆਉਣ ਵਾਲੀਆਂ ਨਸਲਾਂ ਦਾ ਭਵਿਖ ਧੁੰਦਲਾ ਹੋਵੇਗਾ ਅਤੇ ਧਾਰਮਕ ਅਥਵਾ ਆਚਰਣਿਕ ਤੌਰ ਤੇ ਅਸੀਂ ਰਸਾਤਲ ਵਲ ਜਾ ਚੁਕੇ ਹੋਵਾਂਗੇ। ਅਜੋਕੇ ਸਮੇਂ ਦੀ ਵੰਗਾਰ ਦਾ ਹੱਲ ਸੋਚਣ ਲਈ ਸਾਨੂੰ ਜ਼ਰੂਰ ਪ੍ਰਯਤਨਸ਼ੀਲ ਹੋਣਾ ਚਾਹੀਦਾ ਹੈ।

ਗੁਰੂ ਨਾਨਕ ਸਾਹਿਬ ਅਤੇ ਕਰਾਮਾਤਾਂ

ਗੁਰਮੁਖ ਲਿਖਾਰੀ ਕਰਾਮਾਤ ਦੀ ਹੋਂਦ ਬਾਰੇ ਭਿੰਨ ਭਿੰਨ ਵਿਚਾਰ ਰਖਦੇ ਹਨ ਅਤੇ ਉਨ੍ਹਾਂ ਵਿਚੋਂ ਕਈਆਂ ਦੀ ਰਾਏ ਵੀ ਥਿਰ ਨਹੀਂ ਰਹਿੰਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਭਗਤ-ਬਾਣੀ ਕਰਾਮਾਤਾਂ ਦੀ ਸਾਖ ਭਰਦੀ ਹੈ। ਭਗਤਾਂ ਨੇ ਪ੍ਰਚਲਤ ਤੇ ਪੁਰਾਤਨ ਗਾਥਾਵਾਂ ਨੂੰ ਇਨ-ਬਿਨ, ਟੂਕ-ਮਾਤਰ, ਆਪਣੇ ਸ਼ਬਦ ਵਿਚ ਵਰਨਣ ਕੀਤਾ ਹੈ। ਕਰਾਮਾਤਾਂ ਦਾ ਜ਼ਿਕਰ ਗੁਰੂ ਸਾਹਿਬਾਨ ਨਾਲ ਜੁੜਿਆ ਹੋਇਆ ਵੀ, ਸਿੱਖ ਇਤਿਹਾਸ ਵਿਚੋਂ ਮਿਲਦਾ ਹੈ। ਸਾਡੇ ਇਤਿਹਾਸਕਾਰ ਵੀ ਪੁਰਾਤਨ ਗਾਥਾਵਾਂ ਤੋਂ ਪ੍ਰਭਾਵਤ ਹੋ ਕੇ ਗੁਰੂ ਸਾਹਿਬਾਨ ਦੀਆਂ ਕਥਾਵਾਂ ਨੂੰ, ਪੌਰਾਣਿਕ ਢੰਗ ਅਨੁਸਾਰ, ਵਿਸਥਾਰ ਵਿਚ ਬਿਆਨ ਕਰਦੇ ਹਨ। ਪਰ ਜੇਕਰ ਇਸ ਮਸਲੇ ਨੂੰ ਨਿਰੋਲ ਗੁਰਬਾਣੀ ਦੇ ਆਧਾਰ ਉਤੇ ਵਿਚਾਰਿਆ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਅਧਿਕਾਰੀ ਗੁਰੂ ਸਾਹਿਬਾਨ ਨੇ ਕਰਾਮਾਤਾਂ ਦੀ ਹੋਂਦ ਨੂੰ ਸਵੱਛ ਨਹੀਂ ਮੰਨਿਆ। ਕਰਾਮਾਤੀ ਅਤੇ ਚਮਤਕਾਰੀ ਉਪ-ਯੋਗੀਆਂ ਨੂੰ, ਨਾਮ ਸਿਮਰਨ ਦੀ ਪ੍ਰੇਰਨਾ ਦਿੱਤੀ ਹੈ।

'ਕਰਾਮਾਤ' ਅਰਬੀ ਦਾ ਸ਼ਬਦ ਹੈ, ਅਤੇ ਉਨ੍ਹਾਂ ਅਲੌਕਿਕ ਸ਼ਕਤੀਆਂ ਵਾਸਤੇ ਵਰਤਿਆ ਗਿਆ ਹੈ ਜਿਨ੍ਹਾਂ ਦੁਆਰਾ ਪ੍ਰਚਲਤ ਅਣਹੋਣੀ ਬਾਤ ਹੋ ਸਕੇ। ਕਰਾਮਾਤਾਂ ਦਾ ਦੂਸਰਾ ਨਾਂ ਸਿੱਧੀ ਵੀ ਹੈ ਤੇ ਸਿੱਧ ਹਮੇਸ਼ਾਂ ਹਠਯੋਗ ਦੀਆਂ ਕਠਨ ਸਰੀਰਕ ਕ੍ਰਿਆਵਾਂ ਦੇ ਆਸਰੇ ਕਰਾਮਾਤੀ ਤਾਕਤਾਂ ਨੂੰ ਹਾਸਲ ਕਰਨ ਦਾ ਲਕਸ਼ ਸਾਹਮਣੇ ਰੱਖਦੇ ਸਨ। ਸਿੱਧਾਂ ਦੇ ਗ੍ਰੰਥਾਂ ਅਨੁਸਾਰ, ਅੱਠ ਪ੍ਰਕਾਰ ਦੀਆਂ ਸਿੱਧੀਆਂ ਮੰਨੀਆਂ ਗਈਆਂ ਹਨ :

1-2. ਸਰੀਰ ਦੇ ਅਕਾਰ ਨੂੰ ਛੋਟਾ ਤੇ ਵੱਡਾ ਕਰ ਸਕਣਾ।

3-4. ਸਰੀਰ ਦੇ ਭਾਰ ਨੂੰ ਵਧਾਅ ਅਤੇ ਘਟਾਅ ਸਕਣਾ, ਸਿੱਧ ਆਪਣੀ ਇੱਛਾ ਅਨੁਸਾਰ ਪੌਣ ਤੋਂ ਹੌਲਾ ਤੇ ਚੱਟਾਨ ਤੋਂ ਵੀ ਭਾਰਾ ਕਰਨ ਦਾ ਦਾਅਵਾ ਕਰਦੇ ਹਨ।

5. ਮਨ-ਇਛਤ ਵਸਤੂ ਅੱਖ ਦੇ ਫੋਰ ਵਿਚ ਹਾਸਲ ਕਰ ਲੈਣੀ।

6. ਦੂਜੇ ਦੇ ਮਨ ਦੀ ਗੱਲ ਬੁਝ ਲੈਣੀ।

7-8. ਇੱਛਾ ਅਨੁਸਾਰ ਦੂਜੇ ਮਨੁੱਖ ਨੂੰ ਪ੍ਰੇਰ ਲੈਣਾ ਅਤੇ ਉਸ ਨੂੰ ਆਪਣੇ ਵੱਸ ਵਿਚ ਕਰ ਲੈਣਾ।

ਇਨ੍ਹਾਂ ਵਿਚੋਂ ਤਾਂ ਕਈ ਸਿਧੀਆਂ ਮਨੋ-ਵਿਗਿਆਨੀ ਵੀ ਮੰਨਦੇ ਹਨ। ਜਿਵੇਂ ਨੰ: 6,7 ਅਤੇ 8 ਵਾਲੀਆਂ ਸਿੱਧੀਆਂ ਮਨੋ-ਵਿਗਿਆਨਕ ਢੰਗ ਦੁਆਰਾ ਸਹੀ ਮੰਨੀਆਂ ਜਾ ਸਕਦੀਆਂ ਹਨ। ਮਨੁੱਖੀ ਮਨ ਦੇ ਖੋਜ-ਵਿਗਿਆਨੀ, ਮਨ ਦੇ ਹੇਠ ਲਿਖੇ ਭਾਗ ਮੰਨਦੇ ਹਨ:

1. **ਚੇਤਨ ਮਨ** : ਇਹ ਮਨ ਦਾ ਵੱਡਾ ਭਾਗ ਹੈ, ਜਿਸ ਦਾ ਮਨੁੱਖ ਹਰ ਵੇਲੇ ਉਪਯੋਗ ਕਰਦਾ ਹੈ। ਜਾਗਰਿਤ ਅਵਸਥਾ ਵਿਚ ਚੇਤਨ ਮਨ ਹੀ ਸੋਚਦਾ, ਸਮਝਦਾ ਅਤੇ ਕਰਮ-ਖੇਤਰ ਵਲ ਮਨੁੱਖ ਨੂੰ ਪ੍ਰੇਰਦਾ ਹੈ।

2. **ਅਧ ਚੇਤਨ ਮਨ** : ਇਹ ਖੇਤਰ ਚੇਤਨ ਮਨ ਤੋਂ ਘੱਟ ਸੁਚੇਤ ਹੈ। ਪੁਰਾਣੀਆਂ ਯਾਦਾਂ, ਥੋੜੇ ਜਹੇ ਪ੍ਰੀਸ਼ਰਮ ਨਾਲ ਉਘੜਕੇ ਚੇਤਨਤਾ ਵਿਚ ਆ ਜਾਂਦੀਆਂ ਹਨ।

3. **ਅਚੇਤ ਮਨ** : ਇਹ ਮਨ ਦੀ ਡੂੰਘੀ ਗਹਿਰਾਈ ਵਿਚ ਪੁਰਾਣੀਆਂ ਯਾਦਾਂ ਅਤੇ ਘਟਨਾਵਾਂ ਨੂੰ ਸਾਂਭ ਕੇ ਰੱਖਦਾ ਹੈ, ਜੋ ਸਮੇਂ ਸਮੇਂ ਉਭਰ ਕੇ ਚੇਤਨ ਮਨ ਦਾ ਭਾਗ ਬਣ ਸਕਦੀਆਂ ਹਨ। ਮਨ ਦੀਆਂ ਡੂੰਘੀਆਂ ਤਹਿਆਂ ਵਿਚ ਦੱਬੀਆਂ ਘਟਨਾਵਾਂ ਅਤੇ ਵੇਗ, ਕਦੀ ਕਦੀ ਉਪਰ ਤਰ ਕੇ ਸੁਪਨੇ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ ਜਾਂ ਹਿਪਨੋਸਿਜ਼ ਦੀ ਅਵਸਥਾ ਵਿਚ, ਮਨ ਦੀ ਡੂੰਘਾਈ ਤਕ ਪਹੁੰਚਿਆ ਜਾ ਸਕਦਾ ਹੈ।

4. **ਪਰਮ-ਸੁਚੇਤ-ਮਨ (ਸੁਪਰ ਕਾਨਸ਼ਸਨੈਸ)** : ਇਹੋ ਜਹੇ ਪੁਰਸ਼ ਅਲੌਕਿਕ ਦਿਮਾਗੀ ਸ਼ਕਤੀਆਂ ਦੇ ਮਾਲਕ ਹੁੰਦੇ ਹਨ। ਮਸ਼ਹੂਰ ਗਿਆਨੀ, ਵਿਗਿਆਨੀ, ਅਚਾਰੀਆ, ਕੋਮਲ ਕਲਾ ਦੇ ਮਾਹਰ, ਮਹਾਨ ਕਵੀ ਤੇ ਲਿਖਾਰੀ ਇਸੇ ਸ਼ਰੇਣੀ ਵਿਚੋਂ ਹੁੰਦੇ ਹਨ।

5. **ਮਨ-ਪ੍ਰਯੋਗ ਬਿਨਾਂ ਸੁਚੇਤ ਸੂਖਮ ਸੂਝ (ਐਕਸਟਰਾ ਸੈਨਸੋਰੀਅਲ ਪਰਸੈਪਸ਼ਨ)** : ਇਹ ਮਨ ਤੋਂ ਵੀ ਕੋਈ ਉਪਰਲੀ ਸ਼ਕਤੀ ਹੈ। ਜਿਥੇ ਅਸਥੂਲ ਮਨ ਦੀ ਪਹੁੰਚ ਨਹੀਂ। ਵਿਗਿਆਨੀ ਇਸ ਦੀ ਹੋਰ ਖੋਜ ਕਰ ਰਹੇ ਹਨ। ਪਰ ਜਿਥੋਂ ਤਕ ਗਿਆਨ, ਹੁਣ ਤਕ ਪ੍ਰਾਪਤ ਹੋਇਆ ਹੈ, ਉਸ ਦੇ ਅਧਾਰ ਉਤੇ ਇਹ ਕਿਹਾ ਜਾ ਸਕਦਾ ਹੈ ਕਿ ਇਹੋ ਜਹੇ ਅਲੌਕਿਕ ਪੁਰਸ਼ ਅਗਮ-ਨਿਗਮ ਦੀ ਜਾਣਕਾਰੀ ਦੇ ਸਕਦੇ ਹਨ। ਇਨ੍ਹਾਂ ਦੇ ਮਨ ਦੂਰ-ਦਰਸ਼ੀ ਹੁੰਦੇ ਹਨ। ਇਹ ਭੂਤ ਅਤੇ ਭਵਿਖ ਵਿਚ ਵੇਖ ਸਕਦੇ ਹਨ। ਇਸੇ ਲਈ ਇਨ੍ਹਾਂ ਵਿਚ ਵਾਕ-ਸਿੱਧੀ ਦੀ ਸ਼ਕਤੀ ਹੁੰਦੀ ਹੈ। ਹੋਣ ਵਾਲੀਆਂ ਘਟਨਾਵਾਂ ਦੀ ਇਨ੍ਹਾਂ ਨੂੰ ਪਹਿਲੋਂ ਹੀ ਸੋਝੀ ਮਿਲ ਜਾਂਦੀ ਹੈ। ਇਨ੍ਹਾਂ ਦੀ ਮਨੋਬਿਰਤੀ ਅਸਥੂਲ ਮਨ ਦਾ ਵਿਸ਼ਾ ਨਹੀਂ ਹੁੰਦੀ। ਇਹ ਕੋਈ ਅਤਿ ਸੂਖਮ ਸ਼ਕਤੀ ਹੈ, ਜਿਸ ਦਾ ਮਨੁੱਖੀ ਸਰੀਰ ਵਿਚ ਅਜੇ ਤਕ ਕੇਂਦਰ ਨੀਅਤ ਨਹੀਂ ਕੀਤਾ ਜਾ ਸਕਿਆ। ਜਿਵੇਂ ਦੂਰ-ਦਰਸ਼ੀ ਯੰਤਰ ਉਤੇ ਅਸੀਂ ਪ੍ਰਤਖ ਚਲ-ਚਿਤਰ ਦੇਖ ਸਕਦੇ ਹਾਂ, ਇਵੇਂ ਹੀ ਇਸ ਮਹਾਨ ਸ਼ਕਤੀ ਦੇ ਮਾਲਕ, ਆਉਣ ਵਾਲੀਆਂ ਘਟਨਾਵਾਂ ਨੂੰ ਪਹਿਲੋਂ ਹੀ ਅਨੁਭਵ ਕਰ ਲੈਂਦੇ ਹਨ; ਮਨੁੱਖਾਂ ਨੂੰ ਪ੍ਰਭਾਵਤ ਕਰ ਸਕਦੇ ਹਨ ਅਤੇ ਉਨ੍ਹਾਂ ਦੇ ਮਨਾਂ ਨੂੰ ਪ੍ਰੇਰ ਕੇ ਕਠਿਨ ਤੋਂ ਕਠਿਨ ਸਮੇਂ ਵਿਚ ਵੀ ਮਨ ਦਾ ਸੰਤੁਲਨ ਡਾਵਾਂਡੋਲ

ਨਹੀਂ ਹੋਣ ਦੇਂਦੇ। ਸਤਿਗੁਰੂਆਂ ਅਤੇ ਮਹਾਂਪੁਰਸ਼ਾਂ ਵਿਚ ਕੋਈ ਇਹੋ ਜਹੀ ਹੀ ਕਰਾਮਾਤੀ ਸ਼ਕਤੀ ਕੰਮ ਕਰਦੀ ਹੈ ਜਿਸ ਨਾਲ ਅਧਰਮੀਆਂ ਨੂੰ ਧਰਮੀ, ਨਾਸਤਿਕਾਂ ਨੂੰ ਆਸਤਕ, ਆਲਸੀਆਂ ਨੂੰ ਕਰਮ-ਯੋਗੀ ਆਪਣੀ ਪਵਿੱਤਰ ਛੋਹ ਨਾਲ ਬਣਾ ਦੇਂਦੇ ਹਨ।

ਕਰਾਮਾਤਾਂ ਦਾ ਸੱਤ ਹੋਣਾ ਹਿੰਦੂ-ਸਿੱਖਾਂ ਦੀਆਂ ਪੁਸਤਕਾਂ ਤੋਂ ਛੁਟ, ਈਸਾਈਆਂ, ਯਾਹੂਦੀਆਂ ਅਤੇ ਮੁਸਲਮਾਨਾਂ ਦੇ ਗ੍ਰੰਥਾਂ ਵਿਚ ਵੀ ਮਿਲਦਾ ਹੈ। ਪਰ ਗੁਰੂ ਸਾਹਿਬ ਨੇ ਪ੍ਰਮਾਤਮਾ ਦੀਆਂ ਨਿਆਮਤਾਂ ਨੂੰ ਹੀ ਕਰਾਮਾਤ ਮੰਨਿਆ ਹੈ:

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥
ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥

(ਵਾਰ ਆਸਾ ਮ: ੨, ੨੩, ੪੭੪-੭੫)

ਗੁਰੂ ਨਾਨਕ ਸਾਹਿਬ ਦਾ ਇਹ ਦ੍ਰਿੜ ਵਿਸ਼ਵਾਸ ਸੀ ਕਿ ਪ੍ਰਮਾਤਮਾ ਦੀਆਂ ਅਣਮੁਲੀਆਂ ਦਾਤਾਂ, ਪਉਣ, ਪਾਣੀ, ਅਗਨੀ ਆਦਿ ਸ਼ਕਤੀਆਂ, ਜਿਨ੍ਹਾਂ ਤੋਂ ਇਸ ਸੰਸਾਰ ਦੀ ਰਚਨਾ ਹੋਂਦ ਵਿਚ ਆਈ ਅਤੇ ਹਰ ਮਨੁੱਖ ਮਾਤਰ ਲਈ ਭਾਂਤ ਭਾਂਤ ਦੇ ਸਵਾਦਿਸ਼ਟ ਫਲ, ਸਬਜ਼ੀਆਂ ਅਤੇ ਅਹਾਰ, ਜੋ ਸਰਬ ਸ਼ਕਤੀਮਾਨ ਨੇ ਤਰੁੱਠ ਕੇ ਆਪਣੀ ਅਪਾਰ ਕ੍ਰਿਪਾ ਦੁਆਰਾ ਮਨੁੱਖ ਨੂੰ ਮਨ ਬੁੱਧੀ ਦੇ ਕੇ, ਇਨ੍ਹਾਂ ਦਾ ਸਹੀ ਉਪਯੋਗ ਕਰਨ ਦਾ ਢੰਗ ਵੀ, ਇਸ ਤੇ ਪ੍ਰਗਟ ਕਰ ਦਿਤਾ। ਇਹ ਅਨਮੋਲ ਦਾਤਾਂ ਹੀ ਸਭ ਤੋਂ ਵੱਡੀ ਕਰਾਮਾਤ ਹਨ। ਨਿਰੰਕਾਰ ਦੀ ਰਚਨਾ ਆਪਣੇ ਆਪ ਵਿਚ ਵੀ ਇਕ ਵੱਡੀ ਕਰਾਮਾਤ ਹੈ, ਜੋ ਮਨੁੱਖ ਨੂੰ ਵਿਸਮਾਦ ਦੀ ਅਵਸਥਾ ਵਿਚ ਲੈ ਜਾਂਦੀ ਹੈ।

ਸਿਖ ਧਰਮ ਤੇ ਕਈ ਨਾਜ਼ਕ ਘੜੀਆਂ ਆਈਆਂ, ਜਦੋਂ ਬਿਪਤਾ ਦੇ ਪਹਾੜ ਟੁਟ ਪਏ। ਸਭ ਤੋਂ ਪਹਿਲਾਂ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਨੇ ਬੰਦੀ ਬਣਾ ਕੇ ਸ਼ਹੀਦ ਕਰਨ ਦਾ ਮਨਸੂਬਾ ਬਣਾਇਆ ਅਤੇ ਬਾਲ-ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ। ਸਿੱਖ ਇਤਿਹਾਸ ਦਾ ਇਹ ਸਭ ਤੋਂ ਵੱਡਾ ਦੁਖਦਾਈ ਅਤੇ ਚਿੰਤਾ-ਜਨਕ ਕਾਂਡ ਸੀ। ਪਰ ਗੁਰੂ ਨਾਨਕ ਸਾਹਿਬ ਜੀ ਦੇ ਉਤਰਅਧਿਕਾਰੀ 'ਹੁਕਮਿ ਰਜਾਈ ਚਲਣਾ' ਦੇ ਮਹਾਂਵਾਕ ਉਤੇ ਹਮੇਸ਼ਾਂ ਪਹਿਰਾ ਦੇਂਦੇ ਰਹੇ। ਨਿਰੰਕਾਰ ਦੇ ਭਾਣੇ ਤੇ ਸ਼ਾਕਰ ਰਹੇ। ਗੁਰੂ ਅਰਜਨ ਸਾਹਿਬ 'ਤੇਰਾ ਭਾਣਾ ਮੀਠਾ ਲਾਗੇ' ਦੇ ਅਸੂਲ ਤੇ ਸਿਦਕ ਕਦਮੀ ਨਾਲ ਨਿਭੇ।

ਦੂਜੀ ਘਟਨਾ ਸੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਦਿੱਲੀ ਵਿਚ ਸ਼ਾਹੀ ਬੰਦੀ ਬਣ ਕੇ ਜਾਣਾ ਹੈ। ਉਸ ਸਮੇਂ ਸਾਹਿਬ ਗੋਬਿੰਦ ਰਾਇ ਜੀ ਦੀ ਆਯੂ ਮਸਾਂ ਨੌਂ ਕੁ ਸਾਲ ਦੀ ਸੀ। ਇਹ ਸਮਾਂ ਵੀ ਪਹਿਲੇ ਸਮੇਂ ਵਾਂਗ ਪੰਥ ਲਈ ਮਹਾਨ ਪਰਖ ਦਾ ਸਮਾਂ ਸੀ। ਜਿਸ ਤਰ੍ਹਾਂ ਸੋਨਾ ਕੁਠਾਲੀ ਵਿਚ ਪੈ ਕੇ ਕੁੰਦਨ ਬਣਦਾ ਹੈ; ਇਵੇਂ ਹੀ ਅਤਿ ਕਠਨ ਅਤੇ ਚਿੰਤਾ-ਜਨਕ ਸਮੇਂ ਵਿਚ, ਸਿੱਖ ਪੰਥ ਨੇ ਚੜ੍ਹਦੀ ਕਲਾ ਦਾ ਪ੍ਰਗਟਾਵਾ ਕੀਤਾ।

ਤੀਜਾ ਕਠਨ ਸਮਾਂ ਸ੍ਰੀ ਆਨੰਦਪੁਰ ਸਾਹਿਬ ਛੱਡਣ ਦਾ ਸੀ। ਜਿਸ ਦੇ ਫਲ-ਸਰੂਪ ਚੌਹਾਂ ਸਾਹਿਬਜ਼ਾਦਿਆਂ, ਪੂਜ ਮਾਤਾ ਗੁਜਰੀ ਜੀ ਦੀ ਸ਼ਹੀਦੀ ਹੋਈ। ਅਤਿ-ਹਿਰਦੇ ਵੇਦਿਕ ਅਤੇ ਬੇ-ਮਿਸਾਲ ਕੁਰਬਾਨੀਆਂ ਦਿੱਤੀਆਂ ਗਈਆਂ ਪਰ ਸਿੱਖ ਸੰਗਤ ਨੇ ਵਕਤ ਦੀ ਨਜ਼ਾਕਤ ਨੂੰ ਹੌਸਲੇ ਤੇ ਦ੍ਰਿੜ੍ਹਤਾ ਨਾਲ ਨਿਭਾਇਆ।

ਅੰਤ ਵਿਚ ਬਾਬਾ ਬੰਦਾ ਸਿੰਘ ਬਹਾਦੁਰ ਨੂੰ ਸਿੱਖਾਂ ਦਾ ਸਮਾਜਕ ਤੇ ਰਾਜਸੀ ਆਗੂ ਥਾਪ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਜਯ ਗੁਰਦੇਵ ਪਿਤਾ ਵਾਂਗ ਸ਼ਹਾਦਤ ਦਾ ਜਾਮ ਪੀਤਾ ਅਤੇ ਸ੍ਰੀ ਅਕਾਲ ਪੁਰਖ ਦੀ ਰਜ਼ਾ ਨੂੰ ਸਿਰ ਮੱਥੇ ਤੇ ਮੰਨਦੇ ਹੋਏ ਕਿਸੇ ਭਾਂਤ ਦੀ ਚਮਤਕਾਰੀ ਕਰਾਮਾਤ ਦਾ ਆਸਰਾ ਨਹੀਂ ਤਕਿਆ। ਜਦੋਂ ਸਿਰਾਂ ਉਪਰ ਦੁਖਾਂ ਦੇ ਪਹਾੜ ਟੁੱਟਣ ਸਮੇਂ ਗੁਰੂ ਸਾਹਿਬਾਨ ਨੇ ਕਰਾਮਾਤ ਦਾ ਆਸਰਾ ਨਹੀਂ ਲਿਆ ਤਾਂ ਛੋਟੀ ਮੋਟੀ ਘਟਨਾ ਲਈ ਕਰਾਮਾਤ ਨੂੰ ਗੁਰੂ ਵਿਅਕਤੀ ਪ੍ਰਯੋਗ ਵਿਚ ਨਹੀਂ ਲਿਆ ਸਕਦੇ ਸਨ। ਸਤਿਗੁਰਾਂ ਨੇ ਆਪਣੀ ਬਾਣੀ ਵਿਚ ਵੀ ਇਸੇ ਤਰ੍ਹਾਂ ਦੇ ਉਪਦੇਸ਼ ਦਿਤੇ ਹਨ। ਸਤਿਗੁਰੂਆਂ ਦੇ ਤਿਆਗ, ਤੱਪ ਤੇ ਕੁਰਬਾਨੀ ਦੇ ਚਮਤਕਾਰੀ ਅਤੇ ਲਾਸਾਨੀ ਕਰਤੱਵਾਂ ਨੇ ਸਿਖਾਂ ਦੇ ਮਨਾਂ ਉਪਰ ਅਮਿਟ ਛਾਪ ਲਾ ਦਿੱਤੀ ਅਤੇ ਲਾਸਾਨੀ ਜਜ਼ਬਾ ਭਰ ਦਿੱਤਾ ਜਿਸ ਕਾਰਨ ਉਹ ਹਰ ਕੁਰਬਾਨੀ ਨੂੰ ਸਿਦਕ ਦਿਲੀ ਅਤੇ ਖ਼ੁਸ਼ੀ ਨਾਲ ਕਬੂਲਦੇ ਰਹੇ। ਬਾਬਾ ਬੰਦਾ ਸਿੰਘ ਜੀ ਬਹਾਦੁਰ ਨੇ ਜਮੂਰਾਂ ਨਾਲ ਤਨ ਦਾ ਮਾਸ ਚੁੰਡਵਾਇਆ ਅਤੇ ਭਾਈ ਮਨੀ ਸਿੰਘ ਜੀ ਜਹੇ ਗੁਰਸਿੱਖਾਂ ਨੇ ਬੰਦ ਬੰਦ ਕਟਵਾ ਕੇ ਵੀ ਸੀ ਤਕ ਨਹੀਂ ਸੀ ਕੀਤੀ। ਇਨ੍ਹਾਂ ਲਾਸਾਨੀ ਕਰਤੱਵਾਂ ਦਾ ਦ੍ਰਿਸ਼ ਸੰਸਾਰ ਦੇ ਲੋਕਾਂ ਨੇ ਵਚਿੱਤਰ ਅਤੇ ਹੈਰਾਨੀ-ਜਨਕ ਸਥਿਤੀ ਵਿਚ ਦਿੱਲੀ ਅਤੇ ਲਾਹੌਰ ਵਿਚ ਵੇਖਿਆ। ਜੇ ਕਿਸੇ ਨੂੰ ਇਕ ਮਧੂ-ਮੱਖੀ ਡੰਗ ਜਾਏ ਤਾਂ ਪੁਰਸ਼ ਬੇਹਾਲ ਹੋ ਕੇ ਚੀਕਦਾ ਹੈ ਪਰ ਧੰਨ ਸਨ ਉਹ ਗੁਰੂ ਕੇ ਲਾਲ ਜਿਨ੍ਹਾਂ ਬਿਨਾਂ ਰੰਜ, ਗ਼ਮ ਅਤੇ ਨਿੰਮੋਝੂਣ ਹੋਣ ਦੇ, ਇਸ ਅਤਿ ਦੁਖਦਾਈ ਘੜੀ ਵਿਚ ਵੀ ਚਮਤਕਾਰੀ ਤੇ ਲਾਸਾਨੀ ਸ਼ਹੀਦੀ ਦਾ ਜਾਮ ਖ਼ੁਸ਼ੀ ਨਾਲ ਪੀਤਾ। ਕਿਸੇ ਜਾਬਰ ਅਤੇ ਜ਼ਾਲਮ ਹਾਕਮ ਦੀ ਈਨ ਨਹੀਂ ਮੰਨੀ।

ਹਮ ਕਾਹੂ ਕੀ ਕਾਨਿ ਨ ਕਢਤੇ ਅਪਨੇ ਗੁਰਪਰਸਾਦੇ ॥

(ਰਾਮਕਲੀ, ਕਬੀਰ ਜੀ ੯੬੯)

ਇਤਿਹਾਸ ਸਾਖੀ ਹੈ ਕਿ ਜਦੋਂ ਗੁਰੂ ਨਾਨਕ ਸਾਹਿਬ ਸਿੱਧਾਂ ਨੂੰ ਮਿਲੇ, ਤਾਂ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਕਰਾਮਾਤ ਦਿਖਾਉਣ ਲਈ ਆਖਿਆ। ਭਾਈ ਗੁਰਦਾਸ ਜੀ ਨੇ ਆਪਣੀ ਵਾਰ ਪਹਿਲੀ ਪਉੜੀ ਅਠਤਾਲੀਵੀਂ ਵਿਚ ਇਸ ਦਾ ਜ਼ਿਕਰ ਇਉਂ ਕੀਤਾ ਹੈ :

ਸਿੱਧ ਬੋਲੇ, ਸੁਣ ਨਾਨਕਾ ਤੁਹਿ ਜਗ ਨੂੰ ਕਰਾਮਾਤ ਦਿਖਾਈ।
ਕੁਝ ਵਿਖਾਲੇ ਅਸਾਨੂੰ, ਤੂੰ ਕਿਉਂ ਢਿੱਲ ਅਵੱਹੀ ਲਾਈ ?
ਬਾਬਾ ਬੋਲੇ, ਨਾਥ ਜੀ, ਅਸਾਂ ਵੇਖੇ ਜੋਗੀ, ਵਸਤ ਨਾ ਕਾਈ।
ਗੁਰ ਸੰਗਤ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ।
ਬਾਝਹੁ ਸੱਚੇ ਨਾਮ, ਹੋਰ ਕਰਾਮਾਤ ਅਸਾਂ ਥੇ ਨਾਹੀ।

ਗੁਰੂ ਨਾਨਕ ਸਾਹਿਬ ਨੇ ਸਪੱਸ਼ਟ ਸ਼ਬਦਾਂ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਕਿ ਉਨ੍ਹਾਂ ਨੂੰ ਸੰਗਤ ਅਤੇ ਬਾਣੀ ਦਾ ਹੀ ਆਸਰਾ ਹੈ। ਨਿਰੰਕਾਰ ਦੇ ਨਾਮ ਤੋਂ ਬਿਨਾ ਹੋਰ ਕਿਸੇ ਕਰਾਮਾਤ ਨੂੰ ਉਹ ਨਹੀਂ ਮੰਨਦੇ। ਗੁਰੂ ਸਾਹਿਬ ਨੇ ਜਪੁਜੀ ਸਾਹਿਬ ਵਿਚ 'ਰਿਧਿ ਸਿਧਿ ਅਵਰਾ ਸਾਦ' ਫ਼ਰਮਾਇਆ ਹੈ। ਰਿਧੀਆਂ ਸਿੱਧੀਆਂ ਦੇ ਸੁਆਦ ਹੋਰ ਲੋਕਾਂ ਨੂੰ ਹਨ, ਗੁਰੂ ਸਾਹਿਬ ਆਪਣੇ ਆਪ ਨੂੰ ਰਿਧੀਆਂ ਸਿੱਧੀਆਂ ਤੋਂ ਬੇ-ਬਾਕ ਸਮਝਦੇ ਸਨ।

ਬਾਬਰ ਦੇ ਭਾਰਤ ਵਰਸ਼ ਉਤੇ ਹਮਲਾ ਕਰਨ ਸਮੇਂ ਲੋਧੀਆਂ ਨੂੰ ਪੰਡਤਾਂ ਮੌਲਾਣਿਆਂ ਤੇ ਹੋਰ ਬਨਾਵਟੀ ਪੀਰਾਂ ਫ਼ਕੀਰਾਂ ਨੇ ਯਕੀਨ ਦੁਆਇਆ ਕਿ ਉਹ ਯੰਤਰਾਂ ਮੰਤਰਾਂ ਨਾਲ ਮੁਗ਼ਲਾਂ ਦੀ ਫ਼ੌਜ ਨੂੰ ਨਸ਼ਟ ਕਰ ਦੇਣਗੇ ਜਾਂ ਉਨ੍ਹਾਂ ਨੂੰ ਰਣ-ਖੇਤਰ ਵਿਚ ਨਕਾਰਾ ਬਣਾ ਦੇਣਗੇ। ਇਸ ਦਾ ਨਿਰਣਾ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਇਉਂ ਕੀਤਾ :

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ ੪ ॥

(ਰਾਗ ਆਸਾ ਮ: ੧, ੪੧੭-੧੮)

(ਕਿਸੇ ਪੀਰ ਫ਼ਕੀਰ ਦੀ ਕਰਾਮਾਤ ਦਾ ਵੱਸ ਨਾ ਚਲਿਆ। ਮੁਗ਼ਲ ਫ਼ੌਜ ਨੇ ਘਰ-ਘਾਟ ਸਾੜ ਦਿੱਤੇ, ਢਾਹ ਦਿੱਤੇ ਅਤੇ ਸ਼ਹਿਜ਼ਾਦੇ ਖੁਆਰ ਹੋਏ। ਪੀਰ ਫ਼ਕੀਰਾਂ ਦੇ ਜੰਤਰ ਮੰਤਰ ਕੋਈ ਅਸਰ ਨਾ ਕਰ ਸਕੇ ਅਤੇ ਕੋਈ ਮੁਗ਼ਲ ਵੀ ਅੰਨ੍ਹਾ ਨਾ ਹੋਇਆ ਅਤੇ ਨਾ ਹੀ ਪੀਰ ਫਕੀਰ ਕੋਈ ਕਰਾਮਾਤ ਵਖਾ ਸਕੇ।)

ਦਸਮ ਗ੍ਰੰਥ ਦੇ ਚਰਿਤ੍ਰ ੩੭੪ ਅਨੁਸਾਰ ਇਕ ਔਰਤ ਚਲਿਤਰ ਨਾਲ ਭਵਾਨੀ ਦੇਵੀ ਦਾ ਰੂਪ ਧਾਰਨ ਕਰਦੀ ਹੈ। ਪੰਡਤ-ਮੁਲਾਂ ਉਸ ਦੀ ਪ੍ਰਸਿੱਧੀ ਨੂੰ ਜਰ ਨਹੀਂ ਸਕਦੇ ਅਤੇ ਉਸ ਨੂੰ ਆਖਦੇ ਹਨ ਕਿ ਉਹ ਕੋਈ ਕਰਾਮਾਤ ਦਿਖਾਵੇ। ਉਸ ਨੇ ਉਨ੍ਹਾਂ ਨੂੰ ਧਰਮ ਦੇ ਠੇਕੇਦਾਰ ਦਾ ਮਿਹਣਾ ਦੇਂਦਿਆਂ ਹੋਇਆਂ, ਕਰਾਮਾਤ ਦਿਖਾਉਣ ਲਈ ਕਿਹਾ। ਜਦੋਂ ਉਹ ਕਰਾਮਾਤ ਨਾ ਦਿਖਾ ਸਕੇ ਤਾਂ ਬਨਾਉਟੀ ਭਵਾਨੀ ਨੇ ਰਾਜੇ ਨੂੰ ਚਾਰ ਕਰਾਮਾਤਾਂ ਦੀ ਭਰੇ ਰਾਜ ਦਰਬਾਰ ਵਿਚ ਇਉਂ ਵਿਆਖਿਆ ਕਰਕੇ ਦਸੀ।

ਸ੍ਰੀ ਦਸਮ ਗ੍ਰੰਥ ਵਿਚ ਇਹ ਪ੍ਰਸੰਗ ਇਸ ਤਰ੍ਹਾਂ ਦਰਜ ਹੈ।

ਏਕ ਨਾਰਿ ਇਹੱ ਨਗਰ ਭਨਿਜੈ ॥।
ਨਾਮੁ ਹਿੰਗਲਾ ਦੇਇ ਕਹਿਜੈ ॥
ਜਗਤ-ਮਾਤ ਆਪੁ ਕੌ ਕਹਾਵੈ ॥
ਊਚ ਨੀਚ ਕਹ ਪਾਇ ਲਗਾਵੈ ॥
ਕਾਜੀ ਔਰ ਮੁਲਾਨੇ ਜੇਤੇ ॥
ਜੋਗੀ ਮੁਡਿਯਾ ਅਰ ਦਿਜ ਕੇਤੇ ॥
ਸਭ ਕੀ ਘਟਿ ਪੂਜਾ ਹ੍ਵੈ ਗਈ ॥

ਪਰਚਾ ਅਧਿਕ ਭਵਨ ਕੀ ਭਈ ॥

ਦੇਵੀ ਦਾ ਨਾਮ ਹਿੰਗਲਾ ਤੇ ਜਗਤ ਮਾਤਾ ਕਰਕੇ ਪ੍ਰਸਿੱਧ ਹੋ ਗਿਆ। ਜਨਤਾ ਦੇ ਛੋਟੇ ਵੱਡੇ ਉਸ ਦੇ ਪੈਰੀਂ ਪੈਣ ਲੱਗ ਪਏ — ਕਾਜ਼ੀਆਂ, ਮੌਲਾਨਿਆਂ, ਜੋਗੀਆਂ ਬ੍ਰਾਹਮਣਾਂ ਆਦਿ ਦੀ ਪੂਜਾ ਘਟ ਗਈ। ਦੇਸ਼ ਦੇ ਰਾਜੇ ਪਾਸ ਜਾ ਫਰਿਆਦੀ ਹੋਏ—ਦੇਵੀ ਨੂੰ ਫੜ ਕੇ ਰਾਜੇ ਪਾਸ ਪੁਜੇ ਤੇ ਕਰਾਮਾਤ ਦਖਾਉਣ ਲਈ ਆਖਣ ਲੱਗੇ।

ਗਹਿ ਲੈ ਗਏ ਤਾਹਿ ਨ੍ਰਿਪ ਪਾਸ।
ਕਹਤ ਭਏ ਇਹ ਬਿਧਿ ਉਪਹਾਸ।
ਕਰਾਮਾਤ ਕਛੁ ਹਮਹਿ ਦਿਖਾਇ।
ਕੈ ਨ ਭਵਾਨੀ ਨਾਮੁ ਕਹਾਇ।

ਭਵਾਨੀ ਨੇ ਉੱਤਰ ਵਿਚ ਰਾਜੇ ਨੂੰ ਇਉਂ ਸੰਬੋਧਨ ਕੀਤਾ।

॥ ਅੜਿੱਲ ॥

ਮੁਸਲਮਾਨ ਮਸਜਿਦਿਹਿ ਅਲਹਿ ਘਰ ਭਾਖਈ।
ਬਿਪ੍ਰ ਲੋਗ ਪਾਹਨ ਕੌ ਹਰਿ ਕਰਿ ਰਾਖਹੀ।
ਕਰਾਮਾਤ ਜੌ ਮੁਹਿਏ ਪ੍ਰਥਮ ਬਤਾਇ ਹੈ।
ਹੋ ਤਿਹ ਪਾਛੇ ਕਛ ਹਮਹੂੰ ਇਨੈ ਦਿਖਾਇ ਹੈਂ।

ਮੁਸਲਮਾਨ ਮਸਜਿਦ ਨੂੰ ਰੱਬ ਦਾ ਘਰ ਦਸਦੇ ਹਨ ਤੇ ਬ੍ਰਾਹਮਣ ਪੱਥਰ ਨੂੰ ਹਰੀ ਕਰਕੇ ਪੂਜਦੇ ਹਨ।

"ਰਾਜਨ ਪਹਿਲਾਂ ਇਹ ਕਰਾਮਾਤ ਵਖਾਣ ਤੇ ਇਸ ਤੋਂ ਉਪ੍ਰੰਤ ਮੈਂ ਕੁਝ ਕਰਕੇ ਦਸਾਂਗੀ।"

ਇਹ ਸੁਣ ਕੇ ਮੌਲਾਣਿਆਂ ਬ੍ਰਾਹਮਣਾਂ ਜੋਗੀ ਜੰਗਮਾਂ ਦੀ ਤਾਂ ਖਾਨਿਉਂ ਗਈ। 'ਆਏ ਸਨ ਨਿਮਾਜ਼ ਬਖਸ਼ਾਉਣ ਲਈ ਤੇ ਉਲਟੇ ਰੋਜ਼ੇ ਗਲ ਪੈ ਗਏ' ਵਾਲੀ ਗੱਲ ਬਣ ਗਈ। ਜਦੋਂ ਉਹ ਕੋਈ ਕਰਾਮਾਤ ਨਾ ਵਖਾ ਸਕੇ ਤਾਂ ਕਈਆਂ ਨੂੰ ਚਾਬਕਾਂ ਨਾਲ ਕੁੱਟ ਪਈ। ਅੱਗੇ ਚੱਲ ਕੇ ਲਿਖਿਆ ਮਿਲਦਾ ਹੈ —

"ਰੋਦਨ ਵੈ ਕਰਤੇ ਭਏ ਕਿਸੂ ਨ ਆਈ ਬਾਤ।
ਤਬ ਰਾਜੈ ਉਹੋ ਨਾਰਿ ਕੋ ਬਚਨ ਕਹਾ ਮੁਸ਼ਕਾਤ।"

ਰਾਜੇ ਨੇ ਮੁਸਕਰਾਉਂਦਿਆਂ ਆਖਿਆ, "ਇਨ੍ਹਾਂ ਬ੍ਰਾਹਮਣਾਂ ਮੁਲਾਣਿਆਂ ਆਦਿ ਨੇ ਤਾਂ ਕੋਈ ਕਰਾਮਾਤ ਨਹੀਂ ਵਿਖਾਈ, ਦੇਵੀ ਜੀ ਤੁਸੀਂ ਕਰਾਮਾਤ ਵਖਾਉ" ਦੇਵੀ ਨੇ ਉੱਤਰ ਵਿਚ ਇਉਂ ਸੰਬੋਧਨ ਕੀਤਾ।

(1) ਪਹਿਲੀ ਕਰਾਮਾਤ **ਤਲਵਾਰ** ਹੈ, ਇਸ ਦਾ ਤੇਜ ਤੇ ਡਰ ਜਗਤ ਮੰਨਦਾ ਹੈ, ਚੌਦਾਂ ਲੋਕਾਂ ਵਿਚ ਇਸ ਦਾ ਬੋਲ ਬਾਲਾ ਹੈ। ਹਾਰ, ਜਿੱਤ ਤੇ ਮਾਰਨ ਦੀ ਸ਼ਕਤੀ ਇਸ ਦੀ ਤਿੱਖੀ ਧਾਰ ਤੋਂ ਉਤਪੰਨ ਹੁੰਦੀ ਹੈ।

(2) ਦੂਜੀ ਕਰਾਮਾਤ **ਕਾਲ** ਹੈ — ਕਾਲ ਜਗਤ ਦੀ ਉਤਪਤੀ ਦਾ ਕਾਰਨ ਵੀ ਹੈ ਤੇ ਇਸ ਜਗਤ ਨੂੰ ਨਸ਼ਟ ਕਰਨ ਦੀ ਸਮਰੱਥਾ ਵੀ ਰਖਦਾ ਹੈ, ਇਸੇ ਲਈ ਸਾਰੇ ਦੇਵਤੇ ਕਾਲ ਦੀ ਮਹਾਨਤਾ ਅੱਗੇ ਸੀਸ ਝੁਕਾਉਂਦੇ ਹਨ।

(3) ਤੀਜੀ ਕਰਾਮਾਤ ਦੇਸ਼ ਦੇ ਰਾਜੇ ਦਾ ਹੁਕਮ ਹੈ। ਜਿਸ ਦੇ ਅਨੁਸਾਰ ਭਲਾ ਤੇ ਬੁਰਾ ਵਾਪਰਦਾ ਹੈ।

(4) ਚੌਥੀ ਕਰਾਮਾਤ **ਧਨ** ਤੇ **ਸੰਮਪਤੀ** ਹੈ । ਜਿਸ ਦੇ ਅਧਾਰ ਤੇ ਅਮੀਰ ਤੇ ਗਰੀਬ ਸ਼੍ਰੇਣੀਆਂ ਵਿਚ ਮਨੁੱਖ ਜਾਤੀ ਵੰਡੀ ਹੋਈ ਹੈ। ਇਸ ਦੀ ਅਣਹੋਂਦ ਦਾ ਕਾਰਨ ਦਰ ਦਰ ਪੁਰਸ਼ ਭੀਖ ਮੰਗਣ ਲਈ ਮਜਬੂਰ ਹੁੰਦੇ ਹਨ । ਮਾਇਆ ਵੀ ਚਮਤਕਾਰੀ ਸ਼ਕਤੀ ਹੈ। ਦੇਵੀ ਨੇ ਮੁੜ ਆਖਿਆ, "ਇਨ੍ਹਾਂ ਚਾਰਾਂ ਸ਼ਕਤੀਆਂ ਤੋਂ ਵਧੇਰੇ ਕਿਸੇ ਦੀ ਸਮਰੱਥਾ ਹੈ ਤਾਂ ਦਸੋ ਨਹੀਂ ਤਾਂ ਮੈਨੂੰ ਜੋ ਡੰਨ ਲਾਇਆ ਜਾਵੇ ਪ੍ਰਵਾਨ ਹੈ।" ਰਾਜਾ ਨੇ ਦੇਵੀ ਦੇ ਯੋਗ ਤੇ ਮਾਕੂਲ ਉੱਤਰ ਤੇ ਪ੍ਰਸੰਨਤਾ ਪ੍ਰਗਟ ਕਰਦੇ ਹੋਏ ਦੇਵੀ ਨੂੰ ਬਹੁਤ ਪਦਾਰਥ ਦਾਨ ਦੇ ਕੇ ਵਿਦਾ ਕੀਤਾ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਵੀ ਅੰਮ੍ਰਿਤ ਛਕਾਉਣ ਸਮੇਂ ਤਲਵਾਰ ਦੀ ਯੋਗ ਵਰਤੋਂ ਨੂੰ ਹੀ ਕਰਾਮਾਤ ਮੰਨਿਆ । ਇਸ ਦੀ ਵਰਤੋਂ ਦੇ ਬਲ ਨਾਲ ਖ਼ਾਲਸਾ ਫੌਜ ਨੇ ਜਰਵਾਣਿਆਂ ਦੇ ਜ਼ੁਲਮ ਦੇ ਦਰਿਆ ਦਾ ਮੂੰਹ ਮੋੜ ਕੇ ਪੂਰਬ ਤੋਂ ਪੱਛਮ ਵਲ ਕਰ ਦਿੱਤਾ। ਸਿਖ ਰਾਜ ਇਕ ਸਾਕਾਰ ਰੂਪ ਵਿਚ ਉਭਰ ਕੇ ਸਾਹਮਣੇ ਆਇਆ।

ਕਰਾਮਾਤਾਂ ਬਹੁਤ ਕਰਕੇ ਪਾਖੰਡ ਤੇ ਪਰਪੰਚ ਹੀ ਹੁੰਦਾ ਹੈ। ਜੇਕਰ ਧਾਰਮਕ ਆਗੂ ਇਹੋ ਜਹੇ ਵਿਖਾਵੇ ਕਰਦੇ ਹਨ ਤਾਂ ਉਹ ਆਪਣੇ ਆਪ ਨੂੰ ਜਾਦੂ-ਤਮਾਸ਼ਾ ਵਿਖਾਉਣ ਵਾਲੇ ਵਾਂਗ, ਨੀਵੇਂ ਪੱਧਰ ਤੇ ਲਿਆ ਖੜਾ ਕਰਦੇ ਹਨ। ਕਈ ਸੁਚਜੇ ਜਾਦੂ-ਤਮਾਸ਼ਾ ਵਿਖਾਉਣ ਵਾਲੇ, ਘੜੀ ਨੂੰ ਦੌਰੀ ਡੰਡੇ ਨਾਲ ਰਗੜ ਕੇ ਫਿਰ ਸਾਬਤ ਬਣਾ ਕੇ ਵਿਖਾ ਦੇਂਦੇ ਹਨ ਤੇ ਆਪਣੇ ਹੱਥ ਦੀ ਸਫ਼ਾਈ ਨਾਲ ਆਪਣੇ ਹੱਥ ਵਿਚਲੀ ਵਸਤੂ ਦੂਜੇ ਦੀ ਜੇਬ ਵਿਚ ਪੁਚਾ ਦੇਂਦੇ ਹਨ। ਮੂੰਹ ਵਿਚੋਂ ਵਸਤੂਆਂ ਦੇ ਅੰਬਾਰ ਕੱਢ ਕੇ ਲਾ ਸਕਦੇ ਹਨ। ਇਹ ਕਰਤੱਵ ਮਨ-ਪਰਚਾਵੇ ਦੇ ਸਾਧਨ ਤਾਂ ਭਾਵੇਂ ਹੋਣ ਪਰ ਇਹ ਸਾਡਾ ਸੁਆਰ ਕੁਝ ਨਹੀਂ ਸਕਦੇ। ਨਾ ਹੀ ਇਹ ਕਿਸੇ ਧਰਮ ਦਾ ਅੰਗ ਬਣ ਸਕਦੇ ਹਨ। ਇਹ ਦੁਨਿਆਵੀ ਪਰਪੰਚ ਤੋਂ ਵਧ ਹੋਰ ਕੁਝ ਵੀ ਨਹੀਂ। ਆਤਮਕ ਸੋਝੀ ਮਨੁੱਖ ਨੂੰ ਰੱਬ ਨਾਲ ਅਭੇਦ ਕਰਦੀ ਹੈ। ਪੁਰਸ਼ ਦੇ ਜੀਵਨ-ਚਰਿੱਤਰ ਵਿਚ ਦੈਵੀ ਗੁਣਾਂ ਦਾ ਪਰਵੇਸ਼ ਹੁੰਦਾ ਹੈ । ਮਨੁਖ ਮਾਇਆ ਦੀ ਪਕੜ ਤੋਂ ਬਚਾਅ ਰਖਣ ਦੀ ਯੋਗਤਾ ਪ੍ਰਾਪਤ ਕਰਦਾ ਹੈ। ਕਰਾਮਾਤਾਂ ਪੁਰਸ਼ ਨੂੰ ਪ੍ਰਕਿਰਤੀ ਤੇ ਮਾਇਕ ਵਸਤੂਆਂ ਨਾਲ ਜਕੜਦੀਆਂ ਹਨ । ਪੁਰਸ਼ ਦੀ ਬਿਰਤੀ ਮਾਇਆ-ਜਾਲ ਵਿਚ ਉਲਝ ਕੇ ਰਹਿ ਜਾਂਦੀ ਹੈ।

ਗੁਰਮਤਿ ਨੇ 'ਕਰਾਮਾਤ' ਨਾਲੋਂ, ਹੁਕਮ ਅਥਵਾ ਭਾਣੇ ਤੇ ਸ਼ਾਕਰ ਰਹਿਣ

ਨੂੰ, ਉਤਮ ਮੰਨਿਆ ਹੈ : ਗੁਰਵਾਕ :

ਸਭੁ ਕਿਛੁ ਹੁਕਮੇ ਆਂਵਦਾ ਸਭ ਕਿਛੁ ਹੁਕਮੇ ਜਾਇ ॥
ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ॥
ਨਾਨਕ ਹੁਕਮੁ ਕੋ ਗੁਰਮੁਖਿ ਬੁਝੈ ਜਿਸਨੋ ਕਿਰਪਾ ਕਰੇ ਰਜਾਇ ॥

[ਵਾਰ ਬਿਹਾਗੜਾ, ਮ: ੩, ੫੫੬;

ਇਤਿਹਾਸਕ ਪੱਖ ਤੋਂ —

ਅਨੰਦ ਵਿਆਹ ਦੀ ਕ੍ਰਾਂਤੀ

ਸਿੱਖ ਧਰਮ ਵਿਚ ਗ੍ਰਹਿਸਤ ਆਸ਼ਰਮ ਦੀ ਮਹਾਨਤਾ, ਵਡਿਆਈ, ਸੰਸਾਰ ਦੇ ਬਾਕੀ ਧਰਮਾਂ ਨਾਲ ਢੁਕਵਾਂ ਨਿਖੇੜ ਕੇ ਟਾਕਰਾ, ਦਾਰਸ਼ਨਿਕ ਅਤੇ ਅਧਿਆਤਮਕ ਦ੍ਰਿਸ਼ਟੀ-ਕੋਣ ਤੇ ਪ੍ਰਚਲਤ ਵਿਚਾਰਧਾਰਾ ਬਾਰੇ ਤਾਂ ਬਹੁਤ ਸਾਰੇ ਵਿਦਵਾਨ ਖੋਲ੍ਹ ਕੇ ਬਿਆਨ ਕਰਦੇ ਹਨ ਪਰ 'ਆਨੰਦ ਵਿਆਹ ਦੇ ਇਤਿਹਾਸਕ ਪੱਖ' ਤੋਂ ਸ਼ਾਇਦ ਹੀ ਕਿਸੇ ਵਿਦਵਾਨ ਜਾਂ ਇਤਿਹਾਸਕ ਖੋਜੀ ਨੇ ਕੋਈ ਨਿਵੇਕਲਾ ਪ੍ਰਸਤਾਵ ਪ੍ਰਕਾਸ਼ਤ ਕੀਤਾ ਹੋਵੇ। ਉਪਰੋਕਤ ਵਿਸ਼ੇ ਤੇ ਲੇਖ ਪੜ੍ਹਦਿਆਂ ਕਈ ਪ੍ਰਸ਼ਨ ਸੁਭਾਵਕ ਹੀ ਪਾਠਕਾਂ ਦੇ ਮਨ ਵਿਚ ਉੱਠਦੇ ਹਨ— ਜਿਵੇਂ ਕਿ 'ਆਨੰਦ ਵਿਆਹ' ਦੀ ਰਸਮ ਕਦੋਂ ਤੇ ਕਿਨ੍ਹਾਂ ਹਾਲਤਾਂ ਵਿਚ ਆਰੰਭ ਹੋਈ ਅਤੇ ਪ੍ਰਚਲਤ ਰੀਤ ਕਦੋਂ ਪ੍ਰਵਾਨ ਚੜ੍ਹੀ ਤੇ ਸਿੱਖ ਸੰਗਤਾਂ ਵਿਚ ਕਦੋਂ ਮਕਬੂਲ ਹੋਈ—ਦਾ ਉੱਤਰ ਦੇਣ ਦਾ ਯਤਨ ਇਸ ਲੇਖ ਵਿਚ ਵਿਸਥਾਰ ਸਹਿਤ ਅੰਕਤ ਕੀਤਾ ਹੈ।

ਸੰਸਾਰ ਦੇ ਇਤਿਹਾਸ ਨੂੰ ਵਾਚਣ ਤੋਂ ਸਪਸ਼ਟ ਹੁੰਦਾ ਹੈ ਕਿ ਜਦੋਂ ਤੋਂ ਮਨੁਖੀ ਸਭਿਅਤਾ ਦਾ ਵਿਕਾਸ ਹੋਇਆ, ਤੇ ਇਤਿਹਾਸ ਲਿਖਣ ਲਿਖਾਣ ਦੀ ਪ੍ਰਣਾਲੀ ਤੁਰੀ ਤਦ ਤੋਂ ਹੀ ਕਿਸੇ ਨਾ ਕਿਸੇ ਢੰਗ ਨਾਲ ਮਨੁੱਖ ਜਾਤੀ ਵਿਚ ਵਿਆਹ ਦੀ ਰਸਮ-ਮਰਯਾਦਾ ਪ੍ਰਚਲਤ ਹੋਈ। ਫ਼ਿਰਕੇ, ਸ਼੍ਰੇਣੀ, ਸ਼ਹਿਰ ਤੇ ਦੇਸ਼-ਕਾਲ ਅਨੁਸਾਰ ਰਿਵਾਜ ਬਣਦੇ ਗਏ ਤੇ ਉਨ੍ਹਾਂ ਵਿਚ ਸਮੇਂ ਸਮੇਂ ਪ੍ਰੀਵਰਤਨ ਹੁੰਦਾ ਰਿਹਾ।

'ਆਨੰਦ ਵਿਆਹ' ਪ੍ਰਚਲਤ ਹਿੰਦੂ ਮਰਯਾਦਾ ਦੇ ਬਹੁਤ ਨੇੜੇ ਹੈ। ਆਨੰਦ ਵਿਆਹ ਅਤੇ ਹਿੰਦੂ ਵਿਆਹ ਮਰਯਾਦਾ-ਮੁਸਲਮਾਨੀ ਅਤੇ ਇਸਾਈ ਵਿਆਹ ਮਰਯਾਦਾ ਤੋਂ ਬਹੁਤ ਵਿਲਖਣ ਹਨ। ਆਨੰਦ ਵਿਆਹ ਅਤੇ ਵੇਦਕ ਵਿਆਹ ਵਿਚ ਪ੍ਰਦਖਣਾ ਲਈਆਂ ਜਾਂਦੀਆਂ ਹਨ। ਇਕ ਵਿਚ ਸ਼ਬਦ ਅਤੇ ਦੂਜੇ ਵਿਚ ਵੇਦ-ਮੰਤਰ ਪੜ੍ਹੇ ਜਾਂਦੇ ਹਨ। 'ਸਿੱਖ ਰਵਾਜ ਅਨੁਸਾਰ ਜੋੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਦਖਣਾ ਲੈਂਦੀ ਹੈ ਤੇ ਹਿੰਦੂ ਵੇਦਕ ਵਿਆਹ ਵਿਚ ਵੇਦੀ ਤੇ ਹਵਨ ਕੁੰਡ ਦੇ ਆਲੇ-ਦੁਆਲੇ ਪ੍ਰਦਖਣਾ ਲੈਂਦੇ ਹਨ ਪਰ ਮੁਢਲੀ ਤਰਤੀਬ ਸਾਂਝੀ ਹੈ; ਸਿਵਾਏ ਸਾਡੇ ਨਾਮਧਾਰੀ ਵੀਰਾਂ ਦੇ ਜੋ ਹੁਣ ਵੀ ਵੇਦੀ ਤੇ ਹਵਨ ਗਿਰਦ ਪ੍ਰਦਖਣਾ ਲੈਂਦੇ ਹਨ ਪਰ ਲਾਵਾਂ ਦੇ ਛੰਦ

ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਪੜ੍ਹਦੇ ਹਨ।

ਸਿੱਖ ਮਰਯਾਦਾ ਦੇ ਦੋ ਵਿਸ਼ੇਸ ਅੰਗ ਹਨ। ਪਹਿਲਾ ਲਾਵਾਂ ਦੇ ਚਾਰ ਛੰਦ ਜੋ ਵਿਆਹ ਸਮੇਂ ਪੜ੍ਹੇ ਜਾਂਦੇ ਹਨ; ਸੂਹੀ ਰਾਗ ਵਿਚ ਸਤਿਗੁਰੂ ਰਾਮ ਦਾਸ ਜੀ ਨੇ ਉਚਾਰਨ ਕੀਤੇ ਸਨ ਅਤੇ ਦੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਦਖਣਾ ਲੈਣੀਆਂ। ਲਾਵਾਂ ਦੇ ਚਾਰ ਛੰਦ ਸ੍ਰੀ ਗੁਰੂ ਰਾਮ ਦਾਸ ਜੀ ਨੇ ਉਚਾਰਨ ਕੀਤੇ ਸਨ ਸੋ ਇਨ੍ਹਾਂ ਚਾਰ ਛੰਦਾਂ ਦਾ ਪ੍ਰਯੋਗ ਸ੍ਰੀ ਗੁਰੂ ਰਾਮ ਦਾਸ ਜੀ ਦੇ ਸਮੇਂ ਤੋਂ ਹੀ ਹੋ ਸਕਦਾ ਹੈ। ਉਸ ਤੋਂ ਪਹਿਲਾਂ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ 1661 ਵਿਚ ਸੰਪੂਰਨ ਕੀਤੀ ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪ੍ਰਦਖਣਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਜਦੋਂ ਬੀੜ ਮੁਕੰਮਲ ਹੋ ਗਈ ਸੀ; ਤੋਂ ਪਿਛੋਂ ਹੀ ਰਸਮ ਦਾ ਹਿੱਸਾ ਬਣ ਸਕਦੀ ਹੈ।

ਇਤਿਹਾਸਕਾਰ ਜਾਣਦੇ ਹਨ ਕਿ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਸਿਰਫ਼ ਦੋ ਬੀੜਾਂ ਹੀ ਲਭਤ ਸਨ। ਇਕ ਭਾਈ ਗੁਰਦਾਸ ਜੀ ਦੀ ਤੇ ਦੂਜੀ ਭਾਈ ਬੰਨੋ ਜੀ ਦੀ। ਸਿੱਖੀ ਤਾਂ ਕਾਬਲ ਤੋਂ ਢਾਕੇ ਤਕ ਫ਼ੈਲੀ ਹੋਈ ਸੀ; ਜੇਕਰ ਪਿਛੋਂ ਹੋਰ ਵੀ ਬੀੜਾਂ ਦੇ ਉਤਾਰੇ ਹੋਏ ਤਾਂ ਉਹ ਵੀ ਟਾਂਵੇਂ ਟਾਂਵੇਂ ਹੀ ਹੋ ਸਕਦੇ ਸਨ: ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪ੍ਰਦਖਣਾਂ ਸਿੱਖ ਜਗਤ ਵਿਚ ਆਮ ਪ੍ਰਚਲਤ ਨਹੀਂ ਹੋ ਸਕਦੀਆਂ। ਇਹ ਵੀ ਇਕ ਸੋਚਣ ਵਾਲੀ ਸਮੱਸਿਆ ਹੈ ਕਿ ਜਦ ਸ੍ਰੀ ਗੁਰੂ ਅਰਜਨ ਸਾਹਿਬ ਜੀ ਤੋਂ ਪਿੱਛੋਂ ਪੰਜ ਗੁਰੂ ਸਾਹਿਬਾਨ ਦੇਹ ਕਰਕੇ ਮੌਜੂਦ ਸਨ ਤਾਂ ਉਨ੍ਹਾਂ ਦੇ ਗਿਰਦ ਹੀ ਪ੍ਰਦਖਣਾ ਲੈਣਾ ਉਚਿੱਤ ਕਿਉਂ ਨਾ ਸਮਝਿਆ ਗਿਆ। ਪ੍ਰਦਖਣਾ ਤਾਂ ਗੁਰੂ ਦੀਆਂ ਕਰਨੀਆਂ ਸਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖ ਇਤਿਹਾਸ ਅਨੁਸਾਰ ਗੁਰਗੱਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਸਮੇਂ ਨਾਦੇੜ ਵਿਚ ਅਰਪਣ ਕੀਤੀ; ਕਈ ਵਿਦਵਾਨ ਮੰਨਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਟਾਂਵੀਆਂ ਟਾਂਵੀਆਂ ਹੀ ਸਨ। ਇਤਿਹਾਸ ਗੁਆਹ ਕਿ ਜਦੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਧੀਰ ਮੱਲ ਜੀ ਪਾਸੋਂ ਆਦਿ ਬੀੜ ਮੰਗੀ ਤਾਂ ਉਹ ਇਨਕਾਰੀ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਦਮਦਮਾ ਸਾਹਿਬ ਵਿਚ ਨਵੀਂ (ਦਮਦਮੀਂ) ਬੀੜ ਦੀ ਸਿਰਜਨਾ ਕੀਤੀ; ਜਿਸ ਵਿਚ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਬਦ ਸਲੋਕ ਆਦਿ ਵੀ ਸੰਮਿਲਤ ਕੀਤੇ। (ਕਈਆਂ ਵਿਦਵਾਨਾਂ ਦਾ ਵਿਚਾਰ ਹੈ ਕਿ ਦਮਦਮੀਂ ਬੀੜ ਦੀ ਸਿਰਜਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਨੰਦਪੁਰ ਦੇ ਰਿਹਾਇਸ਼ੀ ਸਮੇਂ ਵਿਚ ਕੀਤੀ ਸੀ) ਤੇ ਇਉਂ ਇਹੋ ਹੀ ਬੀੜ, ਜਿਸ ਨੂੰ ਬਹੁਤ ਸਾਰੇ ਇਤਿਹਾਸਕਾਰ ਅਤੇ ਵਿਦਵਾਨ ਗੁਰਤਾ ਪ੍ਰਾਪਤ ਬੀੜ ਦੱਸਦੇ ਹਨ; ਭਾਵੇਂ ਹੁਣ ਤਕ ਦਮਦਮੀਂ ਬੀੜ ਜੋ ਗੁਰੂ ਸਾਹਿਬ ਵਲੋਂ ਲਿਖਵਾਈ ਗਈ ਸੀ ਦੀ ਅਜ ਕਿਸ ਅਸਥਾਨ ਤੇ ਹੈ ਦੀ ਪੁਸ਼ਟੀ ਨਹੀਂ ਹੋ ਸਕੀ ਤੇ ਬਹੁਤੇ ਵਿਦਵਾਨ ਕਰਤਾਰਪੁਰੀ ਬੀੜ ਨੂੰ ਹੀ ਮੁੱਖ ਬੀੜ ਮੰਨ ਕੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਬਦਾਂ ਤੇ ਸਲੋਕਾਂ ਨੂੰ ਸੰਮਿਲਤ

ਕਰਕੇ, ਕਰਤਾਰਪੁਰੀ ਬੀੜ ਨੂੰ ਹੀ ਦਮਦਮੀ ਬੀੜ ਦਾ ਸਰੂਪ ਮੰਨ ਲੈਂਦੇ ਹਨ। ਸੋ ਇਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਆਲੇ ਦੁਆਲੇ ਪ੍ਰਕਰਮਾਂ ਦਾ ਰਿਵਾਜ ਪ੍ਰਚੱਲਤ ਹੋਇਆ ਸਿੱਧ ਹੁੰਦਾ ਹੈ।

ਗੁਰੂ ਸਾਹਿਬਾਨ ਦੇ ਸਮੇਂ ਆਮ ਸਿੱਖਾਂ ਵਿਚ ਕਿਹੜੀ ਵਿਆਹ ਮਰਯਾਦਾ ਪ੍ਰਚੱਲਤ ਸੀ ? ਇਸ ਬਾਰੇ ਪੰਥ ਪ੍ਰਕਾਸ਼ ਤੇ ਸੂਰਜ ਪ੍ਰਕਾਸ਼ ਦੇ ਲਿਖਾਰੀ ਵੈਦਿਕ ਰੀਤੀ ਹੀ ਲਿਖਦੇ ਹਨ। ਭਾਈ ਗੁਰਦਾਸ ਜੀ ਦੀ ਵਾਰ ਦੀ ਇਕ ਪਉੜੀ ਤੋਂ ਵੇਦਕ ਰੀਤੀ ਹੀ ਸਿੱਧ ਹੁੰਦੀ ਹੈ :—

ਜਲ ਵਿਚਿ ਕਵਲੁ ਅਲਿਪਤੁ ਹੈ ਸੰਗ ਦੋਖ ਨਿਰਦੋਖ ਰਹੰਦਾ।
ਰਾਤੀ ਭਵਰੁ ਲੁਭਾਇਦਾ ਸੀਤਲੁ ਹੋਇ ਸੁਗੰਧਿ ਮਿਲੰਦਾ।
ਭਲਕੇ ਸੂਰਜ ਧਿਆਨੁ ਧਰਿ ਪਰਫੁਲਤੁ ਹੋਇ ਮਿਲੈ ਹਸੰਦਾ।
ਗੁਰਮੁਖ ਸੁਖ ਫਲ ਸਹਜ ਘਰ ਵਰਤਮਾਨ ਅੰਦਰਿ ਵਰਤੰਦਾ।
ਲੋਕਾਚਾਰੀ ਲੋਕ ਵਿਚਿ ਵੇਦ ਵੀਚਾਰੀ ਕਰਮ ਕਰੇਦਾ।
ਸਾਵਧਾਨੁ ਗੁਰ ਗਿਆਨ ਵਿਚਿ ਜੀਵਨਿ ਮੁਕਤਿ ਜੁਗਤਿ ਵਿਚਰੰਦਾ।
ਸਾਧ ਸੰਗਤਿ ਗੁਰ ਸਬਦੁ ਵਸੰਦਾ।

(ਵਾਰ ੧੯, ਪਉੜੀ ੭)

ਭਾਈ ਸਾਹਿਬ ਕੰਵਲ ਫੁੱਲ ਦੀ ਉਦਾਹਰਣ ਦੇਂਦੇ ਹਨ, ਜਿਵੇਂ ਕੰਵਲ ਫੁੱਲ ਪਾਣੀ ਤੇ ਚਿੱਕੜ ਨੂੰ ਆਪਣੇ ਵਧਣ ਫੁਲਣ ਲਈ ਵਰਤਦਾ ਹੈ ਤੇ ਮੂੰਹ ਸਦਾ ਸੂਰਜ ਵੱਲ ਟਿਕਾਈ ਰੱਖਦਾ ਹੈ ਮਾਨੋ ਸੂਰਜ ਨੂੰ ਪੂਜਦਾ ਹੈ ਜਿਵੇਂ ਕੰਵਲ ਫੁੱਲ ਸਵੇਰ ਸਾਰ ਸੂਰਜ ਦਾ ਚਾਨਣ ਵੇਖਦਿਆਂ ਹੀ ਖਿੜ ਪੈਂਦਾ ਹੈ ਇਵੇਂ ਹੀ ਸਿੱਖ ਦੀ ਆਤਮਾ ਕੁਦਰਤ ਦੇ ਨਾਟਕ ਚੇਟਕ ਨੂੰ ਅਨੰਦਮਈ ਸਥਿਤੀ ਵਿਚ ਵੇਖਦੀ ਹੈ। ਸਿਖ ਭਾਵੇਂ ਲੋਕਾਚਾਰੀ ਰਸਮਾਂ ਵੇਦਕ ਕਰਮ ਕਾਂਡ ਦੀਆਂ ਹੀ ਕਰਦਾ ਹੈ ਪਰ ਉਹ ਗੁਰੂ ਦੇ ਗਿਆਨ ਨਾਲ ਸਾਵਧਾਨ ਹੋ ਕੇ ਜੀਵਨ ਮੁਕਤ ਪੰਧ ਤੇ ਚਲਦਿਆਂ ਜੁਗਤਿ ਵਿਚ ਹੀ ਰਹਿੰਦਾ ਹੈ; ਕਿਉਂਕਿ ਉਸ ਦੀ ਲਿਵ ਸਾਧ ਸੰਗਤ ਤੇ ਸ਼ਬਦ ਨਾਲ ਜੁੜੀ ਹੁੰਦੀ ਹੈ।

ਆਓ, ਇਸ ਵਿਚਾਰ ਨੂੰ ਦਸਮ ਪਾਤਸ਼ਾਹ ਦੇ ਸਮੇਂ ਵਿਚ ਪ੍ਰਵਿਰਤ ਪ੍ਰਣਾਲੀ ਨੂੰ ਮੁੱਖ ਰੱਖ ਕੇ ਵਿਚਾਰੀਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਕਈ ਇਕ ਰਹਿਤ-ਨਾਮੇਂ ਗੁਰੂ ਜੀ ਵਲੋਂ ਲਿਖਾਏ ਦਸੇ ਜਾਂਦੇ ਹਨ। ਕੁਝ ਕੁਰੀਤੀਆਂ ਕਰਨ ਤੇ ਸਿਖ ਪਤਿਤ ਹੋ ਜਾਂਦਾ ਹੈ — ਤਨਖ਼ਾਹੀਆ ਹੋ ਜਾਂਦਾ ਹੈ, ਇਸ ਤਰ੍ਹਾਂ ਉਹਨਾਂ ਵਿਚ ਦਰਜ ਹੈ। ਪਰ ਇਹ ਕਿਧਰੇ ਨਹੀਂ ਮਿਲਦਾ ਕਿ ਜੇਕਰ ਸਿਖ ਗੁਰਸਿੱਖੀ ਦੀ ਪ੍ਰਚੱਲਤ ਵਿਆਹ ਰੀਤ (ਜੇਕਰ ਕੋਈ ਵੱਖਰੀ ਪ੍ਰਚੱਲਤ ਸੀ) ਦੀ ਉਲੰਘਣਾ ਕਰੇ ਤਾਂ ਉਸ ਨੂੰ ਕੀ ਤਾੜਨਾ ਦਿੱਤੀ ਜਾਵੇ। ਇਸ ਚੁੱਪ ਦਾ ਕਾਰਨ ਤਾਂ ਇਹੀ ਸਮਝ ਆਉਂਦਾ ਹੈ ਕਿ ਉਸ ਸਮੇਂ ਸਿਖਾਂ ਵਿਚ ਸਮੇਂ ਦੀਆਂ ਪ੍ਰਚੱਲਤ ਵੇਦਿਕ ਰਸਮਾਂ ਨਾਲ ਹੀ ਵਿਆਹ ਹੁੰਦੇ ਸਨ।

ਰਹਿਤਨਾਮਾ ਭਾਈ ਦਯਾ ਸਿੰਘ ਜੀ ਵਿਚ ਸਿਰਫ਼ ਇਤਨਾ ਹੀ ਦਰਜ ਹੈ 'ਅਨੰਦ ਬਿਨਾ ਬਿਵਾਹ ਨਾ ਕਰੇ।"*

ਸਾਡੀ ਵੇਖਣੀ ਵਿਚ ਦੋ ਲਿਖਤਾਂ ਹੋਰ ਆਈਆਂ ਹਨ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਕਹੀਆਂ ਜਾਂਦੀਆਂ ਹਨ। ਇਕ ਦਾ ਹਵਾਲਾ ਗੁਰਮਤਿ ਮਾਰਤੰਡ, ਭਾਗ ਪਹਿਲਾ — ਰਚਿੱਤ ਭਾਈ ਸਾਹਿਬ ਕਾਨ੍ਹ ਸਿੰਘ ਨਾਭਾ — ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤਾ ਹੈ; ਦੇ ਪੰਨਾ ੧੧੧ ਤੇ ਇਉਂ ਲਿਖਿਆ ਹੈ :—

ਭਾਈ ਮਨੀ ਸਿੰਘ ਜੀ ਦੀ ਲਿਖੀ "ਭਗਤਾਵਲੀ" ਵਿਚ ਸਹਜਧਾਰੀਆਂ ਵਲੋਂ ਪੇਸ਼ ਹੋਈ 'ਵਾਜਿਬੁਲ ਅਰਜ਼' ਤੋਂ ਪ੍ਰਗਟ ਹੁੰਦਾ ਹੈ। ਦੇਖੋ ਸੂਖਮ ਵਿਚਾਰ ਨਾਲ ਵਾਜਿਬੁਲ ਅਰਜ਼ ਦਾ ਸਿੱਧਾਂਤ —

ਵਾਜਿਬੁਲ ਅਰਜ਼

ੳ. ਸਮੇਂ ਵਿਆਹ ਦੇ ਅਸੀਂ ਵੇਦ ਪਾਠੀ ਬ੍ਰਾਹਮਣਾਂ ਨੂੰ ਬੁਲਾਇ ਕੈ ਵਿਵਾਹ ਦੀਆਂ ਕਾਂਡੀਆਂ ਪੜ੍ਹਾਇ ਕੇ ਵਿਵਾਹ ਕਰਦੇ ਸਾਂ, ਤੇ ਹੁਣ ਸਿੱਖ ਕਹਿੰਦੇ ਹਨ — ਤੁਸੀਂ ਆਨੰਦ ਪੜ੍ਹ ਕੇ ਵਿਵਾਹ ਕਰੋ, ਬ੍ਰਾਹਮਣਾਂ ਨੂੰ ਨਾ ਬੁਲਾਵੋ, ਸੱਚੇ ਪਾਤਸ਼ਾਹ! ਅਬ ਜਿਵੇਂ ਹੁਕਮ ਹੋਵੇ।

ਦਸਤਖਤ ਖਾਸ ਹੋਏ — ਪਹਿਲੇ ਆਨੰਦ ਪੜ੍ਹਨਾ, ਅਰਦਾਸ ਕਰਨੀ, ਪਿਛੇ ਬ੍ਰਾਹਮਣਾਂ ਥੀਂ ਹਮੇਸ਼ਾਂ ਜਿਸ ਤਰ੍ਹਾਂ ਪੜ੍ਹਾਂਵਦੇ ਆਏ ਹੋ, ਤਿਵੇਂ ਪੜ੍ਹਾਵਣਾ, ਸੰਸਾ ਨਹੀਂ ਕਰਨਾ।

ਇਸ ਤੋਂ ਪ੍ਰਗਟ ਹੁੰਦਾ ਹੈ ਕਿ ਬ੍ਰਾਹਮਣਾਂ ਵਿਰੁੱਧ ਦਸਮ ਪਾਤਸ਼ਾਹ ਦੇ ਸਮੇਂ ਵੀ ਸਿੱਖਾਂ ਵਿਚ ਵਿਚਾਰ ਚਲ ਰਹੀ ਸੀ ਪਰ ਇਸ ਤੇ ਅਮਲ ਕਰਨ ਦਾ ਸਮਾਂ ਨਾ ਮਿਲ ਸਕਿਆ — ਕਿਉਂਕਿ ਉਪਰਲਾ ਪ੍ਰਕਰਣ ਸਹਿਜਧਾਰੀਆਂ ਬਾਰੇ ਹੈ — ਤੇ ਅੰਮ੍ਰਿਤ ਦੀ ਵਿਧੀ ਮਗਰੋਂ ਹੀ ਸਹਿਜਧਾਰੀ ਅਤੇ ਅੰਮ੍ਰਿਤਧਾਰੀ ਸੰਗਿਆ ਬਣੀ ਹੋਣੀ ਹੈ। ਅੰਮ੍ਰਿਤ ਛਕਾਣ ਤੋਂ ਪਹਿਲਾਂ ਤਾਂ ਸਾਰੇ ਹੀ ਸਿਖ ਇਕੋ ਪੱਧਰ ਦੇ ਸਨ। ਅੰਮ੍ਰਿਤ ਸੰਮਤ 1756 (1699 ਈ:) ਦੀ ਵਿਸਾਖੀ ਤੇ ਛਕਾਇਆ ਗਿਆ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 9 ਸਾਲ ਜੰਗਾਂ ਯੁਧਾਂ ਅਤੇ ਅਨੰਦਪੁਰ ਨੂੰ ਛੱਡਣ ਦੇ ਸਮੇਂ ਵਿਚ ਬਤੀਤ ਕੀਤੇ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਵਧੇਰਾ ਸਮਾਂ ਨ੍ਹੀਂ ਮਿਲਿਆ ਜੋ ਵਿਆਹ-ਮਰਯਾਦਾ ਵਿਚ ਪ੍ਰੀਵਰਤਨ ਹੋ ਸਕਦਾ।

ਪਹਿਲਾਂ ਅਨੰਦ ਫਿਰ ਅਰਦਾਸ ਤੇ ਮਗਰੋਂ ਬ੍ਰਾਹਮਣਾਂ ਨੂੰ ਸੱਦ ਕੇ ਵਿਵਾਹ ਦਾ ਰਿਵਾਜ ਅੱਜ ਤੱਕ ਵੀ ਹੈ। ਮੈਨੂੰ ਮੇਰੇ ਮਿੱਤਰ ਡਾ. ਦੁਖਨ ਰਾਮ, ਜੋ ਸਾਬਕ ਰਾਸ਼ਟਰਪਤੀ— ਡਾ. ਰਾਜਿੰਦਰ ਪ੍ਰਸ਼ਾਦਿ ਅਤੇ ਡਾ. ਰਾਧਾ ਕ੍ਰਿਸ਼ਣਨ ਦੇ ਅੱਖਾਂ ਦੇ ਡਾਕਟਰ ਨਿਯੁਕਤ ਸਨ ਅਤੇ ਪਟਨਾ ਯੂਨੀਵਰਸਟੀ ਦੇ ਕੁਲਪੱਤੀ ਵੀ ਰਹੇ ਹਨ — ਨੇ ਦਸਿਆ ਕਿ ਬਿਹਾਰ ਵਿਚ ਨਾਨਕ ਪੰਥੀ ਬਹੁਤ ਹਨ ਤੇ ਉਹ ਵੀ ਉਸ ਘਰਾਣੇ 'ਚੋਂ ਹਨ; ਜੋ ਨਾਨਕ ਪੰਥੀ ਸੀ ਤੇ ਉਨ੍ਹਾਂ ਦੇ ਪ੍ਰਵਾਰਾਂ ਵਿਚ ਵਿਵਾਹ ਤੋਂ ਪਹਿਲਾਂ ਗਰੰਥੀ ਆਨੰਦ ਸਾਹਿਬ ਦਾ ਪਾਠ

---

*ਰਹਿਤਨਾਮਿਆਂ ਵਿਚ ਕਈ ਰਹਿਤਾਂ ਦਾ ਵਰਨਣ ਮਿਲਦਾ ਹੈ ਪਰ ਅਨੰਦ ਵਿਵਾਹ ਦੀ ਪ੍ਰਚਲਤ ਮਰਯਾਦਾ ਦਾ ਸੰਮਪੂਰਨ ਪ੍ਰਕਰਣ ਦਰਜ ਨਹੀਂ।

ਤੇ ਅਰਦਾਸ ਕਰਨ ਲਈ ਸੱਦੇ ਜਾਂਦੇ ਸਨ ਤੇ ਉਸ ਤੋਂ ਉਪਰੰਤ ਹੀ ਵੇਦਕ ਰੀਤ ਮਰਯਾਦਾ ਆਰੰਭ ਹੁੰਦੀ ਸੀ। ਅੱਜ ਕਲ੍ਹ ਆਪ ਬਿਹਾਰ ਆਰੀਆ ਸਮਾਜ ਦੇ ਪ੍ਰਧਾਨ ਹਨ ਤੇ ਬੜੇ ਅਸਰ ਰਸੂਖ਼ ਦੇ ਮਾਲਕ ਹਨ — ਇਹ ਬ੍ਰਿਤਾਂਤ 'ਵਾਜਿਬੁਲ ਅਰਜ਼' ਦੀ ਪ੍ਰੋੜ੍ਹਤਾ ਕਰਦਾ ਹੈ।

ਇਕ ਹੋਰ ਇਤਿਹਾਸਕ ਪ੍ਰਮਾਣ ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦਾ ਹੈ।* ਪੁਸਤਕ 'ਪ੍ਰੇਮ ਸੁਮਾਰਗ ਗ੍ਰੰਥ' ਅਰਥਾਤ ਖ਼ਾਲਸਈ ਜੀਵਨ ਜਾਚ ਪਾਤਸ਼ਾਹੀ ਦਸ ਵਿਆਹ ਬਾਰੇ ਇਉਂ ਵਰਣਨ ਕੀਤਾ ਹੋਇਆ ਮਿਲਦਾ ਹੈ :—

ਫੇਰਿ ਬਾਲਕੁ ਕੰਨਿਆ ਆਪਨੀ ਚਉਕੀ ਉਪਰਿ ਜਾਇ ਬੈਠਨਿ। ੧੪।

ਫੇਰਿ ਬਸੰਤ੍ਰ, ਪਵਾਸ ਕੀ ਲੱਕੜੀ ਨਾਲ, ਉਸ ਟੋਏ ਵਿਚਿ ਪ੍ਰਚੰਡ ਕਰੇ।

ਏ ਬੈਸੰਤ੍ਰ ਦੇਵਤਾ ! ਏ ਸ੍ਰੀ ਭਗਉਤੀ ਜੀ ! ਏ ਸ੍ਰੀ ਖ਼ਾਲਸਾ ਜੀ ! ਸ੍ਰੀ ਗੁਰੂ ਅਕਾਲ ਪੁਰਖੁ ਕੀ ਆਗਿਆ ਸੋਂ ਅਮਕੇ ਕੀ ਪੁਤ੍ਰੀ, ਅਮਕੇ ਕੀ ਪੋਤ੍ਰੀ, ਅਮਕਾ ਨਾਮ, ਅਮਕਾ ਰੰਗ ਬਰਨ-ਸਾਥਿ ਸੰਜੋਗ ਸ੍ਰੀ ਅਕਾਲ ਪੁਰਖ ਕੀ ਆਗਿਆ ਸੋ ਹੋਇਆ ਹੈ; ਸ਼ੁਭ ਸਮੇਂ ਬਿਖੇ ! ਦੋਨੋਂ ਜੀਅ ਸੁਖੀ ਰਹਿਨ ਤੁਮ ਸਾਖੀ ਹੋਵਹੁ।

ਸੱਤ ਵਾਰੀ ਕਹੇ, ਸੱਤ ਵਾਰੀ ਘ੍ਰਿਤ ਡਾਲੇ। ਪਰ ਇਸੀ ਤਰਹ ਸ੍ਰੀ ਭਗਉਤੀ ਅਰ ਖ਼ਾਲਸੇ ਅਗੇ ਅਰਦਾਸਿ ਕਰੇ। ਹੱਥ ਜੋੜੇ :— 'ਤੁਮ ਸਾਖੀ ਹੋਵਹੁ' ਅਰੁ ਹਰ ਮਰਤਬੇ, ਘ੍ਰਿਤ ਅਗਨਿ ਬਿਖੇ ਡਾਲੇ।

ਇਹ ਪੁਸਤਕ ਦਸਮ ਪਾਤਸ਼ਾਹ ਜੀ ਵਲੋਂ ਲਿਖਾਈ ਦੱਸੀ ਜਾਂਦੀ ਹੈ ਪਰ ਕਈ ਇਤਿਹਾਸ ਖੋਜੀਆਂ ਦੀ ਇਹ ਵਿਚਾਰ ਹੈ ਕਿ ਇਹ ਪੁਸਤਕ ਸਿਖ ਮਿਸਲਾਂ ਜਾਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਵਿਚ ਹੀ ਲਿਖੀ ਮੰਨਣ ਜੋਗ ਹੈ। ਇਸ ਵਿਚ ਕਈ ਮਨਾਉਤਾਂ ਗੁਰਮਤਿ ਤੋਂ ਉਲਟ ਹਨ ਤੇ ਪੰਜਾਬੀ ਰਸਮਾਂ ਤੋਂ ਵੀ ਕੁਝ ਵਿਲੱਖਣ ਹਨ;

ਇਸ ਸਾਰੀ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਕ ਸਿਖਾਂ ਵਿਚ ਕੋਈ ਵੀ ਵਿਆਹ ਦੀ ਰਸਮ ਇਹੋ ਜਹੀ ਨਹੀਂ ਸੀ ਜਿਹੜੀ ਵਰਤਮਾਨ ਸਿਖ ਮਰਯਾਦਾ ਨਾਲ ਟਾਕਰਾ ਖਾਂਦੀ ਹੋਵੇ। ਜੇਕਰ ਕੋਈ ਇਹੋ ਜਹੀ ਰਸਮ ਹੁੰਦੀ ਤਾਂ ਮਹਾਰਾਜਾ ਰਣਜੀਤ ਸਿੰਘ ਤੇ ਉਹਨਾਂ ਦੇ ਪ੍ਰਵਾਰ ਵਿਚ ਬ੍ਰਾਹਮਣਕ ਰੀਤੀਆਂ ਨਾਲ ਵਿਆਹ ਨਾ ਪੜ੍ਹੇ ਜਾਂਦੇ। ਉਸ ਸਮੇਂ ਦੇ ਦੋ ਪ੍ਰਸਿੱਧ ਆਗੂਆਂ (ਪਹਿਲੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ; ਜਿਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਗੁਰੂਆਂ ਸਮਾਨ ਪੂਜਦੇ ਸਨ ਤੇ ਦੂਜੇ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ) ਅਤੇ ਇਨ੍ਹਾਂ ਦੇ

---

*ਪ੍ਰੇਮ ਸੁਮਾਰਗ ਗ੍ਰੰਥ ਸੰਪਾਦਕ ਭਾਈ ਰਣਧੀਰ ਸਿੰਘ ਰੀਸਰਚ ਸਕਾਲਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਿੱਸਾ ਦੂਜਾ ਧਿਆਓ ਚਤਰੁਥ (ਪ੍ਰਥਮ ਬਚਨ ਬਿਆਹ ਕਾ) ਪੰਨਾ 34, 1965

ਸ਼ਰਧਾਲੂਆਂ ਵਿਚ ਕੋਈ ਵੀ ਗੁਰਮਤਿ-ਵਿਆਹ (ਪ੍ਰਚੱਲਤ ਰੀਤੀ ਅਸਨੁਾਰ) ਦੀ ਉਧਾਹਰਣ ਨਹੀਂ ਮਿਲਦੀ।

ਬਾਬਾ ਸਾਹਿਬ ਸਿੰਘ ਜੀ ਦੇ ਪੜਪੋਤਰੇ ਸਰ ਬਾਬਾ ਖੇਮ ਸਿੰਘ ਜੀ, ਜੋ ਕਿ ਅੰਮ੍ਰਿਤਸਰ ਸਿੰਘ ਸਭਾ ਦੇ ਬਾਨੀ ਸਨ ਨੇ ਵੀ ਆਪਣੇ ਸ਼ਰਧਾਲੂਆਂ ਵਲੋਂ ਪੁੱਛ ਕਰਨ ਤੇ ਉਨ੍ਹਾਂ ਨੂੰ ਇਹੋ ਹੀ ਆਗਿਆ ਦਿੱਤੀ ਸੀ ਕਿ "ਹੋਰ ਤੁਸਾਂ ਨੇ ਵਿਆਹ ਤੇ ਮਰਨੇ ਦੀ ਬਾਤ ਪੁੱਛੀ ਹੈ। ਸੋ ਅਜੇ ਤਜਵੀਜ਼ ਹੋਣੀ ਹੈ ਮੁਕਰਰਾ ਹੋਈ ਨਹੀਂ। ਜਿਸ ਵਕਤ ਮੁਕਰਰਾ ਹੋਵੇਗੀ, ਸਾਡਾ ਹੁਕਮਨਾਵਾਂ ਸਾਰੇ ਦੇਸ਼ ਵਿਚ ਚਲ ਜਾਏਗਾ। ਅਜੇ ਜਿਸ ਤਉਰ ਪਿਛੇ ਰੀਤਾਂ ਹਨ ਸੋ ਕਰਨੀ ਤੁਹਾਨੂੰ ਬਣਦੀ ਹੈ। ਦੁਬਿਧਾ ਮਿਟਾਵਣੀ ਅੱਛੀ ਹੈ। ਹੋਰ ਸਿਠਣੀਆਂ ਨਹੀਂ ਦੇਣੀਆਂ ਤੇ ਸ਼ਬਦ ਸਾਖੀ ਵਿਆਹ ਵਿਚ ਬੇਸ਼ੱਕ ਪੜ੍ਹਨਾ ਤੇ ਪਿਛਲੀ ਹੋਰ ਸਰਬ ਵੇਦ ਰੀਤ ਮਰਯਾਦਾ ਕਰਨੀ।"

(ਵੇਖੋ ਆਨੰਦ ਵਿਆਹ ਦੀ ਇਤਿਹਾਸਕ ਕ੍ਰਾਂਤੀ — ਪੰਨਾ ੧੦)

ਇਤਿਹਾਸਕ ਗੁਰਦੁਵਾਰਿਆਂ ਦੀ ਸੇਵਾ ਸੰਭਾਲ ਉਦਾਸੀ ਸਾਧਾਂ ਤੇ ਨਿਰਮਲਿਆਂ ਸੰਤਾਂ ਦੇ ਸਪੁਰਦ ਸੀ। ਪਰ ਦੁਹਾਂ ਸੰਪ੍ਰਦਾਵਾਂ ਵਿਚ ਵੀ ਪ੍ਰਚੱਲਤ ਵਿਆਹ ਦੀ ਕੋਈ ਮਿਸਾਲ ਨਹੀਂ ਮਿਲਦੀ ਕਿ ਉਹਨਾਂ ਦੁਆਰਾ ਪ੍ਰਚਲਤ ਹੋਈ ਹੋਵੇ।

ਪ੍ਰਸ਼ਨ ਉਠਦਾ ਹੈ ਕਿ ਜੇ ਲਾਵਾਂ ਵਿਆਹ ਦੇ ਸਮੇਂ ਪੜ੍ਹੀਆਂ ਨਹੀਂ ਸਨ ਜਾਣੀਆਂ ਤਾਂ ਉਚਾਰੀਆਂ ਕਿਉਂ ਗਈਆਂ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕਰਨ ਵਾਲੇ ਭਲੀ ਪ੍ਰਕਾਰ ਜਾਣਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਲਾਹਣੀਆਂ, ਘੋੜੀਆਂ, ਕਰਹਲੇ, ਲਾਵਾਂ, ਬਾਰਹਮਾਹਾ, ਦਿਨ ਰੈਣਿ ਆਦਿ ਅਧਿਆਤਮਕ ਵਿਸ਼ਿਆਂ ਦੀ ਵਿਆਖਿਆ ਕਰਦੇ ਹਨ। ਇਹਨਾਂ ਸ਼ਬਦਾਂ ਨੂੰ ਅਸੀਂ ਭਾਈਚਾਰਕ ਰਸਮਾਂ ਰਿਵਾਜਾਂ ਲਈ ਵਰਤ ਲਈਏ ਤਾਂ ਭਾਈਚਾਰਕ ਸਮੇਂ (Social Function) ਵੀ ਆਤਮਕ ਗਿਆਨ ਦੀ ਛੋਹ ਨਾਲ ਸਵੱਛ, ਨਿਰਮਲ ਤੇ ਸੁਭਾਇਮਾਨ ਹੋ ਜਾਂਦੇ ਹਨ।

ਇਸੇ ਪੱਖ ਨੂੰ ਲੈ ਕੇ ਸਾਹਿਬ ਦਿਆਲ ਜੀ (ਨਿਰੰਕਾਰੀ ਲਹਿਰ ਦੇ ਬਾਨੀ ਸੰਨ 1783—1855 ਈ.) ਨੇ 1808 ਈ. ਵਿਚ, ਸੰਤ ਬੁਧੂ ਸ਼ਾਹ ਸੇਵਾ-ਪੰਥੀ ਦੀ ਧਰਮਸਾਲ, ਪੱਛਮੀ ਪਾਕਿਸਤਾਨ ਦੇ ਸ਼ਹਿਰ, ਭੇਰੋ ਵਿਖੇ ਚੇਤਰ ਦੇ ਮਹੀਨੇ* ਆਪਣਾ ਵਿਆਹ ਸ਼ਬਦ-ਕੀਰਤਨ ਤੇ ਅਰਦਾਸ ਕਰਕੇ ਹੀ ਕੀਤਾ। ਇਸ ਤਰ੍ਹਾਂ ਪਹਿਲੀ ਵਾਰ ਬ੍ਰਾਹਮਣੀ ਜੂਲਾ ਸਿਖ ਪੰਥ ਦੇ ਗਲ ਤੋਂ ਲਾਹ ਦਿੱਤਾ। ਫਿਰ ਉਨ੍ਹਾਂ ਦੇ ਉਤਰਅਧਿਕਾਰੀ ਸਾਹਿਬ ਦਰਬਾਰਾ ਸਿੰਘ ਜੀ ਨੇ 1855 ਈ. ਵਿਚ ਚੇਤਰ ਦੀ ਸੰਗਰਾਂਦ ਨੂੰ ਰਾਵਲਪਿੰਡੀ — ਸ੍ਰੀ

*ਬ੍ਰਾਹਮਣ ਮੱਤ ਵਿਚ ਚੇਤਰ ਦਾ ਮਹੀਨਾ ਅਸ਼ੁਭ ਗਿਣਿਆਂ ਜਾਂਦਾ ਹੈ। ਇਸ ਲਈ ਇਸ ਮਹੀਨੇ ਵਿਚ ਬ੍ਰਾਹਮਣ ਕੋਈ ਸ਼ਾਦੀ ਆਦਿ ਕਾਰਜ ਨਹੀਂ ਕਰਵਾ ਸਕਦੇ। ਸੋ ਇਸ ਭਰਮ ਜਾਲ ਨੂੰ ਤੋੜਨ ਲਈ ਇਹ ਦਿਨ ਚੁਣਿਆ ਗਿਆ। ਦਸਿਆ ਜਾਂਦਾ ਹੈ ਕਿ ਇਸ ਮਹੀਨੇ ਸ੍ਰੀ ਮਹਾਰਾਜਾ ਰਾਮ ਚੰਦ੍ਰ ਜੀ ਨੂੰ ਬਨਬਾਸ ਮਿਲਿਆ ਸੀ।

ਨਿਰੰਕਾਰੀ ਦਰਬਾਰ ਵਿਚ ਪਹਿਲੇ ਪ੍ਰਮਾਣੀਕ ਗੁਰਮਤਿ ਆਨੰਦ ਵਿਆਹ ਦੀ ਨੀਂਹ ਰੱਖੀ। ਇਹ ਸਿੱਖ ਇਤਿਹਾਸ ਦਾ ਸਭ ਤੋਂ ਪਹਿਲਾ ਵਿਵਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਰਦ ਗਿਰਦ ਪ੍ਰਦੱਖਣਾ ਲੈ ਕੇ ਅਤੇ ਸੂਹੀ ਰਾਗ ਦੀਆਂ ਲਾਵਾਂ ਪੜ੍ਹ ਕੇ ਹੋਇਆ ਸੀ। ਇਸ ਤਰ੍ਹਾਂ ਸਾਹਿਬ ਦਰਬਾਰਾ ਸਿੰਘ ਜੀ ਨੇ ਆਨੰਦ ਵਿਆਹ ਮਰਯਾਦਾ ਨੂੰ ਇਕ ਕ੍ਰਾਂਤੀਕਾਰੀ ਮੋੜ ਦਿੱਤਾ ਅਤੇ ਸਾਰੇ ਪੱਛਮੀ ਪੰਜਾਬ ਵਿਚ ਆਨੰਦ ਵਿਆਹ ਦੀ ਲਹਿਰ ਨੂੰ ਬੜੀਆਂ ਔਕੜਾਂ ਤੇ ਵਿਰੋਧਤਾਵਾਂ ਦੇ ਹੁੰਦੇ ਤਥਾ ਬ੍ਰਾਦਰੀ ਵਿਚੋਂ ਛੇਕੇ ਜਾਣਾ ਪ੍ਰਵਾਨ ਕਰਦਿਆਂ ਹੋਇਆਂ, ਬੜੇ ਉਤਸ਼ਾਹ ਤੇ ਜੋਸ਼ ਨਾਲ ਚਲਾਇਆ।

ਗੁਰਮਤਿ ਮਰਯਾਦਾਵਾਂ ਦੇ ਮੋਢੀ ਸ੍ਰੀ ਸਾਹਿਬ ਦਿਆਲ ਜੀ ਨੂੰ ਜੋਤੀ ਜੋਤਿ ਸਮਾਇਆਂ ਕੋਈ ਡੇਢ ਕੁ ਮਹੀਨਾ ਹੀ ਬੀਤਿਆ ਸੀ ਜਦੋਂ ਆਪ ਜੀ ਦੇ ਉਤਰ-ਅਧਿਕਾਰੀ ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਨੇ ਨਿਰੰਕਾਰੀ ਸੰਗਤਾਂ ਨੂੰ ਇਕ ਵਿਸ਼ੇਸ਼ ਇਕੱਠ ਲਈ ਸੰਦੇਸ਼ਾ ਭੇਜ ਦਿੱਤਾ :—

ਪਹਿਲੀ ਚੇਤਰ (ਸੰਮਤ 1911) 13 ਮਾਰਚ, 1855 ਈ, ਮੰਗਲਵਾਰ ਨੂੰ ਇਕ ਮਹਾਨ ਦੀਵਾਨ ਸ੍ਰੀ ਨਿਰੰਕਾਰੀ ਦਰਬਾਰ, ਰਾਵਲਪਿੰਡੀ ਵਿਚ ਸਜਿਆ। ਨਿਰੰਕਾਰੀ ਗੁਰਸਿਖਾਂ ਦਾ ਇਹ ਇਤਿਹਾਸਕ ਇਕੱਠ ਸੀ। ਆਸਾ ਜੀ ਦੀ ਵਾਰ ਦੀ ਸਮਾਪਤੀ ਮਗਰੋਂ, ਮਹਾਰਾਜ ਦਰਬਾਰਾ ਸਿੰਘ ਜੀ ਨੇ ਵਿਸ਼ੇਸ਼ ਦੀਵਾਨ ਆਯੋਜਤ ਕਰਨ ਦਾ ਪ੍ਰਯੋਜਨ ਦਸਿਆ। ਗੁਰਸਿਖਾਂ ਵਿਚ ਪ੍ਰਚੱਲਤ ਵਿਵਾਹ ਮਰਯਾਦਾ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਤੇ ਬ੍ਰਾਹਮਣੀ ਪ੍ਰਣਾਲੀ ਤੋਂ ਨਿਖੇੜਨ ਲਈ ਪ੍ਰੇਰਨਾ ਭਰੇ ਵਿਚਾਰ ਪ੍ਰਗਟ ਕੀਤੇ ਅਤੇ ਇਸ ਕ੍ਰਾਂਤੀ ਨੂੰ ਸਫ਼ਲ ਬਣਾਉਣ ਲਈ ਹਰ ਪ੍ਰਕਾਰ ਦੀ ਕੁਰਬਾਨੀ ਲਈ ਤਿਆਰ ਰਹਿਣ ਲਈ ਮੰਗ ਕੀਤੀ। ਸਿਖ ਸਮਾਜ ਦੇ ਗਲੋਂ ਬ੍ਰਾਹਮਣਵਾਦ ਦੇ ਜੂਲੇ ਨੂੰ ਸਦਾ ਲਈ ਉਤਾਰ ਦੇਣ ਲਈ ਵੰਗਾਰਿਆ। ਇਕ ਨੌਜਵਾਨ ਗੱਭਰੂ ਤੇ ਮੁਟਿਆਰ ਬੀਬੀ ਦੀ ਆਹੂਤੀ ਇਸ ਮਹਾਨ ਕਾਰਜ ਦੀ ਪੂਰਤੀ ਲਈ ਅਰਪਨ ਕਰਨ ਦੀ ਮੰਗ ਕੀਤੀ। ਭਾਈ ਨਿਹਾਲ ਸਿੰਘ ਕੱਕੜ ਆਪਣੇ ਇਕਲੌਤੇ ਬਟੇ ਭਾਈ ਭੋਲਾ ਸਿੰਘ ਸਣੇ ਦੀਵਾਨ ਵਿਚ ਖੜੇ ਹੋ ਗਏ ਤੇ ਭਾਈ ਭੋਲਾ ਸਿੰਘ ਨੇ ਆਪਣੇ ਆਪ ਨੂੰ ਹਰ ਪ੍ਰਕਾਰ ਦੇ ਹੁਕਮ ਪਾਲਣ ਲਈ ਪੇਸ਼ ਕੀਤਾ। ਇਸ ਤੋਂ ਉਪਰੰਤ ਭਾਈ ਵਾਹਿਗੁਰੂ ਸਿੰਘ (ਭਾਈ ਹਰੀ ਸਿੰਘ ਸਿਆਲੀ ਖੱਤਰੀ) ਆਪਣੀ ਕੰਨਿਆ ਬੀਬੀ ਨਿਹਾਲੀ ਨੂੰ ਅਰਪਨ ਕਰਨ ਲਈ ਦੀਵਾਨ ਵਿਚ ਖੜੇ ਗਏ।

ਭਾਈ ਭੋਲਾ ਸਿੰਘ ਅਤੇ ਬੀਬੀ ਨਿਹਾਲੀ ਦੀ ਜੋੜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਬਿਠਾਇਆ ਗਿਆ। ਸਾਹਿਬ ਦਰਬਾਰਾ ਸਿੰਘ ਜੀ ਨੇ ਸੰਗਤ ਨੂੰ ਉਪਦੇਸ਼ ਦੇਂਦਿਆਂ ਫੁਰਮਾਇਆ :—

ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥
ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ ॥

(ਮ: ੧, ੫੯੦)

ਜੋੜੀ ਨੂੰ ਗੁਰਮਤਿ ਉਪਦੇਸ਼ ਦਿੱਤਾ ਗਿਆ। ਅਰਦਾਸੀਏ ਸਿਖ ਨੇ ਅਰਦਾਸ ਕੀਤੀ ਤੇ ਫਿਰ ਜੋੜੀ ਦਾ ਪੱਲਾ ਜੋੜਿਆ ਗਿਆ ਤੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾਂ 'ਸੰਤਾਂ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ (ਸੂਹੀ ਮ: ੫, ੭੮੩) ਸ਼ਬਦ ਦੀ ਧੁਨੀ ਉਚਾਰਦੇ ਕਰਵਾਈਆਂ ਗਈਆਂ। ਰਾਗ ਸੂਹੀ ਛੰਤ ਮਹਲਾ ੪ ਵਿਚੋਂ ਲਾਵਾਂ ਪੜ੍ਹੀਆਂ ਗਈਆਂ । ਸਾਹਿਬ ਦਰਬਾਰਾ ਸਿੰਘ ਜੀ ਨੇ ਰਾਗ ਸੂਹੀ ਛੰਤ ਮਹਲਾ ੧ ਘਰ ੪ ਦੇ ਛੰਤ 'ਜਿਨਿ ਕੀਆ ਤਿਨਿ ਦੇਖਿਆ' (੭੬੫) ਦੀ ਪੂਰੀ ਵਿਆਖਿਆ ਕੀਤੀ।

18 ਜੇਠ 1912 ਬਿਕਰਮੀ ਨੂੰ ਭਾਈ ਭੋਲਾ ਸਿੰਘ ਸਰੀਰ ਤਿਆਗ ਗਏ ਅਤੇ ਪੰਜਾਂ ਦਿਨਾਂ ਮਗਰੋਂ 25 ਜੇਠ ਨੂੰ ਬੀਬੀ ਨਿਹਾਲੀ ਦਾ ਸਰੀਰ ਵੀ ਪਾਤ ਹੋ ਗਿਆ। ਇਹ ਉਹ ਜੋੜੀ ਸੀ ਜਿਸ ਨੇ ਗੁਰ ਮਰਯਾਦਾ (ਵਿਆਹ ਦੀ ਰਸਮ) ਨੂੰ ਆਪਣੀ ਸ਼ਹਾਦਤ ਦੇ ਕੇ ਅਟੱਲ ਕੀਤਾ।

ਭਾਈ ਭੋਲਾ ਸਿੰਘ ਤੇ ਬੀਬੀ ਨਿਹਾਲੀ ਦਾ ਆਪਾ ਵਾਰਨਾ ਕੁਰਬਾਨੀ ਦੇ ਇਤਿਹਾਸ ਵਿਚ ਇਕ ਵਚਿੱਤਰ ਘਟਨਾ ਹੈ। ਬੀਬੀ ਨਿਹਾਲੀ ਦਾ ਭਾਈ ਭੋਲਾ ਸਿੰਘ ਪਿਛੋਂ ਪੰਜਾਂ ਦਿਨਾਂ ਦੀ ਵਿੱਥ ਪਾ ਕੇ ਅਕਾਲ ਚਲਾਣਾ ਕਰ ਜਾਣਾ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਇਸ ਕਥਨ ਨੂੰ ਮੂਰਤੀਮਾਨ ਕਰਦਾ ਹੈ :—

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥

(ਮ: ੩, ੭੮੭)

ਉਨ੍ਹਾਂ ਦੇ ਦਿਹਾਂਤ ਤੋਂ ਇਹ ਗੱਲ ਵੀ ਸਪੱਸ਼ਟ ਹੁੰਦੀ ਹੈ ਕਿ ਜੋੜੀ ਦਾ ਆਤਮਕ ਪੱਧਰ ਬਹੁਤ ਉੱਚਾ ਸੀ। ਉਨ੍ਹਾਂ ਦੀ ਗੁਰਮਤਿ ਧਾਰਨਾਵਾਂ ਨੂੰ, ਸਿਖ ਸੰਗਤਾਂ ਵਿਚ ਪ੍ਰਚੱਲਤ ਕਰਨ ਦੀ ਆਦਰਸ਼ਕ ਸੱਧਰ ਪ੍ਰਬਲ ਸੀ। ਸਾਹਿਬ ਦਰਬਾਰਾ ਸਿੰਘ ਜੀ ਦੇ ਸਹਿਜ ਸੁਭਾਅ ਨਿਕਲੇ ਬਚਨ ਪੂਰੇ ਹੋਏ ਅਤੇ ਇਸ ਚਿਰੰਜੀਵ ਜੋੜੇ ਨੇ ਸਿਖੀ ਸਿਦਕ ਦੀ ਇਕ ਨਵੀਂ ਮਿਸਾਲ ਕਾਇਮ ਕਰ ਵਿਖਾਈ।

ਜਦੋਂ ਵੀ ਕੋਈ ਮਨੋਰਥ ਤੇ ਆਦਰਸ਼ ਸਾਹਮਣੇ ਹੁੰਦਾ ਹੈ ਤਾਂ ਫੋਕੇ ਪ੍ਰਚਾਰ ਜਾਂ ਕੇਵਲ ਗਲਾਂ ਨਾਲ ਹੀ ਮਨੋਰਥ ਦੀ ਪ੍ਰਾਪਤੀ ਨਹੀਂ ਹੋ ਸਕਦੀ; ਸਗੋਂ ਕੁਰਬਾਨੀ ਕਰਕੇ ਹੀ ਸੱਚੀ-ਸਥਿਰ ਨੀਂਹ ਰੱਖੀ ਜਾ ਸਕਦੀ ਹੈ।

ਸਿਖ ਧਰਮ ਨੂੰ ਹਮੇਸ਼ਾਂ ਹੀ ਖ਼ਾਲਸ ਰੱਖਣ ਤੇ ਸਦੀਆਂ ਦੀਆਂ ਪੁਰਾਣੀਆਂ ਤੇ ਬੋਸੀਦਾ ਰਸਮਾਂ ਨੂੰ ਖ਼ਤਮ ਕਰਨ ਲਈ ਵੀ ਮਹਾਨ ਕੁਰਬਾਨੀ ਦੀ ਲੋੜ ਸੀ, ਜੋ ਇਸ

ਨੌਜਵਾਨ ਜੋੜੀ ਨੇ ਜਿੰਦਾਂ ਘੋਲ ਘੁਮਾ ਕੇ ਇਕ ਮਹਾਨ ਕ੍ਰਾਂਤੀ ਦਾ ਮੁੱਢ ਬੰਨ੍ਹਿਆ।

ਇਹ ਬੜੀ ਅਚੰਭੇ ਅਤੇ ਪਰਸੰਨਤਾ ਵਾਲੀ ਉਦਾਹਰਣ ਹੈ ਕਿ ਉਸ ਸਮੇਂ ਦੇ ਨਿਰੰਕਾਰੀ ਗੁਰਸਿਖਾਂ ਨੇ ਇਸ ਜੋੜੇ ਦੀ ਕੁਰਬਾਨੀ ਬਾਰੇ ਸ਼ੰਕਾ ਨਹੀਂ ਕੀਤਾ; ਇਸ ਨੂੰ ਅਸ਼ੁਭ ਜਾਂ ਸਗਨ-ਅਪਸਗਨ ਵਾਲੀ ਘਟਨਾ ਨਹੀਂ ਮੰਨਿਆ। ਸਾਹਿਬ ਦਰਬਾਰਾ ਸਿੰਘ ਜੀ ਦੇ ਬਚਨਾਂ ਦੀ ਪੂਰਤੀ ਨੇ ਉਨ੍ਹਾਂ ਦੀ ਸ਼ਰਧਾ ਤੇ ਵਿਸ਼ਵਾਸ ਨੂੰ ਹੋਰ ਦ੍ਰਿੜ ਕੀਤਾ।

ਇਸ ਵਿਲੱਖਣ ਮਰਯਾਦਾ ਅਨੁਸਾਰ ਵਿਵਾਹ ਕਰਨ ਦੀ ਖ਼ਬਰ ਸਾਰੇ ਇਲਾਕੇ ਵਿਚ ਫੈਲ ਗਈ। ਰਾਵਲਪਿੰਡੀ ਦੇ ਹਿੰਦੂ ਸਿਖ ਸਮਾਜ ਵਲੋਂ ਇਸ ਦੀ ਕਰੜੀ ਵਿਰੋਧਤਾ ਸ਼ੁਰੂ ਹੋ ਗਈ। ਸਾਹਿਬ ਦਰਬਾਰਾ ਸਿੰਘ ਜੀ ਨੂੰ ਕੁਰਾਹੀਆ ਆਖਿਆ ਗਿਆ ਤੇ ਵਿਰੋਧੀ ਧੜਾ ਹੋਰ ਭੜਕ ਉਠਿਆ। ਵਿਰੋਧਤਾ ਕਰਨ ਵਾਲਿਆਂ ਵਿਚ ਮੁਖੀ ਨਾਮ* ਸਰ ਨਿਹਾਲ ਸਿੰਘ ਛਾਛੀ, ਦੀਵਾਨ ਤੌਰੂ ਰਾਇ ਅਤੇ ਬੇਦੀ ਸਰ ਬਾਬਾ ਖੇਮ ਸਿੰਘ ਜੀ ਵਿਸ਼ੇਸ਼ ਤੌਰ ਤੇ ਵਰਣਨ ਯੋਗ ਹਨ।

ਬਰਾਦਰੀ ਵਿਚੋਂ ਸਾਹਿਬਾਂ ਨੂੰ ਪਹਿਲਾਂ ਹੀ ਛੇਕ ਦਿੱਤਾ ਗਿਆ ਸੀ। ਧੰਨ ਸੀ! ਧੰਨ ਸੀ। ਉਨ੍ਹਾਂ ਦੀ ਦ੍ਰਿੜਤਾ ਤੇ ਦਲੇਰੀ, ਜਿਨ੍ਹਾਂ ਨੇ ਸਭ ਕਠਨਾਈਆਂ ਖਿੜੇ ਮੱਥੇ ਸਹਾਰਦੇ ਹੋਏ ਆਨੰਦ ਕਾਰਜ ਮਰਯਾਦਾ ਪ੍ਰਚਾਰਨ ਦਾ ਬੀੜਾ ਉਠਾਇਆ।

ਸਾਹਿਬ ਦਰਬਾਰਾ ਸਿੰਘ ਜੀ ਤੇ ਉਨ੍ਹਾਂ ਦੇ ਸਾਥੀ ਗੁਰਸਿਖਾਂ ਨੂੰ ਬੜਾ ਚਾਅ ਚੜ੍ਹ ਜਾਂਦਾ, ਤੇ ਜਦੋਂ ਵੀ ਕੋਈ ਗੁਰਸਿਖ ਉਨ੍ਹਾਂ ਨੂੰ ਆਨੰਦ ਮਰਯਾਦਾ ਲਈ ਬੇਨਤੀ ਕਰ ਭੇਜਦਾ ਸੀ ਤਾਂ ਉਹ ਬੜੇ ਉਤਸ਼ਾਹ ਨਾਲ ਦੂਰ ਦੂਰ ਦੇ ਪਿੰਡਾਂ ਤੇ ਨਗਰਾਂ ਵਿਚ ਜਾਂਦੇ ਤੇ ਗੁਰ ਮਰਯਾਦਾ ਅਨੁਸਾਰ ਵਿਵਾਹ ਦੀ ਇਹ ਨਵੀਨ ਰਸਮ ਪ੍ਰਚੱਲਤ ਕਰਨ ਲਈ ਤੱਤਪਰ ਰਹਿੰਦੇ। ਹਰ ਪ੍ਰਕਾਰ ਦੀਆਂ ਔਕੜਾਂ ਦਾ ਖਿੜੇ ਮੱਥੇ ਮੁਕਾਬਲਾ ਕਰਦੇ। ਗੁਰਬਾਣੀ ਵਿਚੋਂ ਪ੍ਰਮਾਣ ਦੇਂਦੇ ਅਤੇ ਆਪਣੇ ਪੱਖ ਨੂੰ ਸਿੱਧ ਕਰਦੇ। ਵਕਤ ਦੇ ਹਿੰਦੂ ਸਿਖ ਸਮਾਜ ਨੂੰ ਇਸ ਸੁਖੈਨ ਤੇ ਪ੍ਰਭਾਵਸ਼ਾਲੀ ਮਰਯਾਦਾ ਲਈ ਪ੍ਰੇਰਦੇ ਅਤੇ ਬ੍ਰਾਹਮਣੀ ਮਰਯਾਦਾ ਦੀਆਂ ਖ਼ਰਚੀਲੀਆਂ ਰਸਮਾਂ ਨੂੰ ਛੱਡਣ ਲਈ ਤਿਆਰ ਕਰਦੇ। ਨਿਰੰਕਾਰੀ ਗੁਰਸਿਖਾਂ ਵਿਚ ਵਿਆਹ ਦਾ ਸਮਾਂ ਸਿਖ ਸਿਧਾਂਤਾਂ ਦੇ ਪ੍ਰਚਾਰ ਦਾ ਇਕ ਵਿਸ਼ੇਸ਼ ਅਵਸਰ ਮੰਨਿਆਂ ਗਿਆ ਹੈ। ਜਨੇਤ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਤੇ ਨਿਰੰਕਾਰੀ ਨਿਸ਼ਾਨ ਸਾਹਿਬ ਨਾਲ ਹੁੰਦੇ। ਜਨੇਤੀ ਢੋਲਕੀਆਂ ਛੈਣਿਆਂ ਨਾਲ ਸ਼ਬਦ ਕੀਰਤਨ ਕਰਦੇ ਲੜਕੀ ਵਾਲਿਆਂ ਦੇ ਘਰ ਜਾ ਢੁਕਦੇ। ਅਗੋਂ ਧੇਤੇ ਵੀ ਸ਼ਬਦਾਂ ਦੀਆਂ ਮਧੁਰ ਧੁਨਾਂ ਨਾਲ ਜਨੇਤ ਦਾ ਸੁਆਗਤ ਕਰਦੇ। ਧੇਤਿਆਂ ਤੇ ਪੁਤਰੇਤਿਆਂ ਦੇ ਘਰ ਕਈ ਰਾਤਾਂ ਬੀਬੀਆਂ ਨਿਰੋਲ ਗੁਰਬਾਣੀ ਦਾ ਗਾਇਨ ਢੋਲਕੀ ਨਾਲ ਕਰਦੀਆ।

---

*'ਪੰਜਾਬ ਚੀਫਸ' ਸ. ਨਿਹਾਲ ਸਿੰਘ ਕੇ. ਸੀ. ਐਸ. ਆਈ. ਭਾਗ ਦੂਜਾ ਪੰਨਾ 289—1940 ਸਰ ਬਾਬਾ ਖੇਮ ਸਿਘ ਬੇਦੀ 1832–1904 ਪੁਸਤਕ 'ਰਾਜਾ ਜੋਗੀ' ਗਿਆਨੀ ਈਸ਼ਰ ਸਿੰਘ ਨਾਰਾ 1973.

ਉਸ ਸਮੇਂ ਪੰਜਾਬ ਦੀਆਂ ਜੰਞਾਂ ਨਾਲ ਵੇਸਵਾਵਾਂ ਦਾ ਨਾਚ ਤੇ ਗਾਣਾ ਹੋਇਆ ਕਰਦਾ ਸੀ ਪਰ ਸਾਹਿਬ ਦਰਬਾਰਾ ਸਿੰਘ ਜੀ ਨੇ ਇਸ ਮਰਜ਼ ਨੂੰ ਹਿੰਦੂ ਸਿਖ ਸਮਾਜ ਦੇ ਗਲੋਂ ਲਾਹਿਆ ਤੇ ਸਵੱਛ ਤੇ ਸਦਾਚਾਰਕ ਰਵਾਜ ਦਾ ਮੁੱਢ ਬੰਨ੍ਹਿਆਂ। ਸਮਾਜ ਵਿਚ ਸ਼ਰਾਬ ਪੀ ਕੇ ਨੱਚਣ ਤੇ ਭੰਗੜੇ ਪਾਉਣ ਦੀ ਪਿਰਤ ਨੂੰ ਬੰਦ ਕੀਤਾ ।

13 ਮਾਰਚ, 1855 ਈ. ਦੇ ਇਸ ਅਨੰਦ ਵਿਆਹ ਤੋਂ ਮਗਰੋਂ ਸੈਂਕੜੇ ਅਨੰਦ ਵਿਆਹ ਬੜੇ ਸੱਜ ਧੱਜ ਨਾਲ ਨਿਰੰਕਾਰੀ ਸਿਖਾਂ ਵਿਚ ਕੀਤੇ ਗਏ । ਭਾਵੇਂ ਕਈ ਔਕੜਾਂ ਤੇ ਵਿਰੋਧੀਆਂ ਦਾ ਡੱਟ ਕੇ ਟਾਕਰਾ ਕਰਨਾ ਪਿਆ । ਜਿਨ੍ਹਾਂ ਵਿਚੋਂ ਤਰਲਾਹੀ, ਸੱਯਦ ਕਸਰਾਂ, ਕਾਲਾ ਗੁਜਰਾਂ, ਫ਼ਤਹਿ ਜੰਗ ਤੇ ਸ੍ਰੀ ਅੰਮ੍ਰਿਤਸਰ ਦੇ ਆਨੰਦ ਵਿਆਹ ਖ਼ਾਸ ਮਹਾਨਤਾ ਰੱਖਦੇ ਹਨ ।

ਸ੍ਰੀ ਅੰਮ੍ਰਿਤਸਰ ਵਿਚ ਪਹਿਲਾ ਇਤਿਹਾਸਕ ਆਨੰਦ ਵਿਆਹ ।

(1861 ਈ., 1918 ਬਿਕ੍ਰਮੀ)

ਬ੍ਰਨਾਲੀ ਦੇ ਗੁਰਸਿਖ ਨਿਰੰਕਾਰੀ ਦਰਬਾਰ ਰਾਵਲਪਿੰਡੀ ਵਿਚ ਹਾਜ਼ਰ ਹੋਏ ਅਤੇ ਸਾਹਿਬ ਦਰਬਾਰਾ ਸਿੰਘ ਜੀ ਨੂੰ ਬਰਨਾਲੀ ਦਰਸ਼ਨ ਦੇਣ ਲਈ ਬੇਨਤੀ ਕੀਤੀ। ਸਾਹਿਬ ਰਾਵਲਪਿੰਡੀ ਤੋਂ ਚੱਲ ਕੇ ਕਾਲਾ ਗੁਜਰਾਂ ਪਹੁੰਚੇ । ਬਰਨਾਲੀ ਦੀ ਸੰਗਤ ਨੇ ਪੁੱਜ ਕੇ ਅਰਜ਼ ਕੀਤੀ, "ਮਹਾਰਾਜ, ਭਾਈ ਕਰਮ ਸਿੰਘ ਨੇ ਆਪਣੀ ਸਪੁੱਤਰੀ ਮੀਰਾਂ ਦੇਈ ਦਾ ਸਾਕ ਭਾਈ ਬੂਟਾ ਸਿੰਘ ਨਾਲ ਕੀਤਾ ਹੈ । ਪਿੰਡ ਵਿਚ ਵਿਰੋਧਤਾ ਤੇ ਰੌਲਾ ਪਿਆ ਹੋਇਆ ਹੈ । ਅਨਮਤੀਆਂ ਦਾ ਜ਼ੋਰ ਹੈ ਅਤੇ ਆਖਦੇ ਹਨ ਕਿ ਗੁਰਮਤਿ ਅਨੁਸਾਰ ਵਿਵਾਹ ਨਹੀਂ ਕਰਨ ਦੇਣਾ ।" ਸਾਹਿਬ ਦਰਬਾਰਾ ਸਿੰਘ ਜੀ ਦਾ ਸ੍ਰੀ ਅੰਮ੍ਰਿਤਸਰ ਜਾਣ ਦਾ ਪੂਰਵ ਵਿਚਾਰ ਬਣਿਆ ਹੋਇਆ ਸੀ । ਆਪ ਨੇ ਆਦੇਸ਼ ਦਿੱਤਾ ਕਿ ਧੇਤੇ ਤੇ ਪੁਤਰੇਤੇ ਸ੍ਰੀ ਅੰਮ੍ਰਿਤਸਰ ਪੁੱਜ ਜਾਣ । ਉਥੇ ਇਹ ਆਨੰਦ ਕਾਰਜ ਕਰਨ ਦਾ ਵਿਚਾਰ ਬਣਿਆ ਹੈ ।

ਸਾਹਿਬ ਦਰਬਾਰਾ ਸਿੰਘ ਜੀ ਅਤੇ ਹੋਰ ਨਿਰੰਕਾਰੀ ਗੁਰਸਿਖ ਸ੍ਰੀ ਅੰਮ੍ਰਿਤਸਰ ਪੁਜ ਗਏ । ਆਪ ਜੀ ਨੇ ਠਾਕਰ ਦਿਆਲ ਸਿੰਘ ਦੇ ਡੇਰੇ ਵਿਚ ਨਿਵਾਸ ਕੀਤਾ । ਉਸ ਸਮੇਂ ਇਸ ਡੇਰੇ ਵਿਚ ਮਹੰਤ ਠਾਕਰ ਗੁਲਾਬ ਸਿੰਘ ਜੀ ਸਨ । ਬਰਨਾਲੀ ਤੋਂ ਭਾਈ ਬੂਟਾ ਸਿੰਘ ਅਤੇ ਭਾਈ ਕਰਮ ਸਿੰਘ ਨਿਰੰਕਾਰੀ, ਸੰਗਤ ਸਣੇ ਸ੍ਰੀ ਅੰਮ੍ਰਿਤਧਰ ਪੁੱਜ ਗਏ ।

ਵਿਸਾਖੀ ਤੋਂ ਤੀਜੇ ਦਿਨ ਮਗਰੋਂ ਸਾਹਿਬ ਦਰਬਾਰਾ ਸਿੰਘ ਜੀ ਨੇ ਭਾਈ ਰੂਪ ਸਿੰਘ ਜੀ ਰਾਹੀਂ ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀਆਂ ਤੇ ਗ੍ਰੰਥੀਆਂ ਨੂੰ ਸੰਦੇਸ਼ ਭੇਜਿਆ । ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਗੁਰ-ਰੀਤੀ ਅਨੁਸਾਰ ਵਿਵਾਹ ਕਰਨਾ ਹੈ, ਆਪ ਸਭ ਸ਼ਾਮਲ ਹੋਵੋ ।" ਇਸ ਸਬੰਧ ਵਿਚ ਦੋ ਦਿਨ ਵਿਚਾਰ-ਵਟਾਂਦਰਾ ਹੋਣ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਪੁਜਾਰੀਆਂ, ਗ੍ਰੰਥੀਆਂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਆਨੰਦ ਵਿਆਹ ਕਰਨ

ਦੀ ਆਗਿਆ ਦੇਣ ਤੋਂ ਨਾਂਹ ਕਰ ਦਿੱਤੀ। ਸ੍ਰੀ ਅੰਮ੍ਰਿਤਸਰ ਵਿਚ ਆਨੰਦ ਮਰਯਾਦਾ ਅਨੁਸਾਰ ਵਿਵਾਹ ਕਰਨ ਦਾ ਦ੍ਰਿੜ ਸੰਕਲਪ ਕਰਕੇ ਹੀ ਨਿਰੰਕਾਰੀ ਸੰਗਤ ਸਾਹਿਬ ਦਰਬਾਰਾ ਸਿੰਘ ਜੀ ਦੀ ਅਗਵਾਈ ਸਹਿਤ ਪੁਜੀ ਸੀ। ਡੇਰ੍ਹਾ ਠਾਕਰਾਂ ਦੇ ਉਤਸ਼ਾਹ ਤੇ ਅਗਾਂਹ ਵਧੂ ਸਰਬ-ਰਾਹ ਠਾਕੁਰ ਗੁਲਾਬ ਸਿੰਘ ਜੀ ਨੇ ਸਹਿਯੋਗ ਦੇਣਾ ਮੰਨ ਲਿਆ।

ਅਗਲੇ ਦਿਨ ਪੰਜ ਵਿਸਾਖ ਸੰਮਤ 1910 ਬਿਕ੍ਰਮੀ (1861 ਈ.) ਨੂੰ ਠਾਕਰ ਦਿਆਲ ਸਿੰਘ ਦੇ ਗੁਰਦੁਵਾਰੇ ਦੀਵਾਨ ਲੱਗਾ। ਆਸਾ ਦੀ ਵਾਰ ਉਪਰੰਤ ਸਾਹਿਬਾਂ ਨੇ ਉਠ ਕੇ ਉਪਦੇਸ਼ ਕੀਤਾ ਤੇ ਫੁਰਮਾਇਆ, "ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਸਾਨੂੰ ਗੁਰਮਤਿ ਵਿਆਹ ਕਰਨ ਤੋਂ ਰੋਕਿਆ ਜਾਂਦਾ ਹੈ, ਛੇਤੀ ਸਮਾਂ ਆਵੇਗਾ, ਇਹ ਗੁਰ ਮਰਯਾਦਾ ਘਰ ਘਰ ਹੋਵੇਗੀ। ਉਦੇ ਅਸਤ ਤੱਕ ਗੁਰੂ ਨਾਨਕ ਨਿਰੰਕਾਰੀ ਦੇ ਸਿਖ ਇਸ ਮਰਯਾਦਾ ਨੂੰ ਕਰਨਗੇ। ਬ੍ਰਾਹਮਣਾਂ ਤੇ ਅਨਮਤੀਆਂ ਦੇ ਪੋਲ ਪਖੰਡ ਵਹਿਮਾਂ ਭਰਮਾਂ ਦਾ ਜੂਲਾ ਅਸਾਂ ਗੁਰਸਿਖਾਂ ਤੋਂ ਉਤਾਰ ਦੇਣਾ ਹੈ। ਗੁਰਮੁਖੋ ! ਸਮਾਂ ਆਵੇਗਾ ਕਿ ਗੁਰਮਤਿ ਕਰਨ ਵਾਸਤੇ ਦੂਰ ਦੂਰ ਤੋਂ ਲੋਕੀਂ ਆਪ ਨੂੰ ਸੱਦ ਕੇ ਲੈ ਜਾਇਆ ਕਰਨਗੇ।"

ਇਸ ਪ੍ਰਕਾਰ ਭਾਈ ਬੂਟਾ ਸਿੰਘ* ਦਾ ਵਿਆਹ ਭਾਈ ਕਰਮ ਸਿੰਘ ਦੀ ਸਪੁੱਤਰੀ ਬੀਬੀ ਮੀਰਾਂ ਦੇਈ ਨਾਲੰ ਸ੍ਰੀ ਅੰਮ੍ਰਿਤਸਰ ਵਿਖੇ ਪਹਿਲੀ ਵਾਰ ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਨੇ ਗੁਰਮਤਿ ਅਨੁਸਾਰ ਕਰਵਾਇਆ।

ਭਾਈ ਚਤਰ ਸਿੰਘ ਜੀਵਨ ਸਿੰਘ, ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਦੇ ਮਾਲਕ ਭਾਈ ਜੀਵਨ ਸਿੰਘ ਜੀ ਨੇ ਲੇਖਕ ਨੂੰ ਜਾਣਕਾਰੀ ਦਿੱਤੀ ਸੀ ਕਿ ਉਨ੍ਹਾਂ ਦੇ ਪਿਤਾ ਜੀ ਅੰਮ੍ਰਿਤਸਰ ਵਿਚ ਹੋਏ ਪਹਿਲੇ ਗੁਰਮਤਿ ਆਨੰਦ ਕਾਰਜ ਵਿਚ ਸ਼ਾਮਲ ਹੋਏ ਸਨ। ਅੰਮ੍ਰਿਤਸਰ ਨਿਵਾਸੀਆਂ ਲਈ ਇਹ ਇਕ ਅਨੋਖੀ ਤੇ ਵਿਲੱਖਣ ਮਰਯਾਦਾ ਸੀ। ਇਸ ਮਰਯਾਦਾ ਦੀ ਚਰਚਾ ਸਾਰੇ ਅੰਮ੍ਰਿਤਸਰ ਵਿਚ ਕਾਫੀ ਸਮਾਂ ਚਲਦੀ ਰਹੀ।

ਇਹ ਬੜੀ ਹੈਰਾਨੀ ਜਨਕ ਘਟਨਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਤੇ ਪੁਜਾਰੀ ਆਦਿ ਤਾਂ ਇਤਨੇ ਹੱਠੀ ਸਨ ਕਿ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਮਣੇ ਚੌਗਾਨ ਵਿਚ ਗੁਰਮਤਿ ਆਨੰਦ ਕਾਰਜ ਨਾ ਹੋਣ ਦਿੱਤਾ, ਪਰ ਠਾਕਰ ਗੁਲਾਬ ਸਿੰਘ ਜੀ ਨਿਰਮਲੇ, ਵਿਸ਼ਾਲ ਹਿਰਦੇ ਦੇ ਮਾਲਕ ਸਨ। ਉਹ ਇਸ ਮਰਯਾਦਾ ਦੇ ਹਾਮੀ ਸਨ ਜਾਂ ਨਹੀਂ ਪਰ ਉਨ੍ਹਾਂ ਨੇ ਇਸ ਵਿਲੱਖਣ ਮਰਯਾਦਾ ਨੂੰ ਆਪਣੇ ਡੇਰ੍ਹੇ ਵਿਚ ਕਰਵਾ ਕੇ ਇਸ ਇਤਿਹਾਸਕ ਕਾਰਜ ਨੂੰ ਚਲਾਉਣ ਵਿਚ ਸਹਿਯੋਗ ਦਿੱਤਾ; ਜਿਸ ਤੋਂ ਉਨ੍ਹਾਂ ਦੀ ਅਗਾਂਹ ਵਧੂ ਬਿਰਤੀ ਤੇ ਗੁਰਮਤਿ ਦੇ ਅਸੂਲਾਂ ਪ੍ਰਤੀ ਡੂੰਘੀ ਸੂਝ ਦਾ ਪ੍ਰਮਾਣ ਮਿਲਦਾ ਹੈ।

ਲਾਹੌਰ ਵਿਚ ਪਹਿਲਾ ਗੁਰਮਤਿ ਵਿਆਹ : ਸਾਹਿਬ ਰੱਤਾ ਜੀ ਦੇ ਸਮੇਂ ਜਦੋਂ ਸਿੰਘ ਸਭਾ ਲਹਿਰ ਦਾ ਮੁੱਢ ਬੱਝਿਆਂ ਥੋੜਾ ਸਮਾਂ ਹੀ ਹੋਇਆ ਸੀ, ਸਿੰਘ ਸਭਾ ਦੇ

*ਭਾਈ ਬੂਟਾ ਸਿੰਘ ਸਪੁਤ੍ਰ ਭਾਈ ਸੂਬਾ ਸਿੰਘ ਭੱਲੇ ਖੱਤਰੀ ਸਿੱਖ ਸਨ। ਇਨ੍ਹਾਂ ਦੀ ਸ਼ੁਭ ਸੰਤਾਨ ਕਾਨਪੁਰ ਵਿਚ ਨਿਵਾਸ ਰੱਖਦੀ ਹੈ।

ਮੋਢੀਆਂ ਵਿਚੋਂ ਭਾਈ ਜਵਾਹਰ ਸਿੰਘ ਕਪੂਰ ਦੀ ਸਪੁੱਤਰੀ ਬੀਬੀ ਦੁਰਗਾ ਜੀ ਦਾ ਅਨੰਦ-ਵਿਆਹ ਡਾ. ਸੁੰਦਰ ਸਿੰਘ ਜੀ ਧਮਿਆਲ ਵਾਲਿਆਂ ਨਾਲ 1898-99 ਈ. ਵਿਚ ਨਿਰੰਕਾਰੀ ਪ੍ਰਚਾਰਕ ਭਾਈ ਮੰਨਾ ਸਿੰਘ ਜੀ ਦੀ ਅਗਵਾਈ ਹੇਠਾਂ ਹੋਇਆ।

ਗੁਜਰਾਂ ਵਾਲੇ ਵਿਖੇ : ਗਿ. ਲਾਲ ਸਿੰਘ ਜੀ ਦਾ ਅਲਾਕੇ ਵਿਚ ਪਹਿਲਾ ਗੁਰਮਤਿ ਆਨੰਦ ਵਿਆਹ ਸੀ; ਜੋ ਨਿਰੰਕਾਰੀ ਪ੍ਰਚਾਰਕਾਂ ਨੇ ਕਰਵਾਇਆ।

ਪਿਸ਼ਵਾਰ ਵਿਖੇ : 1892-93 ਨੂੰ ਭਾਈ ਹਰਿ ਨਾਰਾਇਣ ਅਤੇ ਉਨ੍ਹਾਂ ਦੀ ਸੁਪੱਤਨੀ ਬੀਬੀ ਮਿੱਠੋ ਦੀ ਸਪੁੱਤਰੀ ਬੀਬੀ ਰਾਮ ਰੱਖੀ ਜੀ ਦਾ ਵਿਵਾਹ ਪੂਰਨ ਗੁਰ ਮਰਯਾਦਾ ਅਨੁਸਾਰ ਭਾਈ ਬ੍ਰਿਜ ਲਾਲ ਕਪੂਰ ਨਾਲ ਬੜੀਆਂ ਕਰੜੀਆਂ ਵਿਰੋਧਤਾਵਾਂ ਅਤੇ ਵਾਦ-ਵਿਵਾਦ ਪਿਛੋਂ ਸ੍ਰੀ ਸਾਹਿਬ ਰੱਤਾ ਜੀ ਦੀ ਅਗਵਾਈ ਹੇਠ ਹੋਇਆ। ਸਾਹਿਬ ਰੱਤਾ ਜੀ ਦੇ ਨਿਵਾਜੇ ਮਹਾਨ ਵਿਦਵਾਨ ਭਾਈ ਮੰਨਾ ਸਿੰਘ ਜੀ ਨਿਰੰਕਾਰੀ ਅਤੇ ਗਿ. ਠਾਕਰ ਸਿੰਘ ਜੀ (ਜੋ ਪਿਛੋਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਕਥਾ-ਵਾਚਕ ਦੀ ਪਦਵੀ ਤੇ ਰਹੇ) ਵੀ ਇਸ ਵਿਆਹ ਵਿਚ ਸ਼ਾਮਲ ਸਨ।

ਨਾਮਧਾਰੀ ਸੰਸਥਾ ਵਿਚ ਪ੍ਰਚੱਲਤ (ਮੌਜੂਦਾ) ਵਿਆਹ ਪ੍ਰਣਾਲੀ 1863 ਈ.* ਵਿਚ ਸ਼ੁਰੂ ਹੋਈ। ਇਕ ਵਾਰ ਸ੍ਰੀ ਬਾਬਾ ਰਾਮ ਸਿੰਘ ਜੀ ਹਜ਼ਰੋ ਤੋਂ ਸ੍ਰੀ ਬਾਬਾ ਬਾਲਕ ਸਿੰਘ ਜੀ ਦੇ ਦਰਸ਼ਨ ਕਰਕੇ ਪਰਤ ਰਹੇ ਸਨ। ਵਾਪਸੀ ਤੇ ਰਾਵਲਪਿੰਡੀ ਕੁਝ ਸਮੇਂ ਲਈ ਰੁਕ ਗਏ ਤੇ ਇਕ ਦਿਨ ਸ੍ਰੀ ਨਿਰੰਕਾਰੀ ਦਰਬਾਰ ਪਧਾਰੇ। ਸਾਹਿਬ ਦਰਬਾਰਾ ਸਿੰਘ ਜੀ ਦੀਵਾਨ ਵਿਚ ਉਪਦੇਸ਼ ਕਰ ਰਹੇ ਸਨ। ਇਕ ਜੋੜੀ ਦਾ ਗੁਰਮਤਿ ਵਿਆਹ ਹੋ ਰਿਹਾ ਸੀ। ਬਾਬਾ ਜੀ ਦੀਵਾਨ ਵਿਚ ਸਜ ਗਏ। ਦੀਵਾਨ ਦੀ ਸਮਾਪਤੀ ਮਗਰੋਂ ਬਾਬਾ ਜੀ ਨੇ ਸਾਹਿਬ ਦਰਬਾਰਾ ਸਿੰਘ ਜੀ ਨਾਲ ਬਚਨ ਬਿਲਾਸ ਕਰਦਿਆਂ ਨਵੀਂ ਚੱਲੀ ਆਨੰਦ ਵਿਵਾਹ ਰੀਤੀ ਬਾਰੇ ਜਾਣਕਾਰੀ ਲਈ। ਸਾਹਿਬ ਦਰਬਾਰਾ ਸਿੰਘ ਜੀ ਨੇ ਬਾਬਾ ਰਾਮ ਸਿੰਘ ਜੀ ਨੂੰ ਵੀ ਆਨੰਦ ਵਿਵਾਹ ਪ੍ਰਚੱਲਤ ਕਰਨ ਲਈ ਯੋਗ ਦਾਨ ਪਾਉਣ ਲਈ ਪ੍ਰੇਰਨਾ ਦਿੱਤੀ। ਸ੍ਰੀ ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਸਿੱਖਾਂ ਵਿਚ 1863 ਈ. ਨੂੰ ਆਨੰਦ ਕਾਰਜ ਦੀ ਮਰਯਾਦਾ ਆਰੰਭ ਕੀਤੀ। ਨਾਮਧਾਰੀ ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਦੱਖਣਾਂ ਦੀ ਥਾਂ ਬੇਦੀ ਅਤੇ ਹਵਨ ਗਿਰਦ ਪ੍ਰਦੱਖਣਾ ਲੈਂਦੇ ਹਨ।

ਮਹਾਰਾਜਾ ਕੁਮਾਰ ਰਿਪਦੁਮਨ ਸਿੰਘ ਆਪਣੇ ਪਿਤਾ ਮਹਾਰਾਜਾ ਸਰ ਹੀਰਾ ਸਿੰਘ ਨਾਭਾ ਨਾਲ ਸਾਹਿਬ ਰੱਤਾ ਜੀ ਮਹਾਰਾਜ ਪਾਸ ਨਿਰੰਕਾਰੀ ਦਰਬਾਰ, ਰਾਵਲਪਿੰਡੀ 1906 ਈ. ਵਿਚ ਪੁਜੇ। ਸ੍ਰੀ ਸਾਹਿਬ ਰੱਤਾ ਜੀ ਦੇ ਉਪਦੇਸ਼ ਤੋਂ ਪ੍ਰਭਾਵਤ ਹੋਏ ਅਤੇ ਇਕ ਅਨੰਦ ਕਾਰਜ ਦੀ ਮਰਯਾਦਾ ਨਾਲ ਵਿਆਹ ਹੁੰਦਾ ਵੀ ਵੇਖਿਆ। ਜਿਸ ਦੇ ਫਲਸਰੂਪ ਮਹਾਰਾਜ ਕੁਮਾਰ ਨੇ ਆਨੰਦ ਮੈਰਿਜ ਬਿੱਲ ਆਪਣੀ ਮੈਂਬਰੀ ਸਮੇਂ

*3 ਜੂਨ 1863 ਪਿੰਡ ਖੋਟੇ ਜ਼ਿਲ੍ਹਾ ਫੀਰੋਜ਼ਪੁਰ ਵਿਚ ਮਹਾਰਾਜ ਰਾਮ ਸਿੰਘ ਜੀ ਨਾਮਧਾਰੀ ਨੇ ਅਨੰਦ ਵਿਵਾਹ ਦੀ ਰਸਮ ਆਰੰਭ ਕੀਤੀ।

ਇੰਮਪ੍ਰੀਅਲ ਲੈਜਿਸਲੇਟਿਵ ਕੌਂਸਲ ਨੂੰ ਭੇਜਿਆ* ।

ਮਗਰੋਂ ਰਾਜ ਕੁਮਾਰ ਰਿਪਦੁਮਨ ਸਿੰਘ ਜੀ ਦੀ ਥਾਂ ਸ: ਸੁੰਦਰ ਸਿੰਘ ਜੀ ਮਜੀਠੀਆ ਨੂੰ ਮੈਂਬਰ ਲਿਆ ਗਿਆ ਤੇ 27 ਅਗਸਤ, 1909 ਈ. ਨੂੰ 'ਆਨੰਦ ਮੈਰਿਜ ਬਿੱਲ' ਮਜੀਠੀਆ ਜੀ ਨੇ ਕੌਂਸਲ ਸਾਹਮਣੇ ਪੇਸ਼ ਕੀਤਾ । ਇਪ੍ਰੀਅਲ ਲੈਜਿਸਲੇਟਿਵ ਕੌਂਸਲ ਦੀ ਕਾਰਵਾਈ ਦੀ ਪੁਰਾਣੀ ਸਰਕਾਰੀ ਲਿਖਤ ਪੜ੍ਹਨ ਦਾ ਮੌਕਾ ਪ੍ਰਾਪਤ ਹੋਇਆ ਹੈ । ਇਸ ਵਿਸ਼ੇਸ਼ ਖੋਜ ਦੀ ਜਾਣਕਾਰੀ ਪਾਠਕਾਂ ਦੀ ਗਿਆਤ ਹਿਤ ਦਿੱਤੀ ਜਾ ਰਹੀ ਹੈ :—

27 ਅਗਸਤ, 1909 ਈ. ਨੂੰ ਵਾਇਸਰਾਏ ਮਿੰਟੋ ਦੀ ਪ੍ਰਧਾਨਗੀ ਹੇਠ, ਇੰਮਪ੍ਰੀਅਲ ਲੈਜਿਸਲੇਟਿਵ ਕੌਂਸਲ ਦੀ ਮੀਟਿੰਗ ਹੋਈ । ਇਸ ਸਮੇਂ ਟਿੱਕਾ ਸਾਹਿਬ ਜੀ ਦੀ ਥਾਂ ਤੇ ਸ: ਸੁੰਦਰ ਸਿੰਘ ਜੀ ਮਜੀਠੀਆ ਮੈਂਬਰ ਸਨ ।

ਸ: ਸੁੰਦਰ ਸਿੰਘ ਜੀ ਨੇ ਆਨੰਦ ਮੈਰਿਜ ਬਿੱਲ ਤੇ ਬੋਲਦਿਆਂ ਆਪਣੇ ਭਾਸ਼ਣ ਵਿਚ ਕਿਹਾ ਕਿ "ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਇਹੋ ਜਹੇ ਮਹੱਤਵਪੂਰਨ ਬਿੱਲ

---

*ਮਹਾਰਾਜ ਕੁਮਾਰ ਰਿਪਦੁਮਨ ਸਿੰਘ 1905 ਈ. ਨੂੰ ਸਾਹਿਬ ਰੱਤਾ ਜੀ ਨੂੰ ਮਿਲੇ । ਬਾਬਾ ਜੀ ਨੇ ਮਹਾਰਾਜ ਕੁਮਾਰ ਰਿਪਦੁਮਨ ਸਿੰਘ ਨੂੰ 'ਆਨੰਦ ਵਿਆਹ ਬਿੱਲ' ਨੂੰ ਕਾਨੂੰਨੀ ਹੈਸੀਅਤ ਦਿਵਾਉਣ ਲਈ ਪਰੇਰਨਾ ਦਿੱਤੀ । ਇਸ ਦੇ ਫਲ-ਸਵਰੂਪ ਮਹਾਰਾਜ ਕੁਮਾਰ 1907 ਈ. ਵਿਚ ਮਿ. ਰਿਚਰਡਜ਼ ਨੂੰ ਸ਼ਿਮਲੇ ਵਿਚ ਮਿਲੇ ਅਤੇ ਇਸ ਵਿਸ਼ੇ ਤੇ ਖੁਲ੍ਹ ਕੇ ਵਿਚਾਰ-ਵਟਾਂਦਰਾ ਕੀਤਾ ਅਤੇ ਇਸ ਦੇ ਸਾਰੇ ਪੱਖਾਂ ਤੇ ਵਿਸਥਾਰ ਰੂਪ ਵਿਚ ਮਿ. ਰਿਚਰਡਜ਼ ਨੂੰ ਗਿਆਤ ਕਰਾਇਆ । ਮਿ. ਰਿਚਰਡਜ਼ ਦੇ ਸੁਝਾਅ ਤੇ ਹੀ ਮਹਾਰਾਜ ਕੁਮਾਰ ਰਿਪਦੁਮਨ ਸਿੰਘ ਨੇ ਸਿਖ ਸੰਸਥਾਵਾਂ ਦੇ ਹੋਰ ਮੁੱਖੀਆਂ ਨਾਲ, ਇਸ ਸਬੰਧੀ ਰਾਇ ਲੈਣ ਲਈ ਸੰਪਰਕ ਕੀਤਾ ।

1 ਮਾਰਚ, 1908 ਈ. ਨੂੰ ਮਹਾਰਾਜ ਕੁਮਾਰ ਨੇ ਇਕ ਪੱਤਰਕਾ, ਮਿ. ਰਿਚਰਡਜ਼ ਕੇ.ਜੇ., ਵੱਲ ਲਿਖੀ (ਇਨ੍ਹਾਂ ਦਿਨਾਂ ਵਿਚ ਮਿ. ਰਿਚਰਡਜ਼ ਕਲਕੱਤਾ ਵਿਖੇ ਸਨ) ਜਿਸ ਵਿਚ ਉਨ੍ਹਾਂ ਨੇ ਆਪਣੀ ਪਿਛਲੇ ਸਾਲ ਦੀ ਮੁਲਾਕਾਤ ਦਾ ਜ਼ਿਕਰ ਕਰਦਿਆਂ ਆਪਣੇ ਵਲੋਂ, 'ਆਨੰਦ ਵਿਆਹ ਕਾਨੂੰਨ' ਦਾ ਪ੍ਰਸਤਾਵਤ ਖਰੜਾ ਵੀ ਬਣਾ ਕੇ ਭੇਜਿਆ । ਮਹਾਰਾਜ ਕੁਮਾਰ ਦਾ ਇਹ ਪੱਤਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਸਕ ਪੱਤਰ, ਗੁਰਦੁਵਾਰਾ ਗਜ਼ਟ, ਜੂਨ, 1975 ਦੇ ਅੰਗਰੇਜ਼ੀ ਭਾਗ, ਪੰਨਾ 26 ਵਿਚ ਪ੍ਰਕਾਸ਼ਤ ਹੋਇਆ ਹੈ ।

ਕ੍ਰਿਸਚਨ ਇੰਸਟੀਚਿਊਟ ਆਫ਼ ਸਿਖ ਸਟੱਡੀਜ਼, ਬਟਾਲਾ ਦੇ ਡਾ. ਵੈਬਸਟਰ ਵਲੋਂ ਸਾਨੂੰ ਗਿਆਤ ਕਰਾਇਆ ਗਿਆ ਹੈ ਕਿ ਆਨੰਦ ਵਿਆਹ ਬਿੱਲ ਦੀ ਪ੍ਰੋੜਤਾ ਵਜੋਂ ਇੰਮਪ੍ਰੀਅਲ ਲੈਜਿਸਲੇਟਿਵ ਕੌਂਸਲ ਦੇ ਵਿਚਾਰ ਹਿੱਤ ਵਾਇਸਰਾਏ ਵੱਲ ਲਿਖੇ ਦੋ ਪੱਤਰਾਂ ਤੇ ਇਕ ਤਾਰ ਦੇ ਉਤਾਰੇ ਉਨ੍ਹਾਂ ਪ੍ਰਾਪਤ ਕੀਤੇ ਸਨ ਜੋ ਨਿਰੰਕਾਰੀ ਲਹਿਰ ਦੇ ਚੌਥੇ ਸੰਚਾਲਕ ਸਾਹਿਬ ਗੁਰਦਿੱਤ ਸਿੰਘ ਜੀ ਤੇ ਪੰਜਵੇਂ ਸੰਚਾਲਕ ਸਾਹਿਬ ਹਰਾ ਸਿੰਘ ਜੀ ਵਲੋਂ ਵਾਇਸਰਾਏ ਨੂੰ ਬਿੱਲ ਦੀ ਪ੍ਰੋੜਤਾ ਵਜੋਂ ਭੇਜੇ ਗਏ ਸਨ ।

ਵੇਖੋ "The Nirankari Sikhs" ਅਪੈਨਡਕਸ । ਪੰਨਾ 103–104 ।

ਦਾ ਸਾਰਾ ਮਾਣ ਟਿੱਕਾ ਸਾਹਿਬ ਨਾਭਾ ਨੂੰ ਜਾਂਦਾ ਹੈ, ਜਿਨ੍ਹਾਂ ਨੇ ਬੜੀ ਅਣਥੱਕ ਮਿਹਨਤ ਕਰਕੇ ਇਸ ਬਿਲ ਲਈ ਲੋਕਾਂ ਦੀ ਬਹੁਤ ਦਿਲਚਸਪੀ ਵਧਾਈ ਹੈ ਅਤੇ ਸਾਰਾ ਸਿੱਖ ਪੰਥ ਸਮੂਹਕ ਤੌਰ ਤੇ ਵੱਡੇ ਤੋ ਛੋਟੇ ਤੱਕ ਇਸ ਦੀ ਪ੍ਰੋੜ੍ਹਤਾ ਕਰਦਾ ਹੈ।" ਆਪਣੇ ਭਾਸ਼ਨ ਨੂੰ ਜਾਰੀ ਰਖਦਿਆਂ ਉਨ੍ਹਾਂ ਨੇ ਫਿਰ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਆਨੰਦ ਵਿਆਹ ਮਰਯਾਦਾ ਕੁਝ ਹੱਦ ਤੱਕ ਪ੍ਰਚੱਲਤ ਨਹੀਂ ਸੀ ਰਹੀ, ਬ੍ਰਾਹਮਣਿਕ ਪ੍ਰਭਾਵ ਹੇਠਾਂ ਇਹ ਮਰਯਾਦਾ ਦਬ ਗਈ ਸੀ। ਪਰ ਸਾਡੀ ਖੁਸ਼ਕਿਸਮਤੀ ਨਾਲ ਵਿਧਵਾ ਵਿਆਹ ਸਿੱਖਾਂ ਵਿਚ ਪ੍ਰਚੱਲਤ ਰਿਹਾ ਜੋ ਕਿ ਹਿੰਦੂ ਮਰਯਾਦਾ ਅਨੁਸਾਰ ਵਿਵਰਜਤ ਹੈ। ਪਰ ਚਾਰ ਸਿਖ ਸੰਪ੍ਰਦਾਵਾਂ ਅਜਿਹੀਆਂ ਹਨ ਜਿਹੜੀਆਂ ਪ੍ਰੰਪਰਾ ਤੋਂ ਆਨੰਦ ਵਿਆਹ ਦੀ ਰਸਮ ਕਰ ਰਹੀਆਂ ਹਨ, ਜਿਹਾ ਕਿ ਬਿਹੰਗਮ (ਨਿਹੰਗ ਸਿੰਘ) ਬੰਦਈ (ਬਾਬਾ ਬੰਦਾ ਬਹਾਦੁਰ ਦੇ ਅਨੁਯਾਈ) ਨਿਰੰਕਾਰੀ (ਇਨ੍ਹਾਂ ਨੇ ਆਪਣੀ ਸੰਪ੍ਰਦਾਇ ਦਾ ਨਾਮ ਗੁਰੂ ਨਾਨਕ ਨਿਰੰਕਾਰੀ ਦੇ ਨਾਂ ਤੇ ਰਖਿਆ ਹੈ) ਅਤੇ ਅਖੀਰ ਵਿਚ ਨਾਮਧਾਰੀ। ਬਿਆਨ ਜਾਰੀ ਰਖਦਿਆਂ ਸ੍ਰ: ਸੁੰਦਰ ਸਿੰਘ ਜੀ ਨੇ ਕਿਹਾ ਕਿ ਇਹ ਮਰਯਾਦਾ ਫਿਰ ਸੁਰਜੀਤ ਹੋ ਰਹੀ ਹੈ ਅਤੇ ਪਿਛਲੇ 30 ਸਾਲਾਂ ਵਿਚ ਇਸ ਮਰਯਾਦਾ ਨਾਲ ਕਈ ਵਿਆਹ ਹੋਏ ਹਨ; ਜਿਨ੍ਹਾਂ ਦੀ ਸੂਚਨਾ ਅਖ਼ਬਾਰਾਂ ਰਾਹੀਂ ਵੀ ਦਿੱਤੀ ਜਾਂਦੀ ਰਹੀ ਹੈ। ਇਨ੍ਹਾਂ ਵਿਚ ਕਈ ਰਾਜੇ, ਸਰਦਾਰ, ਗੁਰੂ ਅੰਸ਼, ਸੰਤ, ਪੁਜਾਰੀ, ਫ਼ੌਜੀ ਅਫ਼ਸਰ, ਵਾਹੀਕਾਰ ਅਤੇ ਹੋਰ ਕਈ ਸੁਧਾਰਕ ਸਿੱਖ ਸ਼ਾਮਲ ਹਨ। ਹਜ਼ੂਰ, ਇਹ ਰਸਮ ਸਿੱਖਾਂ ਵਿਚ ਆਮ ਪ੍ਰਚੱਲਤ ਹੋਣ ਦੀ ਸੰਭਾਵਨਾ ਰਖਦੀ ਹੈ ਕਿਉਂਕਿ ਇਹ ਬੜੀ ਸਾਦੀ ਅਤੇ ਘੱਟ ਖਰਚੀਲੀ ਹੈ। ਹੁਣ ਤੱਕ ਇਹ ਰਸਮ ਸਿੱਖਾਂ ਵਿਚ ਇਸ ਲਈ ਪ੍ਰਚੱਲਤ ਨਹੀਂ ਹੋਈ ਕਿਉਂਕਿ ਇਸ ਮਰਯਾਦਾ ਉਤੇ ਚਾਤਰ ਲੋਕਾਂ ਨੇ ਕੁਝ ਭੁਲੇਖੇ ਪਾਏ ਹੋਏ ਹਨ ਕਿ ਇਹ ਮਰਯਾਦਾ ਕਾਨੂੰਨੀ ਤੌਰ ਤੇ ਸਰਕਾਰੀ ਕਚਹਿਰੀਆਂ ਵਿਚ ਅਪ੍ਰਵਾਣ ਹੈ। ਮੈਂ ਇਹ ਕਹਿਣਾ ਚਾਹਵਾਂਗਾ ਕਿ ਕੁਝ ਥੋੜ੍ਹੇ ਹੀ ਆਦਮੀ ਹਨ; ਜੋ ਇਸ ਦੀ ਵਿਰੋਧਤਾ ਕਰ ਰਹੇ ਹਨ। ਮੈਂ ਹਜ਼ੂਰ ਦੀ ਦ੍ਰਿਸ਼ਟੀ ਇਸ ਪਾਸੇ ਵੀ ਦਿਵਾਵਾਂਗਾ ਕਿ ਸਿੱਖ ਪੰਥ ਇਕ ਪੱਛੜੀ ਤੇ ਗਰੀਬ ਸ਼ਰੇਣੀ ਹੈ ਅਤੇ ਇਹ ਸ਼ਰੇਣੀ ਵਲਾਇਤ ਦੇ ਸ਼ਹਿਨਸ਼ਾਹ ਦੀ ਵਫ਼ਾਦਾਰ ਹੈ। ਸਿੱਖਾਂ ਨੂੰ ਕਾਨੂੰਨੀ ਚਾਰਾ ਜੋਈਆਂ ਤੇ ਤਬਾਹ ਕਰਨ ਵਾਲੀਆਂ ਘਟਨਾਵਾਂ ਤੋਂ ਕਾਨੂੰਨ ਪਾਸ ਹੋਣ ਤੇ ਹੀ ਬਚਾਇਆ ਜਾ ਸਕੇਗਾ। ਅੱਜ ਵੀ ਚਾਤਰ ਧੜੇ ਦੇ ਲੋਕ ਆਨੰਦ ਮਰਯਾਦਾ ਦੁਆਰਾ ਹੋਏ ਵਿਆਹ ਨੂੰ ਤੇ ਇਸ ਸੰਜੋਗ ਤੋਂ ਉਪਜੀ ਸੰਤਾਨ ਨੂੰ, ਗ਼ੈਰ-ਕਾਨੂੰਨੀ ਠਹਿਰਾਉਣ ਦੇ ਯਤਨਾਂ ਵਿਚ ਹਨ।"*

---

*ਸ੍ਰ: ਸੁੰਦਰ ਸਿੰਘ ਮਜੀਠੀਆ ਦੇ ਇਸ ਕਥਨ ਤੋਂ ਸਪੱਸ਼ਟ ਹੁੰਦਾ ਹੈ ਕਿ 1909 ਈ. ਤੱਕ ਆਨੰਦ ਵਿਆਹ ਆਮ ਸਿੱਖਾਂ ਵਿਚ ਪ੍ਰਚੱਲਤ ਨਹੀਂ ਸੀ ਪਰ ਨਿਰੰਕਾਰੀ ਸਿੱਖ ਤਾਂ 1855 ਈ. ਤੋਂ ਹੀ ਆਨੰਦ ਵਿਆਹ ਕਰਾਉਂਦੇ ਚਲੇ ਆ ਰਹੇ ਸਨ ਜਦ ਕਿ ਆਮ ਸਿੱਖ ਬ੍ਰਾਹਮਣ ਮਰਿਆਦਾ ਦੁਆਰਾ ਵਿਆਹ ਕਰਦੇ ਸਨ। ਸ੍ਰੀ ਸਾਹਿਬ ਦਿਆਲ ਜੀ ਦਾ ਗੁਰਮਤਿ ਅਨੁਸਾਰ ਵਿਆਹ 1808 ਈ: ਵਿਚ ਹੋਇਆ ਸੀ।

ਇਸ ਭਾਸ਼ਨ ਤੋਂ ਮਗਰੋਂ ਇਹ ਬਿੱਲ ਸਿਲੈਕਟ ਕਮੇਟੀ ਨੂੰ ਸੌਂਪ ਦਿੱਤਾ ਗਿਆ ਜਿਸ ਦੇ ਮੈਂਬਰ ਮਿਸਟਰ ਸਿਨਹਾ, ਸਰ ਹਰਬਰਟ ਰੈਜ਼ਲੇ, ਮਿਸਟਰ ਮਰਕ ਤੇ ਸ੍ਰ: ਸੁੰਦਰ ਸਿੰਘ ਜੀ ਮਜੀਠੀਆ ਥਾਪੇ ਗਏ ।

ਮੁੜ 10 ਸਤੰਬਰ, 1909 ਨੂੰ ਇਹ ਬਿੱਲ ਕੌਂਸਲ ਵਿਚ ਪੇਸ਼ ਹੋਇਆ। ਤੇ ਮੁੜ 22 ਅਕਤੂਬਰ 1909 ਈ: ਨੂੰ ਮੀਟਿੰਗ ਹੋਈ ।

ਸ੍ਰ: ਸੁੰਦਰ ਸਿੰਘ ਜੀ ਮਜੀਠੀਆ ਨੇ ਫਿਰ ਸੰਬੋਧਨ ਕੀਤਾ, "ਹਜ਼ੂਰ ਹੁਣ ਇਹ ਬਿਲ ਲਗਪਗ ਸਾਲ ਭਰ ਲੋਕਾਂ ਦੇ ਸਾਹਮਣੇ ਰਖਿਆ ਜਾ ਚੁੱਕਾ ਹੈ ਅਤੇ ਮੈਂ ਇਹ ਨਹੀਂ ਕਹਾਂਗਾ ਕਿ ਇਸ ਦੀ ਵਿਰੋਧਤਾ ਨਹੀਂ ਹੋਈ ਪਰ ਫਿਰ ਵੀ ਬਹੁਤ ਹੱਦ ਤੱਕ ਸਿਖ ਜਨਤਾ ਨੇ ਇਸ ਦੀ ਹਮਾਇਤ ਕੀਤੀ ਹੈ। ਹਾਂ, ਕੁਝ ਪੁਜਾਰੀਆਂ (ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ ਤਰਨ ਤਾਰਨ ਦੇ) ਤੇ ਗ੍ਰੰਥੀਆਂ ਤੇ ਹੋਰ ਸਿੱਖ ਭੇਖਾਂ ਵਲੋਂ ਨਾ-ਸਮਝੀ ਕਰਕੇ ਵਿਰੋਧਤਾ ਹੋਈ ਹੈ। ਪਰ ਭੁਲੇਖੇ ਦੂਰ ਕਰਨ ਦੀ ਇਸ ਬਿੱਲ ਵਿਚ ਕੋਸ਼ਸ਼ ਕੀਤੀ ਗਈ ਹੈ। ਹਜ਼ੂਰ ਅੱਗੇ ਮੈਂ ਬਿਨੈ ਕਰਾਂਗਾ ਕਿ ਇਸ ਬਿਲ ਦਾ ਮੂਲ-ਮੰਤਵ ਸਿਰਫ ਉਨ੍ਹਾਂ ਪੁਰਸ਼ਾਂ ਨੂੰ ਇਹ ਅਧਿਕਾਰ ਦੇਣਾ ਹੈ ਜਿਹੜੇ ਇਸ ਅਨੰਦ ਵਿਆਹ ਦੇ ਢੰਗ ਨਾਲ ਵਿਆਹ ਕਰਾਉਣਾ ਚਾਹੁਣ। ਪਿਛਲੇ ਰਸਮਾਂ ਰਿਵਾਜਾਂ ਜਾਂ ਕਾਨੂੰਨ ਅਨੁਸਾਰ ਜੇ ਕੋਈ ਵਿਆਹ ਕਰਾਉਣਾ ਚਾਹੇ ਤਾਂ ਉਸ ਉਤੇ ਕੋਈ ਪਾਬੰਦੀ ਨਹੀਂ।" ਫਿਰ ਸ੍ਰ: ਸੁੰਦਰ ਸਿੰਘ ਜੀ ਨੇ ਲੈਫ਼ਟੀਨੈਂਟ ਗਵਰਨਰ ਪੰਜਾਬ, ਟਿੱਕਾ ਸਾਹਿਬ ਰਿਪਦੁਮਨ ਸਿੰਘ ਅਤੇ ਉਨ੍ਹਾਂ ਦੀ ਇਸ ਸਬੰਧ ਵਿਚ ਪ੍ਰੋੜਤਾ ਕਰਨ ਵਾਲਿਆਂ ਦਾ ਧੰਨਵਾਦ ਕੀਤਾ।

ਲੈਫ਼ਟੀਨੈਂਟ ਗਵਰਨਰ ਪੰਜਾਬ ਨੇ 'ਸਿੱਖ' ਦੀ ਵਿਆਖਿਆ ਕਰਦਿਆਂ ਆਪਣੇ ਭਾਸ਼ਨ ਵਿਚ ਕਿਹਾ ਕਿ ਸਿੱਖ ਉਹ ਹੈ ਜੋ ਗੁਰੂ ਗ੍ਰੰਥ ਸਾਹਿਬ ਤੇ ਨਿਸਚਾ ਰੱਖਦਾ ਹੋਵੇ ਤੇ ਇਸ ਵਿਚ ਅੰਕਤ ਧਾਰਮਕ ਅਸੂਲ ਮੰਨੇ। ਟਿੱਕਾ ਸਾਹਿਬ ਦੇ ਬਹੁਤ ਸਾਰੇ ਹਮਾਇਤੀ ਜਾਂ ਤਾਂ ਸਹਿਜਧਾਰੀ ਹਨ ਜਾਂ ਉਹ ਹਨ ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ ਹੈ ਤੇ ਸਿੰਘ ਨਹੀਂ ਸਜੇ ਅਤੇ ਉਨ੍ਹਾਂ ਵਿਚੋਂ ਬੜੀਆਂ ਮਸ਼ਹੂਰ ਹਸਤੀਆਂ ਨੇ ਆਪਣੇ ਵਿਆਹ, ਆਨੰਦ ਵਿਆਹ ਦੇ ਤਰੀਕੇ ਨਾਲ ਕਰਾਏ ਹਨ।*

ਇਸ ਬਿੱਲ ਦੇ ਪਾਸ ਹੋਣ ਨਾਲ, ਜਿਹੜੇ ਇਸ ਦੇ ਵਿਰੁੱਧ ਸਨ, ਉਨ੍ਹਾਂ ਤੇ ਕੋਈ ਪਾਬੰਦੀ ਨਹੀਂ ਹੋਵੇਗੀ ਅਤੇ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਆਨੰਦ-ਵਿਆਹ ਜਿਹੜਾ ਕਿ ਅੱਗੇ ਹੀ ਪ੍ਰਚੱਲਤ ਹੈ, ਬੜੀ ਸਵੱਛ ਤੇ ਵਿਸ਼ੇਸ਼ਤਾ ਵਾਲੀ ਮਰਯਾਦਾ ਹੈ। ਸੋ ਇਸ ਤਰ੍ਹਾਂ ਇਸ ਬਿੱਲ ਤੇ ਬਹਿਸ ਮੁਬਾਹਿਸਾ ਹੋਣ ਬਾਦ, ਬਿੱਲ ਪਾਸ ਹੋ ਕੇ ਕਾਨੂੰਨ ਬਣ ਗਿਆ ਅਤੇ 'ਆਨੰਦ ਮੈਰਿਜ ਐਕਟ' ਦੇ ਰੂਪ ਵਿਚ ਸਿੱਖ ਜਗਤ ਸਾਹਮਣੇ ਆ ਗਿਆ।

ਕੌਂਸਲ ਦੀ ਇਸ ਕਾਰਵਾਈ ਨੂੰ ਵਿਚਾਰਨ ਉਪਰੰਤ ਸਾਡੇ ਦੱਸੇ ਗਏ ਤੱਥਾਂ ਦੀ ਤਸਦੀਕ ਅਤੇ ਪ੍ਰੋੜ੍ਹਤਾ ਵੀ ਹੁੰਦੀ ਹੈ, ਜੋ ਇਸ ਪ੍ਰਕਾਰ ਹੈ :—

---

*ਲੈਫ਼ਟੀਨੈਂਟ ਗਵਰਨਰ ਦਾ ਇਹ ਕਥਨ ਇਸ ਗਲ ਦੀ ਪੁਸ਼ਟੀ ਕਰਦਾ ਹੈ ਕਿ ਸ੍ਰੀ ਸਾਹਿਬ ਰੱਤਾ ਜੀ ਨਿਰੰਕਾਰੀ ਜੋ ਆਪ ਸਹਿਜਧਾਰੀ ਸਨ ਤੇ ਉਨ੍ਹਾਂ ਅਨੇਕਾਂ ਸਹਿਜਧਾਰੀ ਸਿੱਖਾਂ ਵਲੋਂ ਬਿੱਲ ਦੀ ਭਰਪੂਰ ਹਮਾਇਤ ਹੋਈ।

ਸ੍ਰ: ਸੁੰਦਰ ਸਿੰਘ ਜੀ ਨੇ ਆਪਣੇ ਭਾਸ਼ਨ ਵਿਚ ਆਨੰਦ ਵਿਆਹ ਦੀ ਰਸਮ ਕਰ ਰਹੀਆਂ ਚਾਰ ਸਿਖ ਸੰਪ੍ਰਦਾਵਾਂ ਦਾ ਜ਼ਿਕਰ ਕੀਤਾ ਹੈ। ਪਹਿਲੀ ਬਹਿੰਗਮ (ਨਿਹੰਗ ਸਿੰਘ) ਹੈ। ਸ਼ੁਰੂ ਸ਼ੁਰੂ ਵਿਚ ਬਹਿੰਗਮ ਸੰਪ੍ਰਦਾਇ ਦੇ ਨਿਹੰਗ ਸਿੰਘ ਸ਼ਾਦੀ ਨਹੀਂ ਕਰਾਉਂਦੇ ਸਨ। ਇਸ ਕਰਕੇ ਇਸ ਸੰਪ੍ਰਦਾਇ ਵਿਚ ਆਨੰਦ ਵਿਆਹ ਕਰਾਉਣ ਵਾਲਿਆਂ ਦੀ ਗਿਣਤੀ ਸੀਮਤ ਹੀ ਮੰਨੀ ਜਾ ਸਕਦੀ ਹੈ। ਦੂਜੀ ਸੰਪ੍ਰਦਾਇ ਬੰਦਈ ਹੈ। ਇਸ ਸੰਪ੍ਰਦਾਇ ਦੇ ਇਤਿਹਾਸ ਵਿਚ ਆਨੰਦ-ਵਿਆਹ ਦਾ ਜ਼ਿਕਰ ਕਿਧਰੇ ਨਹੀਂ ਆਉਂਦਾ ਅਤੇ ਨਾ ਹੀ ਕਿਧਰੋਂ ਇਸ ਦੀ ਪੁਸ਼ਟੀ ਮਿਲਦੀ ਹੈ।* ਤੀਜੀ ਸੰਪ੍ਰਦਾਇ 'ਨਿਰੰਕਾਰੀ' ਹੈ। ਸ੍ਰ: ਸੁੰਦਰ ਸਿੰਘ ਜੀ ਨੇ ਦਸਿਆ ਕਿ ਪਿਛਲੇ 30 ਸਾਲਾਂ ਵਿਚ ਇਸ ਮਰਯਾਦਾ ਨਾਲ ਕਈ ਵਿਆਹ ਹੋਏ ਹਨ ਜਿਸ ਦਾ ਪਿਛਲੇ ਪੰਨਿਆਂ ਵਿਚ ਵਿਸਥਾਰ ਨਾਲ ਵੇਰਵਾ ਦੇ ਦਿੱਤਾ ਹੈ; ਜਿਸ ਤੋਂ ਸਿੱਧ ਹੁੰਦਾ ਹੈ ਕਿ ਨਿਰੰਕਾਰੀ ਲਹਿਰ ਦੇ ਦੂਜੇ ਸੰਚਾਲਕ ਸਾਹਿਬ ਦਰਬਾਰਾ ਸਿੰਘ ਜੀ ਨੇ ਸੰਨ 1855 ਈ. ਤੋਂ ਹੀ ਆਨੰਦ ਵਿਆਹ ਦੀ ਲਹਿਰ ਚਲਾ ਦਿੱਤੀ ਸੀ। ਜਿਸ ਦੇ ਇਤਿਹਾਸਕ ਸਬੂਤ ਅਸੀਂ ਪੇਸ਼ ਕਰ ਚੁੱਕੇ ਹਾਂ। ਚੌਥੀ ਸੰਪ੍ਰਦਾਇ ਨਾਮਧਾਰੀ ਹੈ। ਨਾਮਧਾਰੀ ਵੇਦੀ ਅਤੇ ਹਵਨ ਦੁਆਲੇ ਲਾਵਾਂ ਲੈਂਦੇ ਹਨ ਅਤੇ ਕਾਨੂੰਨ ਬਣਨ ਤੋਂ ਪਹਿਲਾਂ ਵੀ ਇਹੋ ਰਿਵਾਜ ਨਾਮਧਾਰੀਆਂ ਵਿਚ ਪ੍ਰਚੱਲਤ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਰਦ ਪ੍ਰਦੱਖਣਾ ਲੈਣ ਦੀ ਮਰਯਾਦਾ ਨੂੰ ਨਿਰੰਕਾਰੀ ਲਹਿਰ ਦੇ ਮਹਾਂਪੁਰਸ਼ਾਂ ਨੇ ਸਿੱਖ ਜਗਤ ਵਿਚ ਕਾਇਮ ਕੀਤੀ ਰਖਿਆ ਤੇ ਇਸ ਸਮੇਂ ਇਹੀ ਮਰਯਾਦਾ ਵਧੇਰੇ ਪ੍ਰਚੱਲਤ ਹੈ।

ਲੈਫਟੀਨੈਂਟ ਗਵਰਨਰ ਨੇ ਟਿੱਕਾ ਸਾਹਿਬ ਦੇ ਹਮਾਇਤੀ ਸਹਿਜਧਾਰੀਆਂ ਦਾ ਜਿਹੜਾ ਜ਼ਿਕਰ ਕੀਤਾ ਹੈ, ਉਹ ਨਿਰੰਕਾਰੀ ਲਹਿਰ ਦੇ ਤੀਜੇ ਸੰਚਾਲਕ ਸਾਹਿਬ ਰੱਤਾ ਜੀ ਮਹਾਰਾਜ ਵੱਲ ਇਸ਼ਾਰਾ ਹੈ ਜੋ ਕਿ ਸਹਿਜਧਾਰੀ ਸਨ ਅਤੇ ਜਿਨ੍ਹਾਂ ਨੇ ਸਾਹਿਬ ਦਰਬਾਰਾ ਸਿੰਘ ਜੀ ਦੀ ਚਲਾਈ ਆਨੰਦ ਵਿਆਹ ਪ੍ਰਣਾਲੀ ਨੂੰ ਹੋਰ ਵਧੇਰੇ ਉਤਸ਼ਾਹ ਨਾਲ ਅਗੇਰੇ ਤੋਰਿਆ ਅਤੇ ਆਪਣੇ ਸਮੇਂ ਵਿਚ ਅਨੇਕਾਂ ਆਨੰਦ ਵਿਆਹ ਕਰਾਏ।

'ਨਿਰੰਕਾਰੀ ਚਲਣ ਦਾ ਚਿੱਠਾ' ਕ੍ਰਿਤ ਸ੍ਰੀ ਮਾਨ ਭਾਈ ਰੂਪ ਸਿੰਘ ਜੀ, ਰਾਜੜਵਾਸੀ ਜਿਸ ਨੂੰ ਨਿਰੰਕਾਰੀ ਗੁਰਸਿਖ, 'ਹੁਕਮਨਾਮਾ ਅਕਾਲ ਪੁਰਖ ਜੀ ਕਾ — ਸਭ ਸਿਖਾਂ ਪ੍ਰਤਿ' ਦੇ ਨਾਂ ਨਾਲ ਸੰਬੋਧਨ ਕਰਦੇ ਹਨ; 1856 ਈ. ਵਿਚ ਤਿਆਰ ਕੀਤਾ ਗਿਆ। ਇਸ ਵਿਚ ਜਨਮ ਤੋਂ ਲੈ ਕੇ ਅੰਤ ਤੱਕ ਉਹ ਸਾਰੇ ਸੰਸਕਾਰ ਵਰਨਣ ਕੀਤੇ ਗਏ ਹਨ, ਜੋ ਗੁਰਮਤਿ ਅਨੁਸਾਰ ਹਨ ਅਤੇ ਗੁਰਸਿੱਖਾਂ ਨੂੰ ਕਰਨੇ ਚਾਹੀਦੇ ਹਨ।

ਇਸ ਚਿੱਠੇ ਦੀ ਪ੍ਰੋੜਤਾ ਸਾਹਿਬ ਰੱਤਾ ਜੀ ਨੇ ਸੰਮਤ 1930 (1873 ਈ.) ਵਿਚ ਕੀਤੀ। ਜੋ ਨਿਰੰਕਾਰੀ ਸਿੱਖਾਂ ਵਿਚ 'ਹੁਕਮਨਾਮਾ ਸ੍ਰੀ ਸਾਹਿਬ ਰੱਤਾ ਜੀ ਮਹਾਰਾਜ' ਜਾਂ 'ਪ੍ਰਵਾਨਾ' ਦੇ ਨਾਮ ਨਾਲ ਪ੍ਰਸਿੱਧ ਹੈ।

ਇਸ ਤਰ੍ਹਾਂ ਉਹ ਆਨੰਦ ਵਿਆਹ ਜਿਹੜਾ ਪਹਿਲਾਂ ਸਾਹਿਬ ਦਿਆਲ ਜੀ ਨੇ

---

*ਸ੍ਰੀ ਸਾਹਿਬ ਗੁਰਦਿਤ ਸਿੰਘ ਜੀ ਨਿਰੰਕਾਰੀ ਨੇ ਵਾਇਸਰਾਏ ਨੂੰ ਜੋ ਪਤ੍ਰਕਾ 1909 ਈ: ਵਿਚ ਲਿਖੀ, ਉਸ ਵਿਚ 80 ਸਾਲ ਤੋਂ ਨਿਰੰਕਾਰੀ ਸਿੱਖਾਂ ਵਿਚ ਅਨੰਦ ਮਰਯਾਦਾ ਦਾ ਪ੍ਰਚਲਤ ਹੋਣਾ ਦਸਿਆ ਹੈ।

1808 ਈ. ਨੂੰ ਭੇਰੇ (ਭੇਰਾ ਪੱਛਮੀ ਪਾਕਿਸਤਾਨ ਦਾ ਇਕ ਪੁਰਾਣਾ ਅਤੇ ਪ੍ਰਸਿੱਧ ਵਿਉਪਾਰਕ ਨਗਰ ਹੈ, ਜਿਥੋਂ ਉਸ ਸਮੇਂ ਰਾਵਲਪਿੰਡੀ ਦੇ ਵਿਉਪਾਰੀ ਸੌਦਾ ਆਦਿ ਖਰੀਦਣ ਜਾਂਦੇ ਸਨ) ਵਿਚ ਕੀਤਾ ਅਤੇ ਮੁੜ ਸਾਹਿਬ ਦਰਬਾਰਾ ਸਿੰਘ ਜੀ ਨੇ 1855 ਈ. ਵਿਚ ਵਿਸ਼ੇਸ਼ ਤਬਦੀਲੀਆਂ ਨਾਲ ਆਨੰਦ ਵਿਵਾਹ ਪ੍ਰਚੱਲਤ ਕੀਤਾ ਜਿਸ ਵਿਚ ਸਾਹਿਬ ਰੱਤਾ ਜੀ, ਸਾਹਿਬ ਗੁਰਦਿੱਤ ਸਿੰਘ ਜੀ ਅਤੇ ਸਾਹਿਬ ਹਰਾ ਸਿੰਘ ਜੀ ਨੇ ਆਪਣੇ ਹੁਕਮਨਾਮੇ ਅਤੇ ਪ੍ਰੋੜਤਾ-ਪੱਤਰਾਂ ਦੁਆਰਾ ਯੋਗਦਾਨ ਪਾਇਆ। ਸ੍ਰੀ ਸਾਹਿਬ ਦਿਆਲ ਜੀ ਦੇ ਵਿਵਾਹ ਸਮੇਂ ਤੋਂ ਕਾਨੂੰਨੀ ਤੌਰ ਤੇ ਅਨੰਦ ਵਿਵਾਹ ਜਾਇਜ਼ ਸਵੀਕਾਰ ਹੋਣ ਵਿਚ ਇਕ ਸਦੀ ਦੀ ਵਿੱਥ ਪੈ ਗਈ। ਜੇਕਰ 1855 ਈ. ਵਿਚ ਨਵੀਨ ਰੂਪ ਦੇਣ ਪਿਛੋਂ ਵੀ ਇਹ ਸਮਾਂ ਗਿਣਿਆ ਜਾਵੇ ਤਾਂ ਵੀ 54 ਸਾਲ ਕਾਨੂੰਨੀ ਪ੍ਰਵਾਨਗੀ ਲੈਣ ਲਈ ਲੱਗ ਗਏ।

ਸਿਖ ਰਾਜ ਨੂੰ ਪੰਜਾਬ ਵਿਚੋਂ ਸਮਾਪਤ ਹੋਇਆਂ 7-8 ਸਾਲ ਹੀ ਹੋਏ ਹੋਣਗੇ ਕਿ ਸਿੱਖਾਂ ਦੀ ਵਿਸ਼ਾਲ ਰਾਜ-ਸੱਤਾ, ਜੋ ਪੂਰਬ ਵਿਚ ਸਤਿਲੁਜ ਤੋਂ ਪੱਛਮ ਵਿਚ ਦੱਰਾ ਖ਼ੈਬਰ ਅਤੇ ਉੱਤਰ ਵਿਚ ਤਿੱਬਤ ਅਤੇ ਚੀਨ ਦੀਆਂ ਹੱਦਾਂ ਤੋਂ ਮੁਲਤਾਨ ਤੇ ਡੇਰ੍ਹਾ ਜਾਤ ਤਕ ਫੈਲੀ ਹੋਈ ਸੀ, ਨੂੰ ਢਹਿੰਦਿਆਂ ਕੋਈ ਬਹੁਤਾ ਸਮਾਂ ਨਾ ਲੱਗਾ। ਮਹਾਰਾਜਾ ਰਣਜੀਤ ਸਿੰਘ ਦੇ ਅੱਖ ਮੀਟਣ ਦੀ ਦੇਰ ਸੀ, ਕਿ ਸਿੱਖ ਰਾਜ ਆਪਣੀਆਂ ਅੰਦਰਲੀਆਂ ਕਮਜ਼ੋਰੀਆਂ ਦੇ ਕਾਰਨ ਸਮਾਪਤ ਹੋ ਗਿਆ। ਸਿੱਖੀ ਆਚਰਨ ਤੇ ਸਿੱਖ ਧਾਰਨਾ ਤੋਂ ਸਿੰਘ ਬੜੇ ਦੂਰ ਜਾ ਚੁਕੇ ਸਨ। ਸ਼ਰਾਬ ਤੇ ਨਸ਼ੀਲੀਆਂ ਵਸਤਾਂ ਦਾ ਪ੍ਰਯੋਗ ਖੁਲ੍ਹੇ ਆਮ ਪ੍ਰਚੱਲਤ ਸੀ। ਧਾਰਮਕ ਰੀਤਾਂ-ਰਿਵਾਜਾਂ ਵਿਚ ਬ੍ਰਾਹਮਣਵਾਦ ਛਾਇਆ ਹੋਇਆ ਸੀ। ਹਰ ਸੰਸਕਾਰ ਸਮੇਂ ਬ੍ਰਾਹਮਣਮਤ ਦਾ ਹੀ ਪ੍ਰਭਾਵ ਸੀ। ਹੋਰ ਤੇ ਹੋਰ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਦਾ ਵਿਵਾਹ, ਜੋ ਕਿ ਸ੍ਰ: ਸ਼ਾਮ ਸਿੰਘ ਜੀ ਅਟਾਰੀ ਵਾਲੇ ਦੇ ਘਰ ਹੋਇਆ, ਬ੍ਰਾਹਮਣ ਰੀਤੀ ਰਿਵਾਜ ਨਾਲ ਹੋਇਆ।

ਜਿਸ ਤਰ੍ਹਾਂ ਕਈ ਸਦੀਆਂ ਪਹਿਲੇ, ਬੁੱਧ ਧਰਮ ਨੂੰ ਬ੍ਰਾਹਮਣਵਾਦ ਨੇ ਖ਼ਤਮ ਕਰ ਦਿੱਤਾ ਅਤੇ ਬੁੱਧ ਮੱਤ ਇਕ ਹਿੰਦੂ ਸੁਧਾਰਕ ਲਹਿਰ ਦੇ ਰੂਪ ਵਿਚ, ਵਿਸ਼ਾਲ ਬ੍ਰਾਹਮਣਵਾਦ ਵਿਚ ਹੀ ਸਮਾ ਗਿਆ, ਠੀਕ ਇਸੇ ਤਰ੍ਹਾਂ ਹੀ ਸਤਿਗੁਰੂ ਨਾਨਕ ਦੇਵ ਜੀ ਦਾ ਸੁਧਾਰਕ, ਆਸ਼ਾਵਾਦੀ ਅਤੇ ਸਰਬ-ਸਾਂਝਾ ਧਰਮ ਵੀ ਬ੍ਰਾਹਮਣੀ ਚੁੰਗਲ ਵਿਚ ਫਸ ਕੇ ਰਹਿ ਗਿਆ। ਸਿੱਖ ਇਤਿਹਾਸ ਦੇ ਪ੍ਰਸਿੱਧ ਲਿਖਾਰੀ ਮਿ. ਮੈਕਾਲਫ ਨੇ ਸੰਨ 1881 ਈ. ਵਿਚ ਇਸ ਤਰ੍ਹਾਂ ਲਿਖਿਆ :—

"Notwithstand the Sikh Gurus' virulent denunciation of Brahamins, Secular Sikhs, as we have seen, now rarely do any thing without their assistance. Brahmins help them to be born, help them to wed, help them to die and help their souls after death and to obtain state of Bliss.

And the Brahmins, with all the deftness ... have partially succeded in persuading the Sikhs to restore their niches, the images of Devi, the Queen of Heaven and of the saints and gods of the ancient faith."

(Gurdwara Gazette June 1969, page 41)

ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ :—

"ਬਾਵਜੂਦ ਇਸ ਦੇ ਕਿ ਗੁਰੂ ਸਾਹਿਬਾਨ ਨੇ ਬ੍ਰਾਹਮਣਵਾਦ ਦਾ ਜ਼ੋਰਦਾਰ ਖੰਡਨ ਕੀਤਾ ਪਰ ਤਾਂ ਵੀ ਸਿੱਖਾਂ ਵਿਚ ਆਮ ਕਰਕੇ ਬੜਾ ਘੱਟ ਹੀ ਵੇਖਿਆ ਗਿਆ ਹੈ ਕਿ ਉਹ ਬ੍ਰਾਹਮਣਾਂ ਦੀ ਮਦਦ ਤੋਂ ਬਗ਼ੈਰ ਕੋਈ ਵੀ ਸੰਸਕਾਰ ਕਰਨ। ਜੰਮਣ ਵੇਲੇ, ਵਿਆਹ ਵੇਲੇ, ਮਰਨ ਸਮੇਂ ਅਤੇ [ਮਰਨ ਉਪਰੰਤ, ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਵਾਸਤੇ ਵੀ ਉਹ ਬ੍ਰਾਹਮਣ ਤੋਂ ਹੀ ਸਹਾਇਤਾ ਲੈਂਦੇ ਹਨ।

... ਬ੍ਰਾਹਮਣਵਾਦ ਨੇ ਸਿੱਖਾਂ ਦੇ ਘਰਾਂ ਵਿਚ ਕਿਸੇ ਨਾ ਕਿਸੇ ਨੁੱਕਰ ਵਿਚ ਦੇਵੀ ਦੀ ਮੂਰਤੀ ਅਸਥਾਪਨ ਕਰਨ ਦੀ ਪ੍ਰੇਰਨਾ ਦੇਣ ਵਿਚ ਸਫਲਤਾ ਪ੍ਰਾਪਤ ਕੀਤੀ ਹੈ ਅਤੇ ਹੋਰ ਵੀ ਜੋ ਸਨਾਤਨੀ ਦੇਵੀ ਦੇਵਤੇ ਅਤੇ ਰਿਸ਼ੀ ਹੋਏ ਹਨ, ਉਨ੍ਹਾਂ ਵੱਲ ਵੀ ਇਨ੍ਹਾਂ ਦੀ ਦ੍ਰਿਸ਼ਟੀ ਖਿੱਚੀ ਹੈ।"

(ਗੁਰਦੁਆਰਾ ਗਜ਼ਟ-ਜੂਨ, 1969, ਪੰਨਾ 4)

ਇਸ ਗੱਲ ਦੀ ਸਚਾਈ ਪਰਖਣ ਲਈ ਆਪ ਹੁਣ ਵੀ ਗਿਆਨੀਆਂ ਦੇ ਰਹਾਇਸ਼ੀ ਅਸਥਾਨ (ਬੁਰਜ ਗਿਆਨੀਆਂ) ਦੇ ਦਰਸ਼ਨੀ ਦਰਵਾਜ਼ੇ ਉਪਰ ਸੂਰਜ ਦੇਵਤਾ ਅਤੇ ਸ੍ਰੀ ਗਣੇਸ਼ ਜੀ ਦੀ ਮੂਰਤੀ ਸੁਭਾਇਮਾਨ ਦੇਖ ਸਕਦੇ ਹੋ। ਇਹ ਹਵੇਲੀ ਮਾਈ ਸੇਵਾਂ ਬਜ਼ਾਰ ਤੋਂ ਥੜ੍ਹਾ ਸਾਹਿਬ ਵੱਲ ਜਾਂਦੇ ਮੋੜ ਤੋਂ ਇਕ ਦੋ ਘਰ ਛੱਡ ਕੇ ਸੱਜੇ ਹੱਥ ਵੱਲ ਹੈ। ਇਹ ਅਸਥਾਨ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ, ਸ੍ਰੀ ਹਰਮੰਦਰ ਸਾਹਿਬ ਦੇ ਮੁੱਖ ਗਿਆਨੀ ਅਤੇ ਕਥਾ ਵਾਚਕ, ਗਿ. ਸੰਤ ਸਿੰਘ ਜੀ ਦੇ ਨਿਵਾਸ ਲਈ ਬਣਿਆ ਸੀ। ਗਿ. ਸੰਤ ਸਿੰਘ ਜੀ, ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਭਾਈ ਸੰਤੋਖ ਸਿੰਘ ਜੀ ਦੇ ਵਿੱਦਿਆ-ਗੁਰੂ ਸਨ। ਗਿ. ਸੰਤ ਸਿੰਘ ਜੀ ਦੇ ਨਿਵਾਸ ਅਸਥਾਨ ਦੇ ਦਰਸ਼ਨੀ ਦਰਵਾਜ਼ੇ ਤੇ ਚਿਤਰੀਆਂ ਮੂਰਤੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਾਡੇ ਵੱਡੇ ਧਾਰਮਕ ਆਗੂ ਵੀ ਬ੍ਰਾਹਮਣੀ-ਜੂਲੇ ਤੋਂ ਨਹੀਂ ਸਨ ਬਚ ਸਕੇ। ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ-ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਸਾਹਿਬਾਨ ਆਪਣੀ ਸਦਗਤੀ ਲਈ ਬ੍ਰਾਹਮਣਾਂ ਦੀ ਸਹਾਇਤਾ ਦੀ ਲੋੜ ਅਨੁਭਵ ਕਰਦੇ ਸਨ। ਇਹ ਪਿਰਤ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਚਲੀ ਆ ਰਹੀ ਸੀ। ਮੈਕਾਲਫ਼ ਦੇ ਸਮੇਂ ਵੀ ਆਮ ਸੀ ਜਿਸ ਨੂੰ ਮੈਕਾਲਫ਼ ਨੇ 1881 ਵਿਚ ਅੰਕਤ ਕੀਤਾ। ਅਜਿਹੀਆਂ ਸਿੱਖ-ਬ੍ਰਾਹਮਣੀ ਰਲਗੱਡ ਫਜ਼ੂਲ ਰਸਮਾਂ ਵੇਖ ਕੇ ਮੈਕਾਲਫ਼ ਨੂੰ ਸੰਦੇਹ ਹੋਇਆ ਕਿ ਜੇਕਰ ਸਿਖਾਂ ਨੇ ਆਪਣੀਆਂ ਧਾਰਮਕ ਤੇ ਭਾਈ-ਚਾਰਕ ਰਸਮਾਂ-ਰਿਵਾਜਾਂ ਵਿਚ ਸੋਧ ਨਾ ਕੀਤੀ ਤਾਂ ਸ਼ਾਇਦ ਸਿੱਖੀ ਜਲਦੀ ਹੀ ਖ਼ਤਮ ਹੋ ਜਾਵੇਗੀ।

ਕੁਝ ਹੱਦ ਤੱਕ ਇਹ ਹੈਰਾਨੀ ਦੀ ਗੱਲ ਹੈ ਕਿ ਜਦ ਸਾਹਿਬ ਦਰਬਾਰਾ ਸਿੰਘ ਜੀ ਨੇ 1855 ਈ. ਵਿਚ ਅਨੰਦ ਵਿਵਾਹ ਪ੍ਰੀਵਰਤਨ ਦੀ ਨੀਂਹ ਗੱਜ ਵੱਜ ਕੇ ਰਖ ਵੀ ਦਿੱਤੀ ਸੀ ਤਾਂ 1881 ਈ. ਤੱਕ ਮੈਕਾਲਫ਼ ਨੂੰ ਖ਼ਬਰ ਤੱਕ ਨਾ ਹੋਈ। ਹਾਲਾਂ ਕਿ 1883* ਈ. ਦੀ ਮਰਦਮ ਸ਼ੁਮਾਰੀ ਦੀ ਰਿਪੋਰਟ ਨੂੰ ਵਾਚੀਏ ਤਾਂ ਸਰ ਡੈਨਜ਼ਲ ਐਬਸਟਨ ਨੇ, ਨਿਰੰਕਾਰੀ ਲਹਿਰ ਦੀਆਂ ਸੁਧਾਰਵਾਦੀ ਬਿਰਤੀਆਂ ਦਾ ਜ਼ਿਕਰ ਭਲੀ ਪ੍ਰਕਾਰ ਕੀਤਾ :

"The Nirankaris worship one invisble God as a spirit who is a hearer of prayer, avoiding idols, and making no offerings to them, to Brahmans or to the dead. They abstain from all flesh and liquor and reverence truth. Pilgrimages are regarded as useless. Neither Brahmans nor Cows are to be reverenced. ... The Adi Granth of Baba Nanak is their sacred book though they also respect the later Gurus and their writings. Weddings are celebrated according to the Sikh rites, by a Granthi and not by a Brahman, the bride sits unveiled in public and the pair circumabulate the Adi Granth, instead of fire. Widow may remarry,"

(Extract from "A Glossary of the Tribes, the Castes of the Punjab and North West Frontier Province" Vol. III Based on the census report for the Punjab; 1883 by Late Sir Denzil Ibbetson K.C.S.I.)

ਪੰਜਾਬੀ ਉਲਥਾ : "ਨਿਰੰਕਾਰੀ ਕੇਵਲ ਇਕ ਨਿਰਾਕਾਰ ਨਿਰੰਕਾਰ" ਦੀ ਪੂਜਾ ਕਰਦੇ ਹਨ ਜਿਹੜਾ ਸਭ ਅਰਦਾਸਾਂ ਨੂੰ ਸੁਣਦਾ ਹੈ। ਇਹ ਮੂਰਤੀਆਂ ਦੀ ਪੂਜਾ ਨਹੀਂ ਕਰਦੇ ਅਤੇ ਬ੍ਰਾਹਮਣਾਂ ਤੇ ਪਿੱਤਰਾਂ ਨੂੰ ਭੇਟ ਨਹੀਂ ਦੇਂਦੇ। ਇਹ ਮਾਸ ਤੇ ਸ਼ਰਾਬ ਤੋਂ ਪ੍ਰਹੇਜ਼ ਕਰਦੇ ਹਨ ਅਤੇ ਸੱਚ ਨੂੰ ਮੁੱਖ ਰੱਖਦੇ ਹਨ। ਤੀਰਥ ਯਾਤਰਾ ਨੂੰ ਫ਼ਜ਼ੂਲ ਸਮਝਦੇ ਹਨ। ਬ੍ਰਾਹਮਣ ਤੇ ਗਊ ਦੀ ਪੂਜਾ ਨਹੀਂ ਕਰਦੇ। ... ਇਨ੍ਹਾਂ ਦਾ ਪਵਿੱਤਰ ਗ੍ਰੰਥ ਬਾਬਾ ਨਾਨਕ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਭਾਵ ਹੈ) ਜੀ ਦਾ ਆਦਿ ਗ੍ਰੰਥ ਹੈ ਅਤੇ ਬਾਅਦ ਦੇ ਗੁਰੂ ਤੇ ਉਨ੍ਹਾਂ ਦੀ ਬਾਣੀ ਨੂੰ ਵੀ ਮੰਨਦੇ ਹਨ। ਇਨ੍ਹਾਂ ਦੇ ਵਿਆਹ ਸਿੱਖ ਮਰਯਾਦਾ ਅਨੁਸਾਰ ਬ੍ਰਾਹਮਣ ਦੀ ਥਾਂ ਗ੍ਰੰਥੀ ਕਰਾਂਦਾ ਹੈ। ਲੜਕੀ ਪਰਦੇ ਬਗੈਰ ਸਭ ਵਿਚ ਆ ਬੈਠਦੀ ਹੈ ਅਤੇ ਅਗਨੀ ਦੀ ਥਾਂ ਆਦਿ ਗ੍ਰੰਥ ਦੇ ਗਿਰਦ ਪ੍ਰਕਰਮਾਂ ਕਰਦੇ ਹਨ। ਵਿਧਵਾ ਵਿਆਹ ਦੀ ਖੁਲ੍ਹ ਹੈ।

---

*1883 ਈ: ਦੀ ਮਰਦਮ ਸ਼ੁਮਾਰੀ ਤੇ 1853 ਈ: ਵਿਚ ਲਿਖੀ ਲੁਧਿਆਣਾ ਮਿਸ਼ਨ ਦੀ ਸਾਲਾਨਾ ਰਿਪੋਰਟ ਤਾਂ ਨਿਰੰਕਾਰੀ ਧਾਰਨਾਵਾਂ ਨੂੰ ਅਸਲੀ ਭਾਵ ਵਿਚ ਗੁਰੂ ਨਾਨਕ ਸਾਹਿਬ ਦੇ ਵਿਚਾਰਾਂ ਤੇ ਚਲਣ ਦਾ ਜ਼ਿਕਰ ਕਰਦੀਆਂ ਹਨ। ਪ੍ਰੋ: ਮੈਕਾਲਿਫ ਨੂੰ ਇਸ ਮਹਾਨ ਪ੍ਰੀਵਰਤਨ ਦੀ ਖਬਰ ਨਾ ਹੋਵੇ ਹੈਰਾਨੀ ਹੈ। ਹੋ ਸਕਦਾ ਹੈ ਜੋ ਮੈਕਾਲਫ ਨਾਲ ਸਿੱਖ ਵਿਦਵਾਨ ਸੰਬੰਧਤ ਸਨ ਉਹ ਨਿਰੰਕਾਰੀ ਆਗੂਆਂ ਨੂੰ ਸਿੱਖ ਇਤਿਹਾਸ ਵਿਚ ਯੋਗ ਥਾਂ ਦੇਣ ਤੋਂ ਝਿਜਕਦੇ ਹੋਣ; ਇਸ ਚੁਪ ਦਾ ਕਾਰਨ ਏਹੀ ਪ੍ਰਤੀਤ ਹੁੰਦਾ ਹੈ।

ਇਸੇ ਕਥਨ ਦੀ ਪ੍ਰੋੜਤਾ ਸਰ ਈ. ਡੀ. ਮੈਕਲਾਗਨ ਨੇ 1892 ਈ. ਦੀ ਮਰਦਮ ਸ਼ੁਮਾਰੀ ਦੀ ਰਿਪੋਰਟ ਵਿਚ ਇਸ ਤਰ੍ਹਾਂ ਕੀਤੀ :

"Their marriages are not performed according to the Hindu Dharmshastras, and the bride and bridegroom instead of circumabulating the sacred fire, walk round the Adi Granth. The ceremony is conducted not by a Brahman but by a granthi and the fiance or bride sits in public with her face uncovered. Widow marriage is allowed, and some fifty such marriages have taken place among them during the last ten years".

(Extract from "Census of India, 1891" Vol. XIX. The Punjab and Feaudatories Part I, Simla, Oct. 1892. The report on census by E. D. Maclagan, Page 156, Chap IV Article 95.)

ਪੰਜਾਬੀ ਉਲਥਾ : "ਇਨ੍ਹਾਂ ਦੀਆਂ ਸ਼ਾਦੀਆਂ ਹਿੰਦੂ ਧਰਮ ਦੇ ਸ਼ਾਸਤਰਾਂ ਅਨੁਸਾਰ ਨਹੀਂ ਹੁੰਦੀਆਂ। ਲੜਕਾ ਤੇ ਲੜਕੀ ਅਗਨੀ ਦੇਵਤਾ ਦੀਆਂ ਪ੍ਰਕਰਮਾਂ ਦੀ ਥਾਂ ਆਦਿ ਗ੍ਰੰਥ ਦੇ ਗਿਰਦ ਪ੍ਰਕਰਮਾ ਕਰਦੇ ਹਨ। ਵਿਆਹ ਬ੍ਰਾਹਮਣ ਦੀ ਥਾਂ ਗ੍ਰੰਥੀ ਪੜ੍ਹਦਾ ਹੈ ਅਤੇ ਲੜਕੀ ਪਰਦੇ ਦੇ ਬਿਨਾਂ ਸਭ ਵਿਚ ਆ ਬੈਠਦੀ ਹੈ। ਵਿਧਵਾ ਵਿਆਹ ਦੀ ਖੁਲ੍ਹ ਹੈ ਅਤੇ ਅਜਿਹੇ 50 ਵਿਆਹ ਪਿਛਲੇ ਦਸਾਂ ਵਰ੍ਹਿਆਂ ਵਿਚ ਕੀਤੇ ਗਏ ਹਨ।"

ਇਸ ਤੋਂ ਬਾਦ ਕੈਪਟਨ ਏ, ਐਚ. ਬਿੰਗਲੇ ਨੇ ਸੰਨ 1899 ਈ. (ਅਰਥਾਤ ਸਾਹਿਬ ਦਿਆਲ ਜੀ ਦੇ ਜੋਤੀ ਜੋਤਿ ਸਮਾਉਣ ਤੋਂ 44 ਸਾਲ ਮਗਰੋਂ ਅਤੇ ਸਾਹਿਬ ਦਰਬਾਰਾ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਦੇ 29 ਸਾਲ ਬਾਦ) ਵਿਚ ਸਿੱਖਾਂ ਦੇ ਵਿਆਹ ਤੇ ਹੋਰ ਸੰਸਕਾਰਾਂ ਬਾਰੇ ਆਪਣੀ ਪੁਸਤਕ (ਹੈਂਡ ਬੁਕ ਫ਼ਾਰ ਇੰਡੀਅਨ ਆਰਮੀ) 'ਸਿਖ' ਦੇ ਪੰਨਾ 73 ਤੋਂ 76 ਤੱਕ (1899 ਈ.) ਵਿਚ ਜ਼ਿਕਰ ਕੀਤਾ। ਇਸ ਨੇ ਸਿੱਖਾਂ ਵਿਚਲੇ ਹਰ ਸੰਸਕਾਰ ਜਨਮ ਤੋਂ ਲੈ ਕੇ ਮਿਰਤਕ ਤੱਕ ਵਿਸਥਾਰ ਸਹਿਤ ਲਿਖੇ ਜੋ ਸਭ ਬ੍ਰਾਹਮਣ ਰੀਤੀ ਅਨੁਸਾਰ ਹੁੰਦੇ ਸਨ।

1855 ਈ. ਦੇ ਅਰੰਭਕ ਇਤਿਹਾਸਕ ਅਨੰਦ ਵਿਆਹ ਦੀ ਪ੍ਰੋੜਤਾ ਵਿਚ ਕੁਝ ਕੁ ਇਤਿਹਾਸਕ ਪ੍ਰਮਾਣ :—

1. ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ, ਕੰਵਰ ਨੌ-ਨਿਹਾਲ ਸਿੰਘ ਦਾ ਵਿਆਹ ਸ੍ਰ: ਸ਼ਾਮ ਸਿੰਘ ਅਟਾਰੀ ਵਾਲੇ ਦੇ ਘਰ ਬ੍ਰਾਹਮਣੀ ਮਰਯਾਦਾ ਨਾਲ ਹੋਇਆ ਤੇ ਪ੍ਰਵਾਰ ਦੇ ਬਾਕੀ ਸਭ ਵਿਆਹ ਤੇ ਹੋਰ ਕਾਰਜ ਬ੍ਰਾਹਮਣੀ ਮਰਯਾਦਾ ਨਾਲ ਹੀ ਹੋਏ।

2. ਅੰਮ੍ਰਿਤਸਰ ਸਿੰਘ ਸਭਾ ਦੇ ਮੋਢੀ ਬਾਬਾ ਖੇਮ ਸਿੰਘ ਜੀ ਨੇ ਆਪਣੇ ਸੇਵਕਾਂ ਨੂੰ ਬ੍ਰਾਹਮਣ ਬੁਲਾ ਕੇ ਵਿਆਹ ਕਰਨ ਵਾਸਤੇ ਇਕ ਪੱਤਰਕਾ ਵਿਚ ਹਦਾਇਤ ਕੀਤੀ।

ਬਾਬਾ* ਖੇਮ ਸਿੰਘ ਜੀ, ਸਤਿਗੁਰੂ ਨਾਨਕ ਦੇਵ ਜੀ ਦੀ ਬੇਦੀ ਅੰਸ਼ ਵਿਚੋਂ ਸਨ। ਆਪ ਬਾਬਾ ਸਾਹਿਬ ਸਿੰਘ ਜੀ ਦੇ ਪੜਪੋਤੇ ਸਨ। ਮਹਾਰਾਜਾ ਰਣਜੀਤ ਸਿੰਘ ਨੂੰ ਬਾਬਾ ਸਾਹਿਬ ਸਿੰਘ ਜੀ ਦੁਆਰਾ ਹੀ ਰਾਜ ਤਿਲਕ ਲਗਾਇਆ ਗਿਆ ਸੀ।

3. ਭਾਈ ਸੰਤੋਖ ਸਿੰਘ ਜੀ ਨੇ 'ਸੂਰਜ ਪ੍ਰਕਾਸ਼' ਵਿਚ ਅਤੇ ਗਿ. ਗਿਆਨ ਸਿੰਘ ਜੀ ਨੇ 'ਪੰਥ ਪ੍ਰਕਾਸ਼' ਦੀਆਂ ਪਹਿਲੀਆਂ ਐਡੀਸ਼ਨਾਂ ਵਿਚ ਕਿਸੇ ਜਗ੍ਹਾ ਆਨੰਦ ਵਿਆਹ ਦਾ ਜ਼ਿਕਰ ਨਹੀਂ ਕੀਤਾ।

4. ਮੇਜਰ ਆਰ. ਲੀਚ ਨੇ 1835 ਈ. ਅਤੇ ਮਿਸਟਰ ਮੈਕਾਲਫ਼ ਨੇ 1881 ਈ. ਦੀਆਂ ਲਿਖਤਾਂ ਵਿਚ ਕਿਧਰੇ ਵੀ ਆਨੰਦ ਵਿਆਹ ਦਾ ਜ਼ਿਕਰ ਨਹੀਂ ਕੀਤਾ। ਇਨ੍ਹਾਂ ਨੇ ਵੀ ਸਿੱਖਾਂ ਵਿਚ ਬ੍ਰਾਹਮਣਿਕ ਵਿਆਹ ਮਰਯਾਦਾ ਨੂੰ ਹੀ ਪ੍ਰਚੱਲਤ ਮੰਨਿਆ ਹੈ।

5. ਗਿ. ਸੰਤ ਸਿੰਘ ਜੀ, ਕਥਾ-ਵਾਚਕ ਦਾ ਨਿਵਾਸ ਅਸਥਾਨ ਜੋ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਵਿਚ ਬਣਿਆ, ਦੀ ਦਰਸ਼ਨੀ ਡਿਓਢੀ ਦੇ ਦਰਵਾਜ਼ੇ ਤੇ ਸੂਰਜ ਦੇਵਤਾ ਅਤੇ ਸ੍ਰੀ ਗਣੇਸ਼ ਜੀ ਦੀ ਮੂਰਤੀ ਇਸ ਗੱਲ ਦਾ ਪ੍ਰਤੀਕ ਹੈ ਕਿ ਬ੍ਰਾਹਮਣੀ ਧਾਰਨਾਵਾਂ ਦਾ ਸਿੱਖਾਂ ਵਿਚ ਵਸ਼ੇਸ਼ ਪ੍ਰਭਾਵ ਸੀ।

6. 1856 ਈ. ਦੇ ਲਗਪਗ ਜਦੋਂ ਭਾਈ ਜੱਸਾ ਸਿੰਘ ਜੀ, ਮੁੱਖ ਗ੍ਰੰਥੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਦਿਹਾਂਤ ਮੰਜੀ ਤੇ ਹੋ ਗਿਆ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁਖ ਪੁਜਾਰੀ ਬਾਬਾ ਬਿਕਰਮ ਸਿੰਘ ਜੀ ਬੇਦੀ ਨੇ ਭਾਈ ਜੱਸਾ ਸਿੰਘ ਨੂੰ ਬੇ-ਗੱਤਾ ਕਰਾਰ ਦੇ ਦਿੱਤਾ। ਸਾਹਿਬ ਦਰਬਾਰਾ ਸਿੰਘ ਜੀ ਨਿਰੰਕਾਰੀ ਨੇ ਜੋ ਉਨ੍ਹਾਂ ਦਿਨਾਂ ਵਿਚ ਸ੍ਰੀ ਅੰਮ੍ਰਿਤਸਰ ਹੀ ਸਨ, ਭਾਈ ਜੀ ਦੇ ਬੇ-ਗੱਤੇ ਕਰਾਰ ਦਿੱਤੇ ਜਾਣ ਪਰ ਸਖ਼ਤ ਰੋਸ ਪ੍ਰਗਟ ਕੀਤਾ ਅਤੇ ਬਾਬਾ ਬਿਕਰਮ ਸਿੰਘ ਬੇਦੀ ਨੂੰ ਇਸ ਕਰਮਕਾਂਡੀ ਭਾਵਨਾ ਲਈ ਆੜੇ ਹੱਥੀਂ ਲਿਆ।

7. ਭਾਈ ਜਵਾਹਰ ਸਿੰਘ ਕਪੂਰ (ਲਾਹੌਰ ਸਿੰਘ ਸਭਾ ਲਹਿਰ ਦੇ ਬਾਨੀਆਂ ਵਿਚੋਂ) ਦੀ ਸਪੁੱਤਰੀ ਬੀਬੀ ਦੁਰਗਾ ਦੇਵੀ ਦੀ ਸ਼ਾਦੀ, ਡਾ. ਸੁੰਦਰ ਸਿੰਘ ਜੀ ਪੁਰੀ ਨਾਲ ਭਾਈ ਮੰਨਾ ਸਿੰਘ ਜੀ ਨਿਰੰਕਾਰੀ ਪ੍ਰਚਾਰਕ ਨੇ ਸਿੰਘ ਸਭਾ ਦੀ ਸਟੇਜ ਤੇ ਪਹਿਲੀ ਵੇਰ ਲਾਹੌਰ ਵਿਚ 1898-99 ਅਨੰਦ ਵਿਵਾਹ ਮਰਯਾਦਾ ਅਨੁਸਾਰ ਕਰਵਾਇਆ। ਭਾਈ ਜਵਾਹਰ ਸਿੰਘ, ਜੋ ਪਹਿਲੇ ਲਾਹੌਰ ਆਰੀਆ ਸਮਾਜ ਦੇ ਸਕੱਤਰ ਸਨ, ਉਸ ਸਮੇਂ ਆਰੀਆ ਸਮਾਜ ਤੋਂ ਵੱਖ ਹੋ ਚੁਕੇ ਸਨ।

8. 1893-94 ਵਿਚ ਭਾਈ ਬ੍ਰਿਜ ਲਾਲ ਕਪੂਰ ਜੀ ਦਾ ਆਨੰਦ ਕਾਰਜ, ਭਾਈ ਹਰਿ ਨਾਰਾਇਣ ਸਿੰਘ ਜੀ ਦੀ ਸਪੁੱਤਰੀ ਨਾਲ ਸਾਹਿਬ ਰੱਤਾ ਜੀ ਦੀ ਅਗਵਾਈ ਹੇਠ ਪਿਸ਼ਾਵਰ ਵਿਚ ਹੋਇਆ। ਭਾਈ ਹਰਿ ਨਾਰਾਇਣ ਸਿੰਘ ਜੀ ਨਵੇਂ ਨਵੇਂ ਸਿੰਘ ਸਭਾ ਦੇ ਅਨੁਯਾਈ ਬਣੇ ਸਨ। ਸਾਹਿਬ ਰੱਤਾ ਜੀ ਨਾਲ ਰਾਵਲਪਿੰਡੀ ਤੋਂ ਚੋਖੀ ਨਿਰੰਕਾਰੀ ਸੰਗਤ ਪਿਸ਼ਾਵਰ ਵਿਖੇ ਪਹਿਲਾ ਗੁਰਮਤਿ ਆਨੰਦ ਕਾਰਜ ਕਰਨ ਦੇ ਚਾਓ ਵਿਚ

*ਸਰ ਬਾਬਾ ਖੇਮ ਸਿੰਘ ਜੀ ਬੇਦੀ (1832-1904) 'ਰਾਜਾ ਜੋਗੀ' ਕ੍ਰਿਤ ਸ੍ਰ: ਈਸ਼ਰ 'ਨਾਰਾ' 1973.

ਪੁੱਜੀ। ਗਿ. ਠਾਕਰ ਸਿੰਘ ਜੀ ਕਥਾ-ਵਾਚਕ ਸਿੱਖ ਪ੍ਰਚਾਰਕ ਵੀ ਸਾਹਿਬ ਰੱਤਾ ਜੀ ਨਾਲ ਇਸ ਆਨੰਦ-ਵਿਆਹ ਵਿਚ ਸ਼ਾਮਲ ਹੋਣ ਲਈ ਗਏ। ਗਿ. ਠਾਕਰ ਸਿੰਘ ਜੀ ਨੇ ਪਿਛੋਂ ਬੜੀ ਪ੍ਰਸਿੱਧੀ ਹਾਸਲ ਕੀਤੀ। ਆਪ ਬਹੁਤ ਸਮਾਂ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਪ੍ਰਸਿੱਧ ਕਥਾ-ਵਾਚਕ ਰਹੇ।

9. 1896 ਈ. ਵਿਚ ਗਿ. ਲਾਲ ਸਿੰਘ ਜੀ ਦਾ ਵਿਆਹ ਗੁਜਰਾਂਵਾਲੇ ਵਿਚ ਭਾਈ ਮੰਨਾ ਸਿੰਘ ਜੀ, ਨਿਰੰਕਾਰੀ ਪ੍ਰਚਾਰਕ ਦੀ ਅਗਵਾਈ ਹੇਠ ਹੋਇਆ। ਇਹ ਗੁਜਰਾਂਵਾਲੇ ਵਿਚ ਪਹਿਲਾ ਗੁਰਮਤਿ ਅਨੁਸਾਰ ਆਨੰਦ ਕਾਰਜ ਸੀ।

10. 'ਪ੍ਰੇਮ ਸੁਮਾਰਗ ਗ੍ਰੰਥ' ਅਰਥਾਤ ਖਾਲਸਈ ਜੀਵਨ-ਜਾਚ (ਪਾਤਸ਼ਾਹੀ ਦਸਵੀਂ) ਬਾਰੇ ਪਿਛਲੇ ਪੰਨਿਆਂ ਤੇ ਵੇਰਵੇ ਸਹਿਤ ਜਾਣਕਾਰੀ ਦਿੱਤੀ ਗਈ ਹੈ।

ਸਿੱਟੇ ਵਜੋਂ ਹੇਠ ਲਿਖੇ ਤੱਥ ਸਪੱਸ਼ਟ ਹੁੰਦੇ ਹਨ :—

1. ਆਨੰਦ ਵਿਆਹ ਦਾ ਵਿਚਾਰ ਕਰਨ ਲੱਗਿਆਂ ਕੁਝ ਵਿਦਵਾਨ ਕੇਵਲ ਇਸ ਲਈ ਭਰਮ ਵਿਚ ਪੈ ਜਾਂਦੇ ਹਨ ਕਿਉਂਕਿ ਇਸ ਵਿਚ 'ਅਨੰਦ' ਸ਼ਬਦ ਆਇਆ ਹੈ। ਇਸ ਲਈ 'ਆਨੰਦ ਵਿਆਹ' ਦਾ ਰਿਵਾਜ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਹੋਇਆ ਮੰਨਦੇ ਹਨ। ਕਿਉਂਕਿ ਜਿਸ ਤਰ੍ਹਾਂ ਕੀਰਤਨ/ਦੀਵਾਨ ਦੀ ਸਮਾਪਤੀ ਸਮੇਂ ਆਨੰਦ ਸਾਹਿਬ ਅਵੱਸ਼ ਪੜ੍ਹਿਆ ਜਾਂਦਾ ਹੈ; ਇਸੇ ਤਰ੍ਹਾਂ ਆਨੰਦ ਕਾਰਜ ਦੇ ਭੋਗ ਦੀ ਅਰਦਾਸ ਤੋਂ ਪਹਿਲਾਂ ਅਨੰਦ ਸਾਹਿਬ ਦਾ ਗਾਇਨ ਕੀਤਾ ਜਾਂਦਾ ਹੈ, ਇਸ ਲਈ ਇਹ ਭਰਮ ਸਹਿਜੇ ਹੀ ਪੈ ਸਕਦਾ ਹੈ। ਕੁਝ ਕੁ ਰਹਿਤਨਾਮਿਆਂ (ਮਿਸਾਲ ਦੇ ਤੌਰ ਤੇ ਭਾਈ ਮਨੀ ਸਿੰਘ ਜੀ, ਸ੍ਰੀ ਦਸ਼ਮੇਸ਼ ਜੀ ਦੀ ਜ਼ਬਾਨੀ ਗੁਰਸਿੱਖਾਂ ਦੀ ਭਗਤ ਮਾਲਾ ਦੇ ਪੰਨਾ 167, ਸਾਖੀ 157) ਵਿਚ ਸੰਕੇਤ ਮਿਲਦਾ ਹੈ 'ਪਹਿਲੇ ਤੁਸਾਂ ਅਨੰਦ ਪੜ੍ਹਨਾ ਅਤੇ ਅਰਦਾਸ ਕਰਨੀ'। ਇਸ ਕਥਨ ਤੇ ਖੁਲ੍ਹ ਕੇ ਵਿਚਾਰ ਕੀਤੀ ਗਈ ਹੈ। ਹਰ ਗੁਰਮਤਿ ਕਾਰਜ, ਪਾਠ/ਕੀਰਤਨ ਉਪਰੰਤ ਆਨੰਦ ਸਾਹਿਬ ਦਾ ਗਾਇਨ ਕਰਕੇ ਹੀ ਸਮਾਪਤੀ ਤੇ ਅਰਦਾਸਾ ਹੁੰਦਾ ਹੈ। ਆਨੰਦ ਸਾਹਿਬ ਦੀ ਬਾਣੀ ਨਾਲ ਸਬੰਧ ਜੋੜ ਕੇ, ਭਰਮ ਰੂਪੀ ਤਸੱਲੀ ਲਈ 'ਆਨੰਦ ਵਿਆਹ' ਦੀ ਪ੍ਰੋੜ੍ਹਤਾ ਬਾਬਾ ਖੇਮ ਸਿੰਘ ਜੀ ਦੀ ਪੱਤਰਕਾ, ਜੋ ਉਨ੍ਹਾਂ ਨੇ ਆਪਣੇ ਸੇਵਕਾਂ ਵੱਲ ਲਿਖੀ, ਤੋਂ ਵੀ ਹੁੰਦੀ ਹੈ; ਜਿਸ ਵਿਚ ਉਨ੍ਹਾਂ ਨੇ ਲਿਖਿਆ, 'ਸ਼ਬਦ ਸਾਖੀ ਵਿਆਹ ਵਿਚ ਬੇਸ਼ੱਕ ਪੜ੍ਹਨਾ ਤੇ ਪਿਛਲੀ ਹੋਰ ਸਰਬ ਵੇਦ ਰੀਤ ਮਰਯਾਦਾ ਕਰਨੀ।' ਗਿ. ਈਸ਼ਰ ਸਿੰਘ ਜੀ ਨਾਰਾ ਰਚਿੱਤ ਪੁਸਤਕ 'ਰਾਜਾ ਜੋਗੀ ਅਨੁਸਾਰ ਬਾਬਾ ਸਾਹਿਬ ਸਿੰਘ ਜੀ ਬੇਦੀ ਜੀ ਦੇ ਪ੍ਰਵਾਰ ਵਿਚ ਵਿਆਹ ਵੈਦਿਕ ਰੀਤੀ ਨਾਲ ਹੋਏ ਸਿੱਧ ਹੁੰਦੇ ਹਨ। ਮੇਰੇ ਇਸ ਕਥਨ ਦੀ ਪੁਸ਼ਟੀ ਭਾਈ ਮਨੀ ਸਿੰਘ ਜੀ ਦੀ ਲਿਖੀ 'ਭਗਤਾਵਲੀ' ਵਿਚ ਸਹਿਜਧਾਰੀਆਂ ਵੱਲੋਂ ਪੇਸ਼ ਹੋਈ 'ਵਾਜਿਬੁਲ ਅਰਜ਼' ਤੋਂ ਸਪੱਸ਼ਟ ਹੋ ਜਾਂਦੀ ਹੈ; ਜਿਸ ਦੀ ਅੰਤਲੀ ਤੁਕ ਇਸ ਪ੍ਰਕਾਰ ਹੈ :

ਦਸਤਖ਼ਤ ਖਾਸ ਹੋਏ — (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ) ਪਹਿਲੇ ਆਨੰਦ ਪੜ੍ਹਨਾ, ਅਰਦਾਸ ਕਰਨੀ, ਪਿਛੇ ਬ੍ਰਾਹਮਣਾਂ ਥੀਂ ਹਮੇਸ਼ਾਂ ਜਿਸ ਤਰ੍ਹਾਂ ਪੜ੍ਹਾਂਵਦੇ ਆਏ ਹੋ, ਤਿਵੇਂ ਪੜ੍ਹਾਵਣਾ, ਸੰਸਾ ਨਹੀਂ ਕਰਨਾ।

(ਗੁਰਮਤਿ ਮਾਰਤੰਡ — ਭਾਗ ਪਹਿਲਾ — 111-112)

ਗੁਰਬਾਣੀ ਵਿਚਾਰਕਾਂ ਲਈ ਇਹ ਵੀ ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਵੇਦਾਂ ਦੀ ਅਧਿਆਤਮਕ ਪੱਖ ਦੀ ਮਹੱਤਤਾ ਤੋਂ ਜਾਣੂੰ ਸਨ ਅਤੇ ਵੇਦਾਂ ਦੇ ਅਜਿਹੇ ਪ੍ਰਾਕਰਣ ਜਿਨ੍ਹਾਂ ਦੁਆਰਾ ਨਾਮ-ਸਿਮਰਣ, ਈਸ਼ਵਰ ਭਗਤੀ ਵੱਲ ਪ੍ਰੇਰਨਾ ਮਿਲਦੀ ਸੀ, ਨੂੰ ਸਵੀਕਾਰ ਕਰਦੇ ਹੋਏ ਪੂਰਾ ਸਤਿਕਾਰ ਦੇਂਦੇ ਸਨ :

ਪੁਨਾ : ਵੇਦਾ ਮਹਿ ਨਾਮੁ ਉਤਮ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥

(ਰਾਮਕਲੀ ੩, ਅਨੰਦ — ੯੧੯)

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ ॥

(ਸੂਹੀ ਮ. ੪)

ਗੁਰੂ ਨਾਨਕ ਸਾਹਿਬ ਨੇ ਵੇਦਕ ਦਰਸ਼ਨ ਦੇ ਅਧਿਆਤਮਕ ਪੱਖ ਨੂੰ ਅਪਨਾਇਆ ਅਤੇ ਆਪਣੀ ਬਾਣੀ ਵਿਚ ਮਾਨਤਾ ਦਿੱਤੀ। ਇਸੇ ਤਰ੍ਹਾਂ ਗੁਰੂ ਸਾਹਿਬ ਨੇ ਉਸ ਸਮੇਂ ਦੇ ਪ੍ਰਚੱਲਤ ਹਰੇਕ ਧਰਮ ਦੇ ਅਧਿਆਤਮਕ ਪੱਖ ਦਾ ਸਤਿਕਾਰ ਕੀਤਾ ਅਤੇ ਕਰਮਕਾਂਡੀ ਭਾਵਨਾ, ਚਾਹੇ ਉਹ ਕਿਸੇ ਵੀ ਧਰਮ ਵਿਚ ਸੀ ਨੂੰ ਪ੍ਰਵਾਨ ਨਹੀਂ ਕੀਤਾ। ਇਸਲਾਮ ਦੇ ਪ੍ਰਭੂ-ਏਕਤਾ, ਬੁਧ-ਧਰਮ ਦੇ ਸੰਗਤ-ਪੰਗਤ ਅਤੇ ਜ਼ਾਤ-ਪਾਤ ਦੀ ਖੰਡਤਾ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕੀਤੀ। ਜੈਨ ਮੱਤ ਦੇ ਜੀਵ-ਦਇਆ ਦੇ ਪੱਖ ਨੂੰ ਵੀ ਕੁਝ ਹੱਦ ਤੱਕ ਮੰਨਿਆਂ ਪਰ ਉਨ੍ਹਾਂ ਦੀ ਜੀਵ-ਦਇਆ ਦੇ ਅਣ-ਪ੍ਰਯੋਜਿਕ ਤੇ ਭਰਮੀ ਪੱਖ ਤੇ ਕਿੰਤੂ ਕੀਤਾ। ਬੁਧ ਅਤੇ ਜੈਨ ਧਰਮ ਵੇਦਾਂ ਦੀ ਮਹੱਤਤਾ ਨੂੰ ਸਵੀਕਾਰ ਨਹੀਂ ਕਰਦੇ। ਇਸ ਪੱਖੋਂ ਉਨ੍ਹਾਂ ਦਾ ਧਰਮ ਵੇਦਿਕ ਦਰਸ਼ਨ ਦੇ ਬਿਲਕੁਲ ਹੀ ਪ੍ਰਤੀਕੂਲ ਹੈ। ਪਰ ਇਤਨਾ ਹੁੰਦਿਆਂ ਹੋਇਆਂ ਵੀ, ਉਨ੍ਹਾਂ ਨੇ ਆਪਣੇ ਭਾਈਚਾਰਕ ਰਸਮ-ਰਿਵਾਜ ਖਾਸ ਕਰਕੇ ਜੈਨੀਆਂ ਦੇ ਵਿਵਾਹ ਬਿਲਕੁਲ ਉਸੇ ਤਰ੍ਹਾਂ ਹੀ ਹਨ, ਜਿਵੇਂ ਕਿ ਹਿੰਦੂਆਂ ਦੇ। ਗੁਰੂ ਸਾਹਿਬਾਨ ਨੇ ਵੇਦਾਂ ਦੀ ਮਹੱਤਤਾ ਦਾ ਵਿਰੋਧ ਤਾਂ ਨਹੀਂ ਕੀਤਾ ਸਗੋਂ ਭਾਈਚਾਰਕ ਰਸਮਾਂ ਰਿਵਾਜ ਉਹੀ ਰਹਿਣ ਦਿੱਤੇ ਕਿਉਂਕਿ ਸਿਖੀ ਵਿਚ ਸ਼ਾਮਲ ਹੋਏ ਬਹੁਤੇ ਪੁਰਸ਼ ਹਿੰਦੂ ਧਰਮ ਵਿਚੋਂ ਹੀ ਤਾਂ ਆਏ ਸਨ ਪਰ ਗੁਰੂ ਸਾਹਿਬ ਨੇ ਹਿੰਦੂ ਧਰਮ 'ਚ ਆ ਚੁੱਕੀਆਂ ਕਰਮ-ਕਾਂਡੀ ਕੁਰੀਤੀਆਂ ਨੂੰ ਆੜੇ ਹੱਥੀਂ ਲਿਆ। ਭਾਵੇਂ ਰਸਮਾਂ ਉਹੀ ਰਹਿਣ ਦਿੱਤੀਆਂ ਪਰ ਉਨ੍ਹਾਂ ਵਿਚ ਸੁਧਾਰਵਾਦੀ ਅਗਵਾਈ ਕੀਤੀ। ਗੁਰੂ ਗ੍ਰੰਥ ਸਾਹਿਬ ਵਿਚ ਕਿਧਰੇ ਵੀ ਅਜਿਹਾ ਪ੍ਰਾਕਰਨ ਨਹੀਂ ਮਿਲਦਾ ਕਿ

ਗੁਰੂ ਸਾਹਿਬਾਨ ਨੇ ਹਿੰਦੂ-ਵਿਆਹ ਮਰਯਾਦਾ ਉਪਰ ਟੀਕਾ ਟਿੱਪਣੀ ਕੀਤੀ ਹੋਵੇ ਜਿਵੇਂ ਜਨੇਊ, ਸਰਾਧ ਅਤੇ ਨਮਾਜ਼ ਆਦਿ ਉਪਰ ਗੁਰੂ ਜੀ ਨੇ ਸੇਧਾਂ ਦੇ ਕੇ ਟਿੱਪਣੀ ਕੀਤੀ ਹੈ।

ਹੁਣ ਤੱਕ ਜਿੰਨੇ ਵੀ ਪਹਿਲੂ ਵਾਚੇ ਹਨ, ਉਸ ਤੋਂ ਇਹੋ ਹੀ ਸਿੱਧ ਹੋਇਆ ਹੈ ਕਿ ਸਿਖਾਂ ਵਿਚ ਹਵਨ ਅਤੇ ਵੇਦੀ ਦੇ ਗਿਰਦ ਲਾਵਾਂ ਦੀ ਮਨਾਹੀ ਨਹੀਂ ਸੀ ਕਿਉਂਕਿ ਮੁਕਾਬਲੇ ਤੇ ਹੋਰ ਕੋਈ ਰਸਮ ਨਹੀਂ ਸੀ।*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਹੱਥ-ਲਿਖਤ ਹੋਣ ਕਰਕੇ, ਆਮ ਲੱਭਤ ਵਿਚ ਨਹੀਂ ਸਨ। ਇਸੇ ਕਰਕੇ ਨਿਰੰਕਾਰੀ ਲਹਿਰ ਦੇ ਸੰਚਾਲਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਜ ਗ੍ਰੰਥੀ/ਲਾਵਾਂ ਦੇ ਹੱਥ ਲਿਖੇ ਸ਼ਬਦ ਚੌਂਕੀ ਉਪਰ ਸਤਿਕਾਰ ਨਾਲ ਰੱਖ ਕੇ ਹੀ ਪ੍ਰਦੱਖਣਾ ਦੀ ਪ੍ਰੰਪਰਾ ਕਾਇਮ ਕਰ ਦਿੱਤੀ। ਸ੍ਰੀ ਸਾਹਿਬ ਦਿਆਲ ਜੀ ਦੇ ਉਤਰ ਅਧਿਕਾਰੀਆਂ ਨੇ ਲਾਵਾਂ ਨਾਲ ਸਬੰਧਤ ਸ਼ਬਦਾਂ ਨੂੰ ਭਾਈਚਾਰਕ ਰਸਮਾਂ ਰਿਵਾਜਾਂ ਲਈ ਵਰਤ ਲਿਆ ਤਾਂ ਕਿ ਭਾਈਚਾਰਕ ਸਮੇਂ ਵੀ ਆਤਮਕ ਗਿਆਨ ਦੀ ਛੋਹ ਨਾਲ ਸਵੱਛ, ਨਿਰਮਲ ਤੇ ਸੁਭਾਇਮਾਨ ਹੋ ਜਾਣ। ਲਾਵਾਂ ਦੇ ਸ਼ਬਦ ਅਲਾਹਣੀਆਂ, ਘੋੜੀਆਂ, ਕਰਹਲੇ, ਆਦਿ ਵਾਂਗ ਅਧਿਆਤਮਕ ਵਿਸ਼ਿਆਂ ਦੀ ਹੀ ਵਿਆਖਿਆ ਕਰਦੇ ਹਨ।

ਸ੍ਰੀ ਸਾਹਿਬ ਦਿਆਲ ਜੀ ਅਤੇ ਸਾਹਿਬ ਦਰਬਾਰਾ ਸਿੰਘ ਜੀ ਦੀ ਸਿੱਖ ਪੰਥ ਨੂੰ ਆਨੰਦ ਵਿਆਹ ਮਰਯਾਦਾ ਦੀ ਮਹਾਨ ਦੇਣ ਹੈ। ਪ੍ਰਚੱਲਤ ਹੋਈ ਆਨੰਦ ਵਿਆਹ ਪ੍ਰਣਾਲੀ ਇਨ੍ਹਾਂ ਮਹਾਂ-ਪੁਰਸ਼ਾਂ ਦੀਆਂ ਘਾਲਣਾ ਦਾ ਹੀ ਸਿੱਟਾ ਹੈ। ਆਨੰਦ ਵਿਆਹ ਮਰਯਾਦਾ ਦੇ ਪਿਛੋਕੜ ਨਾਲ ਸ੍ਰੀ ਸਾਹਿਬ ਦਿਆਲ ਜੀ ਉਨ੍ਹਾਂ ਦੇ ਉਤਰਅਧਿਕਾਰੀ ਵਿਅਕਤੀਆਂ ਦੀਆਂ ਕਠਨ ਘਾਲਣਾਵਾਂ ਦਾ ਡੂੰਘਾ ਸਬੰਧ ਹੋਣ ਕਾਰਨ, ਜਦੋਂ ਤੇ ਜਿਥੇ ਵੀ ਆਨੰਦ ਵਿਆਹ ਦਾ ਤਜ਼ਕਰਾ ਕੀਤਾ ਜਾਵੇਗਾ ਤਾਂ ਅਵੱਸ਼ ਹੀ ਨਿਰੰਕਾਰੀ ਮਹਾਨ ਆਗੂਆਂ ਦੀਆਂ ਘਾਲਣਾਵਾਂ ਦਾ ਚਰਚਾ ਚਲੇਗਾ, ਇਸ ਤੋਂ ਬਿਨਾ ਆਨੰਦ ਵਿਆਹ ਦਾ ਇਤਿਹਾਸਕ ਪੱਖ ਅਧੂਰਾ ਤੇ ਅਪੂਰਨ ਹੀ ਸਮਝਿਆ ਜਾਵੇਗਾ।

*'ਸਿੱਖ ਧਰਮ ਸ਼ਾਸ਼ਤਰ' ਕਰਤਾ ਭਾਈ ਅਵਤਾਰ ਸਿੰਘ ਵਹੀਰੀਆ (1964) ਭਾਈ ਸਾਹਿਬ ਦਾ ਦਾਹਵਾ ਹੈ ਕਿ ਇਸ ਸਿੱਖ ਧਰਮ ਸ਼ਾਸ਼ਤਰ ਨੂੰ ਸਾਰੇ ਮੁਖੀ ਸਿੱਖਾਂ ਤੇ ਪੰਜਾਂ ਤਖਤਾਂ ਦੇ ਪੁਜਾਰੀਆਂ ਨੇ ਆਪਣੀ ਮਨਜ਼ੂਰੀ ਦਿੱਤੀ ਹੈ—ਇਸ ਵਿਚ ਵੀ ਵਿਵਾਹ ਵੇਦੀ ਤੇ ਹਵਨ ਕੁੰਡ ਦੇ ਗਿਰਦ ਪ੍ਰਕਰਮਾਂ ਤੇ ਸੂਹੀ ਰਾਗ ਦੇ ਛੰਦਾਂ ਦਾ ਪ੍ਰਯੋਗ ਸਹੀ ਦਸਿਆ ਹੈ।

ਅੰਤਿਕਾ

ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ ॥
ਅੰਮ੍ਰਿਤੁ ਚਾਖਿ ਪਰਮ ਰਸਿ ਰਾਤੇ ਠਾਕੁਰ ਸਰਣਿ ਤੁਮਾਰੀ ॥
(ਸੋਰਠ ਮ. ੧) ੫੯੬

ਹੇ ਪ੍ਰਭੂ ! ਤੂੰ ਮੇਰਾ ਪ੍ਰਾਣ ਦਾਤਾ ਹੈਂ; ਪ੍ਰਾਣ ਅਧਾਰ ਹੈਂ; ਤਨ, ਮਨ, ਧਨ ਪ੍ਰਭੂ ਤੇਰੀ ਹੀ ਦੇਣ ਹੈ। ਮੈਂ ਤੇਰੀਆਂ ਦਿੱਤੀਆਂ ਦਾਤਾਂ ਨੂੰ ਤੇਰੇ ਅੱਗੇ ਹਉਮੈ ਵਿਚ ਗ੍ਰਸਿਆ ਆਪਣੀ ਸਮਝ ਕੇ ਅਰਪਨ ਕਰਨ ਦੀ ਮੂਰਖਤਾ ਦਾ ਅਪਰਾਧੀ ਬਣਦਾ ਹਾਂ ਤਾਂ ਕਿਉਂ ? ਤੇਰੀ ਦਿੱਤੀ ਮਾਇਆ ਚੋਂ ਕੁਝ ਦਮੜਿਆਂ ਦਾ ਕੜਾਹ ਪ੍ਰਸ਼ਾਦਿ, ਲੰਗਰ ਆਦਿ ਕਰਵਾ ਕੇ ਝੂਠੇ ਸੱਚੇ ਮੁਕੱਦਮੇ ਦੀ ਜਿੱਤ ਤੇ ਪੁੱਤਰ ਦੀ ਦਾਤ ਮੰਗਣ ਦੀ ਗੁਸਤਾਖੀ ਕਰਦਾ ਹਾਂ ਤਾਂ ਕਿਉਂ ? ਤੇਰੇ ਹੁਕਮ ਅਨੁਸਾਰ ਪ੍ਰਕਾਸ਼ਮਾਨ ਹੋਈ ਬਾਣੀ ਦਾ ਕਿਸੇ ਹੋਰ ਪੁਰਸ਼ ਪਾਸੋਂ ਪਾਠ ਸੰਪੂਰਨ ਕਰਾਂਦਾ ਹਾਂ। ਮਾਇਆ ਦੇਣ ਤੋਂ ਬਿਨਾ ਮੇਰਾ ਹੋਰ ਕੋਈ ਹਿੱਸਾ ਪਾਠ ਦੇ ਸੁਣਨ, ਪੜ੍ਹਨ ਤੇ ਅਮਲ ਕਰਨ ਵਿਚ ਨਹੀਂ ਹੁੰਦਾ। ਪਾਠ ਦੇ ਭੋਗ ਸਮੇਂ ਨੂੰ ਭਾਈਚਾਰਕ ਇਕੱਠ ਦਾ ਰੂਪ ਦੇਂਦਾ ਹਾਂ ਤੇ ਅਰਦਾਸ ਵਿਚ ਮੰਗ ਕਰਦਾ ਹਾਂ ਕਿ ਮੇਰੀ ਕ੍ਰਿਤ ਕਮਾਈ ਜੋ ਸਵੱਛ ਨਹੀਂ; ਵਿਚ ਵਾਧਾ ਹੋਵੇ। ਇਸ ਕਾਰਨ ਘੋਰ ਅਪਰਾਧ ਦਾ ਭਾਗੀ ਬਣਦਾ ਹਾਂ, ਤਾਂ ਕਿਉਂ ?

ਸੋਝੀਵਾਨਾਂ ਦਾ ਕਥਨ ਹੈ ਕਿ ਅਰਦਾਸ ਵਿਚ ਜਿਸ ਵਸਤੂ ਦੀ ਮੰਗ ਕੀਤੀ ਜਾਵੇਗੀ ਉਹ ਮਹੱਤਵਪੂਰਨ ਹੋ ਜਾਵੇਗੀ। ਪ੍ਰਮਾਤਮਾ ਸਾਧਨ ਮੰਗੀ ਵਸਤੂ ਸਾਧਯ ਹੋ ਜਾਣਗੇ। ਜੇਕਰ ਹਿੰਦੂ ਮੰਦਰ ਤੇ ਗੁਰਦੁਆਰੇ ਤੋਂ ਮੰਗ ਪੂਰੀ ਨਾ ਹੋਈ ਤਾਂ ਮੁਸਲਮਾਨ ਫ਼ਕੀਰ ਦੀ ਕਬਰ (ਮਜ਼ਾਰ) ਤੇ ਵੀ ਪਹੁੰਚ ਜਾਵਾਂਗੇ। ਮੰਗਤੇ ਦਾ ਕੀ ਭਰੋਸਾ ਤੇ ਯਕੀਨ, ਮੰਗਤੇ ਦਾ ਧਰਮ ਮੰਗਣਾ ਹੀ ਹੈ। ਆਸਤਕ ਪੁਰਸ਼ ਸੰਸਾਰ ਵਿਚ ਲੱਭਣਾ ਅਸੰਭਵ ਹੈ। ਸਾਡਾ ਅੰਦਰਲਾ ਨਾਸਤਕ ਹੈ ਕਿਉਂਕਿ ਅਸੀਂ ਮੰਗਤੇ ਜੋ ਹੋਏ। ਭਗਵਾਨ ਸਾਡਾ ਹਿਸਾਬ ਹੈ; ਸਾਡੇ ਡਰ ਦਾ ਰੂਪ ਹੈ; ਭਗਵਾਨ ਨੂੰ ਅਸੀਂ ਡਰ ਤੇ ਦੁਖ ਵੇਲੇ ਚੇਤੇ ਕਰਦੇ ਹਾਂ ਜਦੋਂ ਡਰ ਤੇ ਦੁੱਖ ਮੁੱਕ ਜਾਂਦਾ ਹੈ, ਉਸ ਸਮੇਂ ਭਗਵਾਨ ਵੀ ਮਨੋਂ ਉਤਰ ਜਾਂਦਾ ਹੈ। ਇਸੇ ਕਾਰਨ ਅਸੀਂ ਨਾਸਤਕ ਹਾਂ। ਆਸਤਕਤਾ ਸਾਡੇ ਹਿਰਦੇ ਦਾ ਘੇਰਾ ਮੋਕਲਾ ਨਹੀਂ ਕਰਦੀ। ਸਾਡੇ ਤਰਕ ਦੀ ਅਵੱਸਥਾ ਹੈ ਜਦੋਂ ਲੋੜ ਪਈ ਆਸਤਿਕ — ਜਦੋਂ ਨਿਸਚਿੰਤ ਹੋ ਗਏ ਤਾਂ ਨਾਸਤਕ। ਜਦੋਂ ਕਿਨਾਰਾ ਨੇੜੇ ਵਿਖਾਈ ਦੇਂਦਾ ਹੈ ਤਾਂ ਮਲਾਹ ਦੀ ਕੀ ਲੋੜ ?

ਮਲਾਹ ਤਾਂ ਮੰਝਧਾਰ ਵਿਚ ਘਿਰੀ ਤੇ ਡੁਬਦੀ ਜਾ ਰਹੀ ਨਈਆ ਦਾ ਹੀ ਸਹਾਰਾ ਹੈ !

ਹੇ ਨਿਰੰਕਾਰ ! ਤੂੰ ਮਨੁੱਖਾਂ ਨੂੰ ਜੀਭ ਦੇ ਕੇ ਬੋਲਣ ਦਾ ਬਲ ਬਖਸ਼ਿਆ ਹੈ ਪਰ ਬਨਾਸਪਤੀ ਤੇ ਜੰਗਲਾਂ ਵਿਚ ਉਗੇ ਬੂਟੇ ਜੋ ਹਮੇਸ਼ਾਂ ਚੁੱਪ ਰਹਿੰਦੇ ਹਨ ਤੇ ਮੋਨਧਾਰੀ ਹਨ, ਉਨ੍ਹਾਂ ਦੀ ਪ੍ਰਫੁਲਤਾ ਲਈ ਉਹ ਨਿਰਯਤਨ ਹਨ, ਤੇਰੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਸੁਤੇ ਸਿਧ ਉਨ੍ਹਾਂ ਦੀ ਪ੍ਰਫੁਲਤਾ ਹੋ ਰਹੀ ਹੈ ।

ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥

(ਮਾਰੂ ਮ. ੫) ੧੦੧੮

ਇਹ ਮਹੱਤਵਪੂਰਨ ਮਹਾਂਵਾਕ ਦਾ ਅਧਿਅਨ ਕਰਨ ਦਾ ਸਾਡੇ ਪਾਸ ਸਮਾਂ ਹੀ ਕਿੱਥੇ ਹੈ ? ਤੇਰੇ ਦਰਬਾਰ ਜੋਤ ਜਗਾਵਾਂ; ਇਹ ਮੇਰੀ ਰੀਝ ਹੈ ਪਰ ਆਪਣੀ ਅੰਦਰਲੀ ਜੋਤ ਬੁਝੀ ਪਈ ਹੈ । ਸੰਸਾਰ ਤੇਰੀ ਜੋਤਿ ਸਦਕਾ ਜਗ ਮਗ ਕਰ ਰਿਹਾ ਹੈ । ਇਹ ਮੈਂ ਮੂਰਖਤਾ ਕਾਰਨ ਭੁਲ ਜਾਂਦਾ ਹਾਂ । ਪ੍ਰਸ਼ਾਦਿ ਵੰਡਣ ਤੇ ਲੰਗਰ ਲਈ ਆਟਾ, ਦਾਲ, ਘਿਉ ਆਦਿ ਭੇਟ ਚੜ੍ਹਾਉਣ ਦਾ ਇਰਾਦਾ ਬਣਾਂਦਾ ਹਾਂ ਪਰ ਇਸ ਭੇਟਾ ਦੇ ਇਵਜ਼ਾਨੇ ਵਿਚ ਜੇ ਮੇਰੀ ਮਰਜ਼ੀ ਦੀ ਨੌਕਰੀ ਲੱਗ ਜਾਏ । ਮੈਂ ਹਰ ਕਰਤੱਵ ਵਿਚ ਆਪਣੀ ਮੂਰਖ ਬੁਧੀ ਦਾ ਪ੍ਰਗਟਾਵਾ ਕਰਕੇ ਬਹੁਤ ਖੁਸ਼ ਹੁੰਦਾ ਹਾਂ । ਇਹ ਮੇਰੀ ਲਾਲਸਾ ਤੇ ਕਮਜ਼ੋਰੀ ਹੈ ।

ਮਨੁੱਖ ਨੂੰ ਪ੍ਰਭੂ ਨੇ ਆਪਣੇ ਸਰੂਪ ਤੇ ਸਾਂਚੇ ਵਿਚ ਢਾਲਿਆ ਹੈ ਤੇ ਮਨੁੱਖ ਪਾਸੋਂ ਆਸ ਸੀ ਕਿ ਇਹ ਅਸਲੇ ਨੂੰ ਪਛਾਣੇਗਾ; ਵੈਰ ਵਿਰੋਧ ਈਰਖਾ ਦਵੈਸ਼ ਤੋਂ ਸੁਤੰਤਰ ਰਹੇਗਾ ਪਰ ਮਨੁੱਖੀ ਹਉਮੈਂ ਪ੍ਰਬਲ ਹੈ ਤੇ ਆਸ ਅੰਦੇਸ਼ੇ ਦਾ ਸੋਮਾ ਹੈ; ਜੋ ਦੁੱਖ ਦਾ ਮੂਲ ਕਾਰਨ ਹੈ । ਜਿਵੇਂ ਕਿਸੇ ਫਲ ਦੀ ਦੁਕਾਨ ਤੇ ਮਿੱਟੀ ਦੇ ਬਨਾਉਟੀ ਫਲ ਦੇ ਟੋਕਰੇ ਭਰੇ ਹੁੰਦੇ ਹਨ, ਇਹ ਦੂਰੋਂ ਵੇਖਣ ਵਿਚ ਤਾਜ਼ੇ ਫਲਾਂ ਦਾ ਭੁਲੇਖਾ ਪਾਉਂਦੇ ਹਨ ਅਜਿਹਾ ਪ੍ਰਗਟਾਵਾ ਅਸਲੀ ਤੇ ਤਾਜ਼ੇ ਫੱਲਾਂ ਦੀ ਦੁਕਾਨ ਵਿਚ ਘਾਟ ਦਾ ਸੂਚਕ ਹੈ, ਇਵੇਂ ਹੀ ਅਖੌਤੀ ਮੱਤ-ਮਤਾਂਤਰ ਧਰਮ ਦੇ ਵਿਖਾਵੇ ਤੇ ਵਖੇਵੇਂ ਦੇ ਮਗਰ ਭਟਕਦੇ ਹਨ; ਉਹ ਮੱਤ ਧਰਮ ਦੇ ਵਿਆਪਕ ਗੁਣਾਂ ਤੋਂ ਸੱਖਣੇ ਹੁੰਦੇ ਹਨ । ਸੱਚਾ ਧਰਮ ਪ੍ਰਭੂ ਵਿਸ਼ਵਾਸ਼ੀ, ਸੇਵਾ, ਸਿਮਰਨ, ਸਵੱਛ ਤੇ ਸ਼ੁਭ ਗੁਣਾਂ ਦੇ ਭੰਡਾਰ ਨਾਲ ਭਰਪੂਰ ਹੁੰਦਾ ਹੈ, ਪਰ ਅਧਰਮੀ ਜੀਵ ਦਵੈਸ਼, ਅਗਿਆਨ, ਪਾਖੰਡ, ਝੂਠੀ ਵਡਿਆਈ ਕਾਰਨ ਮਨੁੱਖਾ ਜਨਮ ਅਕਾਰਥ ਬਰਬਾਦ ਕਰ ਰਹੇ ਹਨ । ਸੱਚਾ ਧਰਮ ਮਨੁੱਖਤਾ ਨੂੰ ਜੋੜਨ ਨਾ ਕਿ ਤੋੜਨ ਦੇ ਵਹਿਣ ਦਾ ਸੋਮਾ ਹੈ । ਦਇਆ ਤੇ ਪ੍ਰੇਮ ਇਸ ਦਾ ਧੁਰਾ ਹੈ ।

ਹੇ ਨਿਰੰਕਾਰ ਸਾਨੂੰ ਸੁਮੱਤ ਬਖ਼ਸ਼ । ਆਪਣੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਮਨ ਨੀਵਾਂ ਤੇ ਮੱਤ ਉਚੀ ਪ੍ਰਦਾਨ ਕਰ ਤਾਂ ਜੋ ਅਸੀਂ ਤੇਰੀ ਰਜ਼ਾ-ਹੁਕਮ ਦੇ ਮੰਨਣ ਦੀ ਸਮਰੱਥਾ; ਤੇਰੀ ਰਹਿਮਤ ਦੁਆਰਾ ਪ੍ਰਾਪਤ ਕਰਨ ਦੇ ਅਧਿਕਾਰੀ ਬਣੀਏ — ਮੇਰੇ ਪ੍ਰਾਨ ਬੰਧੂ ਮੇਰੀ ਨਿਮਰਤਾ ਸਹਿਤ ਅਰਜ਼ੋਈ ਹੈ :

ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥

ਗੁਣ ਗਾਵਾਂ ਦਿਨੁ ਰਾਤਿ ਨਾਨਕ ਚਾਉ ਏਹੁ ॥ ਸੂਹੀ ਮਹਲਾ ੫, (੭੬੨)